ਸਭ ਹੱਕ ਰਾਖਵੇਂ ਹਨ।

੧ ਓ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ॥

ਹੁਣ ਤਕ ਮਿਲੀਆਂ ਵਿਚੋਂ ਸਭ ਤੋਂ

# ਪੁਰਾਤਨ ਜਨਮਸਾਖੀ

## ਸ੍ਰੀ ਗੁਰੂ ਨਾਨਕ ਦੇਵ ਜੀ

ਜੋ

ਵਲੈਤ ਪਹੁੰਚੇ ਨੁਸਖ਼ੇ, ਹਾਫਜ਼ਾਬਾਦੀ ਨੁਸਖੇ ਤੇ ਪੱਥਰ ਦੇ ਛਾਪੇ ਵਾਲ਼ੇ ਆਦਿ ਪੁਰਾਣੇ ਨੁਸਖ਼ਿਆਂ ਨਾਲ ਮੁਕਾਬਲਾ ਕਰਕੇ ਤੇ ਫੁਟਨੋਟ ਆਦਿ ਦੇਕੇ ਸੰਪਾਦਿਤ ਕੀਤੀ ਗਈ।

ਨਵੰਬਰ ੧੯੪੯

ਮਿਲਨ ਦਾ ਪਤਾ :-

ਮੈਨੇਜਰ, ਖਾਲਸਾ ਸਮਾਚਾਰ, ਸ੍ਰੀ ਅੰਮ੍ਰਿਤਸਰ ਜੀ

ਮੋਖ–ਬਿਨਾਂ ਜਿਲਦ ੨) ਤੇ ਜਿਲਦ ਸਮੇਤ ੨॥)

# ਸੂਚੀ ਪੱਤ੍ਰ


| ਗਿ: | ਸਾਖੀ | ਪੰਨਾ |
|---|---|---|
| ੧. | ਅਵਤਾਰ, ਬਾਲਪਨ. | ੧ |
| ੨. | ਪੱਟੀ, ਪਾਂਧਾ. | ੧ |
| ੩. | ਕੁੜਮਾਈ, ਵਿਆਹ. | ੬ |
| ੪. | ਖੇਤ ਹਰਿਆ. | ੭ |
| ੫. | ਬ੍ਰਿਛ ਦੀ ਛਾਂ ਨਾ ਫਿਰੀ. | ੮ |
| ੬. | ਖੇਤੀ, ਵਣਜ, ਸੌਦਾਗਰੀ, ਚਾਕਰੀ. | ੯ |
| ੭. | ਵੈਦ. | ੧੨ |
| ੮. | ਸੁਲਤਾਨਪੁਰ ਨੂੰ ਤਯਾਰੀ. | ੧੪ |
| ੯. | ਮੋਦੀਖਾਨਾ ਸੰਭਾਲਿਆ. | ੧੫ |
| ੧੦. | ਵੇਈਂ ਪਰਵੇਸ਼. | ੧੬ |
| ੧੧. | ਕਾਜ਼ੀ ਚਰਚਾ, ਨਿਮਾਜ਼, ਮੋਦੀ ਦੀ ਕਾਰ ਤਿਆਗੀ. | ੧੯ |
| ੧੨. | ਮਰਦਾਨੇ ਦੀ ਪੂਜਾ ਕਰਾਈ. | ੨੩ |
| ੧੩. | ਸੱਜਣ ਠੱਗ. | ੨੫ |
| ੧੪. | ਗੋਸ਼ਟ ਸ਼ੇਖ ਸ਼ਰਫ. | ੨੬ |
| ੧੫. | ਦਿਲੀ ਹਾਥੀ ਜਿਵਾਇਆ. | ੨੮ |
| | **ਪਹਿਲੀ ਉਦਾਸੀ** | |
| ੧੬. | ਪਹਿਰਾਵਾ, ਸ਼ੇਖ ਬਜੀਦ. | ੨੯ |
| ੧੭. | ਬਨਾਰਸ ਵਿਚ ਚਤੁਰ ਦਾਸ. | ੩੦ |
| ੧੮. | ਨਾਨਕਮਤੇ ਸਿੱਧਾਂ ਨਾਲ ਗੋਸ਼ਟ. | ੩੨ |
| ੧੯. | ਵਣਜਾਰਿਆਂ ਦੇ ਟਾਂਡੇ. | ੩੩ |
| ੨੦. | ਪਾਲੀ ਨੂੰ ਪਾਤਸ਼ਾਹੀ. | ੩੫ |
| ੨੧. | ਮੁਹਰਾਂ ਦੇ ਕੋਲੇ ਤੇ ਸੂਲੀ ਦੀ ਸੂਲ. | ੩੫ |
| ੨੨. | ਠੱਗਾਂ ਦਾ ਨਿਸਤਾਰਾ. | ੩੭ |
| ੨੩. | ਨੂਰ ਸ਼ਾਹ ਨਿਸਤਾਰਾ. | ੩੯ |
| ੨੪. | ਕਲਿਜੁਗ. | ੪੩ |
| ੨੫. | ਕੀੜ ਨਗਰ. | ੪੫ |
| ੨੬. | ਵਸਦਾ ਰਹੇ. | ੪੬ |
| ੨੭. | ਉਜੜ ਜਾਵੇ. | ੪੭ |
| ੨੮. | ਆਸਾ ਦੇਸ਼ ਸ਼ੇਖ ਫਰੀਦ ਨਾਲ ਗੋਸ਼ਟ. | ੪੭ |
| ੨੯. | ਖੂੰਡਾ ਬਾਢੀ, ਜੁਗਾਵਲੀ. | ੫੩ |
| ੩੦. | ਮਰਦਾਨੇ ਦੀ ਭੁਖ ਗੁਵਾਈ. | ੫੪ |
| ੩੧. | ਮਾਤਾ ਪਿਤਾ ਜੀ ਨਾਲ ਮੇਲ. | ੫੬ |
| ੩੨. | ਸ਼ੇਖ ਬ੍ਰਹਮ ਨਾਲ ਗੋਸ਼ਟ. | ੬੦ |
| ੩੩. | ਕੋਹੜੀ ਫਕੀਰ ਨਿਸਤਾਰਾ. | ੬੫ |
| ੩੪. | ਕਿੜੀਆਂ ਪਠਾਣਾਂ ਦੀਆਂ. | ੬੭ |
| ੩੫. | ਸੈਦਪੁਰ ਦੀ ਬੰਦ. | ੬੮ |
| ੩੬. | ਗੋਸ਼ਟ ਮੀਆਂ ਮਿੱਠਾ. | ੭੭ |
| ੩੭. | ਦੁਨੀ ਚੰਦ ਨਿਸਤਾਰਾ. | ੮੧ |
| ੩੮. | ਬ੍ਰਾਹਮਣ ਦੀ ਸੁਚ ਰਸੋਈ. | ੮੩ |
| ੩੯. | ਇਕ ਵੈਰਾਗੀ ਬਾਲਕ. | ੮੪ |
| ੪੦. | ਕਰੋੜੀਆ. | ੮੫ |
| ੪੧. | ਭਗੀਰਥ, ਮਨਸੁਖ, ਸ਼ਿਵਨਾਭ. | ੮੬ |
| | **ਦੂਜੀ ਉਦਾਸੀ** | |
| ੪੨. | ਉਦਾਸੀ ਦੱਖਣ ਦੀ, ਸੈਦੋ ਸੀਹੋ ਤੇ ਵਰੁਣ. | ੯੦ |
| ੪੩. | ਅਨਭੀ ਸਰੇਵੜਾ. | ੯੨ |
| ੪੪. | ਕਉਡਾ ਰਾਖਸ਼. | ੯੪ |
| ੪੫. | ਮਖਦੂਮ ਬਹਾਵਦੀ (ਗੁਰਮੁਖਾਂ ਵਾਲੀ). | ੯੫ |
| ੪੬. | ਸਿੱਧਾਂ ਨਾਲ ਗੋਸ਼ਟ. | ੯੮ |

| ਗਿ: | ਸਾਖੀ | ਪੰਨਾ | ਗਿ: | ਸਾਖੀ | ਪੰਨਾ |
|---|---|---|---|---|---|
| ੪੭. | ਸ਼ਿਵਨਾਭ, ਪ੍ਰਾਣ ਸੰਗਲੀ. | ੧੦੦ | ੫੩. | ਸ੍ਰੀ ਲਹਿਣਾ ਪ੍ਰੀਖ੍ਯਾ, ਦਾਸੀ ਤੁਲਸਾਂ. | ੧੨੩ |
| ੪੮. | ਬਾਢੀ ਦੀ ਝੁੱਗੀ ਢਾਹੀ. | ੧੦੪ | ੫੪. | ਲਹਿਣੇ ਤੋਂ ਅੰਗਦ. | ੧੨੫ |
| | **ਤੀਜੀ ਉਦਾਸੀ** | | ੫੫. | ਮਖਦੂਮ ਬਹਾਵਦੀ ਦਾ ਚਲਾਣਾ | ੧੨੬ |
| ੪੯. | ਕਸ਼ਮੀਰ, ਬ੍ਰਹਮ ਦਾਸ ਪੰਡਤ. | ੧੦੫ | ੫੬. | ਸ੍ਰੀ ਗੁਰੂ ਅੰਗਦ ਜੀ ਨੂੰ ਗੁਰਿਆਈ. | ੧੨੮ |
| ੫੦. | ਸੁਮੇਰ ਤੇ ਅਚਲ ਪਰ ਸਿੱਧ ਗੋਸ਼ਟ. | ੧੦੯ | ੫੭. | ਜੋਤੀ ਜੋਤ ਸਮਾਉਣਾ. | ੧੨੮ |
| | **ਚਉਥੀ ਉਦਾਸੀ** | | | ਅੰਤਕਾ ੧ | ੧੩੪ |
| ੫੧. | ਪੱਛਮ ਦੀ ਉਦਾਸੀ, ਮੱਕਾ. | ੧੧੩ | | ਅੰਤਕਾ ੨ | ੧੩੬ |
| | **ਪੰਜਵੀਂ ਉਦਾਸੀ** | | | ਅੰਤਕਾ ੩ | ੧੩੭ |
| ੫੨. | ਸਿੱਧਾਂ ਨਾਲ ਗੋਸ਼ਟ, ਗੋਰਖ ਹਟੜੀ. | ੧੨੧ | | ਅੰਤਕਾ ੪ | ੧੩੭ |
| | | | | ਅੰਤਕਾ ੫ | ੧੪੦ |


*All Rights Reserved.*

Printed by S. Buta Singh at Arorbans Press situated at Katra Sher Singh, Amritsar
and Published by Bhai Vir Singh at Amritsar.

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ਇਸ ਜਨਮ ਸਾਖੀ ਦੀ ਵਿਥਯਾ

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੀਵਨ ਵਿਥਯਾ ਨੂੰ 'ਜਨਮ ਸਾਖੀ' ਆਖਦੇ ਹਨ। ਕਦੋਂ ਪਹਿਲੀ ਜਨਮ ਸਾਖੀ ਲਿਖੀ ਗਈ, ਇਸ ਦਾ ਅਜੇ ਤੱਕ ਠੀਕ ਪਤਾ ਨਹੀਂ ਲੱਗਾ। ਬਾਲੇ ਵਾਲੀ ਜਨਮ ਸਾਖੀ ਵਿਚ ਉਸਦਾ ਲਿਖਿਆ ਜਾਣਾ ਪ੍ਰਾਚੀਨ ਦੱਸਿਆ ਹੈ, ਪਰ ਉਸ ਦਾ ਮੁਤਾਲਯਾ ਦੱਸ ਦੇਂਦਾ ਹੈ ਕਿ ਉਹ ਐਤਨੀ ਪੁਰਾਣੀ ਨਹੀਂ ਹੈ, ਉਹ ਤਾਂ ਦਸਮੇਂ ਸਤਿਗੁਰਾਂ ਦੇ ਸਮੇਂ ਦੇ ਅਖ਼ੀਰ ਯਾ ਰਤਾ ਮਗਰੋਂ ਦੀ ਜਾਪਦੀ ਹੈ। ਭਾਈ ਮਨੀ ਸਿੰਘ ਜੀ ਦੀ ਸਾਖੀ ਜੇ ਬੜੀ ਪੁਰਾਣੀ ਸਮਝੀ ਜਾਵੇ ਤਾਂ ਬੀ ਦਸਮੇਂ ਪਾਤਸ਼ਾਹ ਦੇ ਸਮੇਂ ਤੋਂ ਪੁਰਾਣੀ ਨਹੀਂ ਹੋ ਸਕਦੀ।

ਇਹ ਜਨਮ ਸਾਖੀ ਜੋ ਆਪ ਦੇ ਹੱਥ ਵਿਚ ਹੈ, ਆਪਣੀ ਅੰਦਰਲੀ ਉਗਾਹੀ ਤੋਂ ਛੇਵੇ ਸਤਿਗੁਰਾਂ ਦੇ ਵੇਲੇ ਦੇ ਲਗ ਪਗ ਦੀ ਸਿਆਣਿਆਂ ਨੇ ਸਹੀ ਕੀਤੀ ਹੈ (ਦੇਖੋ ਸਫਾ ੧੩੫ ਦੀ ਹੇਠਲੀ ਟੂਕ † ਨਿਸ਼ਾਨ ਵਾਲੀ)। ਪਰ ਅਗੇ ਚੱਲ ਕੇ ਅਸੀਂ ਦੱਸਾਂਗੇ ਕਿ ਇਸ ਸਾਖੀ ਵਿਚ ਬੀ ਦਸਮੇਂ ਪਾਤਸ਼ਾਹ ਦੇ ਸਮੇਂ ਜਾ ਪੈਣ ਦਾ ਇਕ ਇਸ਼ਾਰਾ ਮੌਜੂਦ ਹੈ। ਜੇ ਗੁਰੂ ਅੰਗਦ ਸਾਹਿਬ ਜੀ ਦੇ ਸਮੇਂ ਸਾਖੀਆਂ ਲਿਖੀਆਂ ਗਈਆਂ ਸਨ, ਤਦ ਉਹਨਾਂ ਦਾ ਅਜੇ ਤਕ ਪਤਾ ਨਹੀਂ ਚਲਦਾ। ਇਹ ਪੁਰਾਤਣ ਰਵਾਯਤ ਹੈ ਅਰ ਕੌਮ ਵਿਚ ਪਰਵਿਰਤ ਹੈ ਕਿ ਅਸਲ ਜਨਮ ਸਾਖੀ ਨੂੰ ਹਿੰਦਾਲੀਆਂ ਨੇ ਵਿਗਾੜ ਕੇ ਸਾਖੀ ਲਿਖੀ ਤੇ ਉਸ ਦਾ ਨਾਉਂ ਬਾਲੇ ਵਾਲੀ ਸਾਖੀ ਹੀ ਪਰਵਿਰਤ ਕੀਤਾ। ਉਸ ਸਾਖੀ ਦੇ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਲਿਖਣ ਵਾਲੇ ਪਾਸ ਇਹ ਜਨਮ ਸਾਖੀ, ਜਿਸਦੀ ਵਿਥਯਾ ਅਸੀਂ ਲਿਖ ਰਹੇ ਹਾਂ, ਮੌਜੂਦ ਸੀ, ਕਿਉਂਕਿ ਮੌਜੂਦਾ ਬਾਲੇ ਵਾਲੀ ਜਨਮ ਸਾਖੀ ਵਿਚ ਇਸ ਸਾਖੀ ਦੇ ਫਿਕਰੇ ਸਤਰਾਂ ਮਿਲਦੀਆਂ ਹਨ, ਅਰ ਉੱਤ੍ਰਾ ਖੰਡ ਦੀ ਤੀਸਰੀ ਉਦਾਸੀ ਤਾਂ ਹੂਬਹੂ ਇਸੇ ਦੀ ਨਕਲ ਕਰ ਕੇ ਲਿਖੀ ਹੈ, ਸੋ ਹੋ ਸਕਦਾ ਹੈ ਕਿ ਅਸਲ ਜ਼ਨਮ ਸਾਖੀ ਇਹੋ ਹੋਵੇ; ਜਿਸ ਤੋਂ ਮੌਜੂਦਾ ਬਾਲੇ ਵਾਲੀ ਤੇ ਹੋਰ ਨਕਲਾਂ ਹੋਈਆਂ, ਪਰ ਮੁਮਕਿਨ ਹੈ ਕਿ ਇਸ ਤੋਂ ਪਹਿਲਾਂ ਕੋਈ ਹੋਰ ਜਨਮ ਸਾਖੀ ਬੀ ਹੋਵੇ ਜੋ ਇਸਦਾ ਬੀ ਮੂਲ ਹੋਵੇ, ਇਹ ਗਲ ਅਜੇ ਖੋਜ ਦੀ ਮੁਥਾਜ ਹੈ। ਬਾਲੇ ਵਾਲੀ ਜੋ ਪ੍ਰਸਿੱਧ ਹੈ ਸੋ ਇਸੇ ਨੂੰ ਵਿਗਾੜ ਕੇ, ਯਾ ਜੇ ਕੋਈ ਹੋਰ ਬੀ ਸੀ—ਜੋ ਮਿਲਦੀ ਨਹੀਂ,—ਤਾਂ ਦੋਹਾਂ ਨੂੰ ਵਿਗਾੜ ਕੇ ਹਿੰਦਾਲੀਆਂ ਨੇ ਆਪਣਾ ਮਤਲਬ ਸਾਧਣ ਲਈ ਹਿੰਦਾਲ ਦੀ ਉਨ੍ਹਾਂ ਨਾਲ ਬਰਾਬਰੀ ਤੇ ਵਡਿਆਈ ਦੇ ਵਾਕ ਪਾਉਣ ਖਾਤਰ ਲਿਖੀ। ਇਹ ਗੱਲ ਬਾਬੇ ਹਿੰਦਾਲ ਦੀ ਅਪਣੀ ਜਨਮ ਸਾਖੀ ਪੜ੍ਹਿਆਂ ਸਹੀ ਹੋ ਜਾਂਦੀ ਹੈ।

ਇਸ ਜਨਮ ਸਾਖੀ ਦੀ, ਜੋ ਆਪਦੇ ਹੱਥਾਂ ਵਿਚ ਹੈ, ਮੁੜਕੇ ਪਰਵਿਰਤੀ

ਇਸ ਤਰ੍ਹਾਂ ਹੋਈ : ਕਿ ਕਾਲਬ੍ਰਕ ਨਾਮੇ ਇਕ ਅੰਗ੍ਰੇਜ਼ ਨੂੰ ਇਸ ਦਾ ਇਕ ਪੁਰਾਤਣ ਨੁਸਖਾ ਹਥ ਆਇਆ, ਉਸ ਨੇ ਇਹੋ 'ਈਸਟ ਇੰਡੀਆ ਕੰਪਣੀ' ਨੂੰ ਦਿੱਤਾ, ਜਿਨ੍ਹਾਂ ਨੇ ਇਸਨੂੰ 'ਇੰਡੀਆ ਆਫਿਸ ਲੰਡਨ' ਦੀ ਲਾਇਬ੍ਰੇਰੀ ਵਿਚ ਰਖਿਆ। ਸੰਨ ੧੮੮੩ ਈ: ਵਿਚ ਅੰਮ੍ਰਤਸਰ ਦੇ ਸਿਖਾਂ ਨੇ ਲਫਟੰਟ ਗਵਰਨਰ ਪਾਸ ਬਿਨੈ ਕੀਤੀ ਕਿ ਉਹਨਾਂ ਦੇ ਪੜ੍ਹਨ ਲਈ ਇਹ ਜਨਮ ਸਾਖੀ ਇੰਡੀਆ ਆਫਸ ਤੋਂ ਮੰਗਵਾ ਦਿਤੀ ਜਾਵੇ। ਸੋ 'ਮਿਸਟਰ ਰਾਸ' ਲਾਇਬ੍ਰੇਰੀਅਨ ਦੀ ਕਿਰਪਾ ਨਾਲ ਇਹ ਸਾਖੀ ਉਸੇ ਸਾਲ ਦੀ ਸਾਉਣੀ ਰੁਤੇ ਪੰਜਾਬ ਵਿਚ ਘੱਲੀ ਗਈ, ਤਾਂ ਜੋ ਲਾਹੌਰ ਤੇ ਅੰਮ੍ਰਤਸਰ ਵਿਚ ਪੜਤਾਲ ਹੋ ਸਕੇ*।

ਲਫਟੰਟ ਗਵਰਨਰ ਜਨਰਲ਼ ਪਾਸ ਸਿੱਖਾਂ ਵਲੋਂ ਇਸ ਦੀ ਫੋਟੋ ਲੈਣ ਦੀ ਇੱਛਾ ਪ੍ਰਗਟ ਹੋਣ ਤੇ ਇਸ ਸਾਖੀ ਦੀ ਸਰਕਾਰੀ ਤੌਰ ਤੇ ਫੋਟੋ ਲੈ ਕੇ ਕੁਛ ਕਾਪੀਆਂ ਫੋਟੋ ਜ਼ਿੰਕੋਗ੍ਰਾਫੀ ਦੇ ਤਰੀਕੇ ਤੇ ਛਾਪੀਆਂ ਗਈਆਂ, ਤੇ 'ਸਰ ਚਾਰਲਸ ਐਚਿਸਨ ਲਫਟੰਟ ਗਵਰਨਰ ਪੰਜਾਬ' ਨੇ ਚੋਣਵੇਂ ਥਾਈਂ ਇਹ ਸੁਗਾਤ ਵਜੋਂ ਦਿਤੀਆਂ। ਥੋੜੇ ਹੀ ਚਿਰ ਪਿਛੋਂ ਸਿੰਘ ਸਭਾ ਲਾਹੌਰ ਨੇ ਪੱਥਰ ਦੇ ਛਾਪੇ ਵਿਚ ਉਤਾਰਾ ਛਪਵਾਇਆ। ਇਸ ਨੂੰ ਲੋਕੀਂ ਵਲੈਤ ਵਾਲੀ ਜਨਮ ਸਾਖੀ ਆਖਣ ਲਗ ਪਏ।

੧੮੮੫ ਦੇ ਵਿਚ ਲਿਖੇ ਦੀਬਾਚੇ ਵਿਚ ਭਾਈ ਗੁਰਮੁਖ ਸਿੰਘ ਜੀ ਦੱਸਦੇ ਹਨ ਕਿ ਪਿਛਲੇ ਸਾਲ ਅਪਣੇ ਦੌਰੇ ਵਿਚ ਉਨ੍ਹਾਂ ਨੂੰ ਇਕ ਜਨਮ ਸਾਖੀ ਹਾਫ਼ਜ਼ਾ-ਬਾਦ ਵਿਚ ਹੱਥ ਆਈ, ਜਿਸ ਨੂੰ ਪੜਤਾਲ ਕਰਨ ਤੇ ਉਹ ਵਲੈਤ ਵਾਲੀ ਦੇ ਨਾਲ ਦੀ ਹੀ ਸਾਬਤ ਹੋਈ, ਕੇਵਲ ਕਿਤੇ ਕਿਤੇ ਅੱਖਰਾਂ, ਪਦਾਂ ਯਾ ਫਿਕਰਿਆਂ ਦਾ ਕੁਛ ਕੁਛ ਫਰਕ ਸੀ, ਇਸ ਦਾ ਨਾਮ ਓਹਨਾਂ ਨੇ 'ਹਾਫ਼ਜ਼ਾਬਾਦ ਵਾਲੀ ਸਾਖੀ' ਠਹਿ-ਰਾਇਆ। ਇਹ ਨੁਸਖਾ ਮਾਲੂਮ ਹੁੰਦਾ ਹੈ ਕਿ 'ਮਿਸਟਰ ਮੈਕਾਲਿਫ' ਪਾਸ ਪੁਜਾ। ਉਨ੍ਹਾਂ ਨੇ ਇਸ ਨੂੰ ਆਪਣੇ ਖਰਚ ਤੇ ਗੁਰਮਖੀ ਅੱਖਰਾਂ ਵਿਚ ਛਪਵਾਯਾ, ਵਿਰਾਮ ਆਪ ਲਗਾਏ, ਸ਼ਬਦ ਵਖਰੇ ਕਰਕੇ ਛਾਪੇ।ਇਸ ਦੀ ਭੂਮਕਾ ਭਾਈ ਗੁਰਮੁਖ ਸਿੰਘ ਜੀ ਪ੍ਰੋਫੈਸਰ ਔਰੀਐਂਟਲ ਕਾਲਜ ਨੇ ਲਿਖੀ ਤੇ ਇਹ ਬੀ ਪੱਥਰ ਦੇ ਛਾਪੇ ਵਿਚ ੧੮੮੫ ਈ: ਸੰਨ ਵਿਚ ੧੫ ਨਵੰਬਰ ਨੂੰ ਛਪ ਗਈ। ਇਸ ਉਤਾਰੇ ਨੂੰ ਲੋਕੀ 'ਮੈਕਾਲਫ ਵਾਲੀ ਜਨਮ ਸਾਖੀ' ਆਖਣ ਲਗ ਪਏ।

ਇਸ ਤੋਂ ਮਗਰੋਂ ਭਾਈ ਕਰਮ ਸਿੰਘ ਜੀ ਹਿਸਟੋਰੀਅਨ ਨੇ ੧੭੯੦ ਦਾ ਉਤਾਰਾ, ਜੋ ਇਸੇ ਜਨਮ ਸਾਖੀ ਦਾ ਇਕ ਨੁਸਖਾ ਹੈ, ਤਸਵੀਰਾਂ ਬੀ ਇਸ ਵਿਚ ਸਨ, ਲਾਹੌਰ ਕਿਸੇ ਕਿਤਾਬ ਫਰੋਸ਼ ਕੋਲ ਡਿਠਾ ਸੀ,ਫਿਰ ਉਨ੍ਹਾਂ ਨੇ ਲਾਹੌਰ ਜਨਮ ਸਥਾਨ ਦੇ ਗੁਰਦੁਆਰੀਏ ਪਾਸ, ਫੇਰ ਫੀਰੋਜ਼ਪੁਰ ਵਿਚ ੧੭੯੭ ਦਾ ਲਿਖਿਆ ਇਕ ਨੁਸਖਾ ਡਿਠਾ ਸੀ, ਜਿਸ ਵਿਚ ਲਿਖਿਆ ਸੀ ਕਿ ੧੭੨੭ ਵਿਚ ਬੁਰਹਾਨ

*ਦੇਖੋ ਦੀਬਾਚਾ, ਜਨਮਸਾਖੀ ਫੋਟੋ ਹੋਈ ਹੋਈ ਦਾ, ੧੮੮੫।

ਪੁਰ ਵਿਚ ਲਿਖੀ ਗਈ ਜਨਮ ਸਾਖੀ ਦਾ ਇਹ ਉਤਾਰਾ ਹੈ। ਇਕ ਕਾਪੀ ਓਹਨਾਂ ਸ਼ਿਕਾਰ ਪੁਰ ਵਿਚ ਲਿਖੀ ਹੋਈ ਹੈਦਰਾਬਾਦ ਦੇਖੀ ਸੀ, ਇਕ ਕਾਪੀ ਬਹਾਵਲ ਪੁਰ ਦੇ ਇਲਾਕੇ ਬੰਦਈਆਂ ਦੇ ਡੇਰੇ ਵੇਖੇ ਸੀ। ਬਰਦਵਾਨ ਦੀ ਲਿਖੀ ਹੋਈ ਇਕ ਕਾਪੀ ਸੰਮਤ ੧੯੧੪ ਦੀ ਮੂਲਕਰਾਜ ਭੱਲੇ ਨੇ ਵੇਖੀ ਸੀ।

## ਇਸ ਦੇ ਲਿਖੇ ਜਾਣ ਦੇ ਸਮੇਂ ਦੀ ਕੁਛਕ ਪੜਤਾਲ !

(੧) ਗੁਰੂ ਜੀ ਦੀ ਬਾਲ ਅਵਸਥਾ ਦੇ ਕੌਤਕਾਂ (ਸਾਖੀ ੩) ਵਿਚ ਲਿਖਿਆ ਹੈ ਕਿ 'ਜਬਗੁਰੂ ਨਾਨਕ ਬਰਸਾਂ ਨਾਵਾਂਕਾ ਹੋਇਆਤਬ ਫਿਰ ਤੋਰਕੀ ਪੜ੍ਹਨ ਪਾਇਆ'॥

ਜਦੋਂ ਗੁਰੂ ਜੀ ਬਾਲ ਅਵਸਥਾ ਵਿੱਚ ਸੇ ਤਾਂ ਰਾਜ ਪਠਾਣਾਂ* ਦਾ ਸੀ ਤੇ ਮਕਤਬਾਂ ਵਿੱਚ ਫਾਰਸੀ ਪੜ੍ਹਾਉਂਦੇ ਸੀ।ਤੋਰਕੀ ਅਰਥਾਤ ਤੁਰਕੀ–ਇਹ ਤੁਰਕਾਂ ਯਾ ਮੁਗ਼ਲਾਂ ਦੀ ਜ਼ਬਾਨ ਸੀ, ਸੋ ਤੋਰਕੀ ਚਾਹੋ ਫਾਰਸੀ ਨੂੰ ਆਮ ਲੋਕ ਕਹਿੰਦੇ ਹੋਣ, ਚਾਹੋ ਫਾਰਸੀ ਅਰਬੀ ਤੁਰਕੀ ਸਭ ਨੂੰ ਕਹਿੰਦੇ ਹੋਣ, ਹਰ ਹਾਲਤ ਵਿੱਚ ਪਦ 'ਤੁਰਕੀ' ਦਾ ਵਰਤਾਉ ਯੁਵਨ ਭਾਸ਼ਾ ਵਾਸਤੇ ਤਾਂ ਹੀ ਹੋ ਸਕਦਾ ਹੈ, ਜਦੋਂ ਕਿ ਤੁਰਕਾਂ ਦਾ ਰਾਜ ਪੱਕਾ ਹੋ ਗਿਆ ਹੋਵੇ ਅਰ ਉਨ੍ਹਾਂ ਦੇ ਰਾਜ ਨੂੰ ਚੋਖਾ ਸਮਾਂ ਲੰਘ ਗਿਆ ਹੋਵੇ, ਤਾਂਤੇ ਇਹ ਸਾਖੀ ਮੁਗ਼ਲਾਂ ਦੇ ਰਾਜ ਹੋ ਚੁਕੇ ਨੂੰ ਚੋਖਾ ਚਿਰ ਬਾਦ ਲਿਖੀ ਗਈ।

(੨) ਇਸ ਸਾਖੀ ਵਿੱਚ ਪੰਚਮ ਪਾਤਸ਼ਾਹ ਦੇ ਸ਼ਬਦ ਆਏ ਹਨ,ਇਸੇ ਕਰਕੇ ਇਹ ਸਾਖੀ ਪੰਜਵੇਂ ਸਤਿਗੁਰਾਂ ਦੇ ਸਮੇਂ ਯਾ ਮਗਰੋਂ ਲਿਖੀ ਗਈ। ਗ਼ਾਲਬਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੇ ਬਾਦ, ਜੋ ਸੰਮਤ ੧੬੬੧ ਦੀ ਗੱਲ ਹੈ। ਇਸ ਦੀ ਬੋਲੀ ਤੇ ਅੱਖਰਾਂ ਦਾ ਖਯਾਲ ਕਰਕੇ ਇਸ ਨੂੰ ਛੇਵੀਂ ਪਾਤਸ਼ਾਹੀ ਦੇ ਸਮੇਂ ਬੀ ਕਈ ਸਿਆਣਿਆਂ ਸਹੀ ਕੀਤਾ ਸੀ।

(੩) ਇਸ ਸਾਖੀ ਦੇ ਅਖੀਰਲੇ ਪੰਨੇ ਤੇ ਜਿੱਥੇ ਸਾਖੀ ਸੰਪੂਰਨ ਹੋਈ ਹੈ,ਓਥੇ ਲਿਖਿਆ ਹੈ 'ਅਭੁਲ ਗੁਰੂ ਬਾਬਾ ਜੀ, ਬੋਲਹੁ ਵਾਹਿਗੁਰੂ ਜੀ ਕੀ ਫਤੇ ਹੋਈ। ਤੇਰਾ ਪਰਾਨਾ ਹੈ'। ਬੋਲਹੁ ਵਾਹਿਗੁਰੂ ਦਾ ਆਮ ਵਰਤਾਰਾ ਭੱਟਾਂ ਦੇ ਸ੍ਵਯੇ ਰਚਣ ਦੇ ਬਾਦ ਹੋਇਆ ਹੈ। ਪਹਿਲੇ 'ਵਾਹਿਗੁਰੂ' ਮੰਤ੍ਰ ਦੀ ਸੂਰਤ ਵਿਚ ਗੁਪਤ ਵਾਕ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤੋਂ ਬਾਦ ਆਮ ਸ਼ੁਰੂ ਹੋਇਆ। ਇਹ ਭੀ ਸਤਿਗੁਰਾਂ ਦੇ ਸਮੇਂ ਦੇ ਲਗ ਪਗ ਲੈ ਜਾਂਦਾ ਹੈ ਪਰ ਉਪਰ ਲਿਖੀ ਇਬਾਰਤ ਵਿੱਚ ਇਕ ਵਾਕ ਹੈ 'ਬੋਲਹੁ ਵਾਹਿਗੁਰੂ ਜੀ ਕੀ ਫਤਹ ਹੋਈ'; 'ਵਾਹਿਗੁਰੂ ਜੀ ਕੀ ਫਤੈ' ਇਹ ਵਾਕ ਖਾਲਸਾ ਪੰਥ ਰਚਨ ਵੇਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਰਚੇ ਹਨ। ਫੇਰ ਨਾਲ 'ਹੋਈ' ਪਦ ਹੈ, ਇਹ ਵਧੇਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵਲ ਲੈ ਜਾਂਦੀ ਹੈ।

---

*ਪਠਾਣਾਂ ਦੇ ਰਾਜ ਦੀ ਸਮਾਪਤੀ ਗੁਰੂ ਜੀ ਦੀ ਜੁਆਨ ਉਮਰ ਵਿੱਚ ਹੋਈ।

ਵਾਹਿਗੁਰੂ ਜੀ ਕੀ ਫਤਹ ਅੰਮ੍ਰਿਤ ਛਕਣ ਸਮੇਂ ਹੋਈ, ਉਹ ਸੰਮਤ ਬਿ: ੧੭੫੬ ਹੈ। ਇਸ ਹਿਸਾਬ ਇਹ ਸਾਖੀ ੧੭੫੬ ਸੰਮਤ ਤੋਂ ਮਗਰੋਂ ਦੀ ਜਾ ਸਹੀ ਹੁੰਦੀ ਹੈ। ਪਰ ਇਹ ਬੀ ਹੋ ਸਕਦਾ ਹੈ ਕਿ ਜਨਮਸਾਖੀ ਪੁਰਾਤਣ ਹੋਵੇ ਤੇ ਵਲੈਤ ਵਾਲਾ ਨੁਸਖਾ ੧੭੫੬ ਦੇ ਬਾਦ ਲਿਖਿਆ ਗਿਆ ਹੋਵੇ ਤੇ ਲਿਖਾਰੀ ਤੋਂ ਸਹ ਸੁਭਾਵ ਉਸ ਵੇਲੇ ਪ੍ਰਵਿਰਤ ਹੋਇਆ ਫਿਕਰਾ 'ਵਾਹਿਗੁਰੂ ਜੀ ਕੀ ਫਤੈ' ਲਿਖਿਆ ਗਿਆ ਹੋਵੇ। ਇਹ ਭੀ ਮੁਮਕਿਨ ਨਹੀਂ ਕਿ ਇਹ ਇਬਾਰਤ ਇਤਫਾਕ ਨਾਲ ਲਿਖੀ ਗਈ ਹੋਵੇ ਪਰ ਹਰ ਹਾਲਤ ਵਿਚ ਖੋਜਕਾਂ ਦਾ ਧਿਆਨ ਇਸ ਪਰ ਜ਼ਰੂਰ ਖ਼ਰਚ ਹੋਣਾ ਚਾਹੀਏ।

(੪) ਇਸ ਦੀ ਬੋਲੀ ਨਿਰੋਲ ਪੋਠੋਹਾਰੀ ਨਹੀਂ, ਤੇ ਨਾ ਨਿਰੋਲ ਲਹਿੰਦੇ ਦੀ ਹੈ, ਜਿਹਲਮ ਦੇ ਇਸ ਕਿਨਾਰੇ ਯਾ ਉਸ ਕਿਨਾਰੇ ਦੀ ਬੋਲੀ ਨਾਲ ਮੇਲ ਖਾਂਦੀ ਹੈ। ਅਤੇ ਅੱਖਰ ਇਸ ਦੇ 'ਹਾਹੇ', 'ਔਂਕੜ' ਤੇ 'ਲਲੇ' ਆਦਿ ਦੇ ਵਿਚਾਰ ਤੋਂ ਪੁਰਾਤਣ ਢੰਗ ਦੇ ਲਗਦੇ ਹਨ। ਇਸ ਦਾ ਕਾਰਨ ਇਸ ਦਾ ਪੁਰਾਣਾ ਹੋਣਾ ਬੀ ਹੋ ਸਕਦਾ ਹੈ; ਤੇ ਲਿਖਾਰੀ ਦਾ ਉਸ ਅੱਖਰਾਂ ਦੀ ਘੁੰਡੀ ਤੋਂ ਨਾਵਾਕਫ ਹੋਣਾ ਬੀ ਹੋ ਸਕਦਾ ਹੈ, ਜੋ ਕਿ ਲਾਹੌਰ ਅੰਮ੍ਰਿਤਸਰ ਦੇ ਲਾਗੇ ਸੁਹਣੀ ਸ਼ਕਲ ਲੈ ਗਈ ਸੀ। ਕਿਉਂਕਿ ਹਾਸ਼ੀਏ ਦੀਆਂ ਲੀਕਾਂ ਮਿਸਤਰ ਨਾਲ ਵਾਹੀਆਂ ਨਹੀਂ ਜਾਪਦੀਆਂ ਜੋ ਹੁਨਰ ਕਿ ਓਦੋਂ ਚੰਗੇ ਕਮਾਲ ਤੇ ਸੀ। ਹਾਸ਼ੀਏ ਦੀਆਂ ਲੀਕਾਂ ਉਗੜ ਦੁਗੜੀਆਂ ਉਸ ਦੇ ਚਲਾਊ ਲਿਖਤ ਹੋਣ ਦੀ ਗਵਾਹੀ ਹਨ ਤੇ ਇਸੇ ਤਰ੍ਹਾਂ ਲਿਖਤ ਬੀ ਚਲਾਊ ਹੋ ਸਕਦੀ ਹੈ, ਲਿਖਣ ਵਾਲਾ ਕ਼ਸਬੀ ਲਿਖਾਰੀ ਨਹੀਂ ਜਾਪਦਾ।

(੫) ਇਹ ਗੱਲ ਕਿ ਵਲੈਤ ਪਹੁੰਚਾ ਨੁਸਖਾ ਇਸਦਾ ਅਸਲੀ ਕਰਤਾ ਦਾ ਪਹਿਲਾ ਨੁਸਖਾ ਹੈ, ਇਸੇ ਦੇ ਅੰਦਰ ਦੀ ਗੁਆਹੀ ਤੋਂ ਰੱਦ ਹੋ ਜਾਂਦਾ ਹੈ। ਇਸ ਨੁਸਖੇ ਤੋਂ ਪਹਿਲੇ ਕੋਈ ਹੋਰ ਨੁਸਖਾ ਸੀ, ਜਿਸ ਦਾ ਇਹ ਉਤਾਰਾ ਹੈ। ਫੇਰ ਇਹ ਨੁਸਖਾ ਉਸ ਦਾ ਠੀਕ ਉਤਾਰਾ ਹੈ ਯਾ ਕੁਛ ਫਰਕ ਪੈ ਗਿਆ ਹੈ, ਇਹ ਗੱਲ ਹਾਫ਼ਜ਼ਾਬਾਦੀ ਨੁਸਖੇ ਨਾਲ ਇਸ ਦਾ ਟਾਕਰਾ ਕਰਨ ਤੋਂ ਦਿਸ ਪੈਂਦੀ ਹੈ ਕਿ ਦੋਵੇਂ ਉਤਾਰੇ ਕਿਸੇ ਇਕ ਮੂਲ ਦੇ ਹਨ ਪਰ ਆਪੋ ਵਿਚ ਫਰਕ ਕਰ ਗਏ ਹਨ। ਇਸ ਤੋਂ ਸੰਭਾਵਨਾ ਹੁੰਦੀ ਹੈ ਕਿ ਵਲੈਤ ਵਾਲਾ ਨੁਸਖਾ ਭੀ ਅਸਲੀ ਮੂਲ ਤੋਂ ਚੋਖਾ ਫਰਕ ਕਰ ਗਿਆ ਹੋਵੇਗਾ। ਇਹ ਗੱਲ ਕਿ ਇਹ ਨੁਸਖਾ ਕਿਸੇ ਹੋਰ ਦਾ ਉਤਾਰਾ ਹੈ ਐਉਂ ਸਪਸ਼ਟ ਹੁੰਦੀ ਹੈ:—

[ੳ] ਸਾਖੀ ਨੰ: ੨੮ ਵਿਚ ਵਿਚ ਲਿਖਿਆ ਹੈ ਕਿ 'ਉਹ ਦੁਨੀਆਂਦਾਰ ਫਕੀਰ ਥੇ' ਅਗਲਾ ਪਿਛਲਾ ਪ੍ਰਕਰਣ ਸਾਫ ਦਸਦਾ ਹੈ ਕਿ ਏਥੇ ਪਾਠ ਚਾਹੀਦਾ ਸੀ : 'ਓਹ ਦੀਨਦਾਰ ਫ਼ਕੀਰ ਥੇ' ਕਿਉਂਕਿ ਉਹ ਅਫਸੋਸ ਕਰਦਾ ਹੈ ਕਿ ਜੇ ਮੈਂ ਦੀਨ ਮੰਗਦਾ ਤਾਂ ਦੀਨ ਪਾਉਂਦਾ। ਮੈਂ

ਦੁਨੀਆਂ ਚਾਹੀ ਤਾਂ ਦੁਨੀਆਂ ਮਿਲੀ। ਹਾਫਜ਼ਾਬਾਦੀ ਨੁਸਖੇ ਵਿਚ ਪਾਠ ਹੈ:—'ਦੀਨਦਾਰ ਫਕੀਰ ਥੇ' ਜੋ ਸ਼ੁਧ ਹੈ।

ਇਹ ਅਸ਼ੁਧੀ ਵਲੈਤੀ ਨੁਸਖੇ ਦੀ ਐਸੀ ਹੈ ਕਿ ਜਿਸਦੇ ਅਸ਼ੁੱਧ ਹੋਣ ਦਾ ਰਤਾ ਸੰਸਾ ਨਹੀਂ ਰਹਿ ਸਕਦਾ ਤੇ ਇਹ ਅਸ਼ੁੱਧੀ ਹੀ ਦਲੀਲ ਹੈ ਉਸ ਦੇ ਉਤਾਰੇ ਹੋਣ ਦੀ ਤੇ ਹਾਫਜ਼ਾਬਾਦੀ ਨੁਸਖੇ ਦਾ ਸ਼ੁਧ ਪਾਠ ਇਸ ਦਲੀਲ ਨੂੰ ਪ੍ਰੌਢਤਾ ਦੇਂਦਾ ਹੈ।

[ਅ] ਸਾਖੀ ਨੰਬਰ ੩੦ ਵਿਚ ਮਰਦਾਨੇ ਦਾ ਵਾਕ ਹੈ:—'ਜੋ ਤੇਰਾ ਅਹਾਰ ਹੋਵੈ ਸੋ ਮੇਰਾ ਹੋਵੈ, ਸੋ ਮੇਰਾ ਅਹਾਰ ਕਰਹਿ'। ਇਸ ਵਿਚ 'ਮੇਰਾ ਅਹਾਰ ਕਰਹਿ' ਇਤਨੇ ਅੱਖਰ ਵਾਧੂ ਹਨ। 'ਸੋ ਮੇਰਾ ਹੋਵੈ' ਤੇ 'ਸੋ ਮੇਰਾ ਅਹਾਰ ਕਰਹਿ' ਦੋਵੇਂ ਇਕ ਮਤਲਬ ਰਖਦੇ ਹਨ, ਦੋਹਾਂ ਵਿਚੋਂ ਇਕ ਬਿਲੋੜਾ ਹੈ,ਅਸਲੀ ਕਰਤਾ ਆਪਣੇ ਨੁਸਖੇ ਵਿਚ ਇਹ ਭੁੱਲ ਨਹੀਂ ਛੱਡ ਸਕਦਾ। ਇਹ ਭੁੱਲ ਉਤਾਰੇ ਦੀ ਹੈ, ਹਾ: ਬਾ: ਨੁਸਖਾ ਇਸਦੀ ਪ੍ਰੌਢਤਾ ਕਰਦਾ ਹੈ, ਜਿਸ ਵਿਚ ਕਿ 'ਸੋ ਮੇਰਾ ਅਹਾਰ ਕਰਹਿ' ਪਾਠ ਨਹੀਂ ਹੈ।

[ੲ] ਸਾਖੀ ਨੰ: ੩੧ ਵਿਚ ਜਦ ਗੁਰੂ ਜੀ ਦਾ 'ਪਿਛਹੁ ਰਾਤੀ ਸਦੜਾ' ਸਬਦ ਦਾ ਭੋਗ ਪਾਉਂਦੇ ਹਨ ਤਾਂ ਆਖਦੇ ਹਨ 'ਬਾਬਾ ਜੀ ਮਾਤਾ ਜੀ ਅਸੀਂ ਜੋ ਆਏ ਹਾਂ, ਜੋ ਕਹਿ ਥਾ ਆਵਹਿੰਗੇ'। ਇਸ ਵਿਚ ਕਹਿ ਥਾ ਪਾਠ ਅਸ਼ੁਧ ਹੈ, ਸ਼ੁੱਧ ਪਾਠ ਚਾਹੀਦਾ ਹੈ 'ਕਹਿਆ ਥਾ', ਇਹ 'ਆ ਕੰਨੇ' ਦਾ ਰਹਿ ਜਾਣਾ ਉਤਾਰਾ ਕਰਨ ਵਾਲੇ ਦੀ ਉਕਾਈ ਹੈ,ਇਸ ਦੀ ਪੁਸ਼ਟੀ ਹਾਫਜ਼ਾਬਾਦੀ ਨੁਸਖੇ ਤੋਂ ਹੁੰਦੀ ਹੈ,ਜਿਸ ਵਿਚ ਪਾਠ ਹੈ—'ਕਹਿਆ ਥਾ'।

[ਸ] ਸਾਖੀ ਨੰ: ੩੦ ਵਿਚ ਪਾਠ ਹੈ 'ਜਾਂ ਇਹ ਬਚਨ ਕਰਹਿ ਜੋ ਮੇਰੇ ਕਰਮ ਭੀ ਨਾ ਬੀਚਾਰਹਿ'।

'ਮੇਰੇ ਕਰਮ ਭੀ ਨਾ ਬੀਚਾਰਹਿ'ਤੋਂ ਸਾਬਤ ਹੁੰਦਾ ਹੈ ਕਿ ਪਹਿਲੇ ਫਿਕਰੇ 'ਜਾਂ ਇਹ ਬਚਨ ਕਰਹਿ' ਵਿਚਿ ਬੀ 'ਭੀ'ਪਦ ਚਾਹੀਦਾ ਸੀ ਕਿਉਂਕਿ ਪਹਿਲੇ ਇਕ ਗੱਲ ਮਰਦਾਨਾ ਮੰਗ ਆਯਾ ਹੈ ਕਿ ਜੋ ਤੇਰਾ ਅਹਾਰ ਹੈ ਸੋ ਮੇਰਾ ਹੋਵੇ, ਹੁਣ ਦੂਸਰੀ ਗੱਲ ਮੰਗਦਾ ਹੈ ਕਿ ਮੇਰੇ ਕਰਮ ਭੀ ਨਾ ਬੀਚਾਰਹਿ। ਇਸ ਵਿਚ ਪਈ 'ਭੀ' ਦਸਦੀ ਹੈ ਕਿ ਪਹਿਲੇ ਇਕ ਗੱਲ ਹੋਰ ਮੰਗ ਆਯਾ ਹੈ, ਤਾਂਤੇ ਜ਼ਰੂਰ ਹੋ ਗਿਆ ਕਿ ਜਦ ਮਰਦਾਨਾ ਕਹਿੰਦਾ ਹੈ 'ਜਾਂ ਇਹ ਬਚਨ ਕਰਹਿ' ਇਸ ਵਿਚ ਬੀ ਪਦ 'ਭੀ' ਆਵੇ। ਹਾਫਜ਼ਾਬਾਦੀ ਨੁਸਖਾ ਇਸ ਗੱਲ ਦੀ ਪ੍ਰੌਢਤਾ ਕਰਦਾ ਹੈ,ਕਿਉਂਕਿ ਉਸ ਵਿਚ ਏਥੇ 'ਭੀ' ਪਦ ਹੈ ਤੇ ਪਾਠ ਹੈ:—'ਜੋ ਇਹ ਭੀ ਬਚਨ ਕਰਹਿੰ'।

[ਹ] ਸਾਖੀ ਨੰ: ੪੫ ਵਿਚ ਗੁਰੂ ਬਾਬੇ ਨੇ 'ਲਖ ਓਲਾਮੇ ਦਿਵਸ ਕੇ' ਵਾਲਾ ਸ਼ਲੋਕ ਦੇ ਕੇ ਬਹਾਵਦੀ ਨੂੰ ਆਖਿਆ 'ਕਰਮ ਕਰੰਗ ਹੈ, ਓਥੇ ਹੰਸ ਦਾ

'ਮ' ਨਾਹੀਂ' ਹੈ। ਇਸ ਵਿਚ ਸਪਸ਼ਟ ਹੈ ਕਿ 'ਮਮਾ' ਇਕੱਲਾ ਕੋਈ ਅਰਥ ਨਹੀਂ ਏਥੇ ਦੇਂਦਾ, ਸ਼ੁਧ ਪਾਠ ਚਾਹੀਦਾ ਹੈ 'ਕੰਮ'। ਐਉਂ:— 'ਓਥੈ ਹੰਸ ਦਾ ਕੰਮ ਨਾਹੀਂ'। ਹੁਣ ਇਹ 'ਕੰ' ਦਾ ਰਹਿ ਜਾਣਾ ਦਸਦਾ ਹੈ ਕਿ ਇਹ ਉਤਾਰੇ ਵਿਚ ਭੁੱਲ ਪਈ ਹੈ।

ਹਾਫਜ਼ਾਬਾਦੀ ਨੁਸਖੇ ਵਿਚ ਸ਼ਲੋਕ ਤੋਂ ਮਗਰੋਂ ਐਤਨੀ ਇਬਾਰਤ ਹੈ ਹੀ ਨਹੀਂ 'ਤਬ ਬਾਬਾ ਬੋਲਿਆ ਆਖਿਓਸੁ ਮਖਦੂਮ ਬਹਾਵਦੀ ਕਰਮ ਕਰੰਗ ਹੈ ਓਥੈ ਹੰਸ ਦਾ 'ਮ' ਨਾਹੀਂ ਹੈ ਜੋ ਓਥੈ ਬਹਨਿ'। ਇਹ ਸਾਰੀ ਇਬਾਰਤ ਯਾ ਤਾਂ ਅਸਲੀ ਨੁਸਖੇ ਵਿਚ ਹੀ ਨਹੀਂ ਸੀ, ਵਲੈਤ ਵਾਲੀ ਦੇ ਉਤਾਰੇ ਕਰਨ ਵਾਲੇ ਨੇ ਸ਼ਲੋਕ ਦੇ ਅਰਥ ਆਪ ਪਾਏ ਹੋਣਗੇ, ਜੇ ਹੈਸੀ ਤਾਂ ਹਾਫਜ਼ਾਬਾਦੀ ਨੁਸਖੇ ਵਾਲੇ ਤੋਂ ਰਹਿ ਗਈ ਹੈ।

ਸਿੱਟਾ ਇਹ ਹੈ ਕਿ ਇਸ ਵਲੈਤ ਵਾਲੀ ਸਾਖੀ ਤੋਂ ਪਹਿਲਾਂ ਕੋਈ ਹੋਰ ਜਨਮਸਾਖੀ ਸੀ, ਚਾਹੋ ਉਹ ਬਿਲਕੁਲ ਵਿਲੱਖਣ ਚੀਜ਼ ਸੀ, ਚਾਹੋ ਇਨ੍ਹਾਂ—ਵਲੈਤ ਪਹੁੰਚੀ ਤੇ ਹਾਫਜ਼ਾਬਾਦੋਂ ਮਿਲੀ ਤੇ ਹੋਰ ਥਾਂ ਲੱਭਦੀ ਦਾ ਮੂਲ ਉਹ ਸੀ। ਹਰਹਾਲ ਵਲੈਤ ਵਾਲੀ ਤੇ ਹਾਫਜ਼ਾਬਾਦ ਵਾਲੀਆਂ ਦੁਇ ਕਿਸੇ ਹੋਰ ਦਾ ਉਤਾਰਾ ਹਨ, ਜੋ ਅਜੇ ਤਕ ਹੱਥ ਨਹੀਂ ਆਇਆ ਤੇ ਇਹ ਉਤਾਰੇ ਉਸ ਅਸਲ ਨਾਲੋਂ ਚੋਖਾ ਫਰਕ ਕਰ ਗਏ ਹੋਏ ਜਾਪਦੇ ਹਨ।

## ਇਸ ਪੋਥੀ ਵਿਚ ਜੋ ਕੁਝ ਅਸਾਂ ਕੀਤਾ ਹੈ ਉਸਦਾ ਵੇਰਵਾ ਇਹ ਹੈ

(੧) ਵਲੈਤ ਵਾਲੀ ਸਾਖੀ ਦਾ ਫੋਟੋ ਦਾ ਨੁਸਖਾ, ਹਾਫਜ਼ਾਬਾਦੀ ਨੁਸਖੇ ਦਾ ਪੱਥਰ ਦੇ ਛਾਪੇ ਦਾ ਨੁਸਖਾ, ਜੋ ਮਿਸਟਰ ਮੈਕਾਲਫ ਵਾਲਾ ਪ੍ਰਸਿਧ ਹੈ ਤੇ ਸਿੰਘ ਸਭਾ ਲਾਹੌਰ ਦੇ ਪੱਥਰ ਦੇ ਛਾਪੇ ਦਾ ਨੁਸਖਾ, ਤ੍ਰਿਆਂ ਦਾ ਮੁਕਾਬਲਾ ਕਰਕੇ ਇਹ ਉਤਾਰਾ ਤਯਾਰ ਹੋਯਾ ਹੈ ਤੇ ਜ਼ਰੂਰੀ ਅਤੇ ਅਰਥ ਭਾਵ ਦੀ ਸਿੱਧੀ ਵਾਲੇ ਸਾਰੇ ਫਰਕ ਨੋਟਾਂ ਵਿਚ ਦੱਸ ਦਿਤੇ ਹਨ। ਜੋ ਫਰਕ ਗ਼ੈਰ ਜ਼ਰੂਰੀ ਖਯਾਲ ਕੀਤੇ ਗਏ ਉਹ ਨਹੀਂ ਦੱਸੇ ਤੇ ਓਥੇ ਇਬਾਰਤ ਇਸ ਵਿਚ ਉਹ ਰਖੀ ਹੈ ਜੋ ਫੋਟੋ ਵਾਲੇ ਨੁਸਖੇ ਵਿਚ ਹੈ।

ਜੋ ਸਾਖੀਆਂ ਹਾਫਜ਼ਾਬਾਦੀ ਨੁਸਖੇ ਵਿਚ ਸਨ ਤੇ ਵਲੈਤ ਵਾਲੇ ਵਿਚ ਨਹੀਂ ਸਨ, ਉਹ ਇਸ ਵਿਚ ਪਾ ਦਿਤੀਆਂ ਹਨ ਤੇ ਟੂਕ ਵਿਚ ਦੱਸ ਦਿਤਾ ਹੈ। ਜੇ ਕਿਤੇ ਉਸ ਤੋਂ ਇਬਾਰਤ ਲਈ ਹੈ ਤਾਂ ਬੀ ਟੂਕ ਵਿਚ ਦੱਸ ਦਿੱਤਾ ਹੈ।

(੨) ਪਦਾਂ ਨੂੰ ਨਿਖੇੜਿਆ ਅਸਾਂ ਹੈ, ਤੇ , . ; . । . ? . ! . ' ' ਆਦਿਕ ਨਿਸ਼ਾਨ ਪਾਠ ਦੀ ਸੁਗਮਤਾ ਵਾਸਤੇ ਅਸਾਂ ਲਾਏ ਹਨ ਤੇ ਕਿਤੇ ਬਿੰਦੀ ਤੇ ਅਧਕ ਬੀ ਲਾਈ ਹੈ ਜੋ ਪਾਠ ਸ਼ੁਧ ਸਮਝ ਪਵੇ।

(੩) ਸਾਖੀਆਂ ਦੀ ਤਰਤੀਬ ਇਸ ਛਾਪੇ ਵਿਚ ਛਪੀ ਪੋਥੀ ਦੀ ਆਪਣੀ ਹੈ, ਫੋਟੋ ਦੇ

ਨੁਸਖੇ ਦੇ ਸਫੇ ਪੁਰਾਣੇ ਵਹੀ ਖਾਤੇ ਦੇ ਤ੍ਰੀਕੇ ਦੇ ਆਮੋ ਸਾਹਮਣੇ ਸਫਿਆਂ ਨੂੰ ਇਕ ਪੰਨਾਂ ਮੰਨ ਕੇ ਸੱਜੇ ਹੱਥ ਦੇ ਸਫੇ ਤੇ ਹਨ।

(੪) ਜੋ ਗੁਰਬਾਣੀ ਦੇ ਸ਼ਬਦ ਸ਼ਲੋਕ ਆਏ ਹਨ,ਓਹ ਅਸਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਸੋਧ ਕੇ ਪਾਠ ਲਿਖੇ ਹਨ । ਕਿਉਂਕਿ ਗੁਰਬਾਣੀ ਦੀ ਸ਼ੁੱਧੀ ਦੀ ਟਕਸਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਤੇ ਉਸ ਨਾਲੋਂ ਅਸ਼ੁੱਧ ਪਾਠ ਛਪਣੇ ਸੁਖਦਾਈ ਨਹੀਂ।

(੫) ਜੋ ਬਾਣੀਆਂ ਗੁਰੂ ਜੀ ਦੀਆਂ ਨਹੀਂ, ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਚੜ੍ਹੀਆਂ ਤੇ ਜਨਮ ਸਾਖੀ ਵਾਲਿਆਂ ਬਾਹਰ ਦੀਆਂ ਕੀਤੀਆਂ (ਜਿਨ੍ਹਾਂ ਵਿਚ ਨਾਉਂ ਗੁਰੂ ਜੀ ਦਾ ਆਯਾ ਹੈ) ਲਿਖ ਦਿੱਤੀਆਂ ਹਨ, ਉਨ੍ਹਾਂ ਦਾ ਨਮੂਨਾ ਅਸਾਂ ਅੰਤਕਾ ਵਿਚ ਦਿਖਾ ਦਿੱਤਾ ਹੈ, ਪੋਥੀ ਵਿਚ ਨਹੀਂ ਰੱਖਿਆ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਏਹ ਬਾਣੀਆਂ ਗੁਰੂ ਕ੍ਰਿਤ ਨਹੀ ਮੰਨੀਆਂ ਅਰ ਬੀੜ ਵਿਚ ਨਹੀਂ ਚਾੜ੍ਹੀਆਂ। ਪ੍ਰਾਣ ਸੰਗਲੀ ਆਪ ਨੇ ਸੰਗਲਾਂ ਦੀਪ ਤੋਂ ਮੰਗਾਈ ਤੇ ਫੇਰ ਨਹੀਂ ਤਸਲੀਮ ਕੀਤੀ। ਕਈ ਇਕ ਸਾਧੂਆਂ ਫਕੀਰਾਂ ਨੇ ਬਾਣੀਆਂ ਰਚ ਕੇ ਨਾਮ ਗੁਰੂ ਜੀ ਦਾ ਪਿੱਛੇ ਪਾ ਦਿੱਤਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬੰਨ੍ਹਣ ਦੇ ਕਈ ਕਾਰਨਾਂ ਵਿਚੋਂ ਇਕ ਇਹ ਬੀ ਸੀ ਕਿ ਇਸ ਗੱਲ ਨੂੰ ਰੋਕ ਪੈ ਜਾਵੇ। ਜੁਗਾਵਲੀ ਦੇ ਅੰਤ ਪਰ, ਅਰ ਵਾਹਿਗੁਰੂ ਕੀ ਮਿਹਨਤਿ ਤੋਂ ਪਹਿਲਾਂ ਇਕ ਸਤਰ ਇਸੇ ਜਨਮਸਾਖੀ ਵਿਚ ਆਉਂਦੀ ਹੈ, 'ਚਾਲੀਸ ਜੁਗ ਕੀ ਮਿਰਜਾਦਾ ਸੰਤ ਲਿਖੀ' ਜਿਸਦਾ ਸਪਸ਼ਟ ਅਰਥ ਹੈ ਕਿ ਇਹ ਚਾਲੀ ਜੁਗ ਦੀ ਮਿਰਜਾਦਾ ਜੋ ਜੁਗਾਵਲੀ ਵਿਚ ਕਹੀ ਹੈ ਕਿਸੇ ਸੰਤ ਦੀ ਰਚੀ ਹੋਈ ਹੈ, ਗੁਰੂ ਜੀ ਦੀ ਨਹੀਂ । ਇਹ ਅੰਦਰਲੀ ਉਗਾਹੀ ਦੱਸਦੀ ਹੈ ਕਿ ਜੋ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਚੜ੍ਹੀ ਤੇ ਸਾਖੀਆਂ ਵਿਚ ਜਾਂ ਹੋਰਥੇ ਗੁਰੂ ਨਾਨਕ ਦੇਵ ਜੀ ਦੇ ਨਾਮ ਤੇ ਹੈ, ਉਹ ਗੁਰੂ ਅਰਜਨ ਦੇਵ ਜੀ ਨੇ ਹੋਰਨਾਂ ਦੀ ਕ੍ਰਿਤ ਨਿਰਨੈ ਕਰਕੇ ਨਹੀਂ ਚਾੜ੍ਹੀ। ਗੁਰੂ ਅਰਜਨ ਦੇਵ ਜੀ ਦਾ ਸਮਾ ਗੁਰੂ ਨਾਨਕ ਦੇਵ ਜੀ ਤੋਂ ਕੇਵਲ ਚਾਲੀ ਪੰਜਾਹ ਵਰਹੇ ਮਗਰੋਂ ਆਯਾ, ਉਸ ਵੇਲੇ ਸਾਰੀ ਸਿਖੀ, ਸਾਰੇ ਪੁਰਾਣੇ ਸਿਖ ਤੇ ਸਾਰੀਆਂ ਲਿਖਤਾਂ ਉਨ੍ਹਾਂ ਦੇ ਹਾਜ਼ਰ ਸਨ ਤੇ ਤਾਜ਼ੀ ਵਾਕਫੀ ਹਰ ਗਲ ਦੀ ਕਰ ਲੈਣੀ ਉਨ੍ਹਾਂ ਦੀ ਸਰਬੱਗਤਾ ਤੋਂ ਛੁਟ ਬੀ ਔਖੀ ਗੱਲ ਨਹੀਂ ਸੀ, ਸੋ ਪਰਕ੍ਰਿਤ ਬਾਣੀ ਉਨ੍ਹਾਂ ਨੇ ਛੱਡੀ ਜੋ ਉਹ ਗੁਰੂ ਕ੍ਰਿਤ ਨਹੀਂ ਹੈ। ਇਥੋਂ ਤਾਈਂ ਕਿ ਭਾਈ ਬੰਨੋ ਨੇ ਜੋ ਕੁਛ ਦੂਸਰੀ ਬੀੜ ਵਿਚ ਚਾੜ੍ਹ ਦਿੱਤਾ, ਉਸ ਪਰ ਬੀ ਆਪ ਨੇ ਅਪ੍ਰਸੰਨਤਾ ਪ੍ਰਗਟ ਕੀਤੀ।

ਸੋ ਪਰਕ੍ਰਿਤ ਲੰਮੇਰੀਆਂ ਬਾਣੀਆਂ ਦੇ ਨਮੂਨੇ ਅਖੀਰ ਅੰਤਕਾ ਵਿਚ ਦਿਤੇ ਹਨ ਤੇ ਛੋਟੇ ਸ਼ਲੋਕ ਆਦਿਕ ਵਿਚੇ ਹੀ ਰਹਿਣ ਦਿਤੇ ਹਨ, ਪਰ ਹੇਠਾਂ ਟੂਕਾਂ

ਵਿਚ ਦੱਸ ਦਿੱਤਾ ਹੈ ਕਿ ਇਹ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਹਨ, ਜਿਸਤੋਂ ਪਾਠਕਾਂ ਨੂੰ ਇਸ ਗਲ਼ ਦੇ ਸਮਝਣ ਵਿਚ ਸੁਗਮਤਾ ਹੋ ਜਾਵੇ ਕਿ ਠੀਕ ਗੁਰੂ ਜੀ ਦੇ ਉਚਰੇ ਵਾਕ ਕਿਹੜੇ ਹਨ,ਜੋ ਗੁਰਬਾਣੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਹਨ।

(੬) ਹਰ ਸਾਖੀ ਉਤੇ ਅਸਾਂ ਨੰਬਰ ੧. ੨. ੩. ੪. ਆਦਿ ਦਿੱਤੇ ਹਨ, ਇਹ ਪੋਥੀ ਵਿਚ ਨਹੀਂ ਹਨ, ਪਾਠਕਾਂ ਦੀ ਸੁਖੈਨਤਾ ਵਾਸਤੇ ਹਨ।

(੭) ਉਦਾਸੀ ਪਹਿਲੀ, ਦੂਸਰੀ ਆਦਿਕ ਜੋ ਮੋਟੇ ਸਿਰਨਾਮੇ ਦਿੱਤੇ ਹਨ, ਉਹ ਬੀ ਅਸਾਂ ਲਿਖੇ ਹਨ, ਪੋਥੀ ਵਿਚ ਸਿਰਨਾਮੇ ਦੇ ਕੇ ਉਦਾਸੀ ਸਿਰਲੇਖ ਨਹੀਂ ਲਿਖਿਆ; ਉਂਵ 'ਤ੍ਰਿਤੀਆ ਉਦਾਸੀ ਉਤ੍ਰਾ ਖੰਡ ਕੀ' ਇਸਤਰ੍ਹਾਂ ਦੀ ਇਬਾਰਤ ਉਦਾਸੀ ਦੇ ਆਰੰਭ ਵਿਚ ਅਸਲੀ ਨੁਸਖੇ ਵਿਚ ਹੈ।

ਅੰਮ੍ਰਿਤਸਰ
ਜੁਲਾਈ ਅਗਸਤ ੧੯੨੬

---

## ਦੂਜੀ ਐਡੀਸ਼ਨ ਦੀ ਭੂਮਿਕਾ

੧. ਜਿਥੇ ਜਿਥੇ ਵਲੈਤ ਵਾਲੀ ਪੋਥੀ ਦੇ ਪੱਤਰੇ ਛਿਜੇ ਹੋਣ ਕਰਕੇ ਸਤਰਾਂ ਗੁੰਮ ਸਨ ਤੇ ਕਈ ਥਾਈਂ ਹਾ: ਬਾ: ਵਾਲੀ ਪੋਥੀ ਵਿਚੋਂ ਪਾਈਆਂ ਗਈਆਂ ਸਨ ਪਰ ਕਈ ਥਾਵਾਂ ਦੇ ਪਾਠ ਹਾ: ਬਾ: ਵਾਲੀ ਪੋਥੀ ਵਿਚ ਬੀ ਨਾ ਹੋਣ ਕਰਕੇ ਮਤਲਬ ਪੂਰਾ ਕਰਨ ਵਾਸਤੇ ਪਾਏ ਗਏ ਸਨ ਉਹ ਹੁਣ ਖਾਲਸਾ ਕਾਲਿਜ ਵਾਲੇ ਲਿਖਤੀ ਨੁਸਖੇ ਨਾਲ ਸੋਧਕੇ ਥੁੜਦੇ ਪਾਏ ਗਏ ਹਨ।

੨. ਪਹਿਲੀ ਐਡੀਸ਼ਨ ਵਿਚ ਸਾਖੀਆਂ ਦੇ ਆਦਿ ਨੰਬਰ ੧. ੨. ੩. ਆਦਿ ਹੀ ਸਨ, ਇਸ ਐਡੀਸ਼ਨ ਵਿਚ ਸਾਖੀਆਂ ਦੇ ਸਿਰਨਾਮੇ ਵੀ ਦੇ ਦਿਤੇ ਗਏ ਹਨ।

੩. ਵਲੈਤ ਵਾਲੀ ਪੋਥੀ ਨਾਲ ਫਿਰ ਸੁਧਾਈ ਕੀਤੀ ਗਈ ਹੈ।

੪. ਤਤਕਰਾ ਵੀ ਐਤਕੀ ਨਾਲ ਦਿੱਤਾ ਗਿਆ ਹੈ।

ਅੰਮ੍ਰਿਤਸਰ
ਜੂਨ ੧੯੩੧

---

## ਤੀਜੀ ਐਡੀਸ਼ਨ ਦੀ ਭੂਮਿਕਾ

ਇਹ ਐਡੀਸ਼ਨ ਦੂਜੀ ਐਡੀਸ਼ਨ ਦਾ ਹੀ ਰੂਪ ਹੈ ਕੇਵਲ ਟਾਈਪ ਪਹਿਲੇ ਨਾਲੋਂ ਕੁਝ ਬ੍ਰੀਕ ਕਰ ਦਿੱਤਾ ਗਿਆ ਹੈ।

ਸਤੰਬਰ ੧੯੪੯

ਸਤਿਗੁਰੂ ਸਤਿਗੁਰਪ੍ਰਸਾਦਿ ॥

—o—

੧ ੳ ਸਤਿਗੁਰਪ੍ਰਸਾਦਿ ॥

# ਸਾਖੀ ਸ੍ਰੀ ਬਾਬੇ ਨਾਨਕ ਜੀ ਕੀ

ਸ੍ਰੀ ਸਤਿਗੁਰੂ ਜੀ ਜਗਤੁ ਨਿਸਤਾਰਣ ਕੁ ਆਇਆ ਕਲਜੁਗ ਵਿਚ
ਬਾਬਾ ਨਾਨਕ ਹੋਇ ਜਨਮਿਆ ਪਾਰਬ੍ਰਹਮ ਕਾ ਨਿਜ ਭਗਤੁ ॥
ਸਤਿਗੁਰਪ੍ਰਸਾਦਿ ॥

## ੧. ਅਵਤਾਰ, ਬਾਲਪਨ.

ਸੰਮਤ ੧੫੨੬ ਬਾਬਾ ਨਾਨਕੁ ਜਨਮਿਆ, ਵੈਸਾਖ ਮਾਹਿ ਤ੍ਰਿਤੀਆ, ਚਾਨਣੀ ਰਾਤਿ, ਅੰਮ੍ਰਿਤ ਵੇਲਾ, ਪਹਰ ਰਾਤ ਰਹੰਦੀ ਕੁ ਜਨਮਿਆ। ਅਨਹਦ ਸਬਦ ਪਰਮੇਸਰ ਕੇ ਦਰਬਾਰ ਵਾਜੇ। ਤੇਤੀਸ ਕਰੋੜੀ ਦੇਵਤਿਆਂ ਨਮਸਕਾਰ ਕੀਆ, ਚਉਸਠ ਜੋਗਣੀ, ਬਵੰਜਾਹ ਬੀਰ, ਛਿਆਂ ਜਤੀਆਂ, ਚੌਰਾਸੀਆਂ ਸਿੱਧਾਂ, ਨਵਾਂ ਨਾਥਾਂ ਨਮਸਕਾਰ ਕੀਆ, ਜੋ ਵਡਾ ਭਗਤ ਜਗਤ ਨਿਸਤਾਰਣ ਕਉ ਆਇਆ : "ਇਸ ਕਉ ਨਮਸਕਾਰ ਕੀਜੀਐ ਜੀ"।

ਤਬ ਕਾਲੂ ਖੱਤ੍ਰੀ ਜਾਤ ਵੇਦੀ ਤਲਵੰਡੀ ਰਾਇ ਭੋਇ ਭੱਟੀ ਕੀ ਵਸਦੀ ਵਿਚ ਵਸਦਾ ਆਹਾ, ਓਥੈ ਜਨਮੁ ਪਾਯਾ। ਵਡਾ ਹੋਆ ਤਾਂ ਲਗਾ ਬਾਲਕਾਂ ਨਾਲ ਖੇਡਣ ਪਰ ਬਾਲਕਾਂ ਤੇ ਇਸਕੀ ਦ੍ਰਿਸਟ ਅਉਰ ਆਵੇ, ਆਤਮੇ ਅਭਿਆਸੁ ਪਰਮੇਸਰ ਕਾ ਕਰੇ। ਜਬ ਬਾਬਾ ਬਰਸਾਂ ਪੰਜਾਂ ਕਾ ਹੋਇਆ ਤਾਂ ਲਗਾ ਬਾਤਾਂ ਅਗਮ ਨਿਗਮ ਕੀਆਂ ਕਰਨ, ਜੋ ਕਿਛ ਬਾਤ ਕਰੇ ਸੋ ਸਮਝਿ ਕਰੇ ਤਿਸਤੇ ਸਭਸੁ ਕਿਸੇ ਦੀ ਨਿਸਾ ਹੋਇ ਆਵੇ। ਹਿੰਦੂ ਕਹਨਿ ਜੋ ਕੋਈ ਦੇਵਤਾ ਸਰੂਪ ਪੈਦਾ ਹੋਯਾ ਹੈ ਅਤੇ ਮੁਸਲਮਾਨ ਕਹਨਿ ਜੋ ਕੋਈ ਖੁਦਾਇ ਕਾ ਸਾਦਿਕੁ ਪੈਦਾ ਹੋਇਆ ਹੈ ॥

## ੨. ਪਟੀ, ਪਾਂਧਾ.

ਜਬ ਬਾਬਾ ਬਰਸਾਂ ਸੱਤਾਂ ਕਾ ਹੋਇਆ ਤਬ ਕਾਲੂ ਕਹਿਆ : 'ਨਾਨਕ ! ਤੂੰ ਪੜੁ' ਤਬ ਗੁਰੂ ਨਾਨਕ ਕਉ ਪਾਂਧੇ ਪਾਸ ਲੈ ਗਇਆ। ਕਾਲੂ ਕਹਿਆ 'ਪਾਂਧੇ ! ਇਸ ਨੂ ਪੜ੍ਹਾਇ'। ਤਬ ਪਾਂਧੇ ਪੱਟੀ ਲਿਖ ਦਿੱਤੀ, ਅੱਖਰਾਂ ਪੈਤੀਸ ਕੀ ਮੁਹਾਰਣੀ, ਤਬ ਗੁਰੂ ਨਾਨਕ ਲਗਾ ਪੜ੍ਹਨ। ਰਾਗ ਆਸਾ ਵਿਚ ਪਟੀ ਮ: ੧ ਆਦਿ ਬਾਣੀ ਹੋਈ:–

ਰਾਗੁ ਆਸਾ ਮਹਲਾ ੧ ਪਟੀ ਲਿਖੀ*

੧ ਓ ਸਤਿਗੁਰਪ੍ਰਸਾਦਿ ॥ ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ ॥ ਸੇਵਤ ਰਹੇ ਚਿਤੁ ਜਿਨ੍ਹ੍ਹਕਾ ਲਾਗਾ ਆਇਆ ਤਿਨ੍ਹਕਾ ਸਫਲੁ ਭਇਆ ॥ ੧ ॥ ਮਨ ਕਾਹੇ ਭੂਲੇ ਮੂੜ ਮਨਾ ॥ ਜਬ ਲੇਖਾ ਦੇਵਹਿ ਬੀਰਾ ਤਉ ਪੜਿਆ॥੧॥ਰਹਾਉ॥ ਈਵੜੀ ਆਦਿ ਪੁਰਖੁ ਹੈ ਦਾਤਾ ਆਪੇ ਸਚਾ ਸੋਈ ॥ ਏਨਾ ਅਖਰਾ ਮਹਿ ਜੋ ਗੁਰਮੁਖਿ ਬੂਝੈ ਤਿਸੁ ਸਿਰਿ ਲੇਖੁ ਨ ਹੋਈ ॥ ੨ ॥ ਊੜੈ ਉਪਮਾ ਤਾਕੀ ਕੀਜੈ ਜਾਕਾ ਅੰਤੁ ਨ ਪਾਇਆ ॥ ਸੇਵਾ ਕਰਹਿ ਸੇਈ ਫਲੁ ਪਾਵਹਿ ਜਿਨ੍ਹੀ ਸਚੁ ਕਮਾਇਆ ॥ ੩ ॥ ਙੰਙੈ ਙਿਆਨੁ ਬੂਝੈ ਜੇ ਕੋਈ ਪੜਿਆ ਪੰਡਿਤੁ ਸੋਈ॥ ਸਰਬ ਜੀਆ ਮਹਿ ਏਕੋ ਜਾਣੈ ਤਾ ਹਉਮੈ ਕਹੈ ਨ ਕੋਈ ॥ ੪ ॥ ਕਕੈ ਕੇਸ ਪੁੰਡਰ ਜਬ ਹੂਏ ਵਿਣੁ ਸਾਬੂਣੈ ਉਜਲਿਆ ॥ ਜਮਰਾਜੇ ਕੇ ਹੇਰੂ ਆਏ ਮਾਇਆ ਕੈ ਸੰਗਲਿ ਬੰਧਿ ਲਇਆ ॥ ੫ ॥ ਖਖੈ ਖੁੰਦਕਾਰੁ ਸਾਹ ਆਲਮੁ ਕਰਿ ਖਰੀਦਿ ਜਿਨਿ ਖਰਚੁ ਦੀਆ ॥ ਬੰਧਨਿ ਜਾਕੈ ਸਭੁ ਜਗੁ ਬਾਧਿਆ ਅਵਰੀ ਕਾ ਨਹੀ ਹੁਕਮੁ ਪਇਆ ॥ ੬ ॥ ਗਗੈ ਗੋਇ ਗਾਇ ਜਿਨਿ ਛੋਡੀ ਗਲੀ ਗੋਬਿਦ ਗਰਬਿ ਭਇਆ ॥ ਘੜਿ ਭਾਂਡੇ ਜਿਨਿ ਆਵੀ ਸਾਜੀ ਚਾੜਣ ਵਾਹੈ ਤਈ ਕੀਆ ॥ ੭ ॥ ਘਘੈ ਘਾਲ ਸੇਵਕੁ ਜੇ ਘਾਲੈ ਸਬਦਿ ਗੁਰੂ ਕੈ ਲਾਗਿ ਰਹੈ ॥ ਬੁਰਾ ਭਲਾ ਜੇ ਸਮਕਰਿ ਜਾਣੈ ਇਨਿ ਬਿਧਿ ਸਾਹਿਬੁ ਰਮਤੁ ਰਹੈ ॥ ੮ ॥ ਚਚੈ ਚਾਰਿ ਵੇਦ ਜਿਨਿ ਸਾਜੇ ਚਾਰੇ ਖਾਣੀ ਚਾਰਿ ਜੁਗਾ ॥ ਜੁਗੁ ਜੁਗੁ ਜੋਗੀ ਖਾਣੀ ਭੋਗੀ ਪੜਿਆ ਪੰਡਿਤੁ ਆਪਿ ਥੀਆ॥੯॥ਛਛੈ ਛਾਇਆ ਵਰਤੀ ਸਭ ਅੰਤਰਿ ਤੇਰਾ ਕੀਆ ਭਰਮੁ ਹੋਆ॥ ਭਰਮੁ ਉਪਾਇ ਭੁਲਾਈਅਨੁ ਆਪੇ ਕਰਮੁ ਹੋਆ ਤਿਨ੍ਹ ਗੁਰੂ ਮਿਲਿਆ ॥ ੧੦ ॥ ਜਜੈ ਜਾਨੁ ਮੰਗਤ ਜਨੁ ਜਾਚੈ ਲਖ ਚਉਰਾਸੀਹ ਭੀਖ ਭਵਿਆ ॥ ਏਕੋ ਲੇਵੈ ਏਕੋ ਦੇਵੈ ਅਵਰੁ ਨ ਦੂਜਾ ਮੈ ਸੁਣਿਆ ॥ ੧੧ ॥ ਝਝੈ ਝੂਰਿ ਮਰਹੁ ਕਿਆ ਪ੍ਰਾਣੀ ਜੋ ਕਿਛੁ ਦੇਣਾ ਸੁ ਦੇ ਰਹਿਆ ॥ ਦੇਦੇ ਵੇਖੈ ਹੁਕਮੁ ਚਲਾਏ ਜਿਉ ਜੀਆ ਕਾ ਰਿਜਕੁ ਪਇਆ ॥ ੧੨ ॥ ਞੰਞੈ ਨਦਰਿ ਕਰੇ ਜਾ ਦੇਖਾ ਦੂਜਾ ਕੋਈ ਨਾਹੀ॥ ਏਕੋ ਰਵਿ ਰਹਿਆ ਸਭ ਥਾਈ ਏਕੁ ਵਸਿਆ ਮਨ ਮਾਹੀ ॥ ੧੩ ॥ ਟਟੈ ਟੰਚੁ ਕਰਹੁ ਕਿਆ ਪ੍ਰਾਣੀ ਘੜੀ ਕਿ ਮੁਹਤਿ ਕਿ ਉਠਿ ਚਲਣਾ॥ਜੂਐ ਜਨਮੁ

---

*ਇਹ 'ਲਿਖੀ' ਪਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੋਣਾ ਤੇ ਨਾਲ ਮਹਲਾ ੧ ਹੋਣਾ ਦੱਸਦਾ ਹੈ ਕਿ ਇਹ ਉਹੋ ਪਟੀ ਹੈ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਾਂਧੇ ਦੀ ਮੁਹਾਰਨੀ ਵਾਲੀ ਪਟੀ ਪੜ੍ਹਦਿਆਂ, ਪਰਮਾਰਥਕ ਅਰਥਾਂ ਵਾਲੀ ਪਟੀ ਆਪ ਲਿਖੀ ਸੀ ।

ਨ ਹਾਰਹੁ ਅਪਣਾ ਭਾਜਿ ਪੜਹੁ ਤੁਮ ਹਰਿ ਸਰਣਾ ॥ ੧੪ ॥ ਠਠੈ ਠਾਢਿ ਵਰਤੀ ਤਿਨ ਅੰਤਰਿ ਹਰਿ ਚਰਣੀ ਜਿਨਕਾ ਚਿਤੁ ਲਾਗਾ ॥ ਚਿਤੁ ਲਾਗਾ ਸੇਈ ਜਨ ਨਿਸਤਰੇ ਤਉ ਪਰਸਾਦੀ ਸੁਖੁ ਪਾਇਆ ॥੧੫॥ ਡਡੈ ਡੰਫੁ ਕਰਹੁ ਕਿਆ ਪ੍ਰਾਣੀ ਜੋ ਕਿਛੁ ਹੋਆ ਸੁ ਸਭੁ ਚਲਣਾ ॥ ਤਿਸੈ ਸਰੇਵਹ ਤਾ ਸੁਖੁ ਪਾਵਹੁ ਸਰਬ ਨਿਰੰਤਰਿ ਰਵਿ ਰਹਿਆ ॥੧੬॥ ਢਢੈ ਢਾਹਿ ਉਸਾਰੈ ਆਪੇ ਜਿਉ ਤਿਸੁ ਭਾਵੈ ਤਿਵੈ ਕਰੇ॥ਕਰਿ ਕਰਿ ਵੇਖੈ ਹੁਕਮੁ ਚਲਾਏ ਤਿਸੁ ਨਿਸ-ਤਾਰੇ ਜਾਕਉ ਨਦਰਿ ਕਰੇ ॥੧੭॥ ਣਾਣੈ ਰਵਤੁ ਰਹੈ ਘਟ ਅੰਤਰਿ ਹਰਿਗੁਣ ਗਾਵੈ ਸੋਈ॥ਆਪੇ ਆਪਿ ਮਿਲਾਏ ਕਰਤਾ ਪੁਨਰਪਿ ਜਨਮੁ ਨ ਹੋਈ ॥੧੮॥ ਤਤੈ ਤਾਰੂ ਭਵਜਲੁ ਹੋਆ ਤਾਕਾ ਅੰਤੁ ਨ ਪਾਇਆ ॥ ਨਾ ਤਰਨਾ ਤੁਲਹਾ ਹਮ ਬੂਡਸਿ ਤਾਰਿ ਲੇਹਿ ਤਾਰਣ ਰਾਇਆ ॥੧੯॥ ਥਥੈ ਥਾਨਿ ਥਾਨੰਤਰਿ ਸੋਈ ਜਾਕਾ ਕੀਆ ਸਭੁ ਹੋਆ ॥ ਕਿਆ ਭਰਮੁ ਕਿਆ ਮਾਇਆ ਕਹੀਐ ਜੋ ਤਿਸੁ ਭਾਵੈ ਸੋਈ ਭਲਾ ॥ ੨੦ ॥ ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥ ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥ ੨੧ ॥ ਧਧੈ ਧਾਰਿ ਕਲਾ ਜਿਨਿ ਛੋਡੀ ਹਰਿ ਚੀਜੀ ਜਿਨਿ ਰੰਗ ਕੀਆ ॥ ਤਿਸਦਾ ਦੀਆ ਸਭਨੀ ਲੀਆ ਕਰਮੀ ਕਰਮੀ ਹੁਕਮੁ ਪਇਆ ॥੨੨॥ਨੰਨੈ ਨਾਹ ਭੋਗ ਨਿਤ ਭੋਗੈ ਨਾ ਡੀਠਾ ਨਾ ਸੰਮ੍ਹਲਿਆ ॥ ਗਲੀ ਹਉ ਸੋਹਾਗਣਿ ਭੈਣੇ ਕੰਤੁ ਨ ਕਬਹੂ ਮੈਂ ਮਿਲਿਆ॥੨੩॥ਪਪੈ ਪਾਤਿਸਾਹੁ ਪਰਮੇਸਰੁ ਵੇਖਣ ਕਉ ਪਰਪੰਚੁ ਕੀਆ ॥ ਦੇਖੈ ਬੂਝੈ ਸਭ ਕਿਛੁ ਜਾਣੈ ਅੰਤਰਿ ਬਾਹਰਿ ਰਵਿ ਰਹਿਆ॥੨੪॥ਫਫੈ ਫਾਹੀ ਸਭੁ ਜਗੁ ਫਾਸਾ ਜਮਕੈ ਸੰਗਲਿ ਬੰਧਿ ਲਇਆ॥ ਗੁਰਪਰਸਾਦੀ ਸੇ ਨਰ ਉਬਰੇ ਜਿ ਹਰਿ ਸਰਣਾਗਤਿ ਭਜਿ ਪਇਆ ॥ ੨੫ ॥ ਬਬੈ ਬਾਜੀ ਖੇਲਣ ਲਾਗਾ ਚਉਪੜਿ ਕੀਤੇ ਚਾਰਿ-ਜੁਗਾ ॥ ਜੀਅ ਜੰਤ ਸਭ ਸਾਰੀ ਕੀਤੇ ਪਾਸਾ ਢਾਲਣਿ ਆਪਿ ਲਗਾ ॥ ੨੬ ॥ ਭਭੈ ਭਾਲਹਿ ਸੇ ਫਲੁ ਪਾਵਹਿ ਗੁਰਪਰਸਾਦੀ ਜਿਨ ਕਉ ਭਉ ਪਇਆ ॥ ਮਨਮੁਖ ਫਿਰਹਿ ਨ ਚੇਤਹਿ ਮੂੜੇ ਲਖ ਚਉਰਾਸੀਹ ਫੇਰੁ ਪਇਆ ॥ ੨੭ ॥ ਮੰਮੈ ਮੋਹੁ ਮਰਣੁ ਮਧੁਸੂਦਨੁ ਮਰਣੁ ਭਇਆ ਤਬ ਚੇਤਵਿਆ॥ ਕਾਇਆ ਭੀਤਰਿ ਅਵਰੋ ਪੜਿਆ ਮੰਮਾ ਅਖਰੁ ਵੀਸਰਿਆ ॥ ੨੮ ॥ ਯਯੈ ਜਨਮੁ ਨ ਹੋਵੀ ਕਦਹੀ ਜੇਕਰਿ ਸਚੁ ਪਛਾਣੈ ॥ ਗੁਰਮੁਖਿ ਆਖੈ ਗੁਰਮੁਖਿ ਬੂਝੈ ਗੁਰਮੁਖਿ ਏਕੋ ਜਾਣੈ ॥ ੨੯ ॥ ਰਾਰੈ ਰਵਿ ਰਹਿਆ ਸਭ ਅੰਤਰਿ ਜੇਤੇ ਕੀਏ ਜੰਤਾ ॥ ਜੰਤ ਉਪਾਇ ਧੰਧੈ ਸਭ ਲਾਏ ਕਰਮੁ ਹੋਆ ਤਿਨ ਨਾਮੁ ਲਇਆ ॥ ੩੦ ॥ ਲਲੈ ਲਾਇ ਧੰਧੈ ਜਿਨਿ ਛੋਡੀ ਮੀਠਾ ਮਾਇਆ ਮੋਹੁ ਕੀਆ ॥ ਖਾਣਾ ਪੀਣਾ ਸਮ ਕਰਿ ਸਹਣਾ ਭਾਣੈ ਤਾਕੈ ਹੁਕਮੁ ਪਇਆ॥੩੧॥ ਵਵੈ ਵਾਸੁਦੇਉ ਪਰਮੇਸਰੁ ਵੇਖਣ ਕਉ ਜਿਨਿ ਵੇਸੁ ਕੀਆ ॥ ਵੇਖੈ ਚਾਖੈ ਸਭੁ ਕਿਛੁ ਜਾਣੈ ਅੰਤਰਿ

ਬਾਹਰਿ ਰਵਿ ਰਹਿਆ ॥੩੨॥ ੜਾੜੈ ਰਾੜਿ ਕਰਹਿ ਕਿਆ ਪ੍ਰਾਣੀ ਤਿਸਹਿ ਧਿਆਵਹੁ ਜਿ ਅਮਰੁ ਹੋਆ॥ਤਿਸਹਿ ਧਿਆਵਹੁ ਸਚਿਸਮਾਵਹੁ ਓਸੁ ਵਿਟਹੁ ਕੁਰਬਾਣੁ ਕੀਆ ॥੩੩॥ ਹਾਹੈ ਹੋਰੁ ਨ ਕੋਈ ਦਾਤਾ ਜੀਅ *ਉਪਾਇ ਜਿਨਿ ਰਿਜਕੁ ਦੀਆ ॥ ਹਰਿ ਨਾਮੁ ਧਿਆਵਹੁ ਹਰਿ ਨਾਮਿ ਸਮਾਵਹੁ ਅਨਦਿਨੁ ਲਾਹਾ ਹਰਿ ਨਾਮੁ ਲੀਆ॥੩੪॥ ਆਇੜੈ ਆਪਿ ਕਰੇ ਜਿਨਿ ਛੋਡੀ ਜੋ ਕਿਛੁ ਕਰਣਾ ਸੁ ਕਰਿ ਰਹਿਆ॥ ਕਰੇ ਕਰਾਏ ਸਭ ਕਿਛੁ ਜਾਣੈ ਨਾਨਕ ਸਾਇਰ ਇਵ ਕਹਿਆ ॥ ੩੫ ॥ ੧ ॥

ਤਬ ਗੁਰਨਾਨਕ ਜੀ ਇਕ ਦਿਨ ਪੜ੍ਹਿਆ ਅਗਲੇ ਦਿਨ ਚੁਪ ਕਰ ਰਹਿਆ। ਜਾਂ ਚੁਪ ਕਰ ਰਹਿਆ ਤਾਂ ਪਾਂਧੇ ਪੁਛਿਆ 'ਨਾਨਕ ! ਤੂ ਪੜ੍ਹਦਾ ਕਿਉਂ ਨਹੀਂ ?' ਤਬ ਗੁਰੂ ਨਾਨਕ ਕਹਿਆ 'ਪਾਂਧਾ ! ਤੂ ਕੁਛ ਪੜ੍ਹਿਆ ਹੈਂ ਜੋ ਮੇਰੇ ਤਾਈਂ ਪੜ੍ਹਾਉਂਦਾ ਹੈਂ ?' ਤਬ ਪਾਂਧੇ ਕਹਿਆ 'ਮੈਂ ਸਭੋ ਕਿਛ ਪੜ੍ਹਿਆ ਹਾਂ ਜੋ ਕਿਛ ਹੈ, ਬੇਦ ਸਾਸਤ੍ਰ ਪੜ੍ਹਿਆ ਹਾਂ। ਜਮਾਂ, ਖਰਚ, ਰੋਜ ਨਾਵਾਂ, ਖਾਤਾ, ਲੇਖਾ, ਮੈਂ ਸਭ ਕਿਛ ਪੜ੍ਹਿਆ ਹਾਂ'। ਤਬ ਬਾਬੇ ਕਹਿਆ 'ਪਾਂਧਾ ! ਇਨੀਂ ਪੜ੍ਹੇ ਗਲ ਫਾਹੇ ਪਉਂਦੇ ਹੈਨ, ਇਹ ਜੋ ਪੜ੍ਹਨਾ ਹੈ ਸਭ ਬਾਦ ਹੈ'। ਤਬ ਗੁਰੂ ਨਾਨਕ ਇਕ ਸਬਦ ਉਠਾਇਆ, ਸ੍ਰੀ ਰਾਗੁ ਵਿਚ ਮਹਲੁ ੧

'ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ ॥ ਭਾਉ ਕਲਮ ਕਰਿ ਚਿਤੁ ਲਿਖਾਰੀ ਗੁਰ ਪੁਛਿ ਲਿਖੁ ਬੀਚਾਰੁ ॥ ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ ॥ ੧ ॥ ਬਾਬਾ ਇਹੁ ਲੇਖਾ ਲਿਖਿ ਜਾਣੁ ॥ ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ ॥ ੧ ॥ ਰਹਾਉ ॥*'

†ਤਬ ਗੁਰੂ ਬਾਬੇ ਕਹਿਆ 'ਹੇ ਪੰਡਤਿ ! ਹੋਰਿ ਜਿਤਨਾ ਪੜਿਣਾ ਸੁਣਿਨਾ ਸਭੁ ਬਾਦਿ ਹੈ। ਬਿਨਾ ਪ੍ਰਮੇਸੁਰਿ ਕੇ ਨਾਮਿ ਸਭੁ ਬਾਦਿ ਹੈ।' ਤਬ ਪਾਂਧੇ ਕਹਿਆ 'ਨਾਨਕ ਹੋਰੁ ਪੜਿਣਾ ਮੇਰੇ ਤਾਈ ਬਤਾਈ ਵਿਖਾ ਜਿਤੁ ਪੜਿਐ ਛੁਟੀਦਾ ਹੈ।' ਤਬਿ ਨਾਨਕ ਕਹਿਆ 'ਸੁਣੁ ਹੋ ਸੁਆਮੀ ! ਇਹ ਜੁ ਸੰਸਾਰਿ ਕਾ ਪੜਿਆ ਹੈ ਐਸਾ ਹੈ।

---

*ਵਲੈਤ ਵਾਲੇ ਨੁਸਖੇ ਵਿਚ ਇਥੋਂ ਅਗੇ ਦੋ ਪੱਤਰੇ ਹਨ ਨਹੀਂ,ਜੋ ਇਬਾਰਤ ਅਗੇ "ਉਪਾਇ...ਤੋਂ...ਨੀਸਾਣੁ ॥ ੧ ॥ ਰਹਾਉ ॥" ਤੱਕ ਇਥੇ ਦਿੱਤੀ ਹੈ ਉਹ ਉਸ ਨੁਸਖੇ ਤੋਂ ਲੀਤੇ ਹਨ ਜੋ ਹਾਫਜ਼ਾ ਬਾਦ ਵਾਲੀ ਦਾ ਉਤਾਰਾ ਹੈ।

†ਸਬਦ ਦੀਆਂ ਪਹਿਲੀਆਂ ਦੋ ਤੁਕਾਂ ਦਾ ਟੀਕਾ ਦੋ ਗੁਮ ਪੱਤ੍ਰਿਆਂ ਵਿਚ ਗਿਆ ਹੈ, ਤੇ ਹਾਫਜ਼ਾਬਾਦ ਵਾਲੇ ਨੁਸਖੇ ਵਿਚ–ਤਬ ਗੁਰੂ...ਤੋਂ...ਪਾਯਾ ਨਹੀਂ ਜਾਤਾ –ਤੱਕ ਦਾ ਸਾਰੇ ਦਾ ਸਾਰਾ ਪਾਠ ਨਹੀਂ ਹੈ। ਏਹ ਸਤਰਾਂ 'ਖਾਲਸਾ ਕਾਲਿਜ ਅੰਮ੍ਰਿਤਸਰ' ਵਾਲੇ ਨੁਸਖੇ ਤੋਂ ਦਿੱਤੀਆਂ ਹਨ;ਇਨ੍ਹਾਂ ਤੋਂ ਅੱਗੇ ਵਲੈਤ ਵਾਲੀ ਪੋਥੀ ਦਾ ਪਾਠ ਚੱਲ ਪੈਂਦਾ ਹੈ।

ਜੋ ਮਸੁ ਦੀਵੇ ਕੀ ਅਰੁ ਕਾਗਦੁ ਸਣੀ ਕਾ ਅਰ ਕਲਮ ਕਾਨੇ ਕੀ ਅਰੁ ਮਨੁ ਲਿਖਣ ਹਾਰੁ ਅਰੁ ਲਿਖਿਆ ਸੋ ਕਿਆ ਲਿਖਿਆ ਮਾਇਆ ਕਾ ਜੰਜਾਲੁ ਲਿਖਿਆ। ਜਿਤੁ ਲਿਖਿਐ ਸਭੁ ਵਿਕਾਰੁ ਹੋਵਨਿ। ਓਹੁ ਜਿ ਲਿਖਣੁ ਸਭੁ ਸਚਿ ਕਾ ਹੈ ਸੋ ਐਸਾ ਹੈ। ਜੋ ਮਾਇਆ ਕਾ ਮੋਹੁ ਜਾਲਿ ਕਰਿ ਮਸੁ ਕਰੀਐ ਅਰੁ ਤਪਸਿਆ ਕਾਗਦੁ ਕਰੀਐ॥ ਅਰੁ ਜੋ ਕਛੁ ਇਛਿਆ ਅੰਤ੍ਰ ਕਛੁ ਭਾਉ ਹੈ ਤਿਸਕੀ ਕਲਮ ਕਰੀਐ। ਅਰਿ ਚਿਤੁ ਲਿਖਣਿਹਾਰ ਕਰਹੁ ਅਰੁ ਲਿਖੀਐ ਸੋ ਕਿਆ ਲਿਖੀਐ। *ਪਰਮੇਸਰ ਕਾ ਨਾਮੁ ਲਿਖੀਐ, ਸਲਾਹ ਲਿਖੀਐ,ਜਿਤੁ ਲਿਖੇ ਸਭ ਵਿਕਾਰ ਮਿਟਿ ਜਾਹਿ। ਬੇਅੰਤ ਸੋਭਾ ਲਿਖੇ ਜਿਤੁ ਲਿਖੇਤਨਸੁਖੀ ਹੋਇ॥ਤਿਸਕਾ ਅੰਤੁ ਪਾਰਾਵਾਰੁਕਿਛ ਪਾਯਾ ਨਹੀਂ ਜਾਤਾ

'ਹੇ ਪੰਡਤਾ! ਜੇ ਇਹ ਲੇਖਾ ਪੜਿਆ ਹੈ ਤਾਂ ਪੜੁ ਅਰ ਮੁਝ ਕਉ ਭੀ ਪੜ੍ਹਾਇ। ਨਾਹੀ ਤਾਂ ਨਾ ਪੜਾਇ। ਸੁਣ ਹੋ ਪੰਡਿਤਾ! ਜਹਾਂ ਇਹ ਤੇਰਾ ਜੀਉ ਜਾਵੇਗਾ,ਤਹਾਂ ਤੇਰੇ ਹੱਥ ਇਹ ਪੜਨਾ ਨੀਸਾਣ ਹੋਵੇਗਾ ਤੇਰੇ ਨਜੀਕ ਜਮ ਕਾਲ ਨ ਆਵੇਗਾ।'

ਤਬ ਉਨ ਪੰਡਤ ਕਹਿਆ 'ਏ ਨਾਨਕ! ਇਹੁ ਬਾਤਾਂ ਤੈਂ ਕਿਸਤੇ ਪਾਈਆਂ ਹਨ? ਪਰ ਸੁਣ ਹੋ ਨਾਨਕ! ਏਹ ਜੋ ਪਰਮੇਸੁਰ ਕਾ ਨਾਮ ਲੈਤੇ ਹੈਂ ਤਿਨ ਕਉ ਕਵਨੁ ਫਲ ਲਗਤੇ ਹੈਂ?' ਤਬ ਗੁਰੂ ਨਾਨਕ ਦੂਜੀ ਪਉੜੀ ਕਹੀ :–

'ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ॥ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ॥ ਕਰਮਿ ਮਿਲੈ ਤਾ ਪਾਈਐ ਨਾਹੀ ਗਲੀ ਵਾਉ ਦੁਆਉ॥ ੨॥'

ਤਬ ਗੁਰੂ ਬਾਬੇ ਨਾਨਕ ਕਹਿਆ 'ਸੁਣ ਹੋ ਪੰਡਿਤਾ! ਜਹਾਂ ਏਹੁ ਤੇਰਾ ਜੀਉ ਜਾਵੈਗਾ ਤਹਾਂ ਇਸ ਪਰਮੇਸਰ ਸਿਮਰਣ ਕਾ ਏਹੁ ਪੁੰਨ ਹੋਵੇਗਾ ਜੋ ਸਦਾ ਸਦਾ ਖੁਸੀਆਂ ਨਿਤ ਨਿਤ ਅਨੰਦ ਮਹਾ ਮੰਗਲ ਨਿਧਾਨ ਪਰਾਪਤਿ ਹੋਵਹਿੰਗੇ। ਪਰੁ ਜਿਨਾਂ ਮਨਿ ਬਚ ਕਰਮਿ ਕਰਿਕੈ ਸਿਮਰਿਆ ਹੈ, ਅਰੁ ਉਪਾਇ ਕਰਿ ਕਰਿ ਗਲੀ ਪਰਮੇਸਰੁ ਲੀਆ ਨਹੀਂ ਜਾਤਾ'। ਤਬਿ ਓਹੁ ਪੰਡਿਤੁ ਹੈਰਾਨੁ ਹੋਇ ਰਹਿਆ,ਫਿਰਿ ਉਨਿ ਪੰਡਤੁ ਕਹਿਆ : 'ਏ ਨਾਨਕ! ਏਹੁ ਜੋ ਪਰਮੇਸਰ ਕਾ ਨਾਮੁ ਲੇਤੇ ਹੈਂ, ਤਿਨ ਕਉ ਤਾਂ ਕੋਈ ਨਾਹੀ ਜਾਣਤਾ,ਉਨ ਕਉ ਤਾਂ ਰੋਟੀਆਂ ਭੀ ਨਾਹੀਂ ਜੁੜਿਆਵਤੀਆਂ ਅਰੁ ਇਕਿ ਜੋ ਪਾਤਸਾਹੀ ਕਰਦੇ ਹੈਨਿ, ਸੋ ਬੁਰਿਆਈਆਂ ਭੀ ਕਰਦੇ ਹੈਨਿ ਅਰੁ ਪਰਮੇਸਰੁ ਭੀ ਨਾਹੀ ਸਿਮਰਤੇ। ਕਹੁ ਦੇਖਾ ਓਨਿ ਕਵਨ ਪਾਪ ਕੀਤੇ ਹੈਨਿ ਜੋ ਪਾਤਸਾਹੀ ਭੀ ਕਰਹਿ ਅਰੁ ਪਰਮੇਸਰ ਤੇ ਭੀ ਨਾ ਡਰਹਿ?' ਤਬ ਫਿਰ ਗੁਰੂ ਨਾਨਕ ਤੀਜੀ ਪਉੜੀ ਕਹੀ :–

'ਇਕਿ ਆਵਹਿ ਇਕਿ ਜਾਹਿ ਉਠਿ ਰਖੀਅਹਿ ਨਾਵ ਸਲਾਰ॥ ਇਕਿ ਉਪਾਏ ਮੰਗਤੇ ਇਕਨਾ ਵਡੇ ਦਰਵਾਰ॥ ਅਗੈ ਗਇਆ ਜਾਣੀਐ ਵਿਣੁ

---

*ਇਥੋਂ ਅਗੇ ਵਲੈਤ ਵਾਲੀ ਪੋਥੀ ਦਾ ਪਾਠ ਚੱਲ ਪਿਆ।

ਨਾਵੈ ਵੇਕਾਰ ॥ ੩ ॥'

ਤਬ ਗੁਰੂ ਬਾਬੇ ਨਾਨਕ ਕਹਿਆ : 'ਸੁਣ ਹੋ ਪੰਡਿਤ ! ਇਕ ਆਵਤੇ ਹੈ, ਇਕ ਜਾਤੇ ਹੈ, ਇਕ ਸਾਹ ਹੈ, ਇਕ ਪਾਤਿਸਾਹ ਹੈ, ਇਕ ਉਨਕੈ ਆਗੈ ਭਿਖਿਆ ਮੰਗਿ ਮੰਗਿ ਖਾਤੇ ਹੈ, ਪਰ ਸੁਣਿ ਹੋ ਪੰਡਿਤ ! ਜੋ ਊਹਾਂ ਆਗੈ ਜਾਵਹਿਗੇ, ਅਰੁ ਜੋ ਈਹਾ ਸੁਖੁ ਕਰਤੇ ਹੈ, ਪਰਮੇਸਰ ਨਹੀਂ ਸਿਮਰਤੇ ਉਨ ਕਉ ਐਸੀ ਸਜਾਇ ਮਿਲੈਗੀ, ਜੈਸੀ ਕਪੜੇ ਕਉ ਧੋਬੀ ਦੇਤਾ ਹੈ, ਅਰ ਤਿਲਾਂ ਕਉ ਤੇਲੀ ਦੇਤਾ ਹੈ ਅਰੁ ਚਕੀ ਦਾਣਿਆਂ ਕਉ ਦੇਤੀ ਹੈ, ਐਸੀ ਸਜਾਇ ਪਾਵਹਿਗੇ, ਅਰ ਨਰਕ ਕੁੰਡੇ ਮਿਲਹਿਗੇ। ਅਰੁ ਜੋ ਪਰਮੇਸਰ ਕਉ ਸਿਮਰਤੇ ਹੈਂ,ਅਰੁ ਭਿਖਿਆ ਮੰਗਿ ਮੰਗਿ ਖਾਤੇ ਹੈਂ, ਉਨ ਕਉ ਦਰਗਾਹ ਵਡਿਆਈਆ ਮਿਲਹਿਗੀਆਂ'। ਤਬਿ ਪੰਡਿਤ ਹੈਰਾਨੁ ਹੋਇ ਗਇਆ। ਕਹਿਓਸੁ 'ਏਹੁ ਕੋਈ ਵਡਾ ਭਗਤ ਹੈ'। ਤਬ ਫਿਰਿ ਪੰਡਤ ਕਹਿਆ, 'ਨਾਨਕ ! ਤੂ ਐਸੀ ਬਾਤ ਕਰਦਾ ਹੈਂ, ਸੋ ਕਿਉਂ ਕਰਦਾ ਹੈਂ ? ਅਜੇ ਤਾਂ ਬਾਲਕ ਹੈਂ। ਕੁਛ ਮਾਤਾ ਪਿਤਾ, ਇਸਤ੍ਰੀ ਕੁਟੰਬ ਕਾ ਸੁਖ ਦੇਖੁ, ਅਜੇ ਤੇਰਾ ਕਿਥੇ ਓੜਕ ਹੈ'। ਤਬ ਗੁਰੂ ਨਾਨਕ ਜੀ ਚਉਥੀ ਪਉੜੀ ਕਹੀ :—

'ਭੈ ਤੇਰੈ ਡਰੁ ਅਗਲਾ ਖਪਿ ਖਪਿ ਛਿਜੈ ਦੇਹ॥ ਨਾਵ ਜਿਨਾ ਸੁਲਤਾਨ ਖਾਨ
ਹੋਦੇ ਡਿਠੇ ਖੇਹ ॥ ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ ॥੪॥ ੬ ॥'

ਤਿਸ ਕਾ ਪਰਮਾਰਥ ਗੁਰੂ ਨਾਨਕ ਕਹਿਆ :—

'ਸੁਣ ਹੇ ਪੰਡਿਤੁ ! ਓਸੁ ਸਾਹਿਬ ਕਾ ਐਸਾ ਡਰੁ ਹੈ ਜੋ ਮੇਰੀ ਦੇਹ ਭੈਮਾਨੁ ਹੋਇ ਗਈ ਹੈ। ਜੋ ਈਹਾਂ ਖਾਨ ਸੁਲਤਾਨ ਕਹਾਇੰਦੇ ਥੇ ਸੋ ਭੀ ਮਰਿ ਖਾਕ ਹੋਇ ਗਏ। ਜਿਨਕਾ ਅਮਰੁ ਮਨੀਤਾ ਥਾ, ਜਿਨਕੈ ਡਰਿ ਪ੍ਰਿਥਮੀ ਭੈਮਾਨ ਹੋਤੀ ਥੀ ਸੋ ਭੀ ਮਰਿ ਗਏ। ਸੁਣ ਹੋ ਪੰਡਿਤਾ ! ਮੈਂ ਕੂੜਾ ਨੇਹੁ ਕਿਸ ਸੋਂ ਕਰਉਂ, ਹਮ ਭੀ ਉਠਿ ਜਾਹਿੰਗੇ, ਖਾਕ ਦਰਿ ਖਾਕ ਹੋਇ ਜਾਹਿੰਗੇ। ਹਮ ਤਿਸਕੀ ਬੰਦਗੀ ਕਰਹਿੰਗੇ ਜੋ* ਜੀਅ ਲਏਗਾ, ਫਿਰਿ ਇਸ ਸੰਸਾਰ ਸਉ* ਕੂੜਾ ਨੇਹੁ ਕਿਆ ਕਰਹਿੰ ?'

ਤਬ ਪੰਡਿਤ ਹੈਰਾਨ ਹੋਇ ਗਇਆ, ਨਮਸਕਾਰੁ ਕੀਤੋਸੁ, ਜੁ ਕੋਈ ਪੂਰਾ ਹੈ 'ਜੋ ਤੇਰੇ ਆਤਮੈ ਆਉਂਦੀ ਹੈ ਸੋ ਕਰਿ'। ਤਬ ਗੁਰ ਬਾਬਾ ਜੀ ਘਰਿ ਆਇਕੈ ਬੈਠਿ ਰਹਿਆ। ਬੋਲੋ ਵਾਹਿਗੁਰੂ।

## ੩. ਕੁੜਮਾਈ, ਵਿਆਹ.

ਆਗਿਆ ਪਰਮੇਸੁਰ ਕੀ ਹੋਈ ਜੋ ਕਿਰਤਿ ਕੁਛੁ ਨ ਕਰੈ। ਜੇ ਬੈਠੇ ਤਾਂ ਬੈਠਾ ਹੀ ਰਹੈ, ਜਾਂ ਸੋਵੇ ਤਾਂ ਸੋਇਆ ਹੀ ਰਹੈ।ਫਕੀਰਾਂ ਨਾਲਿ ਮਜਲਸ ਕਰੈ।ਬਾਬਾ ਕਾਲੂ

---

*ਇਥੇ ਹਾ: ਬਾ: ਨੁ: ਵਿਚ ਸਾਰੀ ਇਬਾਰਤ ਨਹੀਂ ਹੈ, ਤੇ ਫੋਟੋ ਦੇ ਨੁਸਖੇ ਵਿਚ ਹਾਸ਼ੀਏ ਛਿਜੇ ਹੋਣ ਕਰਕੇ ਅਖਰ ਨਹੀਂ ਆਏ,ਇਹ ਪਾਠ—ਬੰਦਗੀ ਕਰਹਿਗੇ ਜੋ—ਤੇ—ਇਸ ਸੰਸਾਰ ਸਉ—ਖਾਲਸਾ ਕਾਲਜ ਵਾਲੀ ਪੋਥੀ ਤੋਂ ਪਾਏ ਹਨ।

ਹੈਰਾਨੁ ਹੋਇ ਗਇਆ ਕਹਿਆ ਸੁ 'ਨਾਨਕ ! ਤੂ ਇਵੈ ਰਹੈ ਤਾਂ ਕਿ ਹੋਵੈ ?'

ਜਬ ਗੁਰੂ ਨਾਨਕ ਬਰਸਾਂ ਨਵਾਂ ਕਾ ਹੋਆ ਤਬਿ ਫਿਰਿ *ਤੋਰਕੀ ਪੜ੍ਹਨ ਪਾਇਆ। ਵਤ ਘਰ ਬਹਿ ਗਇਆ, ਦਿਲ ਦੀ ਖਬਰ ਗਲ ਕਿਸੈ ਨਾਲ ਕਰੈ ਨਾਹੀਂ। ਤਬ ਕਾਲੂ ਨੂ ਲੋਕਾਂ ਆਖਿਆ 'ਕਾਲੂ ! ਇਸਦਾ ਵਿਵਾਹ ਕਰ'। ਤਬ ਕਾਲੂ ਉਠ ਖੜਾ ਹੋਇਆ, ਚਿਤਵਨੀ ਕੀਤੀਆਸੁ ਜੋ ਕਿਵੈ ਕੁੜਮਾਈ ਹੋਵੈ। ਤਦ ਮੂਲਾ ਖੱਤ੍ਰੀ ਜਾਤਿ ਚੋਣਾ ਤਿਸਦੇ ਘਰ ਕੁੜਮਾਈ ਹੋਈ†।

ਤਾਂ ਬਾਬਾ ਬਰਸਾਂ ਬਾਰਾਂ ਕਾ ਹੋਇਆ ਤਬ ਵੀਵਾਹਿਆ। ਤਾਂ ਬਾਬਾ ਲੱਗਾ ਸੰਸਾਰ ਕੀ ਕਿਰਤ ਕਰਣ, ਪਰ ਚਿਤ ਕਿਸੈ ਨਾਲ ਲਾਏ ਨਾਹੀਂ, ਘਰ ਦੀ ਖਬਰ ਲਏ ਨਾਹੀਂ। ਘਰ ਦੇ ਆਦਮੀ ਆਖਨ 'ਜੋ ਅੱਜ ਕਲ ਫਕੀਰਾਂ ਨਾਲ ਉਠ ਜਾਂਦਾ ਹੈ'। ॥ ਬੋਲੋ ਵਾਹਿਗੁਰੂ ॥

## ੪. ਖੇਤ ਹਰਿਆ.

ਤਬ ਆਗਿਆ ਪ੍ਰਮੇਸਰ ਕੀ ਹੋਈ,ਜੋ ਇਕ ਦਿਨ ਕਾਲੂ ਕਹਿਆ,'ਨਾਨਕ ਏਹ ਘਰ ਦੀਆਂ ਮਹੀਂ ਹਨ, ਤੂ ਚਾਰ ਲੈ ਆਉ'। ਤਬ ਗੁਰੂ ਨਾਨਕ ਮਹੀਂ ਲੈਕਰ ਬਾਹਰ ਗਿਆ ਤਾਂ ਚਰਾਇ ਲੈ ਆਇਆ। ਫਿਰ ਅਗਲੇ ਦਿਨ ਗਇਆ ਤਾਂ ਮਹੀਂ ਛੱਡਕੇ ਕਣਕ ਦੇ ਬੰਨੇ ਪੈ ਸੁੱਤਾ, ਤਬ ਮਹੀਂ ਜਾਇ ਕਣਕ ਨੂੰ ਪਈਆਂ,ਤਬ ਕਣਕ ਉਜਾੜ ਦੂਰ ਕੀਤੀ। ਤਬ ਇਕ ਭੱਟੀ ਥਾ ਕਣਕ ਦਾ ਖਾਂਵਦਾਉਹ ਆਇ ਗਇਆ; ਉਨ ਭੱਟੀ ਕਹਿਆ,'ਭਾਈ ਵੇ ! ਤੈਂ ਜੋ ਖੇਤ ਉਜਾੜਿਆ ਹੈ, ਸੋ ਕਿਉਂ ਉਜਾੜਿਆ ਹੈ ? ਇਸ ਉਜਾੜੇ ਦਾ ਜਵਾਬ ਦੇਹ'। ਤਬ ਗੁਰੂ ਨਾਨਕ ਕਹਿਆ, 'ਭਾਈ ਵੇ ! ਤੇਰਾ ਕਿਛੁ ਨਾਹੀਂ ਉਜੜਿਆ। ਕਿਆ ਹੋਇਆ ਜਿ ਕਿਸੈ ਮਹੀਂ ਮੂੰਹ ਪਾਇਆ ? ਖੁਦਾਇ ਇਸੈ ਵਿਚ ਬਰਕਤ ਘੱਤਸੀ'। ਤਾਂ ਭੀ ਉਹ ਰਹੈ ਨਾਂਹੀ, ਗੁਰੂ ਨਾਨਕ ਨਾਲ ਲੱਗਾ ਲੜਨ। ਤਬ ਗੁਰੂ ਨਾਨਕ ਅਤੇ ਭੱਟੀ ਝਗੜਦੇ ਝਗੜਦੇ ਰਾਇ ਬੁਲਾਰ ਪਾਸ ਆਇ ਖੜੇ ਹੋਏ, ਤਬ ਰਾਇ ਬੁਲਾਰ ਕਹਿਆ, 'ਏਹ ਦਿਵਾਨਾ ਹੈ, ਤੁਸੀਂ ਕਾਲੂ ਨੂੰ ਸਦਾਵਹੁ'। ਤਬ ਕਾਲੂ ਨੂ ਸਦਾਇਆ।ਤਬ ਰਾਇ ਬੁਲਾਰ ਆਖਿਆ,'ਕਾਲੂ,ਇਸ ਪੁਤ੍ਰ ਨੂੰ ਸਮਝਾਇੰਦਾ ਕਿਉਂ ਨਾਂਹੀ, ਜੋ ਪਰਾਈ ਖੇਤੀ ਉਜਾੜ ਆਇਆ ਹੈ? ਭਲਾ ਦਿਵਾਨਾ ਕਰ ਛੋਡਿਆ ਆਹੀ। ਭਾਈ ਵੇ ! ਏਹ ਉਜਾੜਾ ਜਾਇ ਭਰਦੇਹ, ਨਾਂਹੀ ਤਾਂ ਤੁਰਕਾਂ ਪਾਸ ਜਾਇ ਖੜਾ ਹੋਸੀਆ'।ਤਬ ਕਾਲੂ ਕਹਿਆ,'ਜੀ ਮੈਂ ਕਿਆ ਕਰੀਂ?

---

*ਏਥੋਂ ਅਗੇ ਵਲੈਤ ਵਾਲੇ ਨੁਸਖੇ ਵਿਚ ਦੋ ਪਤਰੇ ਹੈਨ ਨਹੀਂ, ਹਾਫਜ਼ਾਬਾਦ ਵਾਲੇ ਨੁਸਖੇ ਦੇ ਉਤਾਰੇ ਤੋਂ ਦੋ ਪਤਰੇ ਦੀ ਇਬਾਰਤ–ਤੋਰਕੀ ਪੜ੍ਹਨ...ਤੋਂ...ਓਥੇ ਕਿਛ ਨਾਂਹੀ ਉਜੜਿਆ–ਤਕ ਏਥੇ ਪਾਈ ਹੈ।

†ਪਿਛਲੇਰੀਆਂ ਸਾਖੀਆਂ ਵਿਚ ਵਿਵਾਹ ਸੁਲਤਾਨ ਪੁਰ ਜਾ ਕੇ ਹੋਯਾ ਲਿਖਿਆ ਹੈ।ਪਰ ਭਾਈ ਮਨੀਸਿੰਘ ਜੀਨੇ ਵਿਆਹ ਇਥੇ ਹੀ ਹੋਇਆ ਲਿਖਿਆਹੈ।

ਏਹ ਅਜੇ ਭੀ ਦਿਵਾਨਾ ਫਿਰਦਾ ਹੈ'। ਤਬ ਰਾਇ ਬੁਲਾਰ ਆਖਿਆ,'ਮੈਂ ਤੇਰੇ ਤਾਂਈਂ ਗੁਨਾਹ ਬਖਸਿਆ,ਪਰ ਤੂ ਇਸਦਾ ਉਜਾੜਾ ਭਰ ਦੇਹ'।ਤਬ ਗੁਰੂ ਨਾਨਕ ਆਖਿਆ, 'ਜਾਇ ਦੇਖਹੁ, ਓਥੈ ਕਿਛ ਨਾਂਹੀ ਉਜੜਿਆ'।

ਤਬ ਭੱਟੀ ਕਹਿਆ, 'ਜੀ ਮੇਰਾ ਖੇਤੁ ਉਜੜਿਆ ਹੈ। ਮੈਂ ਮੁਠਾ ਹਾਂ,ਮੇਰਾ ਤੌ ਖੇਤੁ ਉਜਾੜਿਆ ਹੈ, ਮੇਰਾ ਤਪਾਵਸੁ ਕਰਿ, ਨਾਹੀ ਤਾਂ ਮੈਂ ਤੁਰਕਾਂ ਪਾਸ ਵੈਂਦਾ ਹਾਂ'। ਤਬ ਗੁਰੂ ਨਾਨਕ ਆਖਿਆ,'ਦੀਵਾਨ ਸਲਾਮਤਿ! ਜੇ ਹਿਕੁ ਪਠਾ ਰੁੜਿਕਾ ਟੁਕਿਆ ਹੋਵੈ ਤਾਂ ਜਬਾਬੁ ਕਰਣਾ, ਪਰੁ ਤੁਸੀ ਆਪਣਾ ਆਦਮੀ ਭੇਜਿ ਕਰਿ ਦੇਖਹੁ'। ਤਬ ਰਾਇ ਬੁਲਾਰ ਆਪਣੇ ਪਿਆਦੇ ਭੇਜੇ, ਜੋ ਉਹਾ ਆਦਮੀ ਜਾਵਨਿ ਤਾਂ ਖੇਤੀ ਸਬੂਤ ਖੜੀ ਹੈ*,ਹਿਕ ਪਠਾ ਖੇਤੀ ਦਾ ਉਜੜਿਆ ਨਾਹੀਂ। ਤਬ ਬਾਬੇ ਸਬਦ ਉਚਾਰਣ ਕੀਤਾ: ਸੂਹੀ ਮਹਲਾ ੧

ਜੋਗੀ ਹੋਵੈ ਜੋਗਵੈ ਭੋਗੀ ਹੋਵੈ ਖਾਇ ॥ ਤਪੀਆ ਹੋਵੈ ਤਪੁ ਕਰੇ ਤੀਰਥਿ ਮਲਿ ਮਲਿ ਨਾਇ ॥ ੧ ॥ ਤੇਰਾ ਸਦੜਾ ਸੁਣੀਜੈ ਭਾਈ ਜੇਕੋ ਬਹੈ ਅਲਾਇ ॥ ੧ ॥ ਰਹਾਉ ॥ ਜੈਸਾ ਬੀਜੈ ਸੋ ਲੁਣੇ ਜੋ ਖਟੇ ਸੁ ਖਾਇ ॥ ਅਗੈ ਪੁਛ ਨ ਹੋਵਈ ਜੇ ਸਣੁ ਨੀਸਾਣੈ ਜਾਇ ॥ ੨ ॥ ਤੈਸੋ ਜੈਸਾ ਕਾਢੀਐ ਜੈਸੀ ਕਾਰ ਕਮਾਇ ॥ ਜੋ ਦਮੁ ਚਿਤਿ ਨ ਆਵਈ ਸੋ ਦਮੁ ਬਿਰਥਾ ਜਾਇ ॥ ੩ ॥ ਇਹੁ ਤਨੁ ਵੇਚੀ ਬੈ ਕਰੀ ਜੇ ਕੋ ਲਇ ਵਿਕਾਇ ॥ ਨਾਨਕ ਕੰਮਿ ਨ ਆਵਈ ਜਿਤੁ ਤਨਿ ਨਾਹੀ ਸਚਾ ਨਾਉ ॥ ੪ ॥

ਤਬਿ ਰਾਇ ਬੁਲਾਰ ਉਸ ਭੱਟੀ ਕਉ ਝੂਠਾ ਕੀਤਾ, ਗੁਰੂ ਨਾਨਕੁ ਅਤੈ ਕਾਲੂ ਦੋਵੈ ਘਰਿ ਆਏ।

## ੫. ਬ੍ਰਿਛ ਦੀ ਛਾਂ ਨਾ ਫਿਰੀ.

ਤਬਿ ਆਗਿਆ ਪਰਮੇਸਰ ਕੀ ਹੋਈ, ਜੋ ਗੁਰੂ ਨਾਨਕ ਦੇ ਘਰਿ ਦੁਇ ਬੇਟੇ ਹੋਇ,ਲਖਮੀਦਾਸੁ ਤੈ ਸਿਰੀਚੰਦੁ। ਪਰੁ ਬਾਬੇ ਦੀ ਉਦਾਸੀ ਮਿਟੈ ਨਾਹੀ। ਗੁਰੂ ਨਾਨਕੁ ਰੁਖੀ ਬਿਰਖੀ ਜਾਇ ਉਦਾਸੁ ਰਹੈ। ਤਬਿ ਇਕ ਦਿਨ ਗੁਰੂ ਬਾਬਾ ਨਾਨਕ ਜੀ ਜਾਇ ਕਰਿ ਬਾਗ ਵਿਚ ਸੁਤਾ, ਫਿਰਿ ਦਿਨੁ ਲਥਾ ਉਠੇ ਨਾਹੀ। ਤਬਿ ਰਾਇ ਬੁਲਾਰ ਦੇਵ ਭੱਟੀ ਸਿਕਾਰਿ ਚੜਿਆ ਥਾ, ਆਉਂਦਾ ਆਉਂਦਾ ਜਾਂ ਬਾਗ ਵਿਚ ਆਵੈ, ਤਾਂ ਕੋਈ ਦਰਖਤ ਹੇਠਿ ਸੁਤਾ ਪਇਆ ਹੈ। ਪਰੁ ਜਾਂ ਦੇਖੈ ਤਾਂ ਹੋਰਨਾਂ ਦਰਖਤਾਂ ਦੀ ਛਾਇਆ ਚਲਿ ਗਈ ਹੈ, ਅਰੁ ਇਸੁ ਦਰਖਤ ਦਾ ਪਾਛਾਵਾ ਖੜਾ ਹੈ। ਤਬ ਰਾਇਬੁਲਾਰ ਆਖਿਆ, 'ਇਸਨੂ ਜਗਾਇਹੁ'। ਜਬਿ ਉਠਾਇਆ, ਤਾ ਕਾਲੂ ਦਾ ਪੁਤੁ ਹੈ। ਤਬਿ

---

*ਏਥੇ ਵਲੈਤ ਵਾਲੇ ਨੁਸਖ਼ੇ ਵਿਚ ਇਕ ਸਤਰ ਮਿਟੀ ਹੋਈ ਹੈ,ਇਹ ਪਾਠ : —ਖੇਤੀ ਸਬੂਤ ਖੜੀ ਹੈ—ਖਾਲਿਸਾ ਕਾਲਿਜ ਦੇ ਨੁਸਖੇ ਦਾ ਹੈ।

ਰਾਇਬੁਲਾਰ ਆਖਿਆ, 'ਯਾਰੋ ! ਕਲ ਵਾਲੀ* ਭੀ ਗਲਿ ਡਿਠੀ ਹੈ, ਅਰੁ ਏਹ ਭੀ ਦੇਖਹੁ, ਏਹੁ ਖਾਲੀ ਨਾਹੀ'। ਤਬਿ ਰਾਇਬੁਲਾਰ ਭੱਟੀ ਘਰਿ ਆਇਆ। ਆਇ ਕਰਿ ਕਾਲੂ ਨੂੰ ਸਦਾਇਓਸੁ, ਅਰੁ ਆਖਿਓਸੁ : 'ਕਾਲੂ ! ਮਤੁ ਇਸੁ ਪੁਤ੍ਰ ਨੋ ਫਿਟੁ ਮਰੁ ਦੇਂਦਾ ਹੋਵੇਂ, ਏਹੁ ਮਹਾਪੁਰਖੁ ਹੈ, ਇਸ ਦਾ ਸਦਕਾ ਮੇਰਾ ਸਹਰੁ ਵਸਦਾ ਹੈ। ਕਾਲੂਤੂੰ ਭੀ ਨਿਹਾਲੁ ਹੋਆਂ†, ਅਤੇ ਮੈ ਭੀ ਨਿਹਾਲੁ ਹਾਂ, ਜਿਸ ਦੇ ਸਹਰ ਵਿਚਿ ਇਹੁ ਪੈਦਾ ਹੋਆ ਹੈ'! ਤਬਿ ਕਾਲੂ ਆਖਿਆ, 'ਜੀ ਖੁਦਾਇ ਦੀਆਂ ਖੁਦਾਇ ਹੀ ਜਾਣੈ'। ਕਾਲੂ ਘਰਿ ਆਇਆ।

## ੬. ਖੇਤੀ, ਵਣਜ, ਸਉਦਾਗਰੀ, ਚਾਕਰੀ.

ਤਬ ਗੁਰੂ ਨਾਨਕ ਫਕੀਰਾਂ ਨਾਲ ਮਜਲਸਿ ਕਰੈ। ਹੋਰੁ ਕਿਸੈ ਨਾਲਿ ਗਲ ਕਰੈ ਨਾਹੀ। ਤਬ ਸਭੁ ਪਰਵਾਰੁ ਦੁਖਿਆ। ਆਖਨਿ, 'ਜੋ ਏਹੁ ਕਮਲਾ ਹੋਆ ਹੈ'। ਤਬਿ ਗੁਰੂ ਨਾਨਕ ਜੀ ਕੀ ਮਾਤਾ ਆਈ, ਉਸ ਆਖਿਆ, 'ਬੇਟਾ ! ਤੁਧੁ ਫਕੀਰਾਂ ਨਾਲ ਬੈਠਿਆਂ ਸਰਦੀ ਨਾਹੀ, ਤੈਨੋ ਘਰੁ ਬਾਰੁ ਹੋਇਆ, ਧੀਆਂ ਪੁਤ੍ਰ ਹੋਏ, ਰੁਜ-ਗਾਰੁ ਭੀ ਕਰਿ। ਨਿਤ ਨਿਤ ਭਲੇਰੀਆਂ ਗੱਲਾਂ ਛਡਿ ਅਸਾਂ ਨੂ ਲੋਕ ਹਸਦੇ ਹੈਨਿ, ਜੋ ਕਾਲੂ ਦਾ ਪੁਤ੍ਰ ਮਾਖੁਟੂ ਹੋਆ ਹੈ'। ਜਾਂ ਏਹੁ ਗੱਲਾਂ ਮਾਤਾ ਆਖੀਆਂ, ਪਰੁ ਗੁਰੂ ਨਾਨਕ ਦੇ ਦਿਲਿ ਕਾਈ ਲਗੀਆ ਨਾਹੀ। ਫਿਕਰਵਾਨੁ ਹੋਇ ਕਰਿ ਪੈ ਰਹਿਆ। ਜਿਉਂ ਪਇਆ, ਤਿਉਂ ਦਿਹਾਰੇ ਚਾਰਿ ਗੁਜਰਿ ਗਏ। ਜਾ ਮਲਿ ਚੁਕੀ, ਤਾਂ ਬਾਬੇ ਦੀ ਇਸਤ੍ਰੀ ਸਸੁ ਪਾਸਿ ਆਈ। ਉਨਿ ਆਖਿਆ 'ਸਸੁ ! ਤੂ ਕਿਆ ਬੈਠੀ ਹੈਂ ? ਜਿਸ ਦਾ ਪੁਤ੍ਰ ਪਇਆ ਹੈ ਚਉਥਾ ਦਿਹਾੜਾ ਹੋਆ ਹੈਖਾਂਦਾ ਪੀਂਦਾ ਕਿਛੁ ਨਾਹੀ'। ਤਬਿ ਮਾਤਾ ਆਈ, ਉਨਿ ਆਖਿਆ, 'ਬੇਟਾ ! ਤੁਧ ਪਇਆ ਬਣਦੀ ਨਾਹੀਂ, ਕੁਛ ਖਾਹਿ, ਪੀਉ, ਖੇਤੀ ਪਤੀ ਦੀ ਖਬਰਿ ਸਾਰਿ ਲਹੁ,ਕਿਛੁ ਰੁਜਗਾਰ ਦੀ ਖਬਰਿ ਲਹੁ, ਤੇਰਾ ਸਭੁ ਕੁਟੰਬ ਦਿਲਗੀਰ ਹੈ, ਅਤੇ ਬੇਟਾ ਜੇ ਤੁਧੁ ਨਾਹੀ ਭਾਵਦਾ, ਸੁ ਨਾ ਕਰਿ, ਅਸੀ ਤੈਨੋ ਕਿਛੁ ਨਹੀ ਆਖਦੇ,ਤੂ ਫਿਕਰਵਾਨੁ ਕਿਉਂ ਹੈ ?' ਤਬਿ ਕਾਲੂ ਨੂੰ ਖਬਰਿ ਹੋਈ, ਤਾਂ ਕਾਲੂ ਆਇਆ, ਆਖਿਆ, 'ਬਚਾ ! ਅਸੀ ਤੈਨੂੰ ਕਿ ਆਖਦੇ ਹਾਂ? ਪਰੁ ਰੁਜਗਾਰ ਕੀਤਾ ਭਲਾ ਹੈ। ਜਿ ਖੱਤ੍ਰੀਆਂ ਦਿਆਂ ਪੁਤ੍ਰਾਂ ਪਾਸਿ ਪੰਜੀਹੇ ਹੋਂਦੇ ਹੈਨ ਤਾਂ ਰੁਜਗਾਰੁ ਕਰਦੇ ਹੈਨਿ‡। ਰੁਜਗਾਰੁ ਕੀਤਾ ਭਲਾ ਹੈ, ਬੇਟਾ ! ਅਸਾਡੀ ਖੇਤੀ ਬਾਹਰਿ ਪਕੀ ਖੜੀ ਹੈ, ਅਰੁ ਤੂ ਓਜਾੜ ਨਾਹੀ, ਕਿਉ ਜਿ ਵਿਚਿ ਖਲਾ ਹੋਵੈ, ਤਾਂ ਆਖਨਿ, ਜੋ ਕਾਲੂ ਦਾ ਪੁਤ੍ਰ ਭਲਾ ਹੋਆ ਹੈ। ਬੇਟਾ ! ਖੇਤੀ ਖਸਮਾ ਸੇਤੀ'। ਤਾਂ ਗੁਰੂ ਨਾਨਕ

---

*ਹਾ: ਬਾ: ਨੁਸਖੇ ਵਿਚ ਪਾਠ 'ਅਗਲੀ ਗਲ' ਹੈ।

†ਇਸ ਥਾਵੇਂ ਹਾ: ਬਾ: ਨੁਸਖੇ ਵਿਚ ਏਹ ਅਖਰ:—ਜੋ ਤੇਰਾ ਪੁਤ੍ਰ ਹੈ—ਹੋਰ ਭੀ ਵਾਧੂ ਹੈਨ। ‡ਹਾ: ਬਾ: ਨੁਸਖੇ ਦਾ ਪਾਠ ਹੈ:—ਜੋ ਖਤ੍ਰੀਆਂ ਦਿਆਂ ਪੁਤ੍ਰਾਂ ਪਾਸ ਪੰਜੀਹੇ ਹੋਂਦੇ ਹੈਨ ਤਾਂ ਰੋਜਗਾਰ ਕਰਦੇ ਨਾਹੀ ?

ਬੋਲਿਆ, 'ਪਿਤਾ ਜੀ ! ਅਸਾਂ ਨਵੇਕਲੀ ਖੇਤੀ ਵਾਹੀ ਹੈ, ਸੋ ਅਸੀ ਤਕਰੀ* ਰਖਦੇ ਹਾਂ, ਅਸਾਂ ਹਲੁ ਵਾਹਿਆ ਹੈ, ਬੀਉ ਪਾਇਆ ਹੈ, ਵਾੜਿ ਕੀਤੀ ਹੈ, ਅਠੇ ਪਹਰਿ ਖੜੇ ਰਖਦੇ ਹਾਂ†। ਪਿਤਾ ਜੀ ! ਅਸੀ ਆਪਣੀ ਖੇਤ੍ਰੀ ਸੰਭਾਲ ਸੰਘਦੇ ਨਾਹੀ, ਪਰਾਈ ਦੀ ਸਾਰ ਕਿਆ ਜਾਣਹਿ‡'। ਤਬਿ ਕਾਲੂ ਹੈਰਾਨੁ ਹੋਇ ਰਹਿਆ। ਆਖਿਅਸੁ, 'ਵੇਖਹੁ ਲੋਕੋ ਇਹੁ ਕਿਆ ਆਖਦਾ ਹੈ'।ਤਬਿ ਕਾਲੂ ਆਖਿਆ, 'ਤੈ ਨਵੇਕਲੀ ਖੇਤੀ ਕਦਿ ਵਾਹੀ ਹੈ ? ਕਮਲੀਆਂ ਗੱਲਾਂ ਛਡਿ, ਅਗੈ ਅਗੈਰੇ ਪਰੁ[], ਜੇ ਤੁਧੁ ਭਾਵਸੀ, ਤਾਂ ਅਗਲੀ ਫਸਲੀ ਤੈਨੂ ਨਵੇਕਲੀ ਖੇਤੀ ਵਾਹਿ ਦੇਸਾਂ ਹੇ। ਦਿਖਾ ਤੂ ਕਿਉ ਕਹਿ ਪਕਾਇ ਖਾਵਿਸੀ'। ਤਬ ਗੁਰੂ ਨਾਨਕ ਆਖਿਆ, 'ਪਿਤਾ ਜੀ, ਅਸਾਂ ਖੇਤੀ ਹੁਣਿ ਵਾਹੀ ਹੈ ਅਤੇ ਭਲੀ ਜੰਮੀ ਹੈ। ਦਿਸਣਿ ਪਾਸਣਿ ਭਲੀ ਹੈ'। ਤਬਿ ਕਾਲੂ ਆਖਿਆ, 'ਬਚਾ ! ਅਸਾਂ ਤੇਰੀ ਖੇਤੀ ਡਿਠੀ ਕਾਈ ਨਾਹੀਂ। ਤੂ ਕਿਆ ਆਖਦਾ ਹੈਂ ?' ਤਬਿ ਗੁਰੂ ਨਾਨਕ ਆਖਿਆ, ਪਿਤਾ ਜੀ ! ਅਸਾਂ ਏਹੁ ਖੇਤੀ ਵਾਹੀ ਹੈ, ਜੋ ਤੂ ਸੁਣੇਗਾ ?' ਤਬ ਬਾਬੇ ਨਾਨਕ ਇਕੁ ਸਬਦੁ ਉਠਾਇਆ :–

ਰਾਗੁ ਸੋਰਠਿ ਮਹਲਾ ੧ ਘਰੁ ੧ ॥

ਮਨੁਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥ ਨਾਮੁ ਬੀਜੁ
ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥ ਭਾਉ ਕਰਮ ਕਰਿ ਜੰਮਸੀ ਸੇ ਘਰ
ਭਾਗਠ ਦੇਖੁ ॥ ੧ ॥ ਬਾਬਾ ਮਾਇਆ ਸਾਥਿ ਨ ਹੋਇ ॥ ਇਨਿ ਮਾਇਆ
ਜਗੁ ਮੋਹਿਆ ਵਿਰਲਾ ਬੂਝੈ ਕੋਇ ॥ ਰਹਾਉ ॥

ᴬਤਬ ਫੇਰ ਕਾਲੂ ਬੋਲਿਆ, 'ਬੱਚਾ ! ਤੂ ਹੱਟ ਬਹੁ,ਅਸਾਡੀ ਖੇਤੀ ਹੱਟ ਹੈ'। ਤਬ ਫੇਰ ਗੁਰੂ ਨਾਨਕ ਜੀ ਦੂਜੀ ਪਉੜੀ ਆਖੀ :–

ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ॥ ਸੁਰਤਿ ਸੋਚ ਕਰਿ ਭਾਂਡ-
ਸਾਲ ਤਿਸੁ ਵਿਚਿ ਤਿਸਨੋ ਰਖੁ ॥ ਵਣਜਾਰਿਆ ਸਿਉ ਵਣਜੁ ਕਰਿ ਲੈ
ਲਾਹਾ ਮਨ ਹਸੁ ॥ ੨ ॥

ਤਬ ਫਿਰ ਕਾਲੂ ਕਹਿਆ, 'ਬੱਚਾ, ਜੇ ਤੂੰ ਹੱਟ ਨਾਂਹੀ ਬਹਿੰਦਾ, ਤਾਂ ਘੋੜੇ ਲੈਕਰ ਸੌਦਾਗੋਰੀ ਕਰ, ਤੇਰਾ ਆਤਮਾ ਉਦਾਸ ਹੈ, ਪਰ ਤੂ ਰੁਜਗਾਰ ਭੀ ਕਰ, ਅਤੇ

---

*ਹਾ: ਬਾ: ਨੁਸਖੇ ਵਿਚ ਪਾਠ 'ਤਕੜੀ' ਹੈ। †ਪਾਠਾਂਤ੍ਰ–ਰਹਿੰਦੇ ਹਾਂ।

‡ਪਾਠਾਂਤ੍ਰ–ਅਸੀਂ ਆਪਣੀ ਖੇਤੀ ਦੀ ਸਭ ਸੋਝੀ ਰਖਦੇ ਹਾਂ, ਪਰਾਈ ਦੀ ਸਾਰ ਕਿਆ ਜਾਣਦੇ ਹਾਂ। []'ਅਗੇ ਅਗੇਰੇ ਪਰ' ਏਹ ਪਦ ਹਾ: ਬਾ: ਨੁਸਖੇ ਵਿੱਚ ਨਹੀਂ ਹਨ।

ᴬਤਬ ਫੇਰ ਕਾਲੂ...ਤੋਂ...ਚਵਗਣ ਵੰਨੁ–ਤਕ ਹਾਫਜ਼ਾਬਾਦ ਵਾਲੀ ਪੋਥੀ ਵਿਚ ਵਾਧਾ ਹੈ ਅਤੇ ਓਸਤੋਂ ਪਿਛੋਂ ਵਲੈਤੀ ਪੋਥੀ ਨਾਲ ਮਿਲ਼ ਜਾਂਦੀ ਹੈ। ਇੰਨੀਆਂ ਸਤਰਾਂ ਵਲੈਤ ਵਾਲੀ ਪੋਥੀ ਵਿਚ ਨਹੀਂ ਹਨ।

ਪ੍ਰਦੇਸ ਭੀ ਦੇਖਿ; ਅਸੀਂ ਆਖਾਂ ਹੇ ਜੋ ਰੁਜਗਾਰ ਗਇਆ ਹੈ, ਹੁਣ ਆਂਵਦਾ ਹੈ'। ਤਬ ਗੁਰ ਨਾਨਕ ਜੀ ਤੀਜੀ ਪਉੜੀ ਆਖੀ :—

ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ॥ਖਰਚੁ ਬੰਨੁ ਚੰਗਿਆਈਆ ਮਤੁ
ਮਨ ਜਾਣਹਿ ਕਲੁ॥ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ ॥੩॥

ਤਬ ਫੇਰ ਕਾਲੂ ਆਖਿਆ,'ਨਾਨਕ ਤੂ ਅਸਾਥਹੁੰ ਗਇਆ ਹੈਂ,ਪਰ ਤੂ ਜਾਹਿ ਚਾਕਰੀ ਕਰ। ਦੌਲਤਖਾਨ ਕਾ ਮੋਦੀ ਤੇਰਾ ਬਹਿਣੋਈ ਹੈ, ਓਹ ਚਾਕਰੀ ਕਰਦਾ ਹੈ, ਤੂੰ ਭੀ ਜਾਇ ਜੈਰਾਮ ਨਾਲ ਚਾਕਰੀ ਕਰ; ਮਤ ਤੇਰਾ ਆਤਮਾ ਓਥੈ ਟਿਕੈ।ਅਸਾਂ ਤੇਰਾ ਖਟਨ ਛਡਿਆ ਹੈ। ਬੇਟਾ, ਜੇਕਰ ਤੂ ਉਦਾਸ ਹੋਇ ਕਰ ਜਾਸੀ, ਤਾਂ ਸਭ ਕੋਈ ਆਖਸੀ, ਜੋ ਕਾਲੂ ਦਾ ਪੁਤ੍ਰ ਫਕੀਰ ਹੋਇ ਗਇਆ, ਲੋਕ ਮੇਹਣੈ ਦੇਸਨ'। ਤਬ ਗੁਰੂ ਨਾਨਕ ਜੀ ਪਉੜੀ ਚਉਥੀ ਆਖੀ :—

ਲਾਇਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ॥ਬੰਨੁ ਬਦੀਆਕਰਿ ਧਾਵਣੀ
ਤਾਕੋ ਆਖੈ ਧੰਨੁ॥ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ॥ ੪॥ ੨ ॥

ਤਬ ਫਿਰ ਬਾਬਾ ਬੋਲਿਆ, ਆਖਿਓਸੁ, 'ਪਿਤਾ ਜੀ! ਅਸਾਡੀ ਖੇਤੀ ਬੀਜੀ ਸੁਣੀਆ ਜੀ, ਪਿਤਾ ਜੀ! ਅਸਾਡੀ ਖੇਤੀ ਬੀਜੀ ਖਰੀ ਜੰਮੀ ਹੈ। ਅਸਾਂ ਇਸ ਖੇਤੀ ਦਾ ਇਤਨਾ ਆਸਰਾ ਹੈ, ਜੋ ਹਾਸਲੁ ਦੀਵਾਨ ਕਾ ਸਭੁ ਉਤਰੇਗਾ, ਤਲਬ ਕੋਈ ਨਾ ਕਰੇਗਾ। ਪੁਤ੍ਰ ਧੀਆ ਸੁਖਾਲੇ ਹੋਵਨਿਗੇ, ਅਤੇ ਫਕੀਰ ਭਿਰਾਉ ਭਾਈ ਸਭ ਕੋਈ ਵਰੁਸਾਵੈਗਾ। ਜਿਸੁ ਸਾਹਿਬ ਦੀ ਮੈਂ ਕਿਰਸਾਣੀ ਵਾਹੀ ਹੈ,ਸੋ ਮੇਰਾ ਬਹੁਤੁ ਖਸਮਾਨਾ ਕਰਦਾ ਹੈ। ਜਿਸੁ ਦਿਨ ਦੀ ਉਸਦੇ ਨਾਲਿ ਬਣ ਆਈ ਹੈ, ਤਿਸ ਦਿਨ ਦਾ ਬਹੁਤੁ ਖੁਸੀ ਰਹੰਦਾ ਹਾਂ। ਜੋ ਕਿਛੁ ਮੰਗਦਾ ਹਾਂ, ਸੋ ਦੇਂਦਾ ਹੈ। ਪਿਤਾ ਜੀ! ਅਸਾਂ ਏਵਡੁ ਸਾਹਿਬੁ ਟੋਲਿ ਲਧਾ ਹੈ। ਸਉਦਾਗਰੀ ਚਾਕਰੀ ਹਟੁ ਪਟਣੁ ਸਭੁ ਸਉਪਿ ਛਡਿਆ ਹੈਸੁ'। ਤਬਿ ਕਾਲੂ ਹੈਰਾਨੁ ਹੋਇ ਗਇਆ, ਆਖਿਓਸੁ, 'ਬੇਟਾ,ਤੇਰਾ ਸਾਹਿਬੁ ਅਸਾਂ ਡਿਠਾ ਸੁਣਿਆ ਕਿਛੁ ਨਾਹੀਂ" ਤਬਿ ਗੁਰੂ ਬਾਬੇ ਨਾਨਕ ਆਖਿਆ, 'ਪਿਤਾ ਜੀ! ਜਿਨਾ ਮੇਰਾ ਸਾਹਿਬੁ ਡਿੱਠਾ ਹੈ, ਤਿਨਾ ਸਲਾਹਿਆ ਹੈ'। ਤਬਿ ਗੁਰੂ ਨਾਨਕ ਹਿਕੁ ਸਬਦੁ ਉਠਾਇਆ :—

ਰਾਗੁ ਆਸਾ ਮਹਲਾ ੧ ਚਉਪਦੇ ਘਰੁ ੨ ॥

ਸੁਣਿ ਵਡਾ ਆਖੈ ਸਭ ਕੋਈ ॥ ਕੇਵਡੁ ਵਡਾ ਡੀਠਾ ਹੋਈ ॥ ਕੀਮਤਿ ਪਾਇ
ਨ ਕਹਿਆ ਜਾਇ ॥ ਕਹਣੈ ਵਾਲੇ ਤੇਰੇ ਰਹੇ ਸਮਾਇ ॥ ੧ ॥ ਵਡੇ ਮੇਰੇ
ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥ ਕੋਈ ਨ ਜਾਣੈ ਤੇਰਾ ਕੇਤਾ
ਕੇਵਡੁ ਚੀਰਾ ॥ ੧ ॥ ਰਹਾਉ ॥ ਸਭਿ ਸੁਰਤੀ ਮਿਲਿ ਸੁਰਤਿ ਕਮਾਈ॥ ਸਭ
ਕੀਮਤਿ ਮਿਲਿ ਕੀਮਤਿ ਪਾਈ ॥ ਗਿਆਨੀ ਧਿਆਨੀ ਗੁਰ ਗੁਰ ਹਾਈ ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥ ਸਭਿ ਸਤ ਸਭਿ ਤਪ ਸਭਿ
ਚੰਗਿਆਈਆ ॥ ਸਿਧਾ ਪੁਰਖਾ ਕੀਆ ਵਡਿਆਈਆ ॥ ਤੁਧੁ ਵਿਣੁ ਸਿਧੀ

ਕਿਨੈ ਨ ਪਾਈਆ ॥ ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥ ਆਖਣ ਵਾਲਾ ਕਿਆ ਬੇਚਾਰਾ ॥ ਸਿਫਤੀ ਭਰੇ ਤੇਰੇ ਭੰਡਾਰਾ ॥ ਜਿਸੁ ਤੂੰ ਦੇਹਿ ਤਿਸੈ ਕਿਆ ਚਾਰਾ ॥ ਨਾਨਕ ਸਚੁ ਸਵਾਰਣ ਹਾਰਾ ॥ ੪ ॥ ੧ ॥

ਤਬਿ ਫਿਰਿ ਕਾਲੂ ਕਹਿਆ, 'ਏਹ ਗਲਾਂ ਛਡਿ, ਲੋਕਾਂ ਦਾ ਮਾਰਗੁ ਪਕੜੁ। ਕਿਰਤਿ ਬਿਨਾ ਜੀਵਣੁ ਥੋੜਾ ਹੈ'। ਤਬਿ ਫਿਰਿ ਬਾਬਾ ਨਾਨਕੁ ਚੁਪ ਕਰਿ ਰਹਿਆ, ਕਾਲੂ ਉਠਿ ਗਇਆ, ਜਾਇ ਕਿਰਤਿ ਲਗਾ। ਆਖਿਓ ਸੁ, 'ਏਹੁ ਅਸਾਡੇ ਕੰਮਹੁ ਕਾ ਜੋ ਗਇਆ। ਪਰੁ ਬਾਹਰੋ ਖੇਤੀ ਉਜੜੇ ਨਾਂਹੀ'।

ਤਬਿ ਮਾਤਾ ਆਈ। ਆਇ ਕਰਿ ਲਗੀ ਉਪਦੇਸਨਿ। ਆਖਿਓਸੁ, 'ਬੇਟਾ! ਤੂ ਚਾਰਿ ਦਿਨਿ ਨਾਮੁ ਵਿਸਾਰਿ ਦੇਹਿ, ਅਤੇ ਉਠਿ ਖੜਾ ਹੋਹੁ। ਕਪੜੇ ਲਾਇ ਗਲੀ ਕੂਚੈ ਫਿਰਿ, ਜੋ ਲੋਕਾਂ ਦਾ ਵਿਸਾਹੁ ਹੋਵੈ, ਸਭ ਕੋਈ ਆਖੈ ਜੋ ਕਾਲੂ ਦਾ ਪੁਤ੍ਰ ਚੰਗਾ ਹੋਆ'। ਤਬਿ ਬਾਬਾ ਬੋਲਿਆ, ਸਬਦੁ—

*ਰਾਗ ਆਸਾ ਮਹਲਾ ੧ ॥

ਆਖਾ ਜੀਵਾ ਵਿਸਰੈ ਮਰਿ ਜਾਉ ॥ ਆਖਣਿ ਅਉਖਾ ਸਾਚਾ ਨਾਉ ॥ ਸਾਚੇ ਨਾਮ ਕੀ ਲਾਗੈ ਭੂਖ ॥ ਤਿਤੁ ਭੂਖੈ ਖਾਇ ਚਲੀਅਹਿ ਦੂਖ ॥ ੧ ॥ ਸੋ ਕਿਉ ਵਿਸਰੈ ਮੇਰੀ ਮਾਇ ॥ ਸਾਚਾ ਸਾਹਿਬੁ ਸਾਚੈ ਨਾਇ ॥ ੧ ॥ ਰਹਾਉ ॥ ਸਾਚੇ ਨਾਮ ਕੀ ਤਿਲੁ ਵਡਿਆਈ ॥ ਆਖਿ ਥਕੇ ਕੀਮਤਿ ਨਹੀ ਪਾਈ ॥ ਜੇ ਸਭਿ ਮਿਲਿਕੈ ਆਖਣ ਪਾਹਿ ॥ ਵਡਾ ਨ ਹੋਵੈ ਘਾਟਿ ਨ ਜਾਇ ॥ ੨ ॥ ਨਾ ਓਹੁ ਮਰੈ ਨ ਹੋਵੈ ਸੋਗੁ॥ ਦੇਂਦਾ ਰਹੈ ਨ ਚੂਕੈ ਭੋਗੁ ॥ ਗੁਣੁ ਏਹੋ ਹੋਰੁ ਨਾਹੀ ਕੋਇ॥ ਨਾ ਕੋ ਹੋਆ ਨਾ ਕੋ ਹੋਇ ॥ ੩ ॥ ਜੇਵਡੁ ਆਪਿ ਤੇਵਡ ਤੇਰੀ ਦਾਤਿ॥ਜਿਨਿ ਦਿਨੁ ਕਰਿਕੈ ਕੀਤੀ ਰਾਤਿ ॥ ਖਸਮੁ ਬਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥ ੪ ॥ ੨ ॥

ਤਬਿ ਮਾਤਾ ਉਠਿ ਗਈ, ਜਾਇ ਖਬਰਿ ਕੀਤੀ ਪਰਵਾਰ ਵਿਚਿ। ਤਬ ਸਾਰਾ ਪਰਵਾਰੁ, ਸਭੁ ਕੁਟੰਬੁ ਵੇਦੀਆਂ ਕਾ ਲਾਗਾ ਝੂਰਣਿ ਆਖਣ ਲਗੇ, ਜੋ 'ਵਡਾ ਹੈਫੁ ਹੋਆ, ਜੋ ਕਾਲੂ ਦਾ ਪੁਤ੍ਰ ਦਿਵਾਨਾ ਹੋਆ'।

## ੭. ਵੈਦ.

ਤਬਿ ਬਾਬਾ ਨਾਨਕੁ ਮਹੀਨੇ ਤਿੰਨ ਤਾਈ ਖਾਵੈ ਪੀਵੈ ਕਿਛੁ ਨਾਹੀ। ਅੰਦਰ ਚੁਪ ਕਰ ਪੈ ਰਿਹਾ† ਸਾਰਾ ਪਰਵਾਰੁ ਵੇਦੀਆਂ ਕਾ ਓਦਰਿਆ ਸਭੇ ਲਗੇ ਆਖਣਿ, 'ਕਾਲੂ ਤੂ ਕਿਆ ਬੈਠਾ ਹੈਂ, ਜਿਸਦਾ ਪੁਤ੍ਰ ਪਇਆ ਹੈ, ਤੂ ਕੋਈ ਵੈਦੁ ਸਦਿ ਲੈ,

---

*'ਰਾਗ ਆਸਾ ਵਿਚ ਮਹਲਾ ੧' ਇਤਨੇ ਅੱਖਰ ਹਾਫਜ਼ਾਬਾਦ ਵਾਲੇ ਉਤਾਰੇ ਵਿਚ ਹਨ ਤੇ ਵਲੈਤ ਵਾਲੀ ਵਿਚ ਨਹੀਂ ਹਨ।

†'ਅੰਦਰ ਚੁਪ ਕਰ ਪੈ ਰਿਹਾ ਏ' ਪਦ ਹਾ:ਬਾ: ਪੋਥੀ ਦੇ ਹਨ

ਕਿਛੁ ਦਾਰੂ ਕਰਿ। ਕਿਆ ਜਾਪੇ ਕਖੇ ਦੇ ਓਲੈ ਲਖੁ ਹੈ।ਤੇਰਾ ਪੁਤੁ ਚੰਗਾ ਹੋਵੇਗਾ। ਤਾਂ ਪੰਜੀਹੇ ਕਿਤਨੇ ਹੀ ਹੋਵਨਗੇ'। ਤਬ ਕਾਲੂ ਉਠਿ ਖੜਾ ਹੋਆ, ਜਾਇ ਕਰੁ ਵੈਦੁ ਸਦਿ ਘਿਨਿ ਆਇਆ, ਤਬਿ ਵੈਦੁ ਆਇ ਖੜਾ ਹੋਇਆ, ਤਬਿ ਗੁਰੂ ਨਾਨਕ ਦੀ ਬਾਹ ਪਕੜਿ ਲਗਾ ਨਾਟਕਾ ਦੇਖਣਿ, ਤਬ ਗੁਰੂ ਨਾਨਕ ਬਾਹੁ ਖਿੰਚਿ ਘਿਧੀ, ਪਗ ਛਿਕਿ ਕਰਿ ਉਠਿ ਬੈਠਾ ਆਖਣਿ ਲਗਾ, 'ਰੇ ਵੈਦ! ਤੂੰ ਕਿਆ ਕਰਦਾ ਹੈ?' ਤਬਿ ਵੈਦ ਕਹਿਆ, 'ਜੋ ਕਿਛੁ ਤੇਰੇ ਆਤਮੈ ਰੋਗੁ ਹੋਵੈ, ਸੋ ਵੇਖਦਾ ਹਾਂ'। ਤਬ ਬਾਬਾ ਹਸਿਆ, ਸਲੋਕੁ ਦਿਤੋਸੁ :—

'*ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ॥ ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥ ੧ ॥

†ਜਾਹਿ ਵੈਦਾ ਘਰਿ ਆਪਣੈ ਮੇਰੀ ਆਹਿ ਨਾ ਲੇਹਿ ॥ ਹਮਿ ਰਤੇ ਸਹਿ ਆਪਣੈ ਤੂ ਕਿਸੁ ਦਾਰੂ ਦੇਹਿ ॥

‡ਵੈਦਾ ਵੈਦੁ ਸੁ ਵੈਦੁ ਤੂ ਪਹਿਲਾ ਰੋਗੁ ਪਛਾਣੁ ॥ ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ ॥

^Aਦੁਖੁ ਲਾਗੈ ਦਾਰੂ ਘਣਾ ਵੈਦੁ ਖੜੋਆ ਆਇ॥ ਕਾਇਆ ਰੋਵੈ ਹੰਸੁ ਪੁਕਾਰੇ'
ਵੈਦਿ ਨ ਦਾਰੂ ਲਾਇ ॥ ਜਾਹਿ ਵੈਦਾ ਘਰਿ ਆਪਣੈ ਜਾਣੇ ਕੋਇ ਮਕੋਇ॥
ਜਿਨਿ ਕਰਤੇ ਦੁਖੁ ਲਾਇਆ ਨਾਨਕ ਲਾਹੈ ਸੋਇ ॥ ੧ ॥

ਤਬ ਗੁਰੂ ਬਾਬੇ ਫਿਰਿ ਵੈਦ ਕੈ ਅਰਥਾਇ ਏਕੁ ਸਬਦੁ ਕੀਤਾ। ਰਾਗੁ ਮਲਾਰ ਵਿਚਿ ਸਬਦੁ ਮ: ੧ :—

ਮਲਾਰ ਮਹਲਾ ੧ ॥

ਦੁਖੁ ਵਿਛੋੜਾ ਇਕੁ ਦੁਖੁ ਭੂਖ ॥ ਇਕੁ ਦੁਖੁ ਸਕਤਵਾਰ ਜਮਦੂਤ ॥ ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥ ਵੈਦ ਨ ਭੋਲੇ ਦਾਰੂ ਲਾਇ ॥ ੧ ॥ ਵੈਦ ਨ ਭੋਲੇ ਦਾਰੂ ਲਾਇ ॥ ਦਰਦੁ ਹੋਵੈ ਦੁਖੁ ਰਹੈ ਸਰੀਰ ॥ ਐਸਾ ਦਾਰੂ ਲਗੈ ਨ ਬੀਰ ॥ ੧ ॥ ਰਹਾਉ ॥ ਖਸਮੁ ਵਿਸਾਰਿ ਕੀਏ ਰਸ ਭੋਗ ॥ ਤਾਂ ਤਨਿ ਉਠਿ ਖਲੋਏ ਰੋਗ ॥ ਮਨ ਅੰਧੇ ਕਉ ਮਿਲੈ ਸਜਾਇ ॥ ਵੈਦ ਨ ਭੋਲੇ ਦਾਰੂ ਲਾਇ ॥੨॥ਚੰਦਨ ਕਾ ਫਲੁ ਚੰਦਨ ਵਾਸੁ ॥ ਮਾਣਸ ਕਾ ਫਲੁ ਘਟ ਮਹਿ ਸਾਸੁ ॥ ਸਾਸਿ ਗਇਐ ਕਾਇਆ ਢਲਿ ਪਾਇ ॥ ਤਾਕੈ ਪਾਛੈ ਕੋਇ ਨ ਖਾਇ॥੩॥

---

*ਇਹ ਸਲੋਕ ਮਲਾਰ ਕੀ ਵਾਰ ਵਿਚ ਮ: ੧ ਦਾ ਹੈ।

†ਇਹ ਗੁਰਬਾਣੀ ਨਹੀਂ ਹੈ, ਪਾਠ ਸ੍ਰੀ ਗੁਰੂ ਗ੍ਰੰਥ ਜੀ ਵਿਚ ਨਹੀਂ ਹੈ।

‡ਏਹ ਸਲੋਕ ਮਹਲੇ ਦੂਸਰੇ ਦਾ ਹੈ। ਕਿਸੇ ਉਤਾਰੇ ਵਾਲੇ ਨੇ ਭੁਲ ਨਾਲ ਮਹਲੁ ਇਕ ਵਿਚ ਏਥੇ ਪਾਇਆ ਹੈ।

^Aਇਹ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਹੈ।

ਕੰਚਨ ਕਾਇਆ ਨਿਰਮਲ ਹੰਸੁ ॥ ਜਿਸੁ ਮਹਿ ਨਾਮੁ ਨਿਰੰਜਨ ਅੰਸੁ॥ ਦੂਖ ਰੋਗ ਸਭਿ ਗਇਆ ਗਵਾਇ॥ਨਾਨਕ ਛੂਟਸਿ ਸਾਚੈ ਨਾਇ ॥੪॥੨॥੭॥

*ਮਲਾਰ ਮਹਲਾ ੧ ॥

ਦੁਖ ਮਹੁਰਾ ਮਾਰਣ ਹਰਿ ਨਾਮੁ ॥ ਸਿਲਾ ਸੰਤੋਖ ਪੀਸਣੁ ਹਥਿ ਦਾਨੁ ॥ ਨਿਤ ਨਿਤ ਲੇਹੁ ਨ ਛੀਜੈ ਦੇਹਿ ॥ ਅੰਤਕਾਲ ਜਮੁ ਮਾਰੈ ਠੇਹ ॥ ੧ ॥ ਐਸਾ ਦਾਰੂ ਖਾਹਿ ਗਵਾਰ ॥ ਜਿਤੁ ਖਾਧੈ ਤੇਰੇ ਜਾਹਿ ਵਿਕਾਰ ॥ ੧ ॥ ਰਹਾਉ ॥ ਰਾਜੁ ਮਾਲੁ ਜੋਬਨੁ ਸਭੁ ਛਾਂਵ ॥ ਰਥਿ ਫਿਰੰਦੈ ਦੀਸਹਿ ਥਾਵ ॥ ਦੇਹ ਨ ਨਾਉ ਨ ਹੋਵੈ ਜਾਤਿ ॥ ਓਥੈ ਦਿਹੁ ਐਥੈ ਸਭ ਰਾਤਿ ॥ ੨ ॥ ਸਾਦ ਕਰ ਸਮਧਾਂ ਤ੍ਰਿਸਨਾ ਘਿਉ ਤੇਲੁ ॥ ਕਾਮੁ ਕ੍ਰੋਧੁ ਅਗਨੀ ਸਿਉ ਮੇਲੁ ॥ ਹੋਮ ਜਗ ਅਰੁ ਪਾਠ ਪੁਰਾਣ ॥ ਜੋ ਤਿਸੁ ਭਾਵੈ ਸੋ ਪਰਵਾਣ ॥ ੩ ॥ ਤਪੁ ਕਾਗਦੁ ਤੇਰਾ ਨਾਮੁ ਨੀਸਾਨੁ ॥ ਜਿਨਕਉ ਲਿਖਿਆ ਏਹੁ ਨਿਧਾਨੁ ॥ ਸੇ ਧਨਵੰਤ ਦਿਸਹਿ ਘਰਿ ਜਾਇ ॥ ਨਾਨਕ ਜਨਨੀ ਧੰਨੀ ਮਾਇ ॥ ੪ ॥ ੩ ॥ ੮ ॥

ਤਬਿ ਵੈਦੁ ਡਰਿ ਹਟਿ ਖੜਾ ਹੋਆ, ਆਖਿਓਸੁ : 'ਭਾਈ ਵੇ ! ਤੁਸੀਂ ਚਿੰਤਾ ਕਿਛੁ ਨਾ ਕਰੋ, ਏਹੁ ਪਰਿਦੁਖੁ ਭੰਜਨਹਾਰੁ ਹੈ'। ਤਬਿ ਬਾਬੈ ਸਬਦੁ ਉਠਾਇਆ। ਰਾਗੁ ਗਉੜੀ ਵਿਚਿ ਮਃ ੧ :–

ਕਤਕੀ ਮਾਈ ਬਾਪੁ ਕਤਕੇਰਾਕਿਦੂਥਾਵਹੁ ਹਮ ਆਏ ॥ ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ॥੧॥ ਮੇਰੇ ਸਾਹਿਬਾ ਕਉਣੁ ਜਾਣੈ ਗੁਣ ਤੇਰੇ ॥ ਕਹੇ ਨ ਜਾਨੀ ਅਉਗਣ ਮੇਰੇ ॥੧॥ ਰਹਾਉ ॥ ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ॥ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ॥੨॥ ਹਟਪਟਣ ਬਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ॥ਅਗਹੁ ਦੇਖੈ ਪਿਛਹੁ ਦੇਖੈ ਤੁਝਤੇ ਕਹਾ ਛਪਾਵੈ ॥੩॥ ਤਟ ਤੀਰਥ ਹਮ ਨਵਖੰਡ ਦੇਖੇ ਹਟ ਪਟਣ ਬਾਜਾਰਾ॥ਲੈਕੈ ਤਕੜੀ ਤੋਲਣਿ ਲਾਗਾ ਘਟਿ ਹੀ ਮਹਿ ਵਣਜਾਰਾ ॥ ੪ ॥ ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ ॥ ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ ॥੫॥ ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ ॥ ਪ੍ਰਣਵਤਿ ਨਾਨਕੁ ਹੁਕਮੁ ਪਛਾਣੈ ਸੁਖੁ ਹੋਵੈ ਦਿਨੁ ਰਾਤੀ ॥ ੬ ॥ ੫ ॥ ੧੭ ॥

## ੮. ਸੁਲਤਾਨ ਪੁਰ ਨੂੰ ਤਿਆਰੀ.

ਤਬਿ ਆਗਿਆ ਪਰਮੇਸਰ ਕੀ ਹੋਈ, ਜੋ ਗੁਰੂ ਨਾਨਕ ਬਾਹਰਿ ਆਇਆ, ਤਾਂ ਬਾਬੇ ਨਾਨਕ ਦਾ ਬਹਣੋਯਾ ਜੈਰਾਮੁ ਥਾ, ਸੋ ਨਬਾਬ ਦਉਲਤ ਖਾਨ ਦਾ ਮੋਦੀ ਸਾ, ਜੈਰਾਮ ਸੁਣਿਆਂ, ਜੋ ਨਾਨਕੁ ਹੈਰਾਨ ਰਹੰਦਾ ਹੈ, ਕੰਮੁ ਕਾਜ ਕਿਛੁ ਨਹੀਂ

---

*ਇਹ ਸਬਦ ਹਾ: ਬਾ: ਨੁ: ਵਿਚ ਹੈ ਪਰ ਵਲੈਤ ਵਾਲੇ ਵਿਚ ਨਹੀਂ ਹੈ।

ਕਰਦਾ, ਤਬਿ ਓਨਿ ਕਿਤਾਬਤ ਲਿਖੀ, ਜੋ ਨਾਨਕ ਤੂੰ ਅਸਾਂ ਜੋਗੁ ਮਿਲੁ। ਤਬਿ ਇਹ ਕਿਤਾਬਤ ਗੁਰੂ ਨਾਨਕ ਪੜੀ ਤਾਂ ਆਖਿਓਸੁ, 'ਹੋਵੈ ਤਾ ਜੈਰਾਮ ਜੋਗ ਮਿਲਹਾਂ'। ਤਬਿ ਘਰਿ ਦਿਆਂ ਆਦਮੀਆਂ ਆਖਿਆ, 'ਜੋ ਇਹੁ ਜਾਵੈ ਤਾ ਭਲਾ ਹੋਵੈ, ਮਤੁ ਇਸਦਾ ਮਨੁ ਊਹਾ ਟਿਕੈ'। ਤਬਿ ਗੁਰੂ ਨਾਨਕ ਸੁਲਤਾਨ ਪੁਰ ਕਉ ਲਗਾ ਪਹੁੰਚਣ। ਤਬਿ ਬਾਬਾ ਜੀ ਉਠਿ ਚਲਿਆ, ਤਬਿ ਬਾਬੇ ਦੀ ਇਸਤ੍ਰੀ ਲਗੀ ਬੈਰਾਗੁ ਕਰਣੈ। ਆਖਿਓਸੁ, 'ਜੀ ਤੂੰ ਅਸਾ ਜੋਗੁ ਅਗੈ ਨਾਹਿ ਸੀ ਮੁਹਿ ਲਾਇਦਾ, ਪਰਦੇਸਿ ਗਇਆ ਕਿਉਂ ਕਰਿ ਆਵਹਿੰਗਾ'। ਤਬਿ ਬਾਬੇ ਆਖਿਆ, 'ਭੋਲੀਏ! ਅਸੀ ਇਥੇ ਕਿਆ ਕਰਦੇ ਆਹੇ? ਅਰੁ ਓਥੈ ਕਿਆ ਕਰਹਗੇ? ਅਸੀ ਤੁਸਾਡੇ ਕਿਤੈ ਕੰਮਿ ਨਾਹੀ'। ਤਬਿ ਓਨਿ ਫਿਰਿ ਬੇਨਤੀ ਕੀਤੀਆਸੁ, 'ਜੋ ਜੀ ਤੁਸੀ ਘਰਿ ਬੈਠੇ ਹੋਦੇ ਆਹੇ, ਤਾ ਮੇਰੇ ਭਾਣੇ ਸਾਰੇ ਜਹਾਨ ਦੀ ਪਤਿਸਾਹੀ ਹੋਂਦੀ ਆਹੀ, ਜੀ ਏਹੁ ਸੰਸਾਰੁ ਮੇਰੇ ਕਿਤੇ ਕਾਂਮਿ ਨਾਹੀ'। ਤਬਿ ਗੁਰੂ ਮਿਹਰਵਾਨੁ ਹੋਆ। ਆਖਿਓਸੁ, 'ਤੂ ਚਿੰਤਾ ਕਿਛੁ ਨਾ ਕਰ। ਦਿਨੁ ਦਿਨੁ ਤੇਰੀ ਪਤਿਸਾਹੀ ਹੋਵੈਗੀ'। ਤਬਿ ਓਨਿ ਕਹਿਆ, 'ਜੀ ਮੈ ਪਿਛੈ ਰਹਦੀ ਨਾਹੀ, ਮੈਨੂੰ ਨਾਲੈ ਲੇ ਚਲੁ'। ਤਬਿ ਬਾਬੇ ਆਖਿਆ, 'ਪਰਮੇਸਰ ਕੀਏ! ਹੁਣ ਤਾਂ*ਮੈ ਜਾਂਦਾ ਹਾਂ, ਜੇ ਮੇਰੇ ਰੁਜਗਾਰ ਦੀ ਕ੍ਵਾਈ ਬਣਸੀ ਤਾ ਮੈ ਸਦਾਇ ਲੈਸਾਂ। ਤੂੰ ਆਗਿਆ ਮੰਨਿ ਲੈ'। ਤਬਿ ਓਹੁ ਚੁਪ ਕਰਿ ਰਹੀ। ਤਬਿ ਗੁਰੂ ਨਾਨਕ ਭਾਈਆ ਬੰਧਾਂ ਪਾਸੂ ਬਿਦਾ ਕੀਤਾ† ਸੁਲਤਾਨਪੁਰ ਕਉ ਚਲਿਆ। ਬੋਲਹੁ ਵਾਹਿਗੁਰੂ।

## ੯. ਮੋਦੀਖਾਨਾ ਸੰਭਾਲਿਆ.

ਜਾ ਭਾਣਾ ਤਾਂ‡ ਸੁਲਤਾਨਪੁਰ ਕਉ ਗਇਆ। ਤਬ ਜੈਰਾਮ ਨੂੰ ਮਿਲਿਆ, ਜੈਰਾਮ ਬਹੁਤੁ ਖੁਸੀ ਹੋਆ। ਆਖਿਓਸੁ, 'ਭਾਈ ਵੈ! ਨਾਨਕ ਚੰਗਾ ਭਲਾ ਹੈ'। ਤਬਿ ਜੈਰਾਮੁ ਦਰਬਾਰਿ ਗਇਆ, ਜਾਇ ਕਰ ਦਉਲਤਖਾਨ ਜੋਗ ਅਰਜੁ ਕੀਤੋਸੁ, ਆਖਿਓਸੁ, 'ਨਬਾਬੁ ਸਲਾਮਤ! ਮੇਰਾ ਇਕੁ ਸਾਲਾ ਪਿਛੋਂ ਆਇਆ ਹੈ^A, ਨਬਾਬ ਜੋਗੁ ਮਿਲਿਆ ਚਾਂਹਦਾ ਹੈ'। ਤਬਿ ਦਉਲਤਖਾਨ ਕਹਿਆ, 'ਜਾਇ ਘਿੰਨਿ ਆਣੁ'। ਤਬਿ ਜੈਰਾਮੁ ਆਇ ਕਰਿ ਗੁਰੂ ਨਾਨਕ ਜੋਗੁ ਘਿੰਨਿ ਲੇ ਗਇਆ। ਕਿਛੁ ਪੇਸ ਕਸੀ ਆਗੈ ਰਖਿ ਕਰਿ ਮਿਲਿਆ। ਖਾਨੁ ਬਹੁਤੁ ਖੁਸੀ ਹੋਇਆ, ਖਾਨ ਕਹਿਆ, 'ਇਸਕਾ ਨਾਉ ਕਿਆ ਹੈ?' ਤਬਿ ਜੈਰਾਮ ਅਰਜ ਕੀਤੀ, 'ਜੀ ਇਸਕਾ ਨਾਉ ਨਾਨਕ ਹੈ'। ਤਬਿ ਖਾਨ ਕਹਿਆ, 'ਏਹ ਭਲਾ ਦਿਆਨਤਦਾਰੁ ਨਦਰਿ ਆਵਦਾ ਹੈ, ਮੇਰਾ ਕੰਮੁ ਇਸਕੈ ਹਵਾਲੇ ਕਰਹੁ'। ਤਬਿ ਗੁਰੂ ਨਾਨਕ ਖੁਸੀ ਹੋਇ ਕਰ ਮੁਸਕਾਇਆ,

---

*'ਏ ਹੁਣ ਤਾਂ' ਹਾ:ਬਾ: ਨੁਸਖੇ ਦੇ ਅੱਖਰ ਹਨ। †ਕੀਤਾ—ਦੀ ਥਾਂ ਪਾਠਾਂਤ੍ਰ—ਹੋਇਆ—ਬੀ ਹੈ। ‡'ਭਾਣਾ ਤਾਂ' ਏ ਅਖਰ ਹਾ:ਬਾ: ਨੁਸਖੇ ਦੇ ਹਨ। ^Aਏਥੇ ਹਾ:ਬਾ: ਨੁਸਖੇ ਵਿਚ ਪਾਠ ਹੈ—'ਬਹੁਤ ਖੂਬ ਪੜ੍ਹਿਆ ਹੈ'।

ਖਾਨਿ ਸਿਰੋਪਾਉ ਦਿੱਤਾ। ਤਬਿ ਗੁਰੂ ਨਾਨਕੁ ਤੈ ਜੈਰਾਮੁ ਘਰਿ ਆਏ। ਲਗੇ ਕੰਮੁ ਕਰਣਿ। ਐਸਾ ਕੰਮੁ ਕਰਨਿ, ਜੋ ਸਭੁ ਕੋਈ ਖੁਸੀ ਹੋਵੈ, ਸਭੁ ਲੋਕ ਆਖਨਿ ਜੋ 'ਵਾਹੁ ਵਾਹੁ ਕੋਈ ਭਲਾ ਹੈ'। ਸਭ ਕੋ ਖਾਨ ਆਗੈ ਸੁਪਾਰਸ ਕਰੇ। ਖਾਨੁ ਬਹੁਤੁ ਖੁਸੀ ਹੋਆ। ਅਰੁ ਜੋ ਕਿਛੁ ਅਲੂਫਾ* ਗੁਰੂ ਨਾਨਕ ਜੋਗੁ ਮਿਲੇ, ਖਾਵੈ, ਸੋ ਖਾਵੈ, ਹੋਰੁ ਪਰਮੇਸਰ ਕੇ ਅਰਥਿ ਦੇਵੈ। ਅਤੈ ਨਿਤਾਪ੍ਰਤਿ ਰਾਤਿ ਕਉ ਕੀਰਤਨੁ ਹੋਵੈ। ਪਿਛੋਂ ਮਰਦਾਨਾ ਡੂਮੁ ਆਇਆ। ਤਲਵੰਡੀਓਂ ਆਇ ਬਾਬੇ ਨਾਲਿ ਟਿਕਿਆ। ਅਰੁ ਜੋ ਹੋਰੁ ਪਿਛੋਂ ਆਵਨਿ, ਤਿਨਾ ਜੋਗੁ ਖਾਨ ਤਾਈ ਮਿਲਾਇ ਕਰ ਅਲੂਫਾ ਕਰਾਇ ਦੇਵੈ, ਸਭਿ ਰੋਟੀਆਂ ਖਾਵਨਿ। ਗੁਰੂ ਨਾਨਕ ਕੈ ਪ੍ਰਸਾਦਿ ਸਭਿ ਖੁਸੀ ਹੋਏ। ਅਰੁ ਜਾਂ ਬਾਬੇ ਦੀ ਰਸੋਈ ਹੋਵੈ,ਤਾ ਸਭ ਆਇ ਬਹਿਨਿ ਅਤੇ ਰਾਤਿ ਨੂੰ ਨਿਤਾਪ੍ਰਤਿ ਕੀਰਤਨੁ ਹੋਵੇ। ਅਰੁ ਜਿਥੈ ਪਹਰੁ ਰਾਤਿ ਰਹੈ ਤਿਥੈ ਬਾਬਾ ਦਰੀਆਇ ਜਾਵੇ ਇਸ-ਨਾਨੁ ਕਰਣਿ। ਅਰੁ ਜਾਂ ਪ੍ਰਭਾਤਿ ਹੋਵੈ, ਤਾ ਕਪੜੇ ਲਾਇਕੈ ਤਿਲਕੁ ਚੜਾਇ ਕਰਿ ਦਰਬਾਰਿ ਦਫਤਰ ਮਨਾ ਘਿੰ ਨਿ† ਲਿਖਣ ਬਹੈ।

## ੧੦. ਵੇਈਂ ਪ੍ਰਵੇਸ਼.

ਇਕਿ ਦਿਨਿ ਆਗਿਆ ਪਰਮੇਸਰ ਕੀ ਹੋਈ, ਜੋ ਨਿਤਾਪ੍ਰਤਿ ਦਰੀਆਉ ਵੈਦਾ ਆਹਾ, ਸੁ ਇਕਿ ਦਿਨਿ ਇਕੁ ਖਿਜਮਤਿਦਾਰੁ ਲੈਕਰਿ ਗਇਆ, ਕਪੜੇ ਲਾਹਿ ਖਿਜਮਤਿਦਾਰ ਕੇ ਹਵਾਲੈ ਕੀਤੈ,ਆਪਿ ਨਾਵਣਿ ਪਇਆ। ਜਿਉਂ ਪਇਆ ਤਿਉਂ ਆਗਿਆ ਪਰਮੇਸਰ ਕੀ ਨਾਲਿ, ਸੇਵਕ ਲੈ ਗਏ ਦਰਗਾਹ ਪਰਮੇਸਰ ਕੀ। ਸੇਵਕਾਂ ਜਾਇ ਅਰਜ਼ ਕੀਤੀ 'ਜੀ ਨਾਨਕ ਹਾਜਰੁ ਹੈ'। ਤਬਿ ਸਚੀ ਦਰਗਾਹੁ ਦਰਸਨੁ ਹੋਆ, ਸਾਹਿਬੁ ਮਿਹਰਵਾਨੁ ਹੋਆ। ਤਬਿ ਓਹੁ ਖਿਜਮਤਦਾਰੁ ਕਪੜਿਆਂ ਉਤੇ ਖੜਾ ਆਹਾ, ਸੋ ਖੜਾ ਖੜਾ ਹੁਟਿ ਗਇਆ। ਓਨਿ ਆਖਿਆ, ਜੋ 'ਨਾਨਕੁ ਦਰੀਆਇ ਵਿਚ ਪਇਆ ਆਹਾ ਸੋ ਨਿਕਲਿਓ ਨਾਹੀਂ'। ਓਸਿ ਆਇ ਖਾਨ ਪਾਸਿ ਅਰਜੁ ਕੀਤੋਸੁ,'ਖਾਨ ਸਲਾਮਤਿ!ਨਾਨਕੁ ਦਰੀਆਉ ਵਿਚਿ ਪਇਆ ਆਹਾ ਸੋ ਨਿਕਲਿਓ ਨਹੀ'। ਤਬਿ ਖਾਨੁ ਅਸਵਾਰੁ ਹੋਇਆ, ਬਾਹਰਿ ਆਇਆ। ਦਰੀਆਉ ਉਪਰਿ ਆਇਆ, ਮਲਾਹ ਬੁਲਾਇ, ਅਰੁ ਜਾਲਬੰਧਿ ਪਵਾਏ। ਤਬਿ ਮਲਾਹ ਸੋਧਿ ਥਕੈ, ਪਰੁ ਲਧੋ ਨਾਹੀਂ। ਤਬਿ ਖਾਨੁ ਬਹੁਤੁ ਦਲਗੀਰੁ ਹੋਆ। ਫਿਰਿ ਅਸਵਾਰੁ ਹੋਆ, ਆਖਿਓਸੁ, 'ਨਾਨਕੁ ਭਲਾ ਵਜੀਰੁ ਥਾ'। ਖਾਨੁ ਘਰਿ ਆਇਆ।

ਆਗਿਆ ਪਰਮੇਸਰ ਕੀ ਹੋਈ, ਜੋ ਨਾਨਕੁ ਭਗਤੁ ਹਾਜਰੁ ਹੋਆ, ਤਾਂ

---

*ਤਨਖਾਹ ਤੋਂ ਵੱਖਰੀ ਜੋ ਰਸਦ ਖਾਣੇ ਲਈ ਮਿਲੇ ਸੋ ਅਲੂਫਾ।

†'ਦਰਬਾਰਿ ਦਫਤਰ ਮਨਾਘਿੰਨਿ' ਦੀ ਥਾਂ ਹਾ:ਬਾ: ਨੁਸਖੇ ਵਿਚ ਪਾਠ ਹੈ। 'ਦਰਬਾਰ ਫਰਮਾਣ ਲੇਕਰ'।

ਅੰਮ੍ਰਿਤ ਦਾ ਕਟੋਰਾ ਭਰਿ ਕਰਿ ਆਗਿਆ ਨਾਲਿ ਮਿਲਿਆ। ਹੁਕਮੁ ਹੋਆ, 'ਨਾਨਕ ! ਇਹੁ ਅੰਮ੍ਰਿਤੁ ਮੇਰੇ ਨਾਮ ਕਾ ਪਿਆਲਾ ਹੈ,ਤੂ ਪੀਉ'। ਤਬਿ ਗੁਰੂ ਨਾਨਕ ਤਸਲੀਮ ਕੀਤੀ, ਪਿਆਲਾ ਪੀਤਾ, ਸਾਹਿਬੁ ਮਿਹਰਵਾਨੁ ਹੋਆ, 'ਨਾਨਕੁ ਮੈਂ ਤੇਰੇ ਨਾਲਿ ਹਾਂ। ਮੈਂ ਤੇਰੇ ਤਾਈਂ ਨਿਹਾਲੁ ਕੀਆ ਹੈ, ਅਰੁ ਜੋ ਤੇਰਾ ਨਾਉ ਲੇਵੈਗਾ ਸੋ ਸਭ ਮੈ ਨਿਹਾਲੁ ਕੀਤੇ ਹੈਨਿ। ਤੂ ਜਾਇ ਕਰਿ ਮੇਰਾ ਨਾਮੁ ਜਪਿ, ਅਰੁ ਲੋਕਾ ਥੀਂ ਭੀ ਜਪਾਇ। ਅਰੁ ਸੰਸਾਰ ਥੀਂ ਨਿਰਲੇਪੁ ਰਹੁ, ਨਾਮੁ, ਦਾਨੁ, ਇਸਨਾਨੁ, ਸੇਵਾ, ਸਿਮਰਨ ਵਿਚਿ ਰਹੁ। ਮੈਂ ਤੇਰੇ ਤਾਈਂ ਆਪਣਾ ਨਾਮੁ ਦੀਆ ਹੈ। ਤੂ ਏਹਾ ਕਿਰਤਿ ਕਰਿ'। ਤਬਿ ਗੁਰੂ ਨਾਨਕ ਸਲਾਮ ਕੀਤਾ, ਖੜਾ ਹੋਆ, ਤਬਿ ਹੁਕਮੁ ਆਇਓ, ਆਗਿਆ ਹੋਈ, "ਨਾਨਕ ਮੇਰੇ ਨਾਮ ਦੀ ਵਡਿਆਈ ਕੈਸੀ ਹੈ ? ਕਹੁ'। ਤਬ ਬਾਬਾ ਬੋਲਿਆ, ਧੁਨਿ ਅਨਹਦੁ ਉਠੀ :–

ਸਿਰੀ ਰਾਗੁ ਮਹਲਾ ੧ ॥

ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥ ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੧॥ ਸਾਚਾ ਨਿਰੰਕਾਰੁ ਨਿਜ ਥਾਇ ॥ ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ ॥ ੧ ॥ ਰਹਾਉ ॥ ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ ॥ ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥ ੨ ॥ ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ ॥ ਨਦਰੀ ਕਿਸੈ ਨ ਆਵਉ ਨਾ ਕਿਛੁ ਪੀਆ ਨ ਖਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥ ੩ ॥ ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥ ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥ ੪ ॥ ੨ ॥

ਤਬਿ ਫਿਰਿ ਅਵਾਜੁ ਹੋਆ, 'ਨਾਨਕ ਮੇਰਾ ਹੁਕਮੁ ਤੇਰੀ ਨਦਰੀ ਆਇਆ ਹੈ ਤੂੰ ਮੇਰੇ ਹੁਕਮ ਕੀ ਸਿਫਤਿ ਕਰੁ। ਜੋ ਕਿਸੀ ਕਿਆ ਕਿਆ ਹੋਆ ਹੈ, ਅਤੇ ਮੇਰੇ ਦਰਿ ਵਿਚ ਕਿਆ ਕਿਆ ਸੁਣਿਆ ਬਜੰਤ੍ਰ ਗਾਵਨ ਹਾਰੇ'। ਤਬਿ ਬਾਬਾ ਬੋਲਿਆ ਧੁਨਿ ਉਠੀ :– ਰਾਗੁ ਆਸਾ ਜਪੁ ਮਃ ੧ ॥ ਸਲੋਕ ॥*

---

*ਹਾਫ਼ਜ਼ਾਬਾਦ ਵਾਲੇ ਨੁਸਖੇ ਦੇ ਉਤਾਰੇ ਵਿਚ 'ਜੋ ਕਿਸੀ...ਤੋਂ...ਸਲੋਕ' ਦੀ ਥਾਂ ਪਾਠ ਇਹ ਹੈ :–'ਅਜੀ ਜੀਉ ਕਾ ਆਖਿਆ ਹੋਆ ਕਿਆ ਹੈ ਅਤੇ ਮੇਰੀ ਨਦਰ ਵਿਚ ਕਿਆ ਆਖਿਆ ਸੁਣਿਆ ਜਾਵੇ ? ਅਤੇ ਜੰਤ ਤੇਰੇ ਹੁਕਮ ਨਾਲ਼ ਗਾਵਣ ਹਾਰ ਹੈ'। ਤਬ ਬਾਬਾ ਬੋਲਿਆ ਰਾਗ ਆਸਾ ਵਿਚ ਜਪੁ ਕੀਤਾ; ਮਹਲਾ ੧ ਸਲੋਕ :–

ਆਦਿ ਸਚੁ ਜੁਗਾਦਿ ਸਚੁ ॥ ਹੈਭੀ ਸਚੁ ਨਾਨਕ ਹੋਸੀ ਭੀ ਸਚੁ ॥ ੧ ॥*
ਜਪੁ ਸੰਪੂਰਣੁ ਕੀਤਾ ॥

ਤਬਿ ਫਿਰਿ ਆਗਿਆ ਆਈ, ਹੁਕਮੁ ਹੋਆ 'ਨਾਨਕ ਜਿਸੁ ਉਪਰਿ ਤੇਰੀ ਨਦਰਿ, ਤਿਸੁ ਉਪਰਿ ਮੇਰੀ ਨਦਰਿ। ਜਿਸੁ ਉਪਰਿ ਤੇਰਾ ਕਰਮੁ, ਤਿਸ ਉਪਰਿ ਮੇਰਾ ਕਰਮੁ। ਮੇਰਾ ਨਾਉ ਪਾਰਬ੍ਰਹਮੁ ਪਰਮੇਸਰੁ, ਅਰੁ ਤੇਰਾ ਨਾਉਂ ਗੁਰੂ ਪਰਮੇਸਰੁ'। ਤਬ ਗੁਰੂ ਨਾਨਕ ਪੈਰੀ ਪਇਆ ਸਿਰਪਾਉ ਦਰਗਾਹੋਂ ਬਾਬੇ ਨੂੰ† ਮਿਲਿਆ ਸਬਦੁ ਧੁਨਿ ਉਠੀ ਰਾਗੁ ਧਨਾਸਰੀ ਹੋਆ ਮਹਲਾ ੧‡ ਆਰਤੀ :—

ਗਗਨ ਮੈ ਥਾਲੁ ਰਵਿਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥ ੧ ॥
ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ ॥ ਅਨਹਤਾ ਸਬਦ ਵਾਜੰਤ
ਭੇਰੀ॥੧॥ਰਹਾਉ॥ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ
ਏਕ ਤੋਹੀ ॥ ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ
ਇਵ ਚਲਤ ਮੋਹੀ ॥ ੨ ॥ ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸਕੈ ਚਾਨਣਿ
ਸਭ ਮਹਿ ਚਾਨਣੁ ਹੋਇ ॥ ਗੁਰ ਸਾਖੀ ਜੋਤਿ ਪਰਗਟੁ ਹੋਇ॥ ਜੋ ਤਿਸੁ ਭਾਵੈ
ਸੁ ਆਰਤੀ ਹੋਇ ॥ ੩ ॥ ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨ-
ਦਿਨੋ ਮੋਹਿ ਆਹੀ ਪਿਆਸਾ ॥ ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ
ਹੋਇ ਜਾਤੇ ਤੇਰੈ ਨਾਮਿ ਵਾਸਾ ॥ ੪ ॥ ੧ ॥ ੭ ॥ ੯ ॥

ਤਬਿ ਆਗਿਆ ਉਨਾਂ ਸੇਵਕਾਂ ਨੋ ਹੋਈ, ਜੋ 'ਨਾਨਕ ਕਉ ਉਸੀ ਘਾਟਿ ਪਹੁਚਾਇ ਆਵਹੁ'।ਤਬਿ ਗੁਰੂ ਨਾਨਕ ਕੇ ਤਾਈਂ ਤੀਸਰੇ ਦਿਨਿ ਉਸੀ ਘਾਟਿ ਆਨਿ ਨਿਕਾਲਿਆ। ਦਰੀਆਉ ਵਿਚੂ ਨਿਕਲਿਆ ਤਬ ਲੋਕਾਂ ਡਿਠਾ। ਲੋਕਾਂ ਕਹਿਆ, 'ਯਾਰੋ, ਇਹੁ ਤਾਂ ਦਰੀਆਇ ਵਿਚਿ ਪਇਆ ਆਹਾ, ਏਹੁ ਕਿਥੂ ਪੈਦਾ ਹੋਆ ?' ਤਬਿ ਗੁਰੂ ਨਾਨਕੁ ਡੇਰੈ ਆਇ ਕਰਿ ਵੜਿਆ। ਡੇਰਾ ਸਭੁ ਲੁਟਾਇ ਦੂਰਿ ਕੀਤੋਸੁ। ਲੋਕੁ ਬਹੁਤੁ ਜੁੜਿ ਗਏ, ਖਾਨੁ ਭੀ ਆਇ ਗਇਆ,ਆਖਿਓਸੁ, 'ਨਾਨਕ ਤੇਰੇ ਤਾਈ ਕਿਆ ਹੋਆ ਹੈ'। ਤਬਿ ਲੋਕਾ ਕਹਿਆ, 'ਜੀ ਏਹੁ ਦਰੀਆਉ ਵਿਚਿ ਪਇਆ

---

*ਇਸ ਤੋਂ ਅਗੇ ਹਾਫਜ਼ਾਬਾਦ ਵਾਲੀ ਪੋਥੀ ਵਿਚ—'ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖਵਾਰ ॥ ਚੁਪੈ ਚੁਪਿ ਨ ਹੋਵਈ ਜੇ ਲਾਇ ਰਹਾ ਲਿਵਤਾਰ ॥ ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥ ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥ ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ ੧ ॥' ਪਾਠ ਜ਼ਿਆਦਾ ਹੈ।

†'ਦਰਗਾਹੋਂ ਬਾਬੇ ਨੂੰ' ਹਾਫਜ਼ਾਬਾਦ ਵਾਲੀ ਪੋਥੀ ਦਾ ਪਾਠ ਹੈ।

‡'ਮਹਲਾ ੧' ਹਾ:ਬਾ: ਵਾਲੇ ਨੁਸਖੇ ਵਿਚੋਂ ਹੈ।

ਆਹਾ, ਦਰੀਆਉ ਵਿਚੋ ਚੋਟਿ ਖਾਧੀ'। ਤਬਿ ਖਾਨ ਕਹਿਆ, 'ਯਾਰੋ ਵਡਾ ਹੈਫੁ ਹੋਆ'। ਖਾਨੁ ਦਲਗੀਰ ਹੋਇ ਕਰਿ ਉਠਿ ਗਇਆ। ਤਬਿ ਗੁਰੂ ਨਾਨਕ ਕੇ ਤੇੜਿ ਇਕਾ ਲੰਗੋਟੀ ਰਹੀ; ਹੋਰੁ ਰਖਿਓਸੁ ਕਿਛੁ ਨਾਹੀ। ਫ਼ਕੀਰਾਂ ਨਾਲਿ ਜਾਇ ਬੈਠਾ। ਨਾਲੇ ਮਰਦਾਨਾ ਡੂਮੁ ਜਾਇ ਬੈਠਾ।

## ੧੧. ਕਾਜੀ ਚਰਚਾ, ਨਿਮਾਜ, ਮੋਦੀ ਦੀ ਕਾਰ ਤਿਆਗੀ.

ਤਬਿ ਗੁਰੂ ਨਾਨਕ ਚੁਪ ਕਰਿ ਰਹਿਆ।

ਤਬਿ ਇਕੁ ਦਿਨ ਗੁਜਰ ਗਇਆ। ਤਬਿ ਅਗਲੈ ਦਿਨਿ ਬਕਿ* ਖਲਾ ਹੋਇਆ, ਜੋ 'ਨਾ ਕੋਈ ਹਿੰਦੂ ਹੈ, ਨਾ ਕੋ ਮੁਸਲਮਾਨੁ ਹੈ'। ਜਬ ਬੋਲੈ, ਤਾਂ ਇਹੋ ਅਵਾਜ ਕਰੈ†। ਤਬਿ ਲੋਕਾ ਜਾਇ ਕਰਿ ਖਾਨ ਜੋਗੁ ਕਹਿਆ, 'ਜੋ ਬਾਬਾ ਨਾਨਕੁ ਆਖਦਾ ਹੈ, ਜੋ ਨਾ ਕੋ ਹਿੰਦੂ ਹੈ, ਨਾ ਕੋ ਮੁਸਲਮਾਨ ਹੈ'। ਤਬਿ ਖਾਨ ਕਹਿਆ, 'ਇਸਕੇ ਖਿਆਲ਼ ਨਾਹੀ ਪਉਣਾ, ਇਹੁ ਫਕੀਰੁ ਹੈ'। ਤਬਿ ਇਕੁ ਨੇੜੈ ਕਾਜੀ ਬੈਠਾ ਥਾ,ਉਨਿ ਕਾਜੀ ਕਹਿਆ, 'ਖਾਨ ਜੀ ! ਅਜਬੁ ਹੈ, ਕਿਉਂ ਜੋ ਆਖਿਦਾ ਹੈ ?–ਨਾ ਕੋ ਹਿੰਦੂ ਹੈ, ਨਾ ਕੋ ਮੁਸਲਮਾਨੁ ਹੈ–'। ਤਬਿ ਖਾਨਿ ਕਹਿਆ ਆਦਮੀ ਤਾਈ, ਜੋ 'ਬੁਲਾਇ ਆਣਿ'। ਤਬ ਆਦਮੀ ਆਇਕੇ ਕਹਿਣ ਲਗੇ‡, 'ਨਾਨਕ ! ਤੇਰੇ ਤਾਈ ਖਾਨੁ ਬੁਲਾਇੰਦਾ ਹੈ'। ਤਬਿ ਗੁਰੂ ਨਾਨਕ ਕਹਿਆ, 'ਮੈ ਤੇਰੇ ਖਾਨ ਦੀ ਕਿਆ ਪਰਵਾਹਿ ਪੜੀ ਹੈ ?' ਤਬਿ ਲੋਕਾਂ ਕਹਿਆ, 'ਇਹੁ ਕਮਲਾ ਦਿਵਾਨਾ ਹੋਆ ਹੈ'। ਤਬਿ ਗੁਰੂ ਨਾਨਕ ਕਹਿਆ, 'ਮਰਦਾਨਿਆ ! ਰਬਾਬੁ ਵਜਾਇ'। ਤਾਂ ਮਰਦਾਨੈ ਰਬਾਬੁ ਵਜਾਇਆ; ਰਾਗੁ ਮਾਰੂ ਕੀਤਾ, ਬਾਬੈ ਸਬਦ ਉਠਾਇਆ :–

ਮਾਰੂ ਮਹਲਾ ੧ ॥

ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥ ਕੋਈ ਆਖੈ ਆਦਮੀ ਨਾਨਕੁ ਵੇਚਾਰਾ ॥ ਭਇਆ ਦਿਵਾਨਾ ਸਾਹਕਾ ਨਾਨਕੁ ਬਉਰਾਨਾ ॥ ਹਉ ਹਰਿ ਬਿਨੁ ਅਵਰੁ ਨ ਜਾਨਾ ॥ ੧ ॥ ਰਹਾਉ ॥ ਤਉ ਦੇਵਾਨਾ ਜਾਣੀਐ ਜਾ ਭੈ ਦੇਵਾਨਾ ਹੋਇ ॥ ਏਕੀ ਸਾਹਿਬ ਬਾਹਰਾ ਦੂਜਾ ਅਵਰੁ ਨ ਜਾਣੈ ਕੋਇ ॥੨॥ ਤਉ ਦੇਵਾਨਾ ਜਾਣੀਐ ਜਾ ਏਕਾ ਕਾਰ ਕਮਾਇ ॥ ਹੁਕਮੁ ਪਛਾਣੈ ਖਸਮ ਕਾ ਦੂਜੀ ਅਵਰ ਸਿਆਣਪ ਕਾਇ ॥ ੩ ॥ ਤਉ ਦੇਵਾਨਾ ਜਾਣੀਐ ਜਾ ਸਾਹਿਬ ਧਰੇ ਪਿਆਰੁ॥ਮੰਦਾ ਜਾਣੈਆਪ ਕਉ ਅਵਰੁ ਭਲਾ ਸੰਸਾਰੁ॥੪॥੭॥

ਤਬਿ ਫਿਰਿ ਬਾਬਾ ਚੁਪ ਕਰਿ ਰਹਿਆ। ਜਾ ਕੁਛ ਬੋਲੈ ਤਾਂ ਏਹੀ ਵਚਨ

---

*'ਬਕਨਾ'ਦੇ ਪੁਰਾਤਨ ਪੰਜਾਬੀ ਵਿਚ ਕੇਵਲ 'ਬੋਲਣਾ' ਅਰਥ ਹੁੰਦੇ ਸਨ।

†'ਜਬ...ਤੋਂ...ਕਰੇ' ਤਕ ਦਾ ਪਾਠ ਹਾਫ਼ਜ਼ਾਬਾਦੀ ਉਤਾਰੇ ਵਿਚੋਂ ਹੈ।

‡'ਤਬ ਆਦਮੀ ਆਇਕੇ ਕਹਿਣ ਲਗੇ' ਪਾਠ ਹਾ:ਬਾ: ਨੁਸਖੇ ਦਾ ਹੈ।

ਕਹੈ, ਜੋ 'ਨਾ ਕੋ ਹਿੰਦੂ ਹੈ, ਨਾ ਕੋ ਮੁਸਲਮਾਨੁ ਹੈ'। ਤਬਿ ਕਾਜੀ ਕਹਿਆ, 'ਖਾਨ ਜੀ ਇਹੁ ਭਾਲਾ ਹੈ,ਜੋ ਕਹੰਦਾ ਹੈ–ਨਾ ਕੋ ਹਿੰਦੂ ਹੈ,ਨਾ ਕੋ ਮੁਸਲਮਾਨ ਹੈ–'। ਤਬਿ ਖਾਨਿ ਕਹਿਆ, 'ਜਾਇ ਕਰਿ ਨਾਨਕ ਫਕੀਰ ਤਾਂਈ* ਲੈ ਆਵਹੁ'। ਤਾਂ ਪਿਆਦੇ ਗਏ। ਓਨਿ ਕਹਿਆ, 'ਜੀ ਖਾਨੁ ਬੁਲਾਇੰਦਾ ਹੈ। ਖਾਨੁ ਕਹੰਦਾ ਹੈ,–ਅਜ਼ ਬਰਾ ਖੁਦਾਇਕੇ ਤਾਂਈ ਦੀਦਾਰੁ ਦੇਹਿ†। ਮੈਂ ਤੇਰੇ ਦੀਦਾਰ ਨੂੰ ਚਾਹਿੰਦਾ ਹਾਂ–'। ਤਬਿ ਗੁਰੂ ਨਾਨਕੁ ਉਠਿ ਚਲਿਆ, ਆਖਿਓਸੁ,'ਅਬਿ ਮੇਰੇ ਸਾਹਿਬ ਕਾ ਸੱਦਾ ਆਇਆ ਹੈ, ਮੈਂ ਜਾਵਾਂਗਾ'। ਤਬਿ ਮੁਤਕਾ ਗਲਿ ਵਿਚ ਪਾਇ ਗਇਆ, ਆਇ ਕਰ‡, ਖਾਨ ਜੋਗੁ ਮਿਲਿਆ। ਤਬਿ ਖਾਨਿ ਕਹਿਆ, 'ਨਾਨਕ! ਦੋਸਤੀ ਖੁਦਾਇ ਕੀ, ਗਲੋਂ ਮੁਤਕਾ ਲਾਹਿ, ਕਮਰ ਬੰਧੁ ਤੂ ਭਲਾ ਫਕੀਰ ਹੈਂ!'। ਤਬਿ ਗੁਰੂ ਨਾਨਕ ਗਲੋਂ ਮੁਤਕਾ ਲਾਹਿਆ, ਕਮਰ ਬੰਧੀ। ਤਬਿ ਖਾਨਿ ਕਹਿਆ, 'ਨਾਨਕ ਮੇਰੀ ਕੰਮਖਤੀ ਹੈ, ਜੋ ਤੁਹਿ ਜੇਹਾ ਵਜੀਰੁ ਫਕੀਰੁ ਹੋਵੈ'। ਤਬਿ ਖਾਨਿ ਗੁਰੂ ਨਾਨਕ ਕਉ ਆਪਣੇ ਪਾਸਿ ਬਹਾਲਿਆ, ਅਰੁ ਕਹਿਓਸੁ, 'ਰੇ ਕਾਜੀ! ਕਾਈ ਬਾਤ ਪੁਛਤਾ ਹੈ ਤਾਂ ਪੁਛੁ, ਨਾਹੀਂ ਤਾਂ ਏਹੁ ਬਹੁੜਿ ਸੁਖਨੁ ਕਰੇਗਾ ਨਾਹੀ'। ਤਬਿ ਕਾਜੀ ਦਲਗੀਰੁ ਹੋਇ ਕਰਿ ਹਸਿਆ। ਤਬ ਕਾਜੀ ਕਹਿਆ, 'ਨਾਨਕ! ਤੂ ਜੋ ਕਹੰਦਾ ਹੈ,–ਨਾ ਕੋ ਹਿੰਦੂ ਹੈ, ਨਾ ਕੋ ਮੁਸਲਮਾਨੁ ਹੈ–' ਸੋ ਤੈਂ ਕਿਆ ਪਾਇਆ ਹੈ?' ਤਬਿ ਬਾਬੈ ਨਾਨਕ ਕਹਿਆ ਸਲੋਕ, ਰਾਗੁ ਮਾਝ ਵਿਚਿ :– ਸਲੋਕ ਮਃ ੧ ॥

ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ॥ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲਮਾਨਾ ਮਾਲੁ ਮੁਸਾਵੈ॥ ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ ॥ ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ ॥ ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ ॥ ੧ ॥ ਸਲੋਕੁ ਮਃ ੧ ॥

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥ ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ ॥ ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ ॥ ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ॥ ੧ ॥ ਮਃ ੧ ॥

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ॥ ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥ ਨਾਨਕ ·ਗਲੀ

---

*ਪਾਠਾਂਤ੍ਰ 'ਨਾਨਕ ਫਕੀਰ ਤਾਂਈਂ' ਹਾਫਜ਼ਾਬਾਦ ਵਾਲੀ ਪੋਥੀ ਦੇ ਉਤਾਰੇ ਵਿਚੋਂ ਹੈ। †'ਅਜ਼...ਤੋਂ...ਦੇਹਿ' ਤਕ ਦੀ ਥਾਂ ਹਾ:ਬਾ: ਵਾਲੇ ਨੁਸਖੇ ਦੇ ਉਤਾਰੇ ਵਿਚ ਪਾਠ ਹੈ–'ਅਜ਼ ਬਰਾਹ ਖੁਦਾ ਏਕ ਬਾਰ ਦੀਦਾਰ ਦੇਹ'।

‡ਪਾਂਠਾਂਤ੍ਰ–'ਆਇਕੇ' ਹੈ।

ਕੂੜੀਈ ਕੂੜੋ ਪਲੈ ਪਾਇ ॥ ੨ ॥ ਮ: ੧ ॥ ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ॥ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥ ਕਰਣੀ ਕਲਮਾ ਆਖਿਕੈ ਤਾ ਮੁਸਲਮਾਣੁ ਸਦਾਇ ॥ ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥੩॥

ਜਬ ਇਹੁ ਸਲੋਕੁ ਬਾਬੇ ਦਿਤਾ, ਤਬਿ ਕਾਜੀ ਹੈਰਾਨੁ ਹੋਇ ਰਹਿਆ। ਤਬ ਖਾਨਿ ਕਹਿਆ, 'ਕਾਜੀ, ਇਸ ਕਉ ਪੁਛਣ ਕੀ ਤਕਸੀਰ ਰਹੀ ਨਾਹੀ*'। †ਤਬ ਪੇਸੀ ਕੀ ਨਿਮਾਜ ਕਾ ਵਖਤੁ ਹੋਇਆ, ਸਭ ਉਠਿ ਕਰਿ ਨਿਵਾਜ ਗੁਜਾਰਣ ਗਏ, ਅਰੁ ਬਾਬਾ ਭੀ ਨਾਲ ਗਇਆ। ਤਬਿ ਕਾਜੀ ਸਭਨਾ ਤੇ ਅਗੈ ਖੜਾ ਹੋਆ,ਨਿਵਾਜ ਲਗਾ ਕਰਣੈ। ਤਬਿ ਬਾਬਾ ਕਾਜੀ ਕੀ ਤਰਫ ਦੇਖਿ ਕਰਿ ਹਸਿਆ। ਤਬਿ ਕਾਜੀ ਡਿਠਾ ਜੋ ਨਾਨਕੁ ਹਸਦਾ ਹੈ, ਤਬਿ ਨਿਮਾਜ ਕਰਿ ਆਏ। ਤਬਿ ਕਾਜੀ ਕਹਿਆ, 'ਖਾਨ ਜੀ ਸਲਾਮਤਿ, ਡਿਠੋ ਕਿਉਂ ਜੋ ਮੁਸਲਮਾਨਾ ਕੀ ਤਰਫ (ਧਿਰ)‡ ਹਿੰਦੂ ਦੇਖਿ ਦੇਖਿ ਹਸਦਾ ਹੈ, ਤੂ ਜੋ ਆਖਦਾ ਹੈ ਜੋ ਨਾਨਕੁ ਭਲਾ ਹੈ'। ਤਬਿ ਖਾਨਿ ਕਹਿਆ, 'ਨਾਨਕ! ਕਾਜੀ ਕਿਆ ਕਹੰਦਾ ਹੈ?' ਤਬ ਬਾਬੈ ਕਹਿਆ 'ਖਾਨ ਜੀ! ਮੈਂ ਕਾਜੀ ਕੀ ਕਿਆ ਪਰਵਾਹ ਪਰੀ ਹੈ, ਪਰੁ ਕਾਜੀ ਕੀ ਨਿਵਾਜ ਕਬੂਲੁ ਨਾਹੀ ਪਈ, ਮੈ ਇਤਿ ਵਾਸਤੇ ਹਸਿਆ ਥਾ'। ਤਬਿ ਕਾਜੀ ਕਹਿਆ, 'ਖਾਨ ਜੀ! ਇਨ ਕਾਈ ਪਾਈ ਹੈ ਤਾਂ ਮੇਰੀ ਤਕਸੀਰ ਜਾਹਰ ਕਰਉ[A]'। ਤਬਿ ਬਾਬੇ ਕਹਿਆ, 'ਖਾਨ ਜੀ! ਜਬ ਏਹੁ ਨਿਵਾਜ ਉਪਰਿ ਖੜਾ ਥਾ ਤਬਿ ਇਨ ਕਾ ਮੰਨ ਠਉੜ ਨਾ ਥਾ[B], ਇਨ ਕੀ[C] ਘੋੜੀ ਸੂਈ ਥੀ; ਵਛੇਰੀ ਜਮੀ ਥੀ, ਅਰੁ ਵਛੇਰੀ ਛਡਿ ਕਰਿ ਆਇਆ ਥਾ। ਅਰੁ ਵੇੜੇ ਵਿਚਿ ਖੂਹੀ ਥੀ। ਅਰੁ ਇਨਿ ਕਹਿਆ, ਮਤੁ ਵਛੇਰੀ ਖੂਹੀ ਵਿਚ ਪਉਂਦੀ ਹੋਵੇ। ਇਨਕਾ ਮਨੁ ਉਹਾਂ ਗਇਆ ਆਹਾ,ਇਸਕੀ ਨਿਮਾਜ ਕਬੂਲ ਨਹੀਂ ਪੜੀ[D]'। ਤਬਿ ਕਾਜੀ ਆਇ ਪੈਰੀ ਪਇਆ। ਆਖਿਓਸੁ, 'ਵਾਹੁ ਵਾਹੁ! ਇਸ ਕਉ ਖੁਦਾਇ ਕੀ ਨਿਵਾਜਸ ਹੋਈ ਹੈ'। ਤਬਿ ਕਾਜੀ ਪਤੀਣਾ। ਤਬਿ ਬਾਬੇ ਸਲੋਕੁ ਦਿੱਤਾ:-

ਮੁਸਲਮਾਨੁ ਮੁਸਾਵੈ ਆਪੁ ॥ ਸਿਦਕੁ ਸਬੂਰੀ ਕਲਮਾ ਪਾਕ ॥ ਖੜੀ ਨ ਛੇੜੈ

---

*ਪਾਠਾਂਤ੍ਰ ਹੈ-'ਕਾਜੀ ਇਸ ਨੂੰ ਪੁਛਣੇ ਕੀ ਤਕਸੀਰ ਹੈ'।

†ਵਲੈਤ ਵਾਲੇ ਨੁਸਖ਼ੇ ਵਿਚ ਇਸ ਥਾਵੇਂ ਚਰਖੜੀ ਦਾ ਨਿਸ਼ਾਨ ਦੇ ਕੇ ਹਾਸ਼ੀਏ ਦੇ ਬਾਹਰ ਲਿਖਿਆਂ ਹੈ-'ਤਬ ਪੇਸੀ ਕੀ ਨਿਮਾਜ ਕਾ'।

‡ਇਹ ( ) ਨਿਸ਼ਾਨ ਅਸਾਂ ਲਾਇਆ ਹੈ, ਤਰਫ ਦਾ ਅਰਥ ਹੈ-'ਧਿਰ'।

[A]ਪਾਠਾਂਤ੍ਰ ਹੈ-ਕਰੇ।

[B]ਪਾਠਾਂਤ੍ਰ-'ਇਸਕਾ ਈਮਾਨ ਠਉੜ ਨਾ ਥਾ' ਬੀ ਹੈ।

[C]ਪਾਠਾਂਤ੍ਰ-'ਇਸਕੀ' ਹੈ।

[D]'ਇਸਕੀ...ਤੋਂ...ਪੜੀ' ਤਕ ਦਾ ਪਾਠ ਹਾ:ਬਾ: ਨੁਸਖੇ ਵਿਚ ਵੱਧ ਹੈ।

ਪੜੀ ਨ ਖਾਇ ॥ ਨਾਨਕ ਸੋ ਮੁਸਲਮਾਨੁ ਭਿਸਤ ਕਉ ਜਾਇ* ॥

ਜਾਂ ਬਾਬੇ ਏਹੁ ਸਲੋਕੁ ਬੋਲਿਆ, ਤਾਂ ਸਯੀਅਦ, ਸੇਖਜਾਦੇ, ਕਾਜੀ, ਮੁਫਤੀ, ਖਾਨ, ਖਨੀਨ, ਮਹਰ, ਮੁਕਦਮ ਹੈਰਾਨ ਹੋਇ ਰਹੈ। ਖਾਨੁ ਬੋਲਿਆ, 'ਕਾਜੀ ! ਨਾਨਕੁ ਹਕੁ ਨੂ ਪਹੁਤਾ ਹੈ, ਅਵਰੁ ਪੁਛਣ ਕੀ ਤਕਸੀਰ ਰਹੀ†'। ਜਿਤੁ ਵਲਿ ਬਾਬਾ ਨਦਰਿ ਕਰੇ, ਤਿਤੁ ਵਲਿ ਸਭ ਕੋਈ ਸਲਾਮੁ ਕਰੇ। ਤਬਿ ਬਾਬਾ ਬੋਲਿਆ ਸਬਦੁ :— ਸਿਰੀ ਰਾਗੁ ਮਹਲਾ ੧ ਘਰੁ ੩ ॥

ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ ਸਚ ਕੀ ਆਬ ਨਿਤ ਦੇਹਿ ਪਾਣੀ॥
ਹੋਇ ਕਿਰਸਾਣੁ ਈਮਾਨੁ ਜੰਮਾਇਲੈ ਭਿਸਤੁ ਦੋਜਕੁ ਮੂੜੇ ਏਵ ਜਾਣੀ ॥੧॥
ਮਤੁ ਜਾਣਸਹਿ ਗਲੀ ਪਾਇਆ ॥ ਮਾਲ ਕੈ ਮਾਣੈ ਰੂਪ ਕੀ ਸੋਭਾ ਇਤੁ
ਬਿਧੀ ਜਨਮੁ ਗਵਾਇਆ ॥ ੧ ॥ ਰਹਾਉ ॥ ਐਬ ਤਨਿ ਚਿਕੜੋ ਇਹੁ ਮਨੁ
ਮੀਡਕੋ ਕਮਲ ਕੀ ਸਾਰ ਨਹੀ ਮੂਲਿ ਪਾਈ ॥ ਭਉਰੁ ਉਸਤਾਦੁ ਨਿਤ
ਭਾਖਿਆ ਬੋਲੇ ਕਿਉ ਬੂਝੈ ਜਾਨਹ ਬੁਝਾਈ॥ ੨ ॥ ਆਖਣੁ ਸੁਨਣਾ ਪਉਣ
ਕੀ ਬਾਣੀ ਇਹੁ ਮਨੁ ਰਤਾ ਮਾਇਆ॥ਖਸਮ ਕੀ ਨਦਰਿ ਦਿਲਹਿ ਪਸਿੰਦੇ
ਜਿਨੀ ਕਰਿ ਏਕੁ ਧਿਆਇਆ ॥ ੩ ॥ ਤੀਹ ਕਰਿ ਰਖੇ ਪੰਜ ਕਰਿ ਸਾਥੀ
ਨਾਉ ਸੈਤਾਨੁ ਮਤੁ ਕਟਿ ਜਾਈ ॥ ਨਾਨਕੁ ਆਖੈ ਰਾਹਿ ਪੈ ਚਲਣਾ ਮਾਲੁ
ਧਨੁ ਕਿਤਕੂ ਸੰਜਿਆਈ ॥ ੪ ॥ ੨੭ ॥

ਜਾਂ ਬਾਬੇ ਏਹੁ ਸਬਦੁ ਬੋਲਿਆ, ਤਬਿ ਖਾਨੁ ਆਇ ਪੈਰੀ ਪਇਆ। ਤਬਿ ਲੋਕਿ ਹਿੰਦੂ ਮੁਸਲਮਾਨੁ ਆਇ ਲਗੈ ਖਾਨ ਨੂੰ ਕਹਿਣ, 'ਜੋ ਨਾਨਕ ਵਿਚਿ ਖੁਦਾਇ ਬੋਲਦਾ ਹੈ'। ਤਬਿ ਖਾਨਿ ਕਹਿਆ, 'ਨਾਨਕ ! ਰਾਜੁ ਮਾਲੁ ਹੁਕਮੁ ਹਾਸਲੁ ਸਭਿ ਤੇਰਾ ਹੈ'।ਤਬਿ ਗੁਰੂ ਨਾਨਕ ਕਹਿਆ, 'ਖੁਦਾਇ ਤੇਰਾ ਭਲਾ ਕਰੇਗਾ, ਹੁਣਿ ਟਿਕਣ ਕੀ ਬਾਤਿ ਰਹੀ, ਰਾਜੁ, ਮਾਲੁ, ਘਰ ਬਾਰ ਤੇਰੇ ਹੈਨਿ, ਅਸੀਂ ਤਿਆਗਿ ਚਲੇ'।

ਜਾਇ ਫਕੀਰਾਂ ਵਿਚਿ ਬੈਠਾ, ਤਬਿ ਫਕੀਰ ਉਠਿ ਹਥਿ ਬੰਨਿ ਖੜੇ ਹੋਇ ਲਾਗੈ ਸਿਫਤਿ ਕਰਣਿ। ਆਖਨਿ ਜੋ 'ਨਾਨਕੁ ਸਚਿ ਰੋਜੀ‡ ਥੀਆ ਹੈ, ਅਤੈ ਸਚਿ ਕੀ ਰੰਗਣਿ ਵਿਚਿ ਰਤਾ ਹੈ'। ਤਾਂ ਬਾਬਾ ਬੋਲਿਆ, 'ਮਰਦਾਨਿਆਂ, ਰਬਾਬੁ ਵਜਾਇ'। ਤਬਿ ਮਰਦਾਨੇ ਰਬਾਬੁ ਵਜਾਇਆ, ਰਾਗੁ ਤਿਲੰਗੁ ਕੀਤਾ, ਬਾਬੇ ਸਬਦੁ ਉਠਾਇਆ—

ਤਿਲੰਗ ਮਹਲਾ ੧ ਘਰੁ ੩ ॥

ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ ॥ ਮੇਰੈ ਕੰਤ
ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ ॥ ੧ ॥ ਹੰਉ ਕੁਰਬਾਨੈ

---

*ਇਹ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਹੈ, ਬਾਹਰ ਦਾ ਹੈ। ਮਲੂਮ ਹੁੰਦਾ ਹੈ ਕਿ 'ਮਸਕਲਮਾਨਾ ਮਾਲੁ ਮੁਸਾਵੈ' ਵਾਲਾ ਪਿਛੇ ਆ ਚੁਕਾ ਸਲੋਕ ਫੇਰ ਏਥੇ ਹੈਸੀ। †ਪਾਠਾਂਤ੍ਰ—'ਤਕਸੀਰ ਰਹੀ ਨਾਹੀ' ਬੀ ਹੈ। ‡ਪਾ: 'ਰੋਚੀ'।

ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ ॥ ਹੰਉ ਕੁਰਬਾਨੈ ਜਾਉ ਤਿਨਾਕੈ ਲੈਨ ਜੋ ਤੇਰਾ ਨਾਉ ॥ ਲੈਨਿ ਜੋ ਤੇਰਾ ਨਾਉ ਤਿਨਾਕੈ ਹੱਉ ਸਦ ਕੁਰਬਾਨੈ ਜਾਉ ॥ ੧ ॥ ਰਹਾਉ ॥ ਕਾਇਆ ਰੰਙਣਿ ਜੇਥੀਐ ਪਿਆਰੇ ਪਾਈਐ ਨਾਉ ਮਜੀਠ ॥ ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ ॥ ੨ ॥ ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾਕੈ ਪਾਸਿ ॥ ਧੂੜਿ ਤਿਨਾਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ ॥੩॥ ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ ॥ ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ ਰਾਵੇਇ ॥ ੪ ॥ ੧ ॥ ੩ ॥

ਤਬਿ ਫਕੀਰਾਂ ਆਇ ਪੈਰੁ ਚੁਮੈ, ਦਸਤ ਪੰਜਾ ਲੀਆ। ਬਾਬੇ ਦੀ ਬਹੁਤ* ਖੁਸੀ ਹੋਈ ਫਕੀਰਾਂ ਉਪਰਿ,ਬਹੁਤੁ ਮਿਹਰਵਾਨੁ ਹੋਇਆ।ਖਾਨੁ ਭੀ ਆਇ ਗਇਆ। ਲੋਕ ਹਿੰਦੂ ਮੁਸਲਮਾਨ ਜੁ ਕੋਈ ਸਾ ਸਭ ਸਲਾਮ ਕਰਿ ਖੜਾ ਹੋਆ। ਤਬਿ ਗੁਰੂ ਪਾਸੋਂ ਵਿਦਾ ਹੋਇ।ਖਾਨੁ ਘਰਿ ਆਇਆ, ਆਇ ਕਰਿ ਦੇਖੈ ਤਾ ਕੋਠੜੀਆ ਖਜਾਨੇ ਕੀਆ ਭਰੀਆ ਪਈਆ ਹੈਨਿ। ਤਬਿ ਬਾਬੇ ਦੀ ਖੁਸੀ ਹੋਈ, ਮਰਦਾਨੇ ਨੂੰ ਨਾਲੇ ਲੈਕਰਿ ਚਲਿਦਾ ਰਹਿਆ।

## ੧੨. ਮਰਦਾਨੇ ਦੀ ਪੂਜਾ ਕਰਾਈ.

ਤਬਿ ਬਾਬਾ ਜੀ ਉਜੜ ਕਉ ਚਲੇ†। ਤਬ ਕਿਤੇ ਵਸਦੀ ਵੜੇ ਨਾਹੀ।ਕਿਤੇ ਜੰਗਲਿ ਕਿਤੇ ਦਰੀਆਇ,ਕਿਥਈ ਟਿਕੇ ਨਾਹੀ। ਕਦੇ ਜੇ ਮਰਦਾਨੈ ਨੂ ਭੁਖ ਲਗੈ, ਤਾਂ ਬਾਬਾ ਆਖੈ, 'ਮਰਦਾਨਿਆ ਭੁਖਿ ਲਾਗੀ ਹੀ‡ ?' ਤਾ ਮਰਦਾਨਾ ਆਖੇ,'ਜੀ, ਤੂ ਸਭ ਕਿਛੁ ਜਾਣਦਾ ਹੈਂ'। ਤਬਿ ਬਾਬੇ ਆਖਿਆ, 'ਮਰਦਾਨਿਆ, ਸਿਧੋਂ ਹੀ ਵਸਦੀ ਜਾਇ ਖਲੋਤੁ, ਆਗੈ ਉਪਲਿ ਖਤ੍ਰੀ ਹੈਨਿ, ਤਿਸਦੇ ਘਰਿ ਜਾਇ ਖੜੋਉ, ਚੁਪਾਤੇ, ਓਥੈ ਓਇ ਖਵਾਇੰਦੇ ਹਿਨਿਗੇ। ਮਰਦਾਨਿਆਂ ! ਤੈਨੂੰ ਜਾਂਦੇ ਹੀ ਨਾਲਿ ਕੋਈ ਹਿੰਦੂ ਕੋਈ ਮੁਸਲਮਾਨੁ, ਜੋ ਕੋਈ ਆਇ ਮੁਹਿ ਲਗੇਗਾ, ਸੋਈ ਆਇ ਪੈਰੀ ਪਵੈਗਾ। ਛਤ੍ਰੀਹ ਅੰਮ੍ਰਿਤ੍ਰ[A] ਆਨਿ ਆਗੇ ਰਾਖਨਿਗੇ। ਕੋਈ ਰੁਪਯੇ ਪਯੀਏ[B] ਆਨਿ ਰਖਨਿਗੇ, ਕੋਈ ਆਨਿ ਪਰਕਾਲੇ ਰਖਨਿਗੈ,ਕੋਈ ਪੁਛਸੀਆ ਭੀ ਨਾਹੀਂ, ਜੋ ਤੂ ਕਿਥੋਂ ਆਇਆ ਹੈਂ ? ਕਿਸਦਾ ਆਦਮੀ ਹੈਂ ? ਜੋ ਕੋਈ ਆਇ ਮੁਹਿ ਲਾਗੈਗਾ ਸੋਈ ਆਖੈਗਾ,—ਜੋ ਮੈ ਆਪਣਾ ਸਰਵਸੁ ਆਨਿ ਅਗੈ ਰਖਾ—। ਆਖਨਿਗੇ,

---

*'ਬਹੁਤ' ਪਦ ਹਾ: ਵਾ: ਨੁਸਖੇ ਵਿਚੋਂ ਲਿਆ ਹੈ।

†'ਤਬ...ਤੋਂ ਚਲੇ' ਪਾਠ ਹਾ:ਬਾ: ਨੁਸਖੇ ਦੇ ਉਤਾਰੇ ਦਾ ਹੈ।

‡ਪਾਠਾਂਤ੍ਰ—'ਹੈ ?' ਬੀ ਹੈ।

[A]ਮੁਰਾਦ 'ਅੰਮ੍ਰਿਤ' ਤੋਂ ਹੈ।

[B]ਵਲੈਤ ਪੁਜੇ ਨੁਸਖੇ ਵਿਚ ਏਥੇ 'ਪਯੀਏ' ਪਾਠ ਰੁਪਯੇ ਦੇ ਨਾਲ ਹੈ, ਇਸ ਪਦ ਦੀ ਮੁਰਾਦ ਗ਼ਾਲਬਨ 'ਪਜੀਹੇ' ਤੋਂ ਹੈ ਜੋ ਰੁਪਯੇ ਦਾ ਹੀ ਨਾਮ ਹੈ।

ਜੋ ਅਸੀ ਨਿਹਾਲੁ ਹੋਏ, ਜੋ ਅਸਾਨੂੰ ਇਹੁ ਦੀਦਾਰੁ ਹੋਆ—'।

ਬਾਬੈ ਦੀ ਖੁਸੀ ਹੋਈ,ਮਰਦਾਨਾ ਇਕ ਦਿਨਿ ਸਹਰ ਨੂ ਭੇਜਿਆ।ਭੇਜਦਿਆਂ ਨਾਲਿ ਪੂਜਾ ਬਹੁਤੁ ਲਾਗੀ, ਜਾਂ ਗਇਆ, ਤਾਂ ਸਾਰਾ ਸਹੁਰੁ ਆਇ ਪੈਰੀ ਪਇਆ। ਜਾਂ ਗਇਆ, ਤਾਂ ਪੰਜੀਹੈ ਕਪੜੈ ਪੰਡਿ ਬੰਨਿਕੈ ਲੈ ਆਇਆ। ਬਾਬਾ ਹਸਦਾ ਹਸਦਾ ਨਿਲੋਟੁ ਹੋਆ। ਬਾਬੇ ਪਾਸਿ ਮਰਦਾਨਾ ਕਪੜੇ ਪੰਜੀਹੈ ਲੈ ਆਇਆ।ਬਾਬਾ ਵੇਖੈ, ਤਾ ਬੰਨੀ ਪੰਡਿ ਲਈ ਆਵਦਾ ਹੈ, ਤਬਿ ਬਾਬੈ ਆਖਿਆ, 'ਮਰਦਾਨਿਆਂ ਕਿਆ ਆਂਦਾ ਹੀ ?' ਤਬਿ ਮਰਦਾਨੈ ਆਖਿਆ,'ਜੀ ਸਚੇ ਪਾਤਿਸਾਹ ! ਤੇਰੇ ਨਾਵੈ ਦਾ ਸਦਕਾ ਸਾਰਾ ਸਹੁਰੁ ਸੇਵਾ ਨੂ ਉਠਿ ਖੜਾ ਹੋਆ। ਜੀਉ ਪਾਤਿਸਾਹ, ਮੈਂ ਆਖਿਆ, ਜੋ—ਇਹ ਵਸਤੁ ਕਪੜੇ ਬਾਬੇ ਪਾਸਿ ਲੈ ਜਾਵਾ—'। ਤਿਬਿ* ਗੁਰੂ ਬੋਲਿਆ,'ਮਰਦਾਨਿਆਂ ! ਆਂਦੋ,ਭਲਾ ਕੀਤੋ,ਪਰੁ ਏਹ ਅਸਾਡੇ ਕਿਤੇ ਕੰਮਿ ਨਾਂਹੀ'। ਤਬਿ ਮਰਦਾਨੇ ਆਖਿਆ, 'ਜੀਉ ਪਾਤਿਸਾਹ,ਕਿ ਕਰੀ ?' ਤਬਿ ਬਾਬੇ ਆਖਿਆ, 'ਸੁਟਿ ਘਤੁ'। ਤਾਂ ਮਰਦਾਨੇ ਸਭਿ ਵਸਤੂ ਸਟਿ ਘਤੀਆਂ, ਪੰਡਿ ਸਾਰੀ। ਓਥਹੁੰ ਰਵੇਦੇ ਰਹੇ। ਤਬਿ ਮਰਦਾਨੇ ਆਖਿਆ, ਅਰਜ ਕੀਤੀ, ਆਖਿਓਸੁ, 'ਜੀਉ ਪਾਤਿ-ਸਾਹੁ,ਇਹੁ ਜੋ ਕੋਈ ਤੇਰੇ ਨਾਉ ਦਾ ਸਦਕਾ ਮੰਨਦਾ ਹੈ,ਅਤੈ ਸਿਖ ਦੈ ਮੁਹਿ ਪਾਂਵਦਾ ਹੈ, ਕਿਛੁ ਤੈਨੂ ਭੀ ਪਹੁੰਚਦਾ ਹੈ ਓਸਦਾ ਭਾਉ ? ਅਤੇ ਮੇਰੇ ਦਿਲਿ ਵਿਚਿ ਵਡਾ ਫਿਕਰੁ ਹੈ, ਜੋ ਤੂ ਕਿਛੁ ਛੁਹੰਦਾ ਨਾਹੀਂ, ਅਤੈ ਮੁਹਿ ਪਾਂਵਦਾ ਨਾਹੀਂ, ਤੂ ਕਿਸੇ† ਨਾਲੇ ਤ੍ਰਿਪਤਦਾ ਹੈਂ ?' ਤਬਿ ਗੁਰੂ ਬਾਬੇ ਆਖਿਆ, 'ਮਰਦਾਨਿਆ ! ਰਬਾਬੁ ਵਜਾਇ'। ਤਾ ਮਰਦਾਨੇ ਰਬਾਬੁ ਵਜਾਇਆ, ਰਾਗੁ ਗਉੜੀ ਕੀਤੀ ਦੀਪਕੀ ਮਹਲਾ ੧‡। ਬਾਬੇ ਸਬਦੁ ਉਠਾਇਆ :—

ਗਉੜੀ ਗੁਆਰੇਹੀ ਮਹਲਾ ੪ ॥

ਮਾਤਾ ਪ੍ਰੀਤਿ ਕਰੇ ਪੁਤੁ ਖਾਇ ॥ ਮੀਨੇ ਪ੍ਰੀਤਿ ਭਈ ਜਲਿ ਨਾਇ॥ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ।੧॥ਤੇ ਹਰਿਜਨ ਹਰਿ ਮੇਲਹੁ ਹਮ ਪਿਆਰੇ॥ ਜਿਨ ਮਿਲਿਆ ਦੁਖ ਜਾਹਿ ਹਮਾਰੇ ॥ ੧ ॥ ਰਹਾਉ ॥ ਜਿਉ ਮਿਲਿ ਬਛਰੇ ਗਊ ਪ੍ਰੀਤਿ ਲਗਾਵੈ ॥ ਕਾਮਨਿ ਪ੍ਰੀਤਿ ਜਾ ਪਿਰੁ ਘਰਿ ਆਵੈ ॥ ਹਰਿਜਨ ਪ੍ਰੀਤਿ ਜਾ ਹਰਿ ਜਸੁ ਗਾਵੈ॥੨॥ਸਾਰਿੰਗ ਪ੍ਰੀਤਿ ਬਸੈ ਜਲ ਧਾਰਾ॥ਨਰਪਤਿ ਪ੍ਰੀਤਿ ਮਾਇਆ ਦੇਖਿ ਪਸਾਰਾ ॥ ਹਰਿਜਨ ਪ੍ਰੀਤਿ ਜਪੈ ਨਿਰੰਕਾਰਾ॥ ੩ ॥ ਨਰ ਪ੍ਰਾਣੀ ਪ੍ਰੀਤਿ ਮਾਇਆ ਧਨੁ ਖਾਟੇ॥ ਗੁਰਸਿਖ ਪ੍ਰੀਤਿ ਗੁਰੁ ਮਿਲੈ ਗਲਾਟੇ ॥ ਜਨ ਨਾਨਕ ਪ੍ਰੀਤਿ ਸਾਧ ਪਗ ਚਾਟੇ ॥ ੪ ॥ ੩ ॥ ੪੧ ॥

---

*ਮੁਰਾਦ ਹੈ—'ਤਬਿ'। †ਮੁਰਾਦ ਹੈ—'ਕਿਸ ?'

‡ਇਹ ਸ਼ਬਦ ਚੌਥੀ ਪਾਤਸ਼ਾਹੀ ਜੀ ਦਾ ਤੇ ਗਉੜੀ ਗੁਆਰੇਰੀ ਵਿਚ ਹੈ। ਲੇਖਕ ਦੀ ਭੁੱਲ ਹੈ ਮ: ੧ ਤੇ ਗਉੜੀ ਦੀਪਕੀ ਲਿਖਣਾ।

ਤਬਿ ਫਿਰਿ ਮਰਦਾਨੇ ਤਸਲੀਮ ਕੀਤੀ, ਓਥਹੁੰ ਚਲੇ।

## ੧੩. ਸੱਜਣ ਠੱਗ.

ਜਾਂਦੇ ਜਾਂਦੇ ਸੇਖ ਸਜਣ ਕੈ ਘਰਿ ਜਾਇ ਨਿਕਲੇ। ਉਸਕਾ ਘਰੁ ਪੈਂਡੇ ਵਿਚਿ ਥਾ। ਅਤੇ ਠਾਕੁਰ ਦੁਆਰਾ ਤੈ ਮਸੀਤ ਕਰਿ ਛਡੀ ਥੀ। ਜੇ ਕੋਈ ਹਿੰਦੂ ਆਵੈ ਤਾਂ ਠਉਰ ਦੇਵੈ। ਅਤੈ ਜੇ ਮੁਸਲਮਾਨੁ ਜਾਵੈ, ਤਾਂ ਤਵਜਹ* ਕਰੇ। ਅਰੁ ਜਾਂ ਰਾਤਿ ਪਵੈ ਤਾਂ ਆਖੈ, 'ਚਲੁ ਜੀ ਸੋਵਹੁ'। ਅੰਦਰਿ ਲੈ ਜਾਵੈ, ਖੂਹੈ ਵਿਚਿ ਪਾਇ ਕਰਿ ਮਾਰੇ। ਅਰੁ ਜਾਂ ਸਬਾਹ ਹੋਵੈ, ਤਾਂ ਆਸਾ ਤਸਬੀ ਹਾਥਿ ਲੇ ਮੁਸਲਾ ਪਾਇ ਬਹੈ। ਜਬਿ ਬਾਬਾ ਤੇ ਮਰਦਾਨਾ ਗਏ, ਤਾਂ ਖਿਜਮਤਿ ਬਹੁਤੁ ਕੀਤੀਓਸੁ।ਅਤੇ ਆਪਣਿਆਂ ਲੋਕਾਂ ਤਾਂਈ ਆਖਿਓਸੁ, 'ਜੋ ਇਸਦੇ ਪਲੈ ਬਹੁਤੁ ਦੁਨੀਆ ਹੈ, ਪਰੁ ਗੁਹਜੁ ਹੈ।ਜਿਸ ਦੇ ਮੁਹਿ ਵਿਚਿ ਐਸੀ ਭੜਕ ਹੈ ਸੋ ਖਾਲੀ ਨਾਂਹੀ, ਫੈਲੁ ਕਰਿਕੇ ਫ਼ਕੀਰੁ ਹੋਇਆ ਹੈ'। ਜਬਿ ਰਾਤਿ ਪਈ ਤਬਿ ਆਖਿਓਸੁ, 'ਉਠਹੁ ਜੀ ਸੋਵਹੁ'। ਤਬਿ ਬਾਬੇ ਆਖਿਆ,'ਸੱਜਣੇ! ਇਕੁ ਸਬਦੁ ਖੁਦਾਇ ਦੀ ਬੰਦਗੀ ਕਾ ਆਖਿ ਕਰਿ ਸੋਵਹਿੰਗੇ'। ਤਬਿ ਸੇਖ ਸਜਨਿ ਆਖਿਆ,'ਭਲਾ ਹੋਵੈ ਜੀ,ਆਖਹੁ ਜੀ†,ਰਾਤਿ ਬਹੁਤੁ ਗੁਜਰਦੀ ਜਾਂਦੀ ਹੈ'। ਤਉ ਬਾਬੇ ਆਖਿਆ,ਮਰਦਾਨਿਆ! ਰਬਾਬੁ ਵਜਾਇ'। ਤਾਂ ਮਰਦਾਨੇ ਰਬਾਬੁ ਵਜਾਇਆ।ਰਾਗੁ ਸੂਹੀ ਕੀਤੀ। ਗੁਰੂ ਨਾਨਕ ਸਬਦੁ ਉਠਾਇਆ ਮ:੧॥–

ਰਾਗੁ ਸੂਹੀ ਮਹਲਾ ੧ ਘਰੁ ੬ ॥

ਉਜਲੁ ਕੈਹਾ ਚਿਲਕਣਾ ਘੋਟਿ ਮਕਾਲੜੀ ਮਸੁ॥ ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥ ੧ ॥ ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ ॥ ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ੍ ॥ ੧ ॥ ਰਹਾਉ ॥ ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ॥ਢਠੀਆ ਕੰਮਿ ਨ ਆਵਨ੍ਹੀ ਵਿਚਹੁ ਸਖਣੀਆਹਾ ॥ ੨ ॥ ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨ੍ਹਿ ॥ ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨ੍ਹਿ ॥ ੩ ॥ ਸਿੰਮਲ ਰੁਖੁ ਸਰੀਰੁ ਮੈ ਮੈਜਨਿ ਦੇਖਿ ਭੁਲੰਨ੍ਹਿ ॥ ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ ਹੰਨ੍ਹਿ ॥ ੪ ॥ ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ ॥ ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ ॥ ੫ ॥ ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ॥ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ॥੬॥੧॥੩॥

ਤਬਿ ਦਰਸਨ ਕਾ ਸਦਕਾ ਬੁਧਿ ਹੋਇ ਆਈ। ਜਾਂ ਵੀਚਾਰੇ, ਤਾਂ 'ਸਭ ਮੇਰੇ ਗੁਨਾਹ ਸਹੀ ਹੋਏ ਹੈਨਿ'। ਤਬਿ ਆਇ, ਉਠਿ ਕਰਿ ਪੈਰੀ ਪਇਆ, ਪੈਰਿ ਚੁੰਮਿਓਸੁ। ਆਖਿਓਸੁ,'ਜੀਉ ਮੇਰੇ ਗੁਨਾਹ ਫਦਲੁ ਕਰਿ।' ਤਬਿ ਬਾਬੇ ਆਖਿਆ,

---

*ਮੁਰਾਦ–ਤਵਾਜ਼ੁਹ = ਖਾਤਿਰ,ਆਦਰ ਤੋਂ ਹੈ। †ਪਾਠਾਂਤ੍ਰ–'ਆਖਿਓਸੁ'ਬੀ ਹੈ।

'ਸੇਖ ਸਜਨਿ ! ਖੁਦਾਇ ਕੀ ਦਰਗਾਹ ਦੁਹੁ ਗਲੀ ਗੁਨਾਹ ਫਦਲੁ ਹੋਂਦੇ ਹਿਨਿ' ਤਬਿ ਸੇਖਿ ਸਜਨ ਅਰਜੁ ਕੀਤੀ, ਆਖਿਓਸੁ, 'ਜੀ ਉਹੀ ਗਲ ਕਰੁ, ਜਿਨੀ ਗਲੀ ਗੁਨਾਹ ਫਦਲੁ ਹੋਨਿ'। ਤਬਿ ਗੁਰੂ ਨਾਨਕੁ ਮਿਹਰਵਾਨੁ ਹੋਇਆ, ਆਖਿਓਸੁ, 'ਸਚੁ ਕਹੁ ਜੋ ਤੈ ਖੂਨ ਕੀਤੇ ਹੈਨਿ ?*' ਤਬਿ ਸੇਖੁ ਸਜਨੁ ਲਾਗਾ ਸਚੋ ਸਚੁ ਬੋਲਣ। ਕਹਿਓਸੁ, 'ਜੀ ਬਹੁਤੁ ਪਾਪੁ ਕੀਤੇ ਹੈਂ'। ਤਬਿ ਗੁਰੂ ਨਾਨਕ ਆਖਿਆ ; 'ਜੋ ਕਛੁ ਉਨਕੀ ਬਸਤੁ ਰਹੀ ਹੈ ਸੋ ਘਿੰਨਿ ਆਉ'। ਤਬਿ ਸੇਖ ਸੰਜਨਿ ਹੁਕਮੁ ਮੰਨਿਆ, ਬਸਤੁ ਲੇ ਆਇਆ, ਖੁਦਾਇਕੇ† ਨਾਇ ਲੁਟਾਈ। ਗੁਰੂ ਗੁਰੂ ਲਾਗਾ ਜਪਣਿ। ਨਾਉ ਧਰੀਕ ਸਿੱਖ‡ ਹੋਆ।ਪਹਿਲੀ ਧਰਮਸਾਲ ਓਥੇ ਬੱਧੀ[A] । ਬੋਲਹੁ ਵਾਹਿਗੁਰੂ॥

## ੧੪. ਗੋਸ਼ਟ ਸ਼ੇਖ਼ ਸ਼ਰਫ.

ਤਬਿ ਓਥਹੁ ਰਵੈ, ਪੈਂਡੇ ਪੈਂਡੇ ਵਿਚਿ ਪਾਣੀਪਥਿ ਆਇ ਨਿਕਲੈ। ਤਬਿ ਪਾਣੀਪਥਿ ਕਾ ਪੀਰੁ ਸੇਖੁ ਸਰਫੁ ਥਾ। ਤਿਸਕਾ ਮੁਰੀਦੁ ਸੇਖੁ ਟਟੀਹਰੁ ਥਾ। ਓਹੁ ਪੀਰੁ ਕੈ ਤਾਈ ਅਸਤਾਵਾ ਪਾਣੀ ਕਾ ਭਰਣਿ ਆਇਆ ਸਾ। ਅਗੈ ਬਾਬਾ ਤੇ ਮਰਦਾਨਾ ਦੋਨੋ ਬੈਠੇ ਥੇ, ਏਨਿ ਆਇ ਸਲਾਮੁ ਪਾਇਆ। ਆਖਿਓਸੁ : 'ਸਲਾਮਾ ਲੇਕ, ਦਰਵੇਸ਼ !' ਤਬਿ ਗੁਰੂ ਨਾਨਕੁ ਬੋਲਿਆ; ਆਖਿਓਸੁ, 'ਅਲੇਖ ਕਉ ਸਲਾਮੁ ਹੋ, ਪੀਰ ਕੇ ਦਸਤ ਪੇਸ !'। ਤਬਿ ਸੇਖੁ ਟਟੀਹਰੁ ਹੈਰਾਨੁ ਹੋਇ ਗਇਆ। ਆਖਿਓਸੁ, 'ਅੱਜ ਤੋੜੀ ਸਲਾਮੁ ਕਿਸੇ ਨਾਹੀ ਫੇਰਿਆ । ਪਰੁ ਹੋਵੈ ਤਾਂ ਮੈਂ ਆਪਣੈ ਪੀਰ ਨੂੰ ਖਬਰਿ ਕਰੀ'। ਤਬਿ ਆਇ ਅਰਜੁ ਕੀਤੋ ਸੁ, ਆਖਿਓ ਸੁ, 'ਪੀਰ ਸਲਾਮਤਿ ! ਏਕ ਦਰਵੇਸੁ ਕਾ ਆਵਾਜੁ ਸੁਣਿ ਕਰਿ ਹੈਰਾਨੁ ਥੀਆ ਹਾਂ'। ਤਾਂ ਪੀਰ ਆਖਿਆ, 'ਕਹੁ ਦੇਖ ਕੈਸਾ ਹੈ ?' ਤਬਿ ਸੇਖ ਟਟੀਹਰ ਆਖਿਆ, 'ਜੀਵੈ ਪੀਰ ਸਲਾਮਤਿ ! ਮੈਂ ਆਸਤਾਵਾ ਭਰਣਿ ਗਇਆ ਆਹਾ,ਓਹੁ ਬੈਠੇ ਆਹੇ ਆਗੈ,ਮੈਂ ਜਾਇ ਸਲਾਮੁ ਪਾਇਆ, ਆਖਿਆ—ਸਲਾਮਾ ਲੇਕ ਹੋ ਦਰਵੇਸ !— ਤਬਿ ਓਹੁ ਬੋਲਿਆ ਆਖਿਓ ਸੁ—ਅਲੇਖ ਕਉ ਸਲਾਮੁ ਹੋ ਪੀਰ ਕੇ ਦਸਤ ਪੇਸ—'। ਤਬਿ ਪੀਰ ਕਹਿਆ,'ਬਚਾ ! ਜਿਸੁ ਅਲੇਖ ਕਉ ਸਲਾਮੁ ਕੀਤਾ ਹੈ, ਤਿਸਕਾ ਦੀਦਾਰੁ ਦੇਖਾ ਹੈ ? ਦੇਖਾ, ਕਿਥੈ ਡਿਠੋਸੁ ਅਲੇਖੁ ਪੁਰਖੁ ?' ਤਬਿ ਸੇਖ ਸਰਫੁ ਟਟੀਹਰ ਮੁਰੀਦ ਕਉ ਨਾਲੇ ਲੇਕਰਿ ਆਇਆ। ਗੁਰੂ ਨਾਨਕ ਪਾਸਿ ਆਇਆ,ਅਵਾਜੁ ਬੋਲਿਆ, ਆਖਿਓਸੁ,'ਅਗਰ ਤੁਰਾ ਸੁਆਲ ਮੇ ਪੁਰਸੰਮ ਅਹਿਲਾ ਜਬਾਬੁ ਬੁਗੋ ਦਰਵੇਸੰ: ਖਫਨੀ ਫਿਰਾਕਿ[B]

---

*ਹਾ: ਬਾ: ਨੁ: ਵਿਚ 'ਜੋ ਤੈਨੇ ਖੂਨ ਕਿਤਨੇ ਕੀਤੇ ਹੈਨ ?' ਪਾਠ ਹੈ।

†ਵਲੈਤ ਪੁਜੇ ਨਸਖੇ ਦਾ ਪਾਠ ਹੈ:—ਖੁਦਇਕੇ। ‡ਇਹ ਪਦ ਹਾਫਜ਼ਾਬਾਦੀ ਨੁਸਖੇ ਦਾ ਹੈ। [A]'ਪਹਿਲੀ...ਤੋਂ...ਬੱਧੀ' ਤਕ ਦਾ ਪਾਠ ਹਾ:ਬਾ:ਨੁ:ਦਾਹੈ।

[B]ਹਾ:ਬਾ: ਨੁਸਖੇ ਦਾ ਪਾਠ ਹੈ—'ਫਿਰਕੈ ਸ਼ੁਮਾ ਚਿ ਮਜ਼ਬ ਅਸਤ' ।

ਸ਼ੁਮਾ ਚਿ ਜ਼ੇਬਾਸ਼ਿ ?' ਤਬਿ ਬਾਬੇ ਜਬਾਬੁ ਦਿਤਾ :–

ਪੀਰ ਮਤਿ ਮੁਰੀਦ ਹੋਇ ਰਹਨੰ॥ਖਫਨੀ ਟੋਪੀ ਮਨਿ ਸਬਦੁ ਗਹਨੰ॥ਬਹਤਾ ਦਰੀਆਉ ਕਰਿ ਰਹੈ ਬਰੇਤੀ ॥ ਸਹਜਿ ਬੈਸਿ ਤਹਾ ਸੁਖ ਮਨਾਤੀ ॥ ਹਰਖ ਸੋਗੁ ਕੀਨਾ ਅਹਾਰੰ ॥ ਪਹਿਰੇ ਖਫਨੀ ਸਭਿ ਦੁਸਟ ਬਿਡਾਰੰ ॥ ਸੁੰਨ ਨਗਰ ਲੈ ਬਸਤੀ ਰਹਾਈ॥ ਤਉ ਕਫਨੀ ਕੀ ਜੁਗਤਿ ਪਾਈ ॥ ਕਟੰਬੁ ਛੋਡਿ ਹੂਆ ਇਕੇਲਾ ॥ ਨਾਨਕ ਪਹਿਰਿ ਕਫਨੀ ਭਇਆ ਸੁਹੇਲਾ* ॥ ੨ ॥

ਤਬਿ ਫਿਰਿ ਸੇਖ ਸਰਫ ਪੁਛਿਆ,'ਅਗਰ ਤੁਰਾ ਸੁਆਲ ਮੇ ਪੁਰਸੰ,ਅਹਿਲਾ ਜਬਾਬੁ ਬੁਗੋ ਦਰਵੇਸੰ, ਕੁਪੀਨ ਸ਼ੁਮਾ ਚਿ ਜ਼ੇਬਾਸ਼ਿ'। ਤਬਿ ਬਾਬੈ ਜ਼ਬਾਬੁ ਦਿੱਤਾ :–

ਗੁਰੂ ਸਬਦੁ ਦੀਖਿਆ ਮਹਿ† ਸਹਜਿ ਗਹਨੰ॥ ਪੰਚ ਇੰਦ੍ਰੀ ਦਿਲਿ ਅਟਲ ਰਹਨੰ‡॥ ਦਿਸਟਿ ਬੰਧਿ ਭਰਮਤਾ ਰਹੀਅੰ ॥ਦਸਹੀ ਦੁਆਰੇ ਤਾਲੇ ਚੜੀਅੰ॥ ਅਠ ਸਠਿ ਹਾਟ ਤਾੜ ਕਰਨੰ ॥ ਲਇ ਲੰਗੋਟੀ ਜਰਾ ਨਾ ਮਰਨੰ ॥ ਪਹਰਿ ਲੰਗੋਟੀ ਰਹੈ ਇਕੇਲਾ ॥ ਉਲਟਿ ਲੰਬਿ ਕਾ ਪੀਵੈ ਉਵਾ ਜਲਾ ॥ ਬਿਲੰਦ ਮਤਿ ਗੁਰ ਹਿਰੀ ਛੋਟੀ ॥ ਇਹੁ ਜੁਗ਼ਤਿ ਨਾਨਕ ਪਹਿਰਿਬੋ ਲੰਗੋਟੀ*॥੩॥

ਤਬਿ ਫਿਰਿ ਸੇਖ ਸਰਫ ਪੁਛਿਆ, 'ਅਗਰ ਤੁਰਾ ਸੁਆਲ ਮੇ ਪੁਰਸੰ, ਅਹਿਲਾ, ਜਬਾਬੁ ਬੋਗੋ ਦਰਵੇਸੰ । ਪਾਉਪੋਸ਼ ਤਿਆਗਿ[A] ਚਿ ਜ਼ੇਬਾਸ਼ਿ'। ਤਬਿ ਗੁਰੂ ਨਾਨਕ ਜਬਾਬੁ ਦਿੱਤਾ :–

ਸਰਬ ਗਿਆਨ ਅਹਿਨਿਸ ਡੀਤੰ ॥ ਪਾਵਕ ਪਨ[B] ਜਾਤਿ ਮਨਿ ਕੀਤੰ ॥ ਧਰਨਿ ਤਰਵਰ ਕੀ ਰਹਤ ਰਹਨੰ ॥ ਕਾਟਨੁ ਖੋਦਨੁ ਮਨ ਮਹਿ ਸਹਨੰ ॥ ਦਰੀਆਉ ਸੈਲੇ ਰੀਤ ਬਾਛੰ ॥ ਭਾਇ ਭਾਇ ਉਹੁ ਕਰੈ ਹਾਛੰ ॥ ਏਹੁ ਮਥਨੁ ਮਥਿ ਕੈ ਰਹੈ ਉਪ੍ਰਾਨੰ[C] ॥ ਸਉ ਸਹਜਿ ਪਉਪੋਸ਼ ਹੋਇ ਬ੍ਰਹਮੁ[D] ॥ ਬਿਨੁ ਬ੍ਰਹਮ ਚੀਨੈ ਪਾਉਪੋਸ ਤਿਆਗੇ॥ਕਹੈ ਨਾਨਕ ਓਹੁ ਤਿੜਿ ਨਾ ਲਾਗੈ[E]॥੪॥*

ਤਬਿ ਫਿਰਿ ਸੇਖ ਸਰਫ ਪੁਛਿਆ,'ਅਗਰ ਤੁਰਾ ਸੁਆਲ ਮੈ ਪੁਰਸੰ,ਅਹਿਲਾ, ਜਬਾਬੁ ਬੋਗੋ ਦਰਵੇਸੰ, ਸਫਾਦਿਲ ਦਰਵੇਸੰ ਅਮਲ ਦਾਰਾਏ'[F] ।

ਤਬਿ ਬਾਬੇ ਜਬਾਬੁ ਦਿੱਤਾ, ਆਖਿਓਸੁ,'ਮਰਦਾਨਿਆ ! ਰਬਾਬੁ ਵਜਾਇ'।

---

*ਇਹ ਸਬਦ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਹਨ ।

†ਪਾਠਾਂਤ੍ਰ 'ਮਨ' ਬੀ ਹੈ । ‡'ਦਿਲਿ ਅਟਲ ਰਹਨੰ' ਦੀ ਥਾਂ ਪਾਠਾਂਤ੍ਰ 'ਲੈ ਅਲਿਪਤ ਰਹਨੰ' ਬੀ ਹੈ। [A]ਪਾਠਾਂਤ੍ਰ 'ਸ਼ੁਮਾ' ਹੈ। [B]ਪਾਠਾਂਤ੍ਰ 'ਪੌਣ' ਬੀ ਹੈ ।

[C]ਪਾਠਾਤ੍ਰ 'ਉਧਾਰਣ' ਬੀ ਹੈ। [D]'ਤਜ ਪਾਤ ਪੋਸ਼ ਹੋਇ ਬ੍ਰਹਮ' ਪਾਠਾਂਤ੍ਰ ਹੈ।

[E]'ਤਉ ਨਾਨਕ ਉਹੋ ਹਤਿਨ ਨ ਲਾਗੈ' ਪਾਠਾਂਤ੍ਰ ਹੈ ।

[F]ਪਾਠਾਂਤ੍ਰ ਹੈ–'ਅਮਲ ਚਰਾ ਐਸ' ਜਾਪਦਾ ਹੈ ਕਿ ਪਹਿਲੇ ਨੁਸਖੇ ਵਿਚ ਪਾਠ ਐਉਂ ਹੋਵੇਗਾ 'ਸਫਾ ਦਿਲ ਦਰਵੇਸ਼ ਰਾ ਅਮਲ ਚਿਹ ਅਸਤ' ।

ਤਾਂ ਮਰਦਾਨੈ ਰਬਾਬੁ ਵਜਾਇਆ :—

ਰਾਗੁ ਦੇਵਗੰਧਾਰੀ ਮਃ ੧ ॥

ਜੀਵਤਾ ਮਰੇ ਜਾਗਤ ਫੁਨਿ ਸੋਵੈ ॥ ਜਾਨਤ ਆਪੁ ਮੁਸਾਵੈ ॥ ਸਫਨ ਸਫਾ ਹੋਇ ਮਿਲੈ ਖਾਲਕ ਕਉ ਤਉ ਦਰਵੇਸੁ ਕਹਾਵੈ ॥ ੧ ॥ ਤੇਰਾ ਜਨੁ ਹੈ ਕੋ ਐਸਾ ਦਿਲਿ ਦਰਵੇਸੁ॥ਸਾਦੀ ਗਮੀ ਤਮਕ ਨਹੀ ਗੁਸਾ ਖੁਦੀ ਹਿਰਸੁ ਨਹੀ ਇਸੁ ॥ ਰਹਾਉ ॥ ਕੰਚਨੁ ਖਾਕੁ ਬਰਾਬਰਿ ਦੇਖੈ ਹਕੁ ਹਲਾਲੁ ਪਛਾਣੈ ॥ ਆਈ ਤਲਬ ਸਹਿਬ ਕੀ ਮਾਨੈ ਅਵਰ ਤਲਬ ਨਾਹੀ ਜਾਨੈ ॥ ੨ ॥ ਗਗਨ ਮੰਡਲ ਮਹਿ ਆਸਣਿ ਬੈਠੇ ਅਨਹਦੁ ਨਾਦੁ ਵਜਾਵੈ॥ ਕਹੁ ਨਾਨਕ ਸਾਧ ਕੀ ਮਹਮਾ ਬੇਦ ਕੁਰਾਨੁ ਨ ਪਾਵੈ* ॥ ੩ ॥

ਤਬਿ ਸੇਖ ਸਰਫ ਆਖਿਆ, 'ਵਾਹੁ ਵਾਹੁ ਖੁਦਾਇ ਦਿਆ ਸਹੀ ਕਰਣਿ ਵਾਲਿਆ ਦਾ ਕਿਆ ਸਹੀ ਕੀਚੈ, ਉਨਕਾ ਦੀਦਾਰੁ ਹੀ ਬਹੁਤੁ ਹੈ'। ਤਬਿ ਆਇ ਦਸਤਪੋਸੀ ਕੀਤੀਓਸੁ, ਅਤੇ† ਪੈਰ ਚੁਮਿਓਸੁ, ਡੇਰੇ ਕਉ ਹੋਆ। ਤਬਿ‡ ਬਾਬਾ ਤੇ ਮਰਦਾਨਾ ਰਵਦੇ ਰਹੇ।

## ੧੫. ਦਿੱਲੀ-ਹਾਥੀ ਮੋਇਆ ਜਿਵਾਇਆ.

ਆਇ ਦਿਲੀ ਨਿਕਲੇ। ਤਬਿ ਦਿਲੀ ਕਾ ਪਾਤਿਸਾਹੁ ਸੁਲਤਾਨੁ ਬ੍ਰਹਮ-ਬੇਗ[A] ਥਾ। ਉਹਾਂ ਜਾਇ ਰਾਤਿ ਰਹੈ ਮਹਾਵਤਾਂ ਵਿਚਿ, ਓਨਿ ਖਿਜਮਤਿ ਬਹੁਤ ਕੀਤੀ। ਤਬਿ ਇਕੁ ਹਾਥੀ ਪਾਸਿ ਮੁਆ ਪਇਆ ਥਾ, ਲੋਕੁ[B] ਪਿਟਦੇ ਰੋਂਦੇ ਆਹੇ। ਤਬਿ ਬਾਬੇ ਪੁਛਿਆ,'ਤੁਸੀ ਕਿਉਂ ਰੋਂਦੇ ਹੋ ?' ਤਾਂ ਉਨਾਂ ਅਰਜੁ ਕੀਤਾ,'ਜੀ ਅਸੀ ਹਾਥੀ ਦੇ ਪਿਛੈ ਰੋਂਦੇ ਹਾਂ'। ਤਬਿ ਬਾਬੇ ਆਖਿਆ, 'ਹਾਥੀ ਕਿਸਦਾ ਥਾ ?' ਤਬਿ ਮਹਾਵਤਿ ਕਹਿਆ, 'ਹਾਥੀ ਪਾਤਿਸਾਹ ਦਾ ਥਾ, ਇਕੇ ਖੁਦਾਇ ਦਾ ਥਾ'। ਤਬ ਬਾਬੇ ਕਹਿਆ, 'ਤੁਸੀਂ ਕਿਉਂ ਰੋਂਦੇ ਹਉ ?' ਤਾ ਉਨਾ ਆਖਿਆ, 'ਜੀ, ਅਸਾਡਾ ਰੁਜਗਾਰ ਥਾ'। ਤਾਂ ਬਾਬੇ ਆਖਿਆ,'ਹੋਰੁ ਰੁਜਗਾਰੁ ਕਰਹੁ'। ਤਬਿ ਓਨਾਂ ਕਹਿਆ, 'ਜੀ ! ਬਣੀ ਥੀ,ਟਬਰ ਸੁਖਾਲੇ ਪਏ ਖਾਂਦੇ ਸੇ'।ਤਬਿ ਬਾਬੇ ਮੇਹਰ ਕੀਤੀ, ਆਖਿਓਸੁ, 'ਜੋ ਏਹੁ ਹਾਥੀ ਜੀਵੈ ਤਾ ਰੋਵਹੁ ਨਾਂਹੀ ?' ਤਬਿ ਉਨਾ ਆਖਿਆ, 'ਜੀ ਮੁਏ ਕਿਥਹੁ ਜੀਵੇ ਹੈਨਿ[C] ?' ਤਬਿ ਬਾਬੇ ਆਖਿਆ, 'ਜਾਇ ਕਰ ਇਸਦੇ ਮੁਹਿ ਉਪਰਿ ਹਥੁ ਫੇਰਹੁ, ਵਾਹਿਗੁਰੂ ਆਖਹੁ'। ਤਬਿ ਓਨਿ ਆਗਿਆ ਮਾਨੀ, ਜਾਹਿ ਹੱਥੁ ਫੇਰਿਆ, ਤਾਂ ਹਾਥੀ ਉਠਿ ਖੜਾ ਹੋਆ। ਤਬਿ ਅਰਜ ਪਤਿਸਾਹੁ ਕਉ ਪਹੁਚਾਈ, ਆਖਿ ਸੁਣਾਈ,ਤਬਿ ਸੁਲਤਾਨ ਬ੍ਰਹਮ ਬੇਗੁ ਹਾਥੀ ਮੰਗਾਇਆ।ਚੜਿ ਕਰਿ ਦੀਦਾਰ

---

*ਇਹ ਸਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਹੈ। †'ਅਤੇ'ਹਾ:ਬਾ: ਨੁਸਖੇ ਦਾ ਪਾਠ ਹੈ। ‡'ਤਬਿ' ਹਾ:ਬਾ:ਨੁ:ਦਾਹੈ। [A]ਪਾਠਾਂਤ੍ਰ ਹੈ 'ਇਬਰਾਹੀਮ ਬੇਗ'। [B]ਪਾਠਾਂਤ੍ਰ 'ਓਹ'। [C]ਪਾਠਾਂਤ੍ਰ ਹੈ 'ਜੀਵਨ'।

ਨੂ ਆਇਆ, ਆਇ ਬੈਠਾ।ਆਖਿਓਸੁ,'ਏ ਦਰਵੇਸ! ਏਹੁ ਹਾਥੀ ਤੁਸਾਂ ਜੀਵਾਇਆ ਹੈ ?' ਤਬਿ ਬਾਬੇ ਆਖਿਆ, 'ਮਾਰਣਿ ਜੀਵਾਲਣ ਵਾਲਾ ਖੁਦਾਇ ਹੈ, ਅਤੈ ਦੁਆਇ ਫਕੀਰਾਂ ਰਹਮੁ ਅਲਾਹ ਹੈ'। ਤਉ ਫਿਰਿ ਪਾਤਿਸਾਹੁ ਆਖਿਆ 'ਮਾਰਿ ਦਿਖਾਲੁ' ਤਾਂ ਬਾਬਾ ਬੋਲਿਆ :–

ਸਲੋਕ ॥ ਮਾਰੈ ਜੀਵਾਲੈ ਸੋਈ॥ਨਾਨਕ ਏਕਸੁ ਬਿਨੁ ਅਵਰੁ ਨਾ ਕੋਈ*॥੧॥

ਤਬਿ ਹਾਥੀ ਮਰਿ ਗਇਆ। ਬਹੁੜਿ ਪਾਤਿਸਾਹਿ ਆਖਿਆ, 'ਜੀਵਾਲੁ'। ਤਬ ਬਾਬੇ ਕਹਿਆ, 'ਹਜਰਤਿ ! ਲੋਹਾ ਅੱਗ ਵਿਚਿ ਤਪਿ ਲਾਲੁ ਹੋਂਦਾ ਹੈ, ਪਰ ਓਹੁ ਰਤੀ ਹਥ ਉਪਰਿ ਟਿਕੈ ਨਾਹੀ, ਅਤੇ ਅੰਗਿਆਰੁ ਕੋਈ ਰਤੀ ਰਹੈ†, ਤਿਉਂ ਖੁਦਾਇ ਦੇ ਵਿਚਿ ਫਕੀਰ ਲਾਲੁ ਹੋਏ ਹੈਨਿ, ਅਤੈ ਖੁਦਾਇ ਕੀ ਸਟੀ ਓਹੁ ਉਠਾਇ ਲੈਇਨਿ,ਪਰੁ ਉਨਕੀ ਸਟੀ ਉਠਣੂੰ ਰਹੀ'। ਤਬਿ ਪਤਿਸਾਹੁ ਸਮਝਿ ਕਰਿ, ਬਹੁਤੁ ਖੁਸੀ ਹੋਆ। ਤਬਿ ਆਖਿਓਸੁ, ਜੀ, ਕੁਛੁ ਕਬੂਲੁ ਕਰੁ'। ਤਬਿ ਬਾਬਾ ਬੋਲਿਆ :

ਸਲੋਕ ॥ ਨਾਨਕ ਭੁਖ ਖੁਦਾਇ ਕੀ ਬਿਆ ਬੇਪਰਵਾਹੀ ॥ ਅਸਾਂ ਤਲਬ ਦੀਦਾਰ ਕੀ ਬਿਆ ਤਲਬ ਨ ਕਾਈ* ॥

ਤਬਿ ਪਾਤਿਸਾਹੁ ਸਮਝਿ ਕਰਿ ਉਠਿ ਗਇਆ। ਬਾਬਾ ਰਵਦਾ ਰਹਿਆ।

—o—

# ਉਦਾਸੀ ਪਹਿਲੀ

## ੧੬. ਪਹਿਲੀ ਉਦਾਸੀ ਦਾ ਪਹਿਰਾਵਾ, ਸ਼ੇਖ਼ ਬਜੀਦ.

ਸ੍ਰੀ ਸਤਿਗੁਰਪ੍ਰਸਾਦਿ। ਪ੍ਰਿਥਮੈ ਉਦਾਸੀ ਕੀਤੀ ਪੂਰਬ ਕੀ। ਤਿਤੁ ਉਦਾਸੀ ਨਾਲਿ ਮਰਦਾਨਾ ਰਬਾਬੀ ਥਾ। ਤਦਹੁ ਕੁ ਪਉਣੁ ਅਹਾਰੁ ਕੀਆ। ਪਹਿਰਾਵਾ ਬਾਬੇ ਕਾ:– ਏਕੁ ਬਸਤਰੁ ਅੰਬੋਆ, ਏਕੁ ਬਸਤਰੁ ਚਿੱਟਾ। ਏਕੁ ਪੈਰਿ ਜੁਤੀ, ਏਕੁ ਪੈਰਿ ਖੰਉਸ‡, ਗਲਿ ਖਫਨੀ, ਸਿਰਿ ਟੋਪੀ ਕਲੰਦਰੀ; ਮਾਲਾ ਹਡਾਂ ਕੀ; ਮਥੈ ਤਿਲਕੁ ਕੇਸਰ ਕਾ। ਤਦਹੁ ਰਾਹ ਵਿਚਿ ਸੇਖੁ ਬਜੀਦੁ ਸਈਯਦੁ[A] ਮਿਲਿਆ। ਸੁਖਪਾਲ ਵਿਚਿ ਚੜਿਆ ਜਾਂਦਾ ਆਹਾ । ਤਿਸਕੇ ਲਕੜਿਆਂ ਨਾਲਿ ਛਿਆ ਕਹਾਰੁ ਥੇ। ਤਬਿ ਓਹੁ ਜਾਇ ਉਤਰਿਆ ਏਕ ਦਰਖਤ ਤਲੈ। ਤਾਂ ਓਹੁ ਲਾਗੇ ਚਿਕਣ[B] ਅਤੇ ਝਲਣਿ[C]। ਤਬਿ ਮਰਦਾਨੇ ਆਖਿਆ, 'ਜੀ ! ਖੁਦਾਇ ਏਕੁ ਹੈ, ਕਿਉਂ ?' ਤਬਿ

---

*ਏਹ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਹਨ।

†'ਅਤੇ ਅੰਗਿਆਰ...ਤੋਂ...ਰਹੈ' ਤਕ ਪਾਠ ਹਾਫਜ਼ਾਬਾਦੀ ਨੁਸਖੇ ਵਿਚ ਨਹੀਂ ਹੈ।

‡ਖਉਂਸ–ਕੌਸ਼–ਖੜਾਵਾਂ। ਬਿਨਾਂ ਖੂਟੀ ਪਊਆ। ਹਾ:ਬਾ: ਨੁਸਖੇ ਵਿਚ ਪਾਠ ਹੈ: ਇਕ ਪੈਰ ਪੈਂਜਾਰ, ਇਕ ਪੈਰ ਜੁਤੀ। [A]'ਸਈਯਦ'–ਪਾਠ ਹਾ:ਬਾ: ਨੁਸਖੇ ਵਿਚ ਨਹੀਂ ਹੈ। [B]ਦਬਾਣ, ਘੁੱਟਣ। [C]ਪੱਖਾ ਝਲਣ।

ਬਾਬੇ ਆਖਿਆ, 'ਹੋ ਮਰਦਾਨਿਆ ! ਖੁਦਾਇ ਏਕੁ ਹੈ'। ਤਬ ਮਰਦਾਨੇ ਅਰਜ ਕੀਤੀ, ਆਖਿਓਸੁ : 'ਜੀ ਪਾਤਿਸਾਹੁ ! ਓਹੁ ਕਿਸ ਕੀ ਪੈਦਾਇਸ ਹੈ, ਅਤੇ ਓਹੁ ਕਿਸਕੀ ਪੈਦਾਇਸ ਹੈ ਜੋ ਸੁਖਪਾਲਿ ਵਿਚਿ ਚੜਿਆ ਆਇਆ ਹੈ। ਅਤੇ ਓਹੁ ਪੈਰਾਂ ਤੇ ਉਪੋਹਾਣੇ ਭੀ ਹੈਨਿ; ਅਤੇ ਪਿੰਡੇ ਨਾਂਗੇ; ਕਾਂਧੇ ਈਬੇ ਤੇ ਲੇਈ ਆਇ ਹੈਂਗੇ। ਅਤੇ ਓਹੋ ਬੈਠੇ ਚਿਕਦੇ ਹਿਨਿ '। ਤਬਿ ਬਾਬਾ ਬੋਲਿਆ :—

ਸਲੋਕੁ ॥ ਪੂਰਬ ਜਨਮ ਕੇ ਤਪੀਏ ਪਾਲੇ ਸਹਿਆ ਡੰਗੁ ॥ ਤਬਿ ਕੇ ਥਕੇ
ਨਾਨਕਾ ਅਬਿ ਮੰਡਾਵਨਿ ਅੰਗੁ* ॥ ੧ ॥

ਤਬਿ ਬਾਬੇ ਆਖਿਆ, 'ਮਰਦਾਨਿਆ ! ਤਪ ਤੇ ਰਾਜੁ ਹੈ, ਰਾਜ ਤੇ ਨਰਕੁ ਹੈ। ਅਤੇ ਜੋ ਕੋਈ ਆਇਆ ਹੈ ਮਾਤਾ ਦੇ ਪੇਟ ਤੇ, ਨਾਂਗਾ ਆਇਆ ਹੈ, ਅਤੇ ਸੁਖੁ ਦੁਖੁ ਪਿਛਲਾ ਲੇਖੁ ਚਲਿਆ ਜਾਇ'। ਤਬਿ ਮਰਦਾਨਾ ਪੈਰੀ ਪਇਆ।

## ੧੭. ਬਨਾਰਸ ਵਿਚ ਚਤੁਰ ਦਾਸ.

ਓਥਹੁ ਚਲੇ, ਬਨਾਰਸਿ ਆਏ। ਤਬਿ ਆਇ ਚਾਉਕੇ ਵਿਚ ਬੈਠੇ। ਤਬਿ ਬਨਾਰਸ ਕਾ ਪੰਡਿਤ ਚਤੁਰਦਾਸ ਥਾ। ਸੋ ਇਸਨਾਨ ਕਉ ਆਇਆ ਥਾ, ਆਇ ਰਾਮ ਰਾਮ ਕੀਤੀਓਸੁ। ਭੇਖੁ ਦੇਖਿਕੇ ਬੈਠਿ ਗਇਆ, ਆਖਿਓਸੁ, 'ਏ ਭਗਤਿ ! ਤੇਰੈ ਸਾਲਗਿਰਾਮ ਨਾਹੀ,ਤੁਲਸੀ ਕੀ ਮਾਲਾਨਾਹੀ,ਸਾਲਗਿਰਾਮ ਨਾਹੀ†,ਸਿਮਰਣੀ ਨਾਹੀ, ਗੋਪੀ ਚੰਦਨ ਕਾ ਟਿਕਾ ਨਾਹੀ†, ਅਤੈ ਤੂੰ ਭਗਤਿ ਕਹਾਂਵਦਾ ਹੈਂ', ਸੋ ਤੁਮ ਕਿਆ ਭਗਤਿ ਪਾਈ ਹੈ ?' ਤਬਿ ਬਾਬੇ ਆਖਿਆ, 'ਮਰਦਾਨਿਆ ! ਰਬਾਬੁ ਵਜਾਇ'। ਤਾ ਮਰਦਾਨੇ ਰਬਾਬੁ ਵਜਾਇਆ। ਰਾਗੁ ਬਸੰਤੁ ਕੀਤਾ। ਬਾਬੇ ਸਬਦੁ ਉਠਾਇਆ ॥ ਮ: ੧— ਮਹਲਾ ੧ ਬਸੰਤੁ ਹਿੰਡੋਲ ਘਰੁ ੨

ਸਾਲਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ ॥ ਰਾਮ ਨਾਮੁ
ਜਪਿ ਬੇੜਾ ਬਾਂਧਹੁ ਦਇਆ ਕਰਹੁ ਦਇਆਲਾ॥੧॥ ਕਾਹੇ ਕਲਰਾ ਸਿੰਚਹੁ
ਜਨਮੁ ਗਵਾਵਹੁ ॥ਕਾਚੀ ਢਹਗਿ ਦਿਵਾਲ ਕਾਹੇ ਗਚ ਲਾਵਹੁ॥੧॥ਰਹਾਉ॥

ਤਬਿ ਫਿਰਿ ਪੰਡਤਿ ਕਹਿਆ, 'ਹੋ ਭਗਤ ! ਏਹ ਬਸਤੁ ਤਾ ਕਲਰ ਕੋ ਸੰਚਣ ਹੋਇਆ, ਪਰੁ ਓਹੁ ਬਸਤੁ ਕਉਣੁ ਹੈ ਜਿਸ ਨਾਲਿ ਧਰਤੀ ਸੰਚੀਐ ? ਅਤੈ ਪਰਮੇਸਰੁ ਮਿਲੈ' ? ਤਬਿ ਬਾਬੇ ਦੂਜੀ ਪਉੜੀ ਆਖੀ :—

ਕਾਮੁ ਕ੍ਰੋਧੁ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ ॥ ਜਿਉ ਗੋਡਹੁ ਤਿਉ
ਤੁਮ ਸੁਖੁ ਪਾਵਹੁ ਕਿਰਤੁ ਨ ਮੇਟਿਆ ਜਾਈ ॥ ੩ ॥

ਤਬਿ ਫਿਰਿ ਪੰਡਤਿ ਪੁਛਿਆ, 'ਏ ਭਗਤ ! ਧਰਤੀ ਤਾਂ ਖੋਦੀ, ਪਰੁ ਸਿੰਚੇ

---

*ਇਹ ਸ਼ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਹੀਂ ਹੈ।
†ਇਹ ਦੋਵੇਂ ਲਘ ਵਾਕ ਹਾ:ਬਾ: ਨੁਸਖੇ ਵਿਚ ਨਹੀਂ ਹਨ।

ਬਿਨਾ ਕਿਉਂ ਕਰਿ ਹਰੀ ਹੋਵੈ? ਅਤੈ ਮਾਲੀ ਕਿਤਿ ਬਿਧਿ ਆਪਣਾ ਕਰਿ ਜਾਣੈ?' ਤਬਿ ਬਾਬੇ ਪਉੜੀ ਤੀਜੀ ਆਖੀ :–

ਕਰ ਹਰਿਹਟ ਮਾਲ ਟਿੰਡ ਪਰੋਵਹੁ ਤਿਸੁ ਭੀਤਰਿ ਮਨੁ ਜੋਵਹੁ ॥
ਅੰਮ੍ਰਿਤੁ ਸਿੰਚਹੁ ਭਰਹੁ ਕਿਆਰੇ ਤਉ ਮਾਲੀ ਕੇ ਹੋਵਹੁ ॥ ੨ ॥

ਤਬਿ ਚਤੁਰਦਾਸ ਪੰਡਤ ਕਹਿਆ, 'ਜੀ ਤੁਮ ਪਰਮੇਸਰ ਕ ਪਰਮਹੰਸ ਹੋ, ਅਤੇ ਜੀ ਅਸਾਡੀ ਮਤਿ ਇੰਦ੍ਰੀਆ ਕੀ ਜਿਤੀ ਹੋਈ ਮਲੀਣੁ ਹੈ, ਬਗੁਲੇ ਕੀ ਨਿਆਈਂ'। ਤਬਿ ਬਾਬੇ ਪਉੜੀ ਚਉਥੀ ਆਖੀ :–

ਬਗੁਲੇ ਤੇ ਫੁਨਿ ਹੰਸੁਲਾ ਹੋਵੈ ਜੇ ਤੂ ਕਰਹਿ ਦਇਆਲਾ ॥ ਪ੍ਰਣਵਤਿ
ਨਾਨਕੁ ਦਾਸਨਿ ਦਾਸਾ ਦਇਆ ਕਰਹੁ ਦਇਆਲਾ ॥੪॥੧॥੯॥

ਤਬਿ ਫਿਰਿ ਪੰਡਤ ਬੋਲਿਆ, ਆਖਿਓਸੁ, 'ਜੀ ਤੁਮ ਪਰਮੇਸਰ ਕੇ ਭਗਤ ਹੌ, ਪਰੁ ਜੀ,ਇਸ ਨਗਰੀ ਕਉ ਭੀ ਪਵਿਤੁ ਕਰੁ,ਕੁਛ ਇਸ ਕਾ ਭੀ ਗੁਨੁ ਲੇਵਹੁ'। ਤਬਿ ਗੁਰੂ ਨਾਨਕ ਪੁਛਿਆ, 'ਇਸਕਾ ਗੁਨ ਕੈਸਾ ਹੈ ? ਤਬਿ ਪੰਡਿਤ ਕਹਿਆ, 'ਜੀ, ਇਸਕਾ ਗੁਨੁ ਵਿਦਿਆ ਹੈ; ਜਿਸੁ ਪੜ੍ਹੇ ਤੇ ਰਿਧਿ ਆਇ ਰਹੈ, ਅਤੈ ਜਹਾਂ ਬੈਠਹੁ ਤਹਾਂ ਸੰਸਾਰੁ ਮਾਨੈ, ਅਤੈ ਇਸ ਮਤੇ ਲਾਈ ਤੇ ਮਹੰਤ ਹੋਵਹੁ'। ਤਬਿ ਬਾਬਾ ਬੋਲਿਆ : ਸਬਦੁ ਰਾਗੁ ਬਸੰਤ ਵਿਚ :–

ਬਸੰਤ ਹਿੰਡੋਲ ਮਹਲਾ ੧ ॥

ਰਾਜਾ ਬਾਲਕੁ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ ॥ ਦੁਇ ਮਾਈ ਦੁਇ
ਬਾਪਾ ਪੜੀਅਹਿ ਪੰਡਿਤ ਕਰਹੁ ਬੀਚਾਰੋ ॥੧॥ ਸੁਆਮੀ ਪੰਡਿਤ ਤੁਮ੍ ਦੇਹੁ
ਮਤੀ ॥ ਕਿਨ ਬਿਧਿ ਪਾਵਹੁ ਪ੍ਰਾਨ ਪਤੀ ॥ ੧ ॥ ਰਹਾਉ ॥ ਭੀਤਰਿ ਅਗਨਿ
ਬਨਾਸਪਤਿ ਮਉਲੀ ਸਾਗਰੁ ਪੰਡੈ ਪਾਇਆ ॥ ਚੰਦੁ ਸੂਰਜੁ ਦੁਇ ਘਰਹੀ
ਭੀਤਰਿ ਐਸਾ ਗਿਆਨੁ ਨ ਪਾਇਆ ॥ ੨ ॥ ਰਾਮ ਰਵੰਤਾ ਜਾਣੀਐ ਇਕ
ਮਾਈ ਭੋਗੁ ਕਰੇਇ ॥ ਤਾਕੇ ਲਖਣ ਜਾਣੀਅਹਿ ਖਿਮਾ ਧਨੁ ਸੰਗ੍ਰਹੇਇ॥੩॥
ਕਹਿਆ ਸੁਣਹਿ ਨ ਖਾਇਆ ਮਾਨਹਿ ਤਿਨ੍ਾਹੀ ਸੇਤੀ ਵਾਸਾ ॥ ਪ੍ਰਣਵਤਿ
ਨਾਨਕੁ ਦਾਸਨਿਦਾਸਾ ਖਿਨੁ ਤੋਲਾ ਖਿਨੁ ਮਾਸਾ ॥ ੪ ॥ ੩ ॥ ੧੧ ॥

ਤਬਿ ਫਿਰਿ ਚਤੁਰਦਾਸ ਪੰਡਤ ਬੇਨਤੀ ਕੀਤੀ, ਆਖਿਓਸੁ, 'ਜੀ, ਏਹੁ ਜੋ ਅਸੀਂ ਸੰਸਾਰ ਕੇ ਤਾਈਂ ਪੜ੍ਹਾਵਤੇ ਹੈਂ, ਅਰੁ ਅਸੀਂ ਪੜ੍ਹਤੇ ਹੈਂ, ਕੁਛ ਪ੍ਰਾਪਤਿ ਹੋਵੈਗਾ ਪਰਮੇਸਰ ਕਾ ਨਾਉ ?' ਤਬਿ ਗੁਰੂ ਨਾਨਕ ਪੁਛਿਆ, 'ਏ ਸੁਆਮੀ ! ਤੁਮ ਕਿਆ ਪੜ੍ਹਤੇ ਹੋ ? ਅਰੁ ਕਵਨੁ ਵਸਤੁ ਸੰਸਾਰ ਜੋਗੁ ਪੜ੍ਹਾਇਦੇ ਹੋ ? ਅਰ ਕਿਆ ਵਿਦਿਆ ਪੜ੍ਹਾਂਵਦੇ ਹੋ* ਚਾਟੜਿਆਂ ਜੋਗੁ ?' ਤਬ ਪੰਡਿਤ ਕਹਿਆ, 'ਜੀ, ਵਚਨ ਪਾਰਬ੍ਰਹਮ ਕੇ ਸਿਉ,ਪਹਲੀ ਪਟੀ ਪੜ੍ਹਾਵਉ ਸੰਸਾਰ ਜੋਗੁ'। ਤਬਿ ਬਾਬਾ ਬੋਲਿਆ :

---

*'ਅਰ ਕਿਆ ਵਿਦਿਆ ਪੜ੍ਹਾਂਵਦੇ ਹੋ' ਹਾ:ਬਾ: ਨੁਸਖੇ ਵਿਚੋਂ ਹੈ।

ਰਾਮਕਲੀ ਮਹਲਾ ੧ ਦਖਣੀ ਓਅੰਕਾਰੁ ॥

ਓਅੰਕਾਰਿ ਬ੍ਰਹਮਾ ਉਤਪਤਿ ॥ ਓਅੰਕਾਰੁ ਕੀਆ ਜਿਨਿ ਚਿਤਿ॥ਓਅੰਕਾਰਿ ਸੈਲ ਜੁਗ ਭਏ ॥ ਓਅੰਕਾਰਿ ਬੇਦ ਨਿਰਮਏ ॥ ਓਅੰਕਾਰਿ ਸਬਦਿ ਉਧਰੇ ॥ ਓਅੰਕਾਰਿ ਗੁਰਮੁਖਿ ਤਰੇ ॥ ਓਨਮ ਅਖਰ ਸੁਣਹੁ ਬੀਚਾਰੁ ॥ ਓਨਮ ਅਖਰੁ ਤ੍ਰਿਭਵਣ ਸਾਰੁ ॥ ੧ ॥ ਸੁਣਿ ਪਾਡੇ ਕਿਆ ਲਿਖਹੁ ਜੰਜਾਲਾ ॥ ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ ॥ ੧ ॥ ਰਹਾਉ ॥

ਤਬਿ ਪਉੜੀਆਂ ਚਉਰੰਜਹ ਪ੪ ਓਅੰਕਾਰੁ ਹੋਇਆ। ਤਬ ਪੰਡਿਤੁ ਆਇ ਪੈਰੀ ਪਇਆ, ਨਾਉ ਧਰੀਕ ਹੋਆ, ਗੁਰੂ ਗੁਰੂ ਲਗਾ ਜਪਣਿ। ਤਬਿ ਬਾਬਾ ਜੀ ਓਥਹੁ ਰਵਦੇ ਰਹੇ।

## ੧੮. ਨਾਨਕ ਮਤੇ ਸਿੱਧਾਂ ਨਾਲ ਗੋਸ਼ਟ.

ਤਬ* ਨਾਨਕ ਮਤੈ ਆਇ ਨਿਕਲੈ। ਤਬ ਇਕਸੁ ਬੜ ਕੇ ਤਲੇ ਜਾਇ ਬੈਠੇ†, ਓਹੁ ਵੜੁ ਸੁਕਾ ਖੜਾ ਥਾ ਕਈ ਬਰਸਾਂ ਕਾ। ਓਥੈ ਧੂੰਈ ਪਾਈ, ਤਬ ਓਹੁ ਹਰਿਆ ਹੋਆ, ਸਿਧਾਂ ਡਿਠਾ, ਆਇ ਬੈਠੈ। ਤਬਿ ਸਿੱਧਾਂ ਪੁਛਿਆ, 'ਹੇ ਬਾਲਕੇ! ਤੂ ਕਿਸਕਾ ਸਿਖੁ ਹੈ? ਦੀਖਿਆ ਤੈਂ ਕਿਸਤੇ ਲਈ ਹੈ?' ਤਬਿ ਗੁਰੂ ਬਾਬੇ ਸਬਦੁ ਉਠਾਇਆ ਰਾਗੁ ਸੂਈ ਵਿਚਿ:- ਸੂਹੀ ਮਹਲਾ ੧ ਘਰੁ ੭॥

ਕਉਣ ਤਰਾਜੀ ਕਵਣੁ ਤੁਲਾ ਤੇਰਾ ਕਵਣੁ ਸਰਾਫੁ ਬੁਲਾਵਾ ॥ ਕਉਣੁ ਗੁਰੂ ਕੈ ਪਹਿ ਦੀਖਿਆ ਲੇਵਾ ਕੈ ਪਹਿ ਮੁਲੁ ਕਰਾਵਾ ॥ ੧ ॥ ਮੇਰੇ ਲਾਲ ਜੀਉ ਤੇਰਾ ਅੰਤੁ ਨ ਜਾਣਾ ॥ ਤੂੰ ਜਲ ਥਲਿ ਮਹੀਅਲਿ ਭਰਿ ਪੁਰਿ ਲੀਣਾ ਤੂੰ ਆਪੇ ਸਰਬ ਸਮਾਣਾ । ੧ ॥ ਰਹਾਉ ॥ ਮਨੁ ਤਾਰਾਜੀ ਚਿਤੁ ਤੁਲਾ ਤੇਰੀ ਸੇਵ ਸਰਾਫੁ ਕਮਾਵਾ ॥ ਘਟ ਹੀ ਭੀਤਰਿ ਸੋ ਸਹੁ ਤੋਲੀ ਇਨ ਬਿਧਿ ਚਿਤੁ ਰਹਾਵਾ ॥ ੨ ॥ ਆਪੇ ਕੰਡਾ ਤੋਲੁ ਤਰਾਜੀ ਆਪੇ ਤੋਲਣ ਹਾਰਾ ॥ ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ ॥ ੩ ॥ ਅੰਧੁਲਾ ਨੀਚ ਜਾਤਿ ਪਰਦੇਸੀ ਖਿਨੁ ਆਵੈ ਤਿਲੁ ਜਾਵੈ ॥ ਤਾਕੀ ਸੰਗਤਿ ਨਾਨਕੁ ਰਹਦਾ ਕਿਉ ਕਰਿ ਮੂੜਾ ਪਾਵੈ ॥ ੪ ॥ ੨ ॥ ੯ ॥

ਤਬਿ ਸਿਧਾਂ ਆਖਿਆ, 'ਬਾਲਕੇ! ਤੂੰ ਜੋਗੀ ਹੋਇ, ਦਰਸਨੁ ਭੇਖੁ ਲੇਉ'। ਤਬਿ ਬਾਬੇ ਸਬਦ ਉਠਾਇਆ। ਰਾਗੁ ਸੂਹੀ ਲਾਲਤਾ‡ ਵਿਚ:-

ਸੂਹੀ ਮਹਲਾ ੧ ਘਰੁ ੭ ॥

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨਾ ਭਸਮ ਚੜਾਈਐ ॥ ਜੋਗੁ ਨ ਮੁੰਦੀ

---

*'ਤਬ' ਹਾ:ਬਾ: ਨੁਸਖੇ ਵਿਚੋਂ ਹੈ। †ਇਹ ਵਾਕ ਹਾ:ਬਾ: ਨੁਸਖੇ ਦਾ ਹੈ।

‡'ਲਾਲਤਾ' ਪਾਠ ਹਾਫ਼ਜ਼ਾਬਾਦੀ ਨੁਸਖੇ ਵਿਚ ਨਹੀਂ ਹੈ, ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬੀ ਨਹੀਂ, ਤਾਂਤੇ ਇਹ ਅਸ਼ੁਧੀ ਹੈ ਲਿਖਾਰੀ ਦੀ।

ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥੧॥ ਗਲੀ ਜੋਗੁ ਨ ਹੋਈ॥ ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ॥ ੧॥ ਰਹਾਉ॥ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ॥ ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥੨॥ ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ॥ ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥੩॥ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ॥ ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ॥ ੪॥ ੧॥ ੮॥

ਤਬਿ ਸਿਧਾ 'ਆਦੇਸੁ ਆਦੇਸੁ' ਕੀਤਾ, ਜੋ ਇਹੁ ਕੋਈ ਮਹਾਂ ਪੁਰਖੁ ਹੈ, ਜਿਸਕੇ ਬੈਠਣੇ ਸਾਥਿ ਬੜੁ ਹਰਿਆ ਹੋਆ ਭੰਡਾਰੇ ਕਾ'। 'ਤਬਿ ਗੁਰੂ ਬਾਬਾ ਓਥਹੁ ਰਵਿਦਾ ਰਹਿਆ।

## ੧੯. ਵਣਜਾਰਿਆਂ ਦੇ ਟਾਂਡੇ.

ਇਕਤੁ ਟਾਂਡੈ* ਆਇ ਨਿਕਲੇ ਵਣਜਾਰਿਆਂ ਕੈ, ਤਬਿ ਨਾਇਕ ਕੇ ਬਾਰਿ ਆਇ ਬੈਠੈ। ਉਸਦੇ ਘਰਿ ਪੁਤ੍ਰ ਹੋਆ ਥਾ, ਅਤੈ ਲੋਕ ਬਹੁਤੁ ਮੁਬਾਰਖੀ ਦੇਵਣਿ ਆਵਨਿ, ਕੋਈ ਆਇ ਅਲਤਾ† ਪਾਵੈ, ਕੋਈ ਲਖ ਅਸੀਸਾ ਦੇਵੈ। ਤਬ ਮਰਦਾਨਾ ਬੈਠਾ ਤਮਾਸਾ ਦੇਖੈ। ਜਾ ਲਹੁੜਾ ਦਿਨੁ ਹੋਇਆ, ਤਾਂ ਓਹੁ ਉਠਿ ਗਇਆ ਘਰਿ, ਖਬਰਿ ਲੀਤੀਆ ਨਹੀ। ਤਬਿ ਮਰਦਾਨੇ ਨੂੰ ਭੁਖ ਲਗੀ ਖਰੀ ਬਹੁਤੁ‡, ਆਖਿਓਸੁ, 'ਜੀਵੈ ਪਾਤਸਾਹਾ! ਇਸ ਤਾਂ ਅਸਾਡੀ ਖਬਰਿ ਕਿਛੁ ਨਾ ਲਈ, ਏਸ ਦੇ ਘਰਿ ਅਜੁ ਪੁਤ੍ਰ ਹੋਆ ਹੈ, ਆਪਣੀ ਹੂਇ ਹਵਾਇ ਨਾਲਿ ਉਠਿ ਗਇਆ। ਪਰੁ ਜੀ! ਜੇ ਮੈਨੂੰ ਹੁਕਮੁ ਹੋਵੈ ਤਾ ਇਸਦੇ ਘਰਿ ਜਾਵਾਂ। ਇਹੁ ਪੁਤ੍ਰ ਦੀ ਵਧਾਈ ਮੰਗਤਿਆਂ ਲੋਕਾਂ ਨੂੰ ਦੇਂਦਾ ਹੈ, ਕੁਛ ਮੈਂ ਭੀ ਲੈ ਆਵਾਂ।' ਤਬਿ ਬਾਬਾ ਹਸਿਆ, ਆਖਿਓਸੁ, 'ਮਰਦਾਨਿਆ! ਇਸਦੇ ਘਰਿ ਪੁਤ੍ਰ ਨਾਹੀਂ ਹੋਆ, ਇਸਦੇ ਘਰਿ ਏਕੁ ਕਰਜਾਈ ਆਇਆ ਹੈ। ਚੁਪਾਤਾ ਰਹੁ^A ਰਾਤਿ ਰਹੇਗਾ, ਭਲਕੇ ਉਠਿ ਜਾਵੈਗਾ। ਪਰੁ ਤੇਰੇ ਮਨਿ ਆਈ ਹੈ, ਤਾਂ ਜਾਹਿ। ਪਰੁ ਅਸੀਸ ਦੇਹੀਈ ਨਾਹੀ, ਚੁਪਾਤਾ ਜਾਇ ਖੜਾ ਹੋਉ'। ਤਾਂ ਮਰਦਾਨੇ ਆਖਿਆ, 'ਭਲਾ ਹੋਵੈ ਜੀ, ਜਾਇ ਦੇਖਾਂ'। ਤਬਿ ਮਰਦਾਨਾ

---

*ਪਾਠਾਂਤ੍ਰ 'ਟਾਂਡੈ' ਦੀ ਥਾਂ 'ਡੇਰੇ' ਹੈ। †ਗੁਲਾਲੀ ਦੀ ਕਿਸਮ ਦੀ ਸ਼ੈ।

‡'ਖਰੀ ਬਹੁਤ' ਪਾਠ ਹਾ:ਬਾ:ਨੁ: ਵਿਚ ਨਹੀਂ ਹੈ।

A'ਚੁਪਾਤਾ ਰਹੁ' ਦੀ ਥਾਂ ਪਾਠਾਂਤ੍ਰ ਹੈ—'ਚਾਰ ਪਹਰ'।

ਗਇਆ, ਜਾਇ ਖੜੋਤਾ ਚੁਪਾਤਾ, ਖਬਰਿ ਕਿਸੇ ਨਾ ਲੀਤੀ, ਉਠਿ ਆਇਆ। ਤਬਿ ਬਾਬੇ ਆਖਿਆ, 'ਮਰਦਾਨਿਆ! ਰਬਾਬੁ ਵਜਾਇ'। ਤਾ ਮਰਦਾਨੇ ਰਬਾਬ ਵਜਾਇਆ, ਰਾਗੁ ਸ੍ਰੀ ਰਾਗੁ ਕੀਤਾ, ਗੁਰੂ ਬਾਬੇ ਸਬਦੁ ਉਠਾਇਆ :—

ਸਿਰੀ ਰਾਗੁ ਪਹਰੇ ਮਹਲਾ ੧ ਘਰੁ ੧ ॥

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ ॥ ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ ॥ ਖਸਮ ਸੇਤੀ ਅਰਦਾਸਿ ਵਖਾਣੈ ਉਰਧ ਧਿਆਨਿ ਲਿਵਲਾਗਾ॥ਨਾਮ ਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ ॥ ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ॥ ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹੁਕਮਿ ਪਇਆ ਗਰਭਾਸਿ॥੧॥ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ ॥ ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ ਜਿਉ ਜਸੁਦਾ ਘਰਿ ਕਾਨੁ ॥ ਹਥੋ ਹਥਿ ਨਚਾਈਐ ਪ੍ਰਾਣੀ ਮਾਤ ਕਹੈ ਸੁਤੁ ਮੇਰਾ॥ ਚੇਤਿ ਅਚੇਤ ਮੂੜ ਮਨ ਮੇਰੇ ਅੰਤਿ ਨਹੀ ਕਛੁ ਤੇਰਾ ॥ ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਮਨ ਭੀਤਰਿ ਧਰਿ ਗਿਆਨੁ ॥ ਕਹੁ ਨਾਨਕ ਪ੍ਰਾਣੀ ਦੂਜੈ ਪਹਰੈ ਵਿਸਰਿ ਗਇਆ ਧਿਆਨੁ।੨॥ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਨ ਜੋਬਨ ਸਿਉ ਚਿਤੁ ॥ ਹਰਿ ਕਾ ਨਾਮੁ ਨਾ ਚੇਤਹੀ ਵਣਜਾਰਿਆ ਮਿਤ੍ਰਾ ਬਧਾ ਛੁਟਹਿ ਜਿਤੁ॥ਹਰਿ ਕਾ ਨਾਮੁ ਨ ਚੇਤੈ ਪ੍ਰਾਣੀ ਬਿਕਲੁ ਭਇਆ ਸੰਗਿਮਾਇਆ॥ਧਨ ਸਿਉ ਰਤਾ ਜੋਬਨਿ ਮਤਾ ਅਹਿਲਾ ਜਨਮੁ ਗਵਾਇਆ॥ ਧਰਮ ਸੇਤੀ ਵਾਪਾਰੁ ਨ ਕੀਤੋ ਕਰਮੁ ਨ ਕੀਤੋ ਮਿਤੁ ॥ ਕਹੁ ਨਾਨਕ ਤੀਜੈ ਪਹਰੈ ਪ੍ਰਾਣੀ ਧਨ ਜੋਬਨ ਸਿਉ ਚਿਤੁ ॥ ੩ ॥ ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ ॥ ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ ॥ ਭੇਤੁ ਚੇਤੁ ਹਰਿ ਕਿਸੈ ਨ ਮਿਲਿਓ ਜਾ ਜਮਿ ਪਕੜਿ ਚਲਾਇਆ॥ਝੂਠਾ ਰੁਦਨੁ ਹੋਆ ਦੁੋਆਲੈ ਖਿਨ ਮਹਿਭਇਆਪਰਾਇਆ॥ਸਾਈ ਵਸਤੁ ਪਰਾਪਤਿਹੋਈਜਿਸੁ ਸਿਉਲਾਇਆ ਹੇਤੁ ॥ ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਲਾਵੀ ਲੁਣਿਆ ਖੇਤੁ ॥੪॥੧॥

ਜਬਿ ਭਲਕੁ ਹੋਆ, ਤਾਂ ਓਹੁ ਲੜਿਕਾ ਚਲਿਆ, ਤਾਂ ਰੋਂਦੇ ਪਿਟਦੇ ਨਿਕਲੇ। ਤਾਂ ਮਰਦਾਨੇ ਅਰਜ ਕੀਤੀ, ਆਖਿਓਸੁ, 'ਜੀ ਇਸਦੇ ਬਾਬਿ ਕਿਆ ਵਰਤੀ? ਕਲਿ ਅਲਤਾ ਪਏਂਦੇ ਆਹੇ, ਹਸਦੇ ਥੇ, ਖੇਡਦੇ ਥੇ'। ਤਬਿ ਬਾਬੇ ਸਲੋਕੁ ਦਿੱਤਾ :—

ਸਲੋਕੁ॥ਜਿਤੁ ਮੁਹਿ ਮਿਲਨਿ ਮੁਬਾਰਖੀ ਲਖ ਮਿਲੈ ਆਸੀਸ ॥ ਤੇਮੁਹੁ ਫਿਰਿ ਪਿਟਾਈਅਨ ਮਨੁ ਤਨੁ ਸਹੇ ਕਸੀਸ॥ਇਕ ਮੁਏ ਇਕ ਦਬਿਆ ਇਕ ਦਿਤੇ ਨਦੀ ਵਹਾਇ ॥ ਗਇਆ ਮੁਬਾਰਖੀ ਨਾਨਕਾ ਭੀ ਸਚੇ ਨੂ ਸਲਾਹ॥ ੧ ॥*

*ਏਹ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਹੈ।

ਤਬਿ ਬਾਬਾ ਤੇ ਮਰਦਾਨਾ ਓਥਹੁੰ ਚਲੇ।

## ੨੦. ਪਾਲੀ ਨੂੰ ਪਾਤਸ਼ਾਹੀ.

ਤਬਿ ਰਾਹ ਵਿਚਿ ਇਕ ਚੰਣਿਆਂ ਦੀ ਵਾੜੀ ਆਈਓਸੁ । ਤਬਿ ਪਾਲੀ ਉਸ* ਕਾ ਲਗਾ ਹੋਲਾਂ ਕਰਣਿ। ਤਬਿ ਮਰਦਾਨੇ ਕੇ ਜੀਅ ਆਈ 'ਜੋ ਬਾਬਾ ਚਲੈ ਤਾਂ ਦੁਇਕ ਬੂਟੇ ਲੈਹਿੰ'। ਤਬਿ ਬਾਬਾ ਮੁਸਕਾਇਆ, ਜਾਇ ਬੈਠੇ†। ਤਬ ਉਸ ਪਾਲੀ ਹੋਲੇਂ ਅਗੇ ਆਣਿ ਰਖੈ। ਤਬ ਬਾਬੇ ਮਰਦਾਨੈ ਨੂ ਦੇਤੇ। ਤਾਂ ਉਸ ਲੜਕੈ ਦੇ ਜੀਅ ਆਈ,—ਜੁ ਕਿਛੁ ਘਰਿ ਤੇ ਲੈ ਆਵਾਂ, ਫ਼ਕੀਰਾਂ ਦੇ ਮੁਹਿ ਪਾਵਣ ਤਾਂਈ—। ਤਬਿ ਓਹੁ ਉਠਿ ਚਲਿਆ ਤਾਂ ਬਾਬੇ ਪੁਛਿਆ। ਤਾਂ ਆਖਿਓਸੁ, 'ਜੀ ਕੁਛੁ ਘਰੋਂ ਲੇ ਆਵਾਂ, ਤੇਰੇ ਮੁਹ ਪਾਵਣ ਤਾਈਂ'। ਤਾਂ ਗੁਰੂ ਨਾਨਕ ਸਲੋਕ ਦਿਤਾ:—

ਸਲੋਕ ॥ ਸਬਰੁ ਤੇਰਾ ਲੇਫੁ ਨਿਹਾਲੀ ਭਾਉ ਤੇਰਾ ਪਕਵਾਨੁ ॥ ਨਾਨਕ
ਸਿਫਤੀ ਤ੍ਰਿਪਤਿਆ ਬਹੁ ਰੇ ਸੁਲਤਾਨ ॥ ੧ ॥‡

ਤਬਿ ਪਾਤਸਾਹੀ ਮਿਲੀ ਚਣਿਆਂ ਦੀ ਮੁਠਿ ਦਾ ਸਦਕਾ । ਤਬਿ ਬਾਬਾ ਉਥਹੁ ਰਵਦਾ ਰਹਿਆ।

## ੨੧. ਮੁਹਰਾਂ ਦੇ ਕੋਲੇ ਤੇ ਸੂਲੀ ਦੀ ਸੂਲ.

ਤਾਂ ਮਰਦਾਨੇ ਆਖਿਆ, 'ਜੀ, ਕਿਥਾਊ ਬੈਠੀਐ ਚਉਮਾਸਾ ?' ਤਬਿ ਬਾਬੇ ਆਖਿਆ, 'ਭਲਾ ਹੋਵੈਗਾ, ਜੇ ਕੋਈ ਗਾਉਂ ਆਵੈ ਤਹਾਂ ਬੈਠਣਾ'। ਤਬਿ ਸਹਰ ਤੇ ਕੋਸ ਏਕ ਉਪਰਿ ਆਇ ਬੈਠੇ ਗਾਉ ਵਿਚਿ। ਤਬਿ ਉਸ ਗਾਉ ਵਿਚਿ ਏਕਸ ਖਤ੍ਰੀ ਦੀ ਲਗ[A] ਆਹੀ। ਉਹੁ ਇਕ ਦਿਨ ਆਇ ਦਰਸਨਿ ਦੇਖਣੇ ਆਇਆ। ਦਰਸਨੁ ਦੇਖਣੇ ਨਾਲ ਨਿਤਾਪ੍ਰਤਿ ਆਵੈ ਸੇਵਾ ਕਰਨਿ। ਤਬਿ ਇਕ ਦਿਨੇ ਨੇਮੁ ਕੀਤੋਸੁ, ਜੋ ਦਰਸਨ ਬਿਨਾ ਲੇਨਾ ਕਿਛੁ ਨਾਹੀ ਜਲੁ ਪਾਨੁ।

ਤਬਿ ਏਕਨਿ ਪਾਸਲੇ ਹਟਵਾਣੀਏ ਪੁਛਿਆ,'ਜੋ ਭਾਈ ਜੀ, ਤੂੰ ਨਿਤਾਪ੍ਰਤਿ ਕਿਉਂ ਜਾਂਦਾ ਹੈਂ ਗਾਉਂ ? ਆਗੈ ਕਿਤੈ ਸੰਜੋਗ ਪਾਇ ਜਾਂਦਾ ਸਹਿ[B]'। ਤਾਂ ਉਨਿ ਸਿਖ ਆਖਿਆ, 'ਭਾਈ ਜੀ ! ਇਕ ਸਾਧੂ ਆਇ ਰਹਿਆ ਹੈ, ਉਸਕੇ ਦਰਸਨਿ ਜਾਂਦਾ ਹਾਂ'। ਤਬਿ ਉਸ ਕਹਿਆ, 'ਜੀ, ਉਸਕਾ ਦਰਸਨੁ ਮੈਨੂੰ ਭੀ ਕਰਾਇ'।ਤਬਿ ਉਸ ਸਿਖ ਕਿਹਾ, 'ਜੀ ਤੁਸੀ ਬੀ ਕਰਹੁ[C]'। ਤਬਿ ਇਕ ਦਿਨਿ ਉਹ ਭੀ ਨਾਲਿ

---

*'ਉਸ' ਪਦ ਹਾ:ਬਾ: ਵਾਲੀ ਸਾਖੀ ਦਾ ਹੈ।

†ਹਾ:ਬਾ:ਵਾਲੇ ਨੁਸਖ਼ੇ ਵਿਚ ਲਿਖਿਆ ਹੈ ਕਿ 'ਤਬ ਬਾਬਾ ਤੇ ਮਰਦਾਨਾ ਦੋਵੇਂ ਉਥੇ ਬੈਠ ਗਏ'। ‡ਇਹ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਹੈ।

[A]ਹਾ:ਬਾ:ਨੁਸਖੇ ਵਿਚ ਪਾਠ ਹੈ 'ਲਾਗ' ਪੱਥਰ ਦੇ ਛਾਪੇ ਵਿਚ ਹੈ 'ਲਗਨ'।

[B]'ਸਹਿ'ਪਾਠ ਹਾ:ਬਾ:ਨੁ: ਦਾ ਹੈ। [C]'ਤਬ...ਤੋਂ...ਕਰਹੁ'ਤਕ ਹਾ:ਬਾ:ਨੁ:ਦਾਪਾਠਹੈ।

ਆਇਆ। ਆਂਵਦਿਆਂ ਆਂਵਦਿਆਂ ਇਕ ਲੌਂਡਿਡੀ ਸਾਥਿ ਅਟਕਿਆ। ਤਬਿ ਨਿਤਾਪ੍ਰਤਿ ਘਰਿ ਤੇ ਇਕਠੇ ਆਵਨਿ, ਤਾਂ ਉਹੁ ਜਾਵੈ ਲੋਲੀਖਾਨੇ*, ਅਤੈ ਓਹੁ ਜੋ ਆਗੈ ਆਦਾ ਆਹਾ, ਸੋ ਆਵੈ ਗੁਰ ਪਰਮੇਸਰ ਕੀ ਸੇਵਾ ਕਰਣਿ। ਤਬਿ ਇਕ ਦਿਨਿ ਉਸ ਕਹਿਆ, 'ਭਾਈ ਜੀ ! ਮੈਂ ਜਾਂਦਾ ਹਾਂ ਵਿਕਰਮ ਕਰਣਿ, ਅਤੈ ਤੂ ਜਾਂਦਾ ਹੈ ਸਾਧੂ ਦੀ ਸੇਵਾ ਕਰਨਿ। ਅਜੁ ਤੇਰਾ ਅਤੇ ਮੇਰਾ ਕਰਾਰੁ ਹੈ, ਜੋ ਦੇਖਾ ਤੈਨੂ ਕਿਆ ਪਰਾਪਤਿ ਹੋਵੈ ਅਤੇ ਮੈਨੂ ਕਿਆ ਮਿਲੇਗਾ'। ਤਬ ਉਹਨਾਂ ਇਕ ਟਿਕਾਣਾ ਮੁਕਰਰ ਕੀਤਾ; ਤਾਂ ਆਖਿਓਨੁ†,ਜੇ ਤੂ ਆਗੇ ਆਵਹਿ,ਤਾਂ ਈਹਾਂ ਆਇ ਬੈਠਣਾ ਅਤੇ ਜੇ ਮੈਂ ਆਵਾਂ, ਤਾਂ ਆਇ ਬੈਠਣਾ‡। ਆਜੁ ਇਕਠੇ ਹੋਇ ਕਰਿ ਚਲਣਾ'। ਜਬਿ ਓਹੁ ਜਾਵੈ ਤਾਂ ਲੌਂਡਿਡੀ ਡੇਰੇ ਨਾਹੀ। ਤਬਿ ਉਹੁ ਦਲਗੀਰੁ ਹੋਇ ਕਰਿ ਉਠਿ ਆਇਆ। ਆਇ ਕਰਿ ਟਿਕਾਣੇ ਉਪਰਿ ਆਇ ਬੈਠਾ। ਫਿਕਰਿ ਨਾਲਿ ਲਗਾ ਧਰਤੀ ਖੋਦਣਿ। ਜੇ ਦੇਖੈ, ਤਾਂ ਇਕੁ ਮੁਹਰ ਹੈ।ਤਬ ਛੁਰੀ ਕਢਿ ਕਰਿ ਲਗਾ ਖੋਦਨਿ। ਜੇ ਦੇਖੈ ਤਾਂ ਕੋਲੇ ਹੈਨਿ ਮਟੁ ਭਰਿਆ ਹੋਆ।

ਤਬਿਓਹੁ[A] ਗੁਰੂ ਪਾਸੋ ਸਿਖੁ ਪੈਰੀ ਪੈਇਕਰਿ ਚਲਿਆ,ਤਾ ਦਰਿ ਤੈ ਬਾਹਰਿ ਕੰਡਾ ਚੁਭਿਓਸੁ।ਤਾਂ ਕਪੜੇ ਸਾਥਿ ਪੈਰੁ ਬੰਨਿ ਕਰਿ ਆਇਆ।ਇਕੁ ਜੁਤੀ ਚੜ੍ਹੀ,ਇਕੁ ਜੁਤੀ ਭੰਨੀ।ਤਬਿ ਉਸਪੁਛਿਆ'ਭਾਈਜੀ!ਜੁਤੀ ਚੜਾਇ ਲੇਹਿ'।ਤਬਿ ਓਸੁ ਕਹਿਆ, 'ਭਾਈ ਜੀ ! ਮੇਰੇ ਪੈਰਿ ਕੰਡਾ ਚੁਭਿਆ ਹੈ'। ਤਬਿ ਉਸ ਕਹਿਆ, 'ਭਾਈ ਜੀ ! ਅਜ ਮੈਂ ਪਾਈ ਮੁਹਰ, ਅਤੇ ਤੈਨੂ ਚੁਭਿਆ ਕੰਡਾ, ਏਹ ਬਾਤ ਪੁਛੀ ਚਾਹੀਐ; ਜੋ ਤੂ ਜਾਵੇ ਗੁਰੂ ਕੀ ਸੇਵਾ ਕਰਿਨਿ, ਅਤੇ ਮੈਂ ਜਾਵਾਂ ਪਾਪ ਕਮਾਵਨਿ'। ਤਬਿ ਦੋਵੈ ਆਏ,ਆਇ ਕਰਿ ਬੇਨਤੀ ਕੀਤੀ,ਹਕੀਕਤਿ ਆਖਿ ਸੁਣਾਈ।ਤਬਿ ਗੁਰੂ ਬੋਲਿਆ, 'ਚੁਪ ਕਰਿ ਰਹੁ, ਫੋਲੋ ਕਾਈ ਨਹੀ'[B]।'ਤਾਂ ਉਨਿ ਆਖਿਆ,'ਜੀ ਬਹਰੀ[C] ਕੀਚੈ'। ਤਬਿ ਬਾਬਾ ਬੋਲਿਆ, ਆਖਿਓਸੁ,'ਓਹੁ ਜੋ ਮਟੁ ਕੋਲਿਆਂ ਦਾ ਥਾ, ਸੋ ਸਭ ਮੁਹਰਾਂ ਥੀਆਂ। ਪਿਛਲੇ ਜਨਮ ਕਾ ਬੀਜਿਆ ਹੈ, ਇਕ ਮੁਹਰੁ ਸਾਧੂ ਕੇ ਹਥਿ ਦਿਤੀ ਥੀ, ਤਿਸਦਾ ਸਦਕਾ ਮੁਹਰਾਂ ਹੋਈਆਂ ਥੀਆਂ।ਪਰੁ ਜਿਉ ਜਿਉ ਵਿਕਰਮਾਂ ਨੂ ਦਉੜਿਆ, ਤਿਉ ਤਿਉ ਮੁਹਰਾ ਦੇ ਕੋਇਲੇ ਹੋਇਗੈ। ਅਤੇ ਤੇਰੇ ਲੇਖ ਸੂਲੀ ਥੀ, ਜਿਉ ਜਿਉ ਸੇਵਾ ਨੂ ਆਇਆ, ਤਿਉ ਤਿਉ ਸੂਲੀ ਘਟਿ ਗਈ। ਸੂਲੀ ਦਾ ਕੰਡਾ ਹੋਇਆ ਸੇਵਾ ਦਾ ਸਦਕਾ'। ਤਬਿ ਉਇ ਉਨਿ ਪੈਰੀ ਪਏ, ਨਾਉ ਧਰੀਕ ਸਿੱਖ[D] ਹੋਏ, ਗੁਰੂ ਗੁਰੂ ਲਾਗੇ ਜਪਣਿ। ਤਬਿ ਬਾਬਾ ਬੋਲਿਆ ਸਬਦ ਰਾਗੁ ਮਾਰੂ ਵਿਚਿ :–

---

*ਹਾ:ਬਾ: ਨੁਸਖੇ ਵਿਚ ਪਾਠ 'ਲੌਂਡਿਡੀ ਕੇ' ਹੈ। †'ਤਬ...ਤੋਂ...ਆਖਿਓਨੁ' ਤੱਕ ਹਾ:ਬਾ: ਨੁ:ਵਿਚੋਂ ਹੈ। ‡ਹਾ:ਬਾ: ਨੁਸਖੇ ਵਿਚ ਪਾਠ ਹੈ'ਏਥੇ ਹੀ ਬੈਠਾਂਗਾ'।

[A]ਭਾਵ ਓਹੁ ਜੋ ਸਿਖ ਸੀ, ਭਲਾ ਪੁਰਖ। [B]'ਫੋਲੋ ਕਾਈ ਨਾਹੀਂ' ਪਾਠ ਹਾ:ਬਾ: ਨੁਸਖੇ ਦਾ ਹੈ। [C]ਪਾ:–'ਜਾਹਰ'। [D]'ਸਿੱਖ' ਪਾਠ ਹਾ:ਬਾ:ਨੁ:ਦਾ ਹੈ।

ਮਾਰੂ ਮਹਲਾ ੧ ਘਰੁ ੧ ॥

ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ॥ ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ॥੧॥ਚਿਤ ਚੇਤਸਿ ਕੀ ਨਹੀ ਬਾਵਰਿਆ ॥ ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ਰਹਾਉ॥ ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ॥ ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ ॥੨॥ ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ ॥ ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨੀ ਚਿੰਤ ਭਈ ॥ ੩ ॥ ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ ॥ ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ ॥ ੪ ॥ ੩ ॥

## ੨੩. ਠੱਗਾਂ ਦਾ ਨਿਸਤਾਰਾ.

ਤਬ ਓਥਹੁ ਚਲੇ। ਪੈਂਡੇ ਵਿਚ ਠਗ ਮਿਲਿ ਗਏ। ਦੇਖਿ ਕਰਿ ਆਖਿਓਨੇ, 'ਜਿਸਦੇ ਮੁਹਿ ਵਿਚਿ ਐਸੀ ਜੋਤਿ ਹੈ, ਸੇ ਖਾਲੀ ਨਹੀਂ । ਇਸ ਦੇ ਪੱਲੈ ਬਹੁਤੁ ਦੁਨੀਆ ਹੈ, ਪਰੁ ਗੁਝੀ ਹੈ'। ਤਬਿ ਬਾਬੇ ਦੇ ਚਉਫੇਰਿ ਆਇ ਖੜੇ ਹੋਏ। ਤਬਿ ਦਰਸਨੁ ਦੇਖਣੇ ਨਾਲਿ ਸਭ ਆਇ ਅੰਦਰਹੁ ਨਿਬਲੁ ਭਏ। ਤਬਿ ਗੁਰੂ ਪੁਛਿਆ, 'ਤੁਸੀ ਕਵਨ ਅਸਹੁ ?' ਤਬਿ ਉਇ ਕਹਿਨਿ, 'ਅਸੀ ਠਗ ਹਾਂ, ਤੇਰੇ ਮਾਰਣ ਕਉ ਆਏ ਹਾਂ'। ਤਬਿ ਬਾਬੇ ਆਖਿਆ, 'ਭਲਾ ਹੋਵੈ, ਇਕੁ ਕੰਮੁ ਕਰਿਕੈ ਮਾਰਹੁ'। ਤਬਿ ਓਨਾ ਕਹਿਆ, 'ਕੰਮ ਕੇਹਾ ਹੈ ?' ਤਬਿ ਬਾਬੇ ਕਿਹਾ*, 'ਓਹੁ ਜੋ ਧੂਆਂ ਨਦਰਿ ਆਂਵਦਾ ਹੈ, ਤਹਾਂ ਤੇ ਆਗ ਲੇ ਆਵਹੁ, ਮਾਰਿ ਦਾਗੁ ਦੇਹੁ†'। ਤਬਿ ਠਗਾਂ ਆਖਿਆ, 'ਕਹਾਂ ਆਗਿ ਕਹਾਂ ਹਮਿ, ਮਾਰਿ ਦੂਰਿ ਕਰਹੁ' ਤਬਿ ਇਕ ਨਾ‡ ਆਖਿਆਂ, 'ਅਸਾਂ ਬਹੁਤੁ ਜੀਅ ਮਾਰੇ ਹੈਨਿ, ਪਰੁ ਹਸਿ ਕਰਿ ਕਿਸੇ ਨਾਹੀ ਕਹਿਆ—ਜੋ ਮਾਰੁ—ਆਸਾ ਤੇ ਕਿਹਾ[A] ਜਾਂਦਾ ਹੈ?'ਤਬਿ ਦੁਇ ਠਗ ਦਉੜੇ ਆਗਿ ਨੂੰ, ਜਬ ਜਾਵਨਿ ਤਾਂ ਅਗੈ ਚਿਖਾ ਪਈ ਜਲਦੀ ਹੈ; ਅਤੈ ਰਾਮ ਗਣ ਤੇ ਜਮ ਗਣ ਖੜੇ ਝਗੜਦੇ ਹੈਂ।ਤਬਿ ਠਗਾਂ ਪੁਛਿਆ,'ਤੁਸੀ ਕਵਨ ਹਉ? ਕਿਉਂ ਝਗੜਦੇ ਹਉ?' ਤਬਿ ਉਨਾਂ ਕਹਿਆ,'ਅਸੀ ਜਮਗਣ ਹਾਂ,ਆਗਿਆ ਪਾਇ[B] ਪਰਮੇਸਰ ਕੀ ਨਾਲਿ

---

*'ਤਬਿ ਓਨਾ...ਤੋਂ...ਕਿਹਾ' ਤਕ ਦਾ ਪਾਠ ਹਾ:ਬਾ:ਨੁਸਖੇ ਵਿਚੋਂ ਹੈ।

†ਪਾਠਾਂਤ੍ਰ ਹੈ 'ਮਾਰ ਕਰ ਦਾਗ ਦੇਵਣਾ'। ‡ਹ:ਬਾ:ਨੁ:ਵਿਚ'ਇਕਨੇ' ਪਾਠ ਹੈ।

[A]ਹਾ:ਬਾ:ਨੁ: ਵਿਚ ਪਾਠ ਹੈ 'ਕਹਾਂ'। ਸ਼ੁੱਧ ਬੀ 'ਕਹਾਂ' ਹੈ। 'ਅਸਾਂ ਤੇ ਕਹਾਂ ਜਾਂਦਾ ਹੈ', ਦਾ ਮਤਲਬ ਹੈ ਕਿ ਸਾਥੋਂ ਨੱਸ ਕੇ ਇਹ ਕਿਥੇ ਜਾ ਸਕਦਾ ਹੈ।

[B]'ਪਾਇ' ਪਦ ਹਾ:ਬਾ: ਨੁਸਖੇ ਵਿਚ ਨਹੀਂ ਹੈ, ਤੇ ਚਾਹੀਦਾ ਬੀ ਨਹੀਂ।

ਇਸ ਜੀਅ ਕਉ ਕੁੰਭੀ ਨਰਕਿ ਲੈ ਚਾਲੇ ਹੈਂ* । ਅਤੇ ਇਹ ਪਿਛਹੁੰ ਰਾਮ ਗਣ ਆਏ ਹਨਿ, ਅਸਾਂ ਤੈ ਖੋਸ ਲੈ ਚਲੇ ਹੈਂ । ਤੁਮ ਪੁਛੋ ਜੋ ਕਿਉਂ ਖੋਸ ਲੈ ਚਲੈ ਹੈਂ ?' ਤਬਿ ਠੱਗਾਂ ਪੁਛਿਆ, 'ਤੁਸੀਂ ਕਿਉਂ ਖਸਿ ਲੈ ਚਲੇ ਹਉ, ਇਨਾਂ ਪਾਸਹੁੰ ?' ਤਬਿ ਰਾਮਗਣਾ ਆਖਿਆ, 'ਇਹ ਮਹਾਂ ਪਾਪੀ ਥਾ, ਇਸਨੂੰ ਕੁੰਭੀ ਨਰਕ ਮੈਂ ਦੇਣਾ ਥਾ, ਪਰ† ਜਿਸੁ ਗੁਰੂ ਪਰਮੇਸਰ ਕਉ ਤੁਮ ਮਾਰਣ ਆਏ ਹੋ,ਤਿਸਕੀ ਦ੍ਰਿਸਟਿ ਇਸਕੀ ਚਿਖਾ ਕਾ ਧੂੰਆ ਪਇਆ ਹੈ। ਤਿਸਕਾ ਸਦਕਾ ਬੈਕੁੰਠ ਕਉ ਪ੍ਰਾਪਤਿ ਭਇਆ ਹੈ' । ਤਬਿ ਠਗ ਸੁਣਤੇ ਹੀ ਦਉੜੇ ਆਏ, ਆਖਿਓ ਨੈ, 'ਜਿਸਕੀ ਦ੍ਰਿਸਟਿ ਧੂੰਆ ਪਵਤੇ ਸਾਰ ਮੁਕਤਿ ਪਰਾਪਤਿ ਭਇਆ ਹੈ, ਤਿਸਕੇ ਮਾਰਣ ਕਉ ਅਸੀ ਆਏ ਹੈਂ !' । ਤਬਿ ਓਹ ਆਇ ਪੈਰੀ ਪਏ । ਅਗਲਿਆਂ ਪੁਛਿਆ, 'ਇਹ ਕਿਆ ਹੂਆ ਹੈ, ਜ਼ੋ ਆਇਕੈ ਪੈਰੀ ਪਏ ਤੁਸੀਂ ?' ਉਨਾਂ ਸਭ ਬਾਤ‡ ਆਖਿ ਸੁਣਾਈ । 'ਇਹ ਮਹਾਂ ਪੁਰਖ ਹੈ^A' । ਤਬਿ ਓਹੁ ਭੀ ਆਇ ਪੈਰੀ ਪਏ । ਹਥਿ ਜੋੜਿ ਖੜੇ ਹੋਇ ਲਗੇ ਬੇਨਤੀ ਕਰਣਿ, ਆਖਿਓਨੈ, 'ਜੀ ਅਸਾਂ ਕਉ ਨਾਉਧਰੀਕ ਕਰੁ, ਅਸਾਡੇ ਪਾਪ ਬਿਨਾਸ ਕਰਿ, ਅਸਾਂ ਮਹਾਂ ਘੋਰੁ ਪਾਪ ਕਮਾਏ ਹੈਂ'।ਤਬਿ ਗੁਰੂ ਨਾਨਕੁ ਮਿਹਰਵਾਨੁ ਹੋਆ । ਆਖਿਓਸੁ, 'ਤੁਸਾਡੇ ਪਾਪ ਤਬ ਹੀ ਬਿਨਾਸੁ ਹੋਵਨਿ, ਜਾ ਇਹੁ ਕਿਰਤਿ ਛੋਡਹੁ, ਅਤੇ ਕਿਰਸਾਣੀ ਕਰਹੁ, ਅਤੈ ਜੋ ਕੁਛ ਵਸਤੁ ਰਹੰਦੀ ਹੈ, ਸੁ ਪਰਮੇਸਰ ਕੇ ਨਾਇ ਦੇਹੁ, ਅਤੀਤਾਂ ਭਗਤਾਂ ਦੇ ਮੁਹਿ ਪਾਵਹੁ'। ਤਬਿ ਓਨਾਂ ਆਗਿਆ ਮਨਿ ਲਈ ਜੋ ਕੁਛ ਵਸਤੁ ਥੀ, ਸੋ ਆਨਿ ਆਗੈ ਰਾਖੀ, ਗੁਰੂ ਗੁਰੂ ਲਗੈ ਜਪਣਿ । ਜਨਮੁ ਸਵਾਰਿਆ । ਤਬਿ ਬਾਬਾ ਬੋਲਿਆ ਸਬਦੁ ਰਾਗੁ ਸ੍ਰੀ ਰਾਗੁ ਵਿਚਿ :–

ਸਿਰੀ ਰਾਗੁ ਮਹਲਾ ੧ ॥

ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥ ਪਰਨਿੰਦਾ ਪਰਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥ ਰਸ ਕਸ ਆਪੁ ਸਲਾਹਣਾ ਏਹ ਕਰਮ ਮੇਰੇ ਕਰਤਾਰ ॥ ੧ ॥ ਬਾਬਾ ਬੋਲੀਐ ਪਤਿ ਹੋਇ ॥ ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥੧॥ ਰਹਾਉ॥ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥ ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥ ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥ ੨ ॥ ਜਿਤੁ ਬੋਲਿਐਪਤਿ ਪਾਈਐ ਸੋ ਬੋਲਿਆ ਪਰਵਾਣੁ॥ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ॥ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ॥੩॥

---

*ਪਾਠਾਂਤ੍ਰ 'ਆਹੇ' ਬੀ ਹੈ ।

†'ਇਹ ਮਹਾਂ ਪਾਪੀ...ਤੋਂ...ਪਰ' ਤਕ ਦਾ ਪਾਠ ਹਾ:ਬਾ: ਨੁਸਖੇ ਵਿਚੋਂ ਹੈ ।

‡'ਇਹ ਕਿਆ...ਤੋਂ...ਬਾਤ' ਤਕ ਦਾ ਪਾਠ ਹਾ:ਬਾ:ਨੁ: ਦਾ ਹੈ ।

^A'ਇਹ ਮਹਾਂ ਪੁਰਖ ਹੈ' ਪਾਠ ਹਾ:ਬਾ: ਨੁਸਖੇ ਦਾ ਹੈ ।

ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ ॥
ਤਿਨਕਾ ਕਿਆ ਸਾਲਾਹਣਾ ਅਵਰ ਸੁਆਲਿਹੁ ਕਾਇ ॥ ਨਾਨਕ ਨਦਰੀ
ਬਾਹਰੇ ਰਾਚਹਿ ਦਾਨਿ ਨ ਨਾਇ ॥੪॥੪॥ ਸਲੋਕ ਮਃ ੧ ॥
ਗਿਆਨੁ ਵਿਹੂਣਾ ਗਾਵੈ ਗੀਤ ॥ ਭੁਖੇ ਮੁਲਾਂ ਘਰੇ ਮਸੀਤਿ॥ ਮਖਟੂ ਹੋਇਕੈ
ਕੰਨ ਪੜਾਏ ॥ ਫਕਰੁ ਕਰੇ ਹੋਰੁ ਜਾਤਿ ਗਵਾਏ ॥ ਗੁਰੁ ਪੀਰੁ ਸਦਾਏ ਮੰਗਣ
ਜਾਇ॥ਤਾਕੈ ਮੂਲਿ ਨ ਲਗੀਐ ਪਾਇ ॥ ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ* ॥ ੧ ॥ [ਵਾਰ ਸਾਰੰਗ

ਤਾਂ ਗੁਰੂ ਦੀ ਖੁਸੀ ਹੋਈ, ਓਥਹੁੰ ਰਵਦੇ ਰਹੈ। ਬੋਲਹੁ ਵਾਹਿਗੁਰੂ

## ੨੩. ਨੂਰ ਸ਼ਾਹ ਨਿਸਤਾਰਾ.

ਤਬ ਕਉਰੂ ਦੇਸ ਆਇ ਨਿਕਲੇ। ਤਬਿ ਏਕ ਦਿਨ ਮਰਦਾਨੇ ਨੂੰ ਭੁਖ ਲਗੀ, ਤਾਂ ਮਰਦਾਨੇ ਕਹਿਆ, 'ਜੀ ਪਾਤਸਾਹ ! ਹੁਕਮ ਹੋਵੈ ਤਾਂ ਸਹਰ ਵਿਚ ਜਾਈਂ'। ਤਬ ਬਾਬੇ ਕਹਿਆ,'ਮਰਦਾਨਿਆਂ ! ਇਹ ਕਾਵਰੂ ਦੇਸ ਹੈ; ਤ੍ਰਿਆ ਰਾਜ ਹੈ; ਤੂੰ ਜਾਣਾ ਹੈ ਤਾਂ ਜਾਹ'।ਤਬ ਮਰਦਾਨਾ† ਉਠ ਗਇਆ,ਜਾਇਕਰ ਏਕ ਤ੍ਰੀਮਤ ਦੇ ਦਰਿ ਖੜਾ ਹੋਆ, ਓਸ ਬੁਲਾਇ ਲੀਆ, ਪੁਛਿਓਸੁ। ਖਾਣੇ ਕਉ ਲੱਗਾ ਮੰਗਣ। ਤਬ ਉਸ ਤ੍ਰੀਮਤ ਅੰਦਰ ਬੁਲਾਇਆ ਜਾਂ ਅੰਦਰ ਗਇਆ‡ ਤਬਿ ਧਾਗਾ ਬੰਨਿ ਕਰਿ ਮੇਢਾ ਕਰਿ ਬੈਠਿਲਾਇਆ। ਬੰਨਿ ਕਰਿ ਪਾਣੀ ਨੂੰ ਗਈ। ਤਬਿ ਬਾਬਾ ਅੰਤਰ ਧਿਆਨ ਕਰਕੈ ਵੇਖੈ ਤਾਂ ਮਰਦਾਨਾ ਮੇਢਾ ਹੋਇਆ ਹੈ[A]। ਤਬਿ ਬਾਬਾ ਆਇਆ। ਤਬ ਬਾਬੇ ਵਲੋਂ[B] ਦੇਖਿ ਕਰ ਲਗਾ ਮੈਆਕਣਿ। ਤਬ ਓਹੁ ਘੜਾ ਲੇਕਰਿ ਆਈ, ਤਾਂ ਗੁਰੂ ਨਾਨਕ ਓਹੁ ਪੁਛੀ, ਆਖਿਆ, 'ਅਸਾਡਾ ਆਦਮੀ ਇਥੈ ਆਇਆ ਹੈ ?' ਤਬਿ ਉਸਿ ਕਹਿਆ, 'ਇਥੇ ਕੋਈ ਨਾਹੀਂ ਆਇਆ,ਦੇਖਿ ਲੈ'। ਤਬਿ ਬਾਬਾ ਬੋਲਿਆ :–

---

*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਲਾ ਸ਼ੁਧ ਪਾਠ ਅਸਾਂ ਉਤੇ ਦਿਤਾ ਹੈ,ਜਨਮ ਸਾਖੀ ਵਿਚ ਜੋ ਪਾਠ ਲੋਕਾਂ ਦੀ ਜ਼ਬਾਨੀ ਵਿਗੜਦਾ ਮਨੋਕਤ ਹੋ ਗਿਆ ਹੈ ਉਹ ਇਹ ਹੈ :–
ਸਲੋਕ ॥ ਬਲਦ ਮਸਾਇਕ ਹਾਲੀ ਸੇਖਿ॥ਧਰਤਿ ਕਤੇਬਾਂ ਓੜੀ ਲੇਖ॥ਚੋਟੀ ਕਾ
ਪਰਸੇਉ ਅੱਡੀ ਜਾਇ॥ ਤਾਕਾ ਖਟਿਆ ਸਭੁ ਕੋ ਖਾਇ॥ਘਾਲਿ ਖਟਿ
ਕਿਛੁ ਹਥਹੁ ਦੇਇ॥ਨਾਨਕ ਰਾਹੁ ਪਛਾਨੈ ਸੇਇ ॥ ੧ ॥

†'ਤਾਂ ਮਰਦਾਨੇ ਕਹਿਆ...ਤੋਂ...ਤਬ ਮਰਦਾਨਾ'ਤਕ ਦਾ ਪਾਠ ਹਾ:ਬਾ:ਨੁ:ਦਾਹੈ।

‡'ਮੰਗਣ...ਤੋਂ...ਗਇਆ' ਤਕ ਦਾ ਪਾਠ ਹਾ:ਬਾ: ਨੁਸਖੇ ਦਾ ਹੈ, ਵਲੈਤ ਵਾਲੇ ਨੁਸਖੇ ਵਿਚ 'ਲੰਗਨਿ' ਪਾਠ ਹੈ। [A]'ਤਬ ਬਾਬਾ...ਤੋਂ...ਹੋਇਆ ਹੈ' ਤਕ ਦਾ ਪਾਠ ਹਾ:ਬਾ: ਨੁਸਖੇ ਦਾ ਹੈ। [B]'ਤਬ ਬਾਬੇ ਵਲੋਂ'ਪਾਠ ਹਾ:ਬਾ:ਨੁਸਖੇ ਦਾ ਹੈ।

ਸਲੋਕੁ ॥ ਕਲਰੁ ਕੀਆ ਵਣਜਾਰੀਆ ਡੂੰਗੈ ਮੁਸਕ ਮੰਗੇਨ ॥ ਅਮਲਾ ਬਾਝੂ ਨਾਨਕਾ ਕਿਉ ਕਰਿ ਖਸਮਿ ਮਲੇਨ* ॥ ੧ ॥

ਤਬਿ ਉਸਕੇ ਸਿਰ ਉਪਰਿ ਘੜਾ ਰਹਿਆ,ਉਤਰੈ ਨਾਹੀ। ਕੂੜਿ ਕਾ ਸਦਕਾ ਲਈ ਫਿਰੇ, ਤਬ ਨੂਰਸਾਹਿ ਨੂੰ ਖਬਰਿ ਹੋਈ, ਜੋ ਏਕੁ ਐਸਾ ਮੰਤ੍ਰਵਾਨ ਆਇਆ ਹੈ†, ਜੋ ਸਿਰ ਤੇ ਘੜਾ ਨਾਹੀਂ ਉਤਰਦਾ। ਤਬਿ ਨੂਰਸਾਹੁ ਹੁਕਮੁ ਕੀਤਾ,'ਜੋ ਕੋਈ ਸਹਰਿ ਵਿਚ ਮੰਤ੍ਰਵਾਨ ਹੈ, ਸੋ ਰਹਿਣਾ ਨਾਹੀ'।ਤਬ ਜਹਾਂ ਕਹਾਂ ਤਾਈ ਕੋਈ ਮੰਤ੍ਰਵਾਨ ਥੀ, ਸੋ ਸਭ ਆਪੋ ਆਪਣੀ ਵਿਦਿਆ ਲੇ ਆਈਆਂ। ਕਾਈ ਦਰਖਤ ਉਪਰਿ ਚੜਿ ਆਈ। ‡ਕਾਈ ਮਿਰਗਛਾਲਾ ਉਪਰਿ ਚੜਿ ਆਈ। ਕੋਈ ਚੰਦ ਉਪਰਿ ਚੜਿ ਆਈ। ਕਾਈ ਕੰਧ ਉਪਰਿ ਚੜਿਆਈ। ਕੋਈ ਬਾਘੁ ਸਾਥਿ ਲੇ ਆਈ‡। ਕਾਈ ਢੋਲ ਲੇ ਵਜਾਂਵਦੀ ਆਈ। ਤਬਿ ਆਇ ਕਰ ਲਗੀਆਂ ਕਾਮਣ ਪਾਵਣ। ਧਾਗੇ ਬੰਨਿ ਬੰਨਿ ਕਰਿ। ਤਬਿ ਬਾਬੇ ਮਰਦਾਨੇ ਬੰਨੇ ਦੇਖਿਆ,ਤਾ ਮਰਦਾਨਾ ਲਗਾ ਮੇਆਕਣਿ; ਤਬਿ ਗੁਰੂ ਬਾਬਾ ਹਸਿਆ। ਆਖਿਓਸੁ,'ਮਰਦਾਨਿਆ! ਵਾਹਿਗੁਰੂ ਕਹਿA ਕਰਿ ਮਥਾ ਟੇਕੁ'। ਗਲੋ ਧਾਗਾ ਤੁਟ ਪਇਆ,ਰਬਾਬੁ ਲੈਕਰਿ ਆਇਆ। ਤਬਿ ਬਾਬੇ ਆਖਿਆ, 'ਮਰਦਾਨਿਆ! ਰਬਾਬੁ ਵਜਾਇ'। ਤਬ ਮਰਦਾਨੇ ਰਬਾਬੁ ਵਜਾਇਆ। ਰਾਗੁ ਵਡਹੰਸੁ ਮਃ ੧ ਸਬਦ ਕੀਤਾ:—

ਗੁਣਵੰਤੀ ਸਹੁ ਰਾਵਿਆ ਨਿਰਗੁਣਿ ਕੂਕੇ ਕਾਇ ॥ ਜੇ ਗੁਣਵੰਤੀ ਥੀ ਰਹੈ ਤਾਭੀ ਸਹੁ ਰਾਵਣ ਜਾਇ॥੧॥ਮੇਰਾ ਕੰਤੁ ਰੀਸਾਲੂ ਕੀਧਨ ਅਵਰਾ ਰਾਵੇਜੀ ॥ ੧ ॥ ਰਹਾਉ ॥ ਕਰਣੀ ਕਾਮਣ ਜੇ ਥੀਐ ਜੇ ਮਨੁ ਧਾਗਾ ਹੋਇ॥ ਮਾਣਕੁ ਮੁਲਿ ਨ ਪਾਈਐ ਲੀਜੈ ਚਿਤਿ ਪਰੋਇ ॥ ੨ ॥ ਰਾਹੁ ਦਸਾਈ ਨ ਜੁਲਾਂ ਆਖਾ ਅੰਮੜੀਆਸੁ ॥ ਤੈਸਹ ਨਾਲਿ ਅਕੂਅਣਾ ਕਿਉ ਥੀਵੈ ਘਰ ਵਾਸੁ ॥ ੩॥ ਨਾਨਕ ਏਕੀ ਬਾਹਰਾ ਦੂਜਾ ਨਾਹੀ ਕੋਇ ॥ ਤੈ ਸਹ ਲਗੀ ਜੇ ਰਹੈ ਭੀ ਸਹੁ ਰਾਵੈ ਸੋਇ ॥ ੪ ॥ ੨ ॥

ਤਾ ਜਬਾਬੁ ਕੁਛ ਹੋਵੈ ਨਾਹੀ ॥ ਤਬਿ ਨੂਰਸਾਹਿ ਕਉ ਖਬਰਿ ਹੋਈ, ਜੋ ਮੰਤ੍ਰ ਜੰਤ੍ਰ ਕੁਛ ਨਾਹੀ ਚਲਤਾ॥ ਤਬਿ ਨੂਰ ਸਾਹ ਸਭਨਾ ਕੀ ਸਿਰਦਾਰਨੀ ਥੀ।ਖਾਸੀਆ ਚੇਲੀਆਂ ਸਾਥਿ ਅਡੰਬਰ ਕਾਗਦਾ ਕੇ ਉਪਰਿ ਚੜਿ ਕਰਿ ਆਈਆਂ। ਆਇਕਰ ਲਗੀ ਮੰਤ੍ਰ ਜੰਤ੍ਰ ਕਰਣਿ।ਤਬਿ ਗੁਰੂ ਨਾਨਕ ਬੋਲਿਆ,ਸਬਦੁ ਰਾਗੁ ਸੂਹੀ ਵਿਚ ਮਃ੧

---

*ਇਹ ਸਲੋਕ ਗੁਰੂ ਗ੍ਰੰਥ ਜੀ ਵਿਚ ਨਹੀਂ ਹੈ।

†'ਏਕ ਐਸਾ ਮੰਤਰਵਾਨ ਆਇਆ ਹੈ' ਦੀ ਥਾਂ ਹਾਃਬਾਃ ਨੁਃ ਵਿਚ ਪਾਠਹੈਃ— 'ਇਕ ਇਸਤ੍ਰੀ ਆਈ ਹੈ ਜੋ ਓਸ ਦੇ ਸਿਰ ਉਤੋਂ ਘੜਾ ਨਾਹੀ ਉਤਰਦਾ'।

‡—ਕਾਈ...ਤੋਂ...ਬਾਗ ਸਾਥ ਲੈ ਆਈ—ਤਕ ਦਾ ਪਾਠ ਹਾਃ ਬਾਃ ਨੁਸਖੇ ਵਿਚ ਨਹੀਂ ਹੈ। A—ਕਹਿ—ਪਾਠ ਹਾਃ ਬਾਃ ਨੁਃ ਦਾ ਹੈ।

ਮੰਞੁ ਕੁਚਜੀ ਅੰਮਾਵਣਿ ਡੋਸੜੇ ਹਉ ਕਿਉ ਸਹੁ ਰਾਵਣਿ ਜਾਉ ਜੀਉ ॥ ਇਕਦੂ ਇਕਿ ਚੜੰਦੀਆ ਕਉਣੁ ਜਾਣੈ ਮੇਰਾ ਨਾਉ ਜੀਉ ॥ ਜਿਨ੍ਹੀ ਸਖੀ ਸਹੁ ਰਾਵਿਆ ਸੇ ਅੰਬੀ ਛਾਵੜੀਏਹਿ ਜੀਉ ॥ ਸੇ ਗੁਣ ਮੰਞੁ ਨ ਆਵਨੀ ਹਉ ਕੈ ਜੀ ਦੋਸ ਧਰੇਉ ਜੀਉ ॥ ਕਿਆ ਗੁਣ ਤੇਰੇ ਵਿਥਰਾ ਹਉ ਕਿਆ ਕਿਆ ਘਿਨਾ ਤੇਰਾ ਨਾਉ ਜੀਉ ॥ ਇਕਤੁ ਟੋਲਿ ਨ ਅੰਬੜਾ ਹਉ ਸਦ ਕੁਰਬਾਣੈ ਤੇਰੈ ਜਾਉ ਜੀਉ ॥ ਸੁਇਨਾ ਰੁਪਾ ਰੰਗੁਲਾ ਮੋਤੀ ਤੈ ਮਾਣਿਕੁ ਜੀਉ ॥ ਸੇ ਵਸਤੂ ਸਹਿ ਦਿਤੀਆ ਮੈ ਤਿਨ੍ਹ ਸਿਉ ਲਾਇਆ ਚਿਤੁ ਜੀਉ ॥ ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ॥ ਹਉ ਏਨੀ ਟੋਲੀ ਭੁਲੀਅਸੁ ਤਿਸੁ ਕੰਤ ਨ ਬੈਠੀ ਪਾਸਿ ਜੀਉ । ਅੰਬਰਿ ਕੂੰਜਾ ਕੁਰਲੀਆ ਬਗ ਬਹਿਠੇ ਆਇ ਜੀਉ ॥ ਸਾਧਨ ਚਲੀ ਸਾਹੁਰੈ ਕਿਆ ਮੁਹੁ ਦੇਸੀ ਅਗੈ ਜਾਇ ਜੀਉ॥ ਸੁਤੀ ਸੁਤੀ ਝਾਲੁ ਥੀਆ ਭੁਲੀ ਵਾਟੜੀਆਸੁ ਜੀਉ॥ਤੈਸਹ ਨਾਲਹੁ ਮੁਤੀਅਸੁ ਦੁਖਾ ਕੂੰ ਧਰੀਆਸੁ ਜੀਉ॥ਤੁਧੁ ਗੁਣ ਮੈ ਸਭਿ ਅਵਗਣਾ ਇਕ ਨਾਨਕ ਕੀ ਅਰਦਾਸਿਜੀਉ॥ਸਭਿ ਰਾਤੀ ਸੋਹਾਗਣੀ ਮੈ ਡੋਹਾਗਣਿ ਕਾਈ ਰਾਤਿਜੀਉ॥੧॥

ਤਬਿ ਗੁਰੂ ਬਾਬਾ 'ਵਾਹਵਾਹ' ਕਰਿ ਉਠਿਆ। ਤਬਿ ਨੂਰਸਾਹ ਭੀ ਮੰਤ੍ਰ ਜੰਤ੍ਰ ਕਰਿ ਕਰਿ ਥਕੀ, ਕਿਛੁ ਹੋਵੈ ਨਾਹੀ, ਤਾ ਹੁਕਮੁ ਕੀਤੋਸੁ, 'ਸੋ ਗੁਨਹੁ ਪਾਇਆ'*। ਮੁਹੋਤਾ† ਲੈ ਕਰਿ ਰਹੀ । ਢੋਲਕੀਆਂ ਭੀ ਖੜੀਆਂ ਹੋਈਆਂ, ਲਗੀਆਂ ਨਚਣਿ ਗਾਵਣਿ। ਤਬਿ ਬਾਬੇ ਆਖਿਆ, 'ਮਰਦਾਨਿਆ ! ਰਬਾਬੁ ਵਜਾਇ'। ਤਾਂ ਮਰਦਾਨੇ ਰਬਾਬੁ ਵਜਾਇਆ, ਰਾਗੁ ਸ੍ਰੀ ਰਾਗੁ‡ ਕੀਤਾ ॥ ਮਃ ੧ ॥ ਬਾਬੈ ਸਬਦੁ ਉਠਾਇਆ :— ਆਸਾ‡ ਮਹਲਾ ੧ ॥

ਤਾਲ ਮਦੀਰੇ ਘਟ ਕੇ ਘਾਟ ॥ ਦੋਲਕ ਦੁਨੀਆ ਵਾਜਹਿ ਵਾਜ ॥ ਨਾਰਦੁ ਨਾਚੈ ਕਲਿਕਾ ਭਾਉ ॥ ਜਤੀ ਸਤੀ ਕਹ ਰਾਖਹਿ ਪਾਉ ॥੧॥ ਨਾਨਕ ਨਾਮ ਵਿਟਹੁ ਕੁਰਬਾਣੁ ॥ ਅੰਧੀ ਦੁਨੀਆ ਸਾਹਿਬੁ ਜਾਣੁ ॥੧॥ ਰਹਾਉ ॥ ਗੁਰੂ ਪਾਸਹੁ ਫਿਰਿ ਚੇਲਾ ਖਾਇ ॥ ਤਾਮਿ ਪਰੀਤਿ ਵਸੈ ਘਰਿ ਆਇ ॥ ਜੇਸਉ ਵਰ੍ਹਿਆ ਜੀਵਣ ਖਾਣੁ ॥ ਖਸਮ ਪਛਾਣੈ ਸੋ ਦਿਨੁ ਪਰਵਾਣੁ॥੨॥ ਦਰਸਨਿ ਦੇਖਿਐ ਦਇਆ ਨ ਹੋਇ॥ਲਏ ਦਿਤੇ ਵਿਣੁ ਰਹੈ ਨ ਕੋਇ॥ਰਾਜਾ ਨਿਆਉ ਕਰੇ ਹਥਿ ਹੋਇ ॥ ਕਹੈ ਖੁਦਾਇ ਨ ਮਾਨੈ ਕੋਇ ॥ ੩ ॥ ਮਾਣਸ ਮੂਰਤਿ ਨਾਨਕੁ ਨਾਮੁ ॥ ਕਰਣੀ ਕੁਤਾ ਦਰਿ ਫੁਰਮਾਨੁ ॥ ਗੁਰਪਰਸਾਦਿ ਜਾਣੈ ਮਿਹਮਾਨੁ ॥ ਤਾ ਕਿਛੁ ਦਰਗਹ ਪਾਵੈ ਮਾਨੁ ॥ ੪ ॥

---

*ਪਾਠਾਂਤ੍ਰ 'ਪਇਆ'। †ਪਾਠਾਂਤ੍ਰ 'ਮੁਹਤ'। ‡ਇਹ ਵੀ ਲਿਖਾਰੀ ਦੀ ਭੁੱਲ ਹੈ ਜੋ ਵਲੈਤੀ ਨੁਸਖੇ ਵਿਚ ਪਾਠ 'ਰਾਗੁ ਸ੍ਰੀ ਰਾਗੁ' ਲਿਖਿਆ ਹੈ ਪਰ ਹਾ:ਬਾ: ਨੁ: ਵਿਚ ਪਾਠ ਹੈ 'ਰਾਗ ਆਸਾ' ਤੇ ਸ਼ੁਧ 'ਰਾਗ ਆਸਾ' ਹੀ ਹੈ।

ਤਬਿ ਗੁਰੂ ਬਾਬੇ ਸਲੋਕੁ ਦਿੱਤਾ :–

ਮ: ੧॥ਗਲੀ ਅਸੀ ਚੰਗੀਆ ਆਚਾਰੀ ਬੁਰੀਆਹ॥ਮਨਹੁ ਕੁਸੁਧਾ ਕਾਲੀਆ ਬਾਹਰਿਚਿਟਵੀਆਹ॥ਰੀਸਾ ਕਰਹਿਤਿਨਾੜੀਆ ਜੋ ਸੇਵਹਿ ਦਰੁਖੜੀਆਹ॥ ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ॥ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਣੀਆਹ॥ਨਾਨਕ ਜਨਮੁ ਸਕਾਰਥਾ ਜੇ ਤਿਨਕੈ ਸੰਗਿ ਮਿਲਾਹ ॥੨॥

ਜਬਿ ਗੁਰੂ ਬਾਬੇ ਏਹੁ ਸਲੋਕੁ ਬੋਲਿਆ, ਤਬਿ ਨੂਰਿਸਾਹੁ ਕਹਿਆ, 'ਜੋ ਮਾਇਆ ਨਾਲਿ ਮੋਹਉ'। ਤਾਂ ਅਨੇਕ ਪਰਕਾਰ ਕੀ ਮਾਇਆ ਲੈ ਲੈ ਆਈਆ। ਮੋਤੀ, ਹੀਰੇ, ਜਵਾਹਰ, ਸੁਇਨਾ, ਰੁਪਾ, ਗੁਲੀ, ਕਪੂਰ, ਕਪੜੈ, ਜੋ ਕੁਛ ਭਲੀ ਵਸਤੁ ਸੀ ਸੋ ਆਨਿ ਆਗੈ ਰਾਖੀ। ਤਬਿ ਬੇਨਤੀ ਲਗੀਆ ਕਰਣਿ, 'ਜੀ! ਕੁਛ ਤਮਾ* ਲੇਵਹੁ'। ਤਬਿ ਗੁਰੂ ਬਾਬੇ ਆਖਿਆ 'ਮਰਦਾਨਿਆ! ਰਬਾਬੁ ਵਜਾਇ'। ਤਾਂ ਮਰਦਾਨੇ ਰਬਾਬੁ ਵਜਾਇਆ, ਰਾਗੁ ਤਿਲੰਗੁ ਕੀਤਾ, ਸਬਦੁ ਮ: ੧ ॥

ਤਿਲੰਗ ਮ: ੧ ॥ ਇਆਨੜੀਏ ਮਾਨੜਾ ਕਾਇ ਕਰੇਹਿ ॥ ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ॥ਸਹੁ ਨੇੜੈ ਧਨ ਕਮਲੀਏ ਬਾਹਰੁ ਕਿਆ ਢੂਢੇਹਿ॥ ਭੈ ਕੀਆ ਦੇਹਿ ਸਲਾਈਆ ਨੈਣੀ ਭਾਵਕਾ ਕਰਿ ਸੀਗਾਰੋ॥ ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ॥੧॥ ਇਆਣੀ ਬਾਲੀ ਕਿਆ ਕਰੇ ਜਾ ਧਨ ਕੰਤ ਨ ਭਾਵੈ ॥ ਕਰਣ ਪਲਾਹ ਕਰੇ ਬਹੁਤੇਰੇ ਸਾ ਧਨ ਮਹਲੁ ਨ ਪਾਵੈ ॥ ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ॥ਲਬ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ॥ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ॥੨॥ ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ ॥ ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ ॥ ਜਾਕੈ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ॥ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ॥ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ॥੩॥ ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ॥ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ ॥ ਆਪਣੇ ਕੰਤ ਪਿਆਰੀ ਸਾ ਸੋਹਾਗਣਿ ਨਾਨਕ ਸਾ ਸਭਰਾਈ ॥ ਐਸੈ ਰੰਗਿ ਰਾਤੀ ਸਹਜ ਕੀ ਮਾਤੀ ਅਹਿਨਿਸਿ ਭਾਇ ਸਮਾਣੀ ॥ ਸੁੰਦਰਿ ਸਾਇ ਸਰੂਪ ਬਿਚਖਣਿ ਕਹੀਐ ਸਾ ਸਿਆਣੀ ॥ ੪ ॥ ੨ ॥ ੪ ॥

ਤਬਿ ਗੁਰੂ ਕੀ ਪੈਰੀ ਆਇ ਪਈਆ। ਗਲ ਵਿਚਿ ਪਲਾ ਪਾਇ ਕਰਿ ਖੜੀਆ ਹੋਈਆਂ। ਆਖਣਿ ਲਗੀਆ, 'ਅਸਾਡੀ ਗਤਿ ਕਿਉ ਕਰਿ ਹੋਵੈ ? ਅਤੇ

---

*ਪਾਠਾਂਤ੍ਰ 'ਤੁਮ' ਬੀ ਹੈ।

ਇਸ ਕਿਅਹੁ ਸਿਰਹੁ ਘੜਾ ਕਿਉ ਕਰਿ ਉਤਰੇ ?' ਤਬਿ ਗੁਰੂ ਬਾਬੇ ਆਖਿਆ, 'ਵਾਹਿਗੁਰੂ ਕਰਿਕੈ*ਇਸ ਦਿਅਹੁ ਸਿਰਹੁ ਘੜਾ ਉਤਾਰਹੁ।ਅਤੇ ਤੁਸਾਡੀ ਭੀ ਗਤਿ ਹੋਵੇਗੀ, ਤੁਸੀ ਗੁਰੂ ਗੁਰੂ ਜਪਹੁ'। ਤਬਿ ਓਹੁ ਆਇ ਪੈਰੀ ਪਈਆਂ ਨਾਉ ਧਰੀਕ ਸਿਖਣੀਆਂ†ਹੋਈਆਂ ॥ ਬੋਲਹੁ ਵਾਹਿਗੁਰੂ ॥

## ੨੪. ਕਲਿਜੁਗ.

ਤਬਿ ਬਾਬਾ ਓਥਹੁ ਰਵਦਾ ਰਹਿਆ।ਜਾਂਦਾ ਜਾਂਦਾ ਉਦਿਆਨ ਵਿਚਿ ਗਇਆ, ਜਾਇ ਬੈਠਾ। ਤਬਿ ਪਰਮੇਸਰਿ ਕੀ ਆਗਿਆ ਨਾਲਿ ਕਲਿਜੁਗ ਛਲਣਿ ਕਉ ਆਇਆ। ਆਇ ਰੂਪੁ ਧਾਰਿਓਸੁ,ਤਬਿ ਬਾਬਾ ਦੇਖੈ ਤਾਂ ਅੰਧੇਰੀ ਬਹੁਤ ਆਈ‡, ਦਰਖਤ ਲਗੇ ਉਡਣਿ। ਤਬਿ ਮਰਦਾਨਾ ਬਹੁਤ ਭੈਮਾਨੁ ਹੋਆ, ਆਖਿਓਸੁ, 'ਜੀਉ ਪਾਤਿਸਾਹੁ ! ਆਣਿ ਉਜਾੜਿ ਵਿਚ ਪਾਇ ਮਾਰਿਓ, ਗੋਰ ਖਫਣਹੁ ਭੀ ਗਏ'।ਤਬਿ ਗੁਰੂ ਬਾਬੇ ਕਹਿਆ,'ਮਰਦਾਨਿਆ!ਕਾਹਲਾ ਹੋਹੁ ਨਾਹੀ'।ਤਬਿ ਮਰਦਾਨੇ ਆਖਿਆ, 'ਅਜ ਤੋੜੀ ਏਡਾ ਹੋਆ ਹਾਂ; ਇਹੁ ਬਲਾ ਤਾਂ ਨਾਹੀ ਡਿਠੀ, ਜੁ ਇਹੁ ਕਿ ਆਇਆ ਹੈ ਅਸਾਡੇ ਜੀਅੜੇ ਤਾਂਈ?'ਤਬਿ ਅਗਨਿ ਕਾ ਰੂਪੁ ਦਿਖਾਲਿਆ। ਜੋ ਧੂੰਆਂ ਚਉਹਾਂ ਧਿਰਾਂ ਤੇ ਉਠਿਆ, ਚਾਰੇ ਕੁੰਡਾਂ ਅਗਨਿ ਹੋਈਆਂ। ਤਬਿ ਮਰਦਾਨਾ ਮੁਹੁ ਢਕਿਕੈ ਪੈ ਰਹਿਆ। ਆਖਿਓਸੁ, 'ਜੀਵਣਾ ਰਹਿਆ'। ਤਬਿ ਫੇਰ[A] ਪਾਣੀ ਕਾ ਰੂਪੁ ਹੋਆ। ਘਟਾਂ ਬੰਨਿ ਆਇਆ। ਲਗਾ ਬਰਸਣਿ ਪਾਣੀ। ਪਰੁ ਬਾਬੇ ਦੂਰਿ ਪਵੈ। ਤਬਿ ਗੁਰੂ ਕਹਿਆ, 'ਮਰਦਾਨਿਆ ! ਮੁਹੁ ਉਘਾੜੁ, ਉਠਿ ਬੈਠੁ, ਰਬਾਬੁ ਵਜਾਇ'। ਤਬਿ ਮਰਦਾਨਾ ਉਠਿ ਬੈਠਾ। ਰਬਾਬੁ ਵਜਾਇਓਸੁ। ਰਾਗੁ ਮਾਰੂ ਕੀਤਾ, ਬਾਬੇ ਸਬਦੁ ਉਠਾਇਆ:—

ਮਾਰੂ ਮਹਲਾ ੫[B] ਘਰੁ ੨ ॥

ਡਰਪੈ ਧਰਤਿ ਅਕਾਸੁ ਨਿਖੵਤ੍ਰਾ ਸਿਰ ਊਪਰਿ ਅਮਰੁ ਕਰਾਰਾ॥ਪਉਣੁ ਪਾਣੀ ਬੈਸੰਤਰੁ ਡਰਪੈ ਡਰਪੈ ਇੰਦ੍ਰੁ ਬਿਚਾਰਾ ॥ ੧ ॥ ਏਕਾ ਨਿਰਭਉ ਬਾਤ ਸੁਨੀ ॥ ਸੋ ਸੁਖੀਆ ਸੋ ਸਦਾ ਸੁਹੇਲੋ ਜੋ ਗੁਰ ਮਿਲਿ ਗਾਇ ਗੁਨੀ ॥੧॥ ਰਹਾਉ ॥ ਦੇਹ ਧਾਰ ਅਰੁ ਦੇਵਾ ਡਰਪਹਿ ਸਿਧ ਸਾਧਿਕ ਡਰਿ ਮੁਇਆ ॥ ਲਖ ਚਉ-ਰਾਸੀਹ ਮਰਿ ਮਰਿ ਜਨਮੇ ਫਿਰਿ ਫਿਰਿ ਜੋਨੀ ਜੋਇਆ ॥ ੨ ॥ ਰਾਜਸੁ ਸਾਤਕੁ ਤਾਮਸੁ ਡਰਪਹਿ ਕੇਤੇ ਰੂਪ ਉਪਾਇਆ॥ਛਲ ਬਪੁਰੀ ਇਹ ਕਉਲਾ

---

*ਪਾਠਾਂਤ੍ਰ 'ਕਹਿ ਕੇ' ਹੈ। †ਹਾ: ਬਾ: ਨੁ: ਦਾ ਪਾਠ ਹੈ 'ਸਿਖਣੀਆਂ'।

‡'ਤਬ ਬਾਬਾ...ਤੋਂ...ਬਹੁਤ ਆਈ' ਤਕ ਹਾ: ਬਾ: ਨੁ: ਦਾ ਪਾਠ ਹੈ। ਵਲੈਤੀ ਨੁਸਖੇ ਵਿਚ ਪਾਠ ਐਉਂ ਹੈ : 'ਅੰਧੀ ਹੋਇ'। [A]'ਫੇਰ' ਪਦ ਹਾ: ਬਾ: ਨੁਸਖੇ ਦਾ ਹੈ।

[B]ਇਹ ਸਬਦ ਪੰਚਮ ਗੁਰੂ ਜੀ ਦਾ ਹੈ ਲਿਖਾਰੀ ਦੀ ਭੁੱਲ ਹੈ ਜੋ ਅਸਲ ਪੋਥੀ ਵਿਚ 'ਮਹਲਾ ੧' ਲਿਖਿਆ ਹੈ।

ਡਰਪੈ ਅਤਿ ਡਰਪੈ ਧਰਮ ਰਾਇਆ॥੩॥ ਸਗਲ ਸਮਗ੍ਰੀ ਡਰਹਿ ਬਿਆਪੀ ਬਿਨੁ ਡਰ ਕਰਣੈ ਹਾਰਾ ॥ ਕਹੁ ਨਾਨਕ ਭਗਤਨ ਕਾ ਸੰਗੀ ਭਗਤ ਸੋਹਹਿ ਦਰਬਾਰਾ ॥ ੪ ॥ ੧ ॥

ਤਬਿ ਦੈਤ ਕਾ ਰੂਪੁ ਧਾਰਿ ਆਇਆ।ਚੋਟੀ ਆਸਮਾਨ ਨਾਲਿ ਕੀਤੀਆਸੁ। ਜਿਉ ਜਿਉ ਨੇੜੈ ਆਵੈ, ਤਿਉ ਤਿਉ ਘਟਦਾ ਜਾਵੈ।ਤਬਿ ਮਨੁਖ ਕਾ ਸਰੂਪ ਕਰਿਕੈ ਆਇਆ*। ਹਥਿ ਜੋੜਿ ਕਰ ਖੜਾ ਹੋਆ।†ਤਬਿ ਬਾਬੇ ਪੁਛਿਆ, 'ਭਾਈ! ਤੂੰ ਕੌਣ ਹੈਂ ?' ਤਬਿ ਉਨ ਆਖਿਆ, 'ਜੀ ! ਮੈਨੂੰ ਤੂੰ ਨਾਹੀ ਜਾਣਦਾ ? ਮੈਂ ਕਲਿਜੁਗ ਹਾਂ, ਅਰ ਤੇਰੇ ਮਿਲਨੇ ਨੂੰ ਆਇਆ ਹਾਂ। ਤੂੰ ਕਰਤੇ ਪੁਰਖ ਕਾ ਵਜੀਰ ਹੈਂ'। ਤਬਿ ਬਾਬੇ ਨੂੰ ਨਿਮਸਕਾਰ ਕੀਤੀ†। ਆਖਿਓਸੁ, 'ਜੀ ਕਿਛੁ ਮੈਤੇ ਲੇਹੁ, ਮੇਤੇ ਵਰਹਨਿ ਚਲੁ'। ਤਬਿ ਗੁਰੂ ਬਾਬੈ ਪੁਛਿਆ, 'ਤੈਂ ਪਾਸਿ ਕਿਆ ਹੈ ?' ਤਾਂ ਕਲਿਜੁਗ ਆਖਿਆ, 'ਮੇਰੈ ਪਾਸਿ ਸਭੁ ਕਿਛੁ ਹੈ;ਜੇ ਆਖਹੁ ਤਾਂ ਮੋਤੀਆਂ ਦੇ ਮੰਦਰ ਉਸਾਰਹ,ਅਤੇ ਰਤਨਾਂ ਕਾ ਲਾਲਾਂ ਦਾ ਜੜਾਉ ਕਾਰਾਂ, ਅਗਰਚੰਦਨ ਕਾ ਲੇਪੁ ਦੇਵਾਂ' ਤਬਿ ਗੁਰੂ ਬੋਲਿਆ, ਸਬਦੁ ਰਾਗੁ ਸ੍ਰੀ ਰਾਗੁ ਵਿਚਿ:- ਰਾਗੁ ਸਿਰੀ ਰਾਗੁ ਮਹਲਾ ਪਹਿਲਾ ਘਰੁ ੧ ॥

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੧॥ ਹਰਿ ਬਿਨੁ ਜੀਉ ਜਲਿ ਬਲਿ ਜਾਉ ॥ ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥ ੧ ॥ ਰਹਾਉ ॥

ਤਬਿ ਫਿਰਿ ਕਲਿਜੁਗਿ ਆਖਿਆ, 'ਜੋ ਜੀ ਜਵੇਹਤਾ ਦੀ ਧਰਤੀ ਕਰਾਂ, ਅਰੁ ਲਾਲਾਂ ਦਾ ਜੜਾਉ ਕਰਹਾਂ, ਇੰਦਰ ਦੀਆਂ ਮੋਹਣੀਆਂ ਲੈ ਆਵਾਂ।' ਤਬਿ ਗੁਰੂ ਜੀ ਪਉੜੀ ਦੂਜੀ ਆਖੀ:-

ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲਜੜਾਉ॥ਮੋਹਣੀ ਮੁਖਿਮਣੀ ਸੋਹੈ ਕਰੇ ਰੰਗਿ ਪਸਾਉ॥ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੨॥

ਤਬਿ ਕਲਜੁਗਿ ਕਹਿਆ,'ਜੋ ਜੀ ਏਹੁ ਬੀ ਨਾਹੀ ਲੈਂਦਾ ਤਾਂ ਸਿਧਿ ਲੈ ਜੋ ਰਿਧਿ ਆਵੈ, ਅਤੇ ਗੁਪਤ ਧਰਤੀ ਵਿਚਿ ਚਲੁ, ਅਤੁ ਹਜਾਰ ਕੋਹਾਂ ਜਾਇ ਪ੍ਰਗਟਿ ਹੋਇ'। ਤਬਿ ਗੁਰੂ ਪਉੜੀ ਤੀਜੀ ਆਖੀ :-

ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ॥ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ॥ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੩॥

ਤਬਿ ਕਲਜੁਗਿ ਆਖਿਆ, 'ਕੁਛੁ ਲੇਵਹੁ,ਸੁਲਤਾਨ ਹੋਵਹੁ,ਰਾਜੁ ਕਰਹੁ'। ਤਬਿ ਗੁਰੂ ਚਉਥੀ ਪਉੜੀ ਕਹੀ :-

---

*'ਮਨੁਖ...ਤੋਂ...ਆਇਆ' ਤਕ ਦਾ ਪਾਠ ਹਾ: ਬਾ: ਨੁ: ਦਾ ਹੈ।

†'ਤਬ ਬਾਬੇ...ਤੋਂ...ਨਿਮਸਕਾਰ ਕੀਤੀ' ਤਕ ਦਾ ਪਾਠ ਹਾਫਜ਼ਾਬਾਦੀ ਨੁਸਖੇ ਦਾ ਹੈ।

ਸੁਲਤਾਨਹੋਵਾ ਮੇਲਿ ਲਸਕਰ ਤਖਤਿ ਰਾਖਾਪਾਉ॥ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ॥ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥੪॥੧॥

ਤਬਿ ਕਲਜੁਗ ਪਰਦੱਖਣਾ ਕੀਤੀ, ਆਇ ਪੈਰੀ ਪਇਆ। ਆਖਿਓਸੁ, 'ਜੀ, ਮੇਰੀ ਗਤਿ ਕਿਉਂ ਕਰਿ ਹੋਵੈ ?' ਤਬਿ ਗੁਰੂ ਨਾਨਕ ਆਖਿਆ, 'ਮੇਰਾ ਸਿਖੁ ਕੋਟ ਮਧੇ ਕੋਈ ਹੋਵੈਗਾ; ਤਿਸਦਾ ਸਦਕਾ ਤੇਰੀ ਗਤਿ ਹੋਵੈਗੀ' । ਤਬਿ ਕਲਿਜੁਗੁ ਪੈਰੀ ਪਇਆ। ਬਾਬੈ ਵਿਦਾ ਕੀਤਾ। ਬੋਲਹੁ ਵਾਹਿਗੁਰੂ।

## ੨੫. ਕੀੜ ਨਗਰ.

ਗੁਰੂ ਅਤੇ ਮਰਦਾਨਾ ਰਵਦੇ ਰਹੈ, ਆਇ ਕੀੜ ਨਗਰ ਪ੍ਰਗਟੇ । ਜਾਂ ਦੇਖੈ ਤਾਂ ਰੁਖੁ ਬਿਰਖ ਸਭੁ ਸਿਆਹੁ ਨਦਰਿ ਆਵੈ, ਧਰਤੀ ਸਾਰੀ । ਤਬਿ ਮਰਦਾਨਾ ਬਹੁਤ ਭੈਮਾਨੁ ਹੋਆ, ਦੇਖਿ ਕਰਿ ਆਖਿਓਸੁ, 'ਜੀ ਇਥੋਂ ਚਲੀਏ, ਏਡਾ ਕਾਲਾ ਅਸਾਂ ਕਦੇ ਨਾਹੀ ਡਿਠਾ, ਇਸੁ ਕਾਲੇ ਤੇ ਚਾਲੁ'। ਤਬਿ ਗੁਰੂ ਬਾਬੇ ਆਖਿਆ, 'ਮਰਦਾਨਿਆ ! ਇਨ ਕੀ ਪਾਤਿਸਾਹੀ ਹੈ, ਭਾਵੈ ਕੋਈ ਸਉ ਜੰਗਲ ਵਿਚਿ ਜਾਉ, ਜੇ ਕੋਈ ਜਾਨਾਵਰ ਦਾ ਬੱਚਾ ਪੈਦਾ ਹੋਵੈ ਤਾਂ ਖਾਇ ਜਾਵਨ, ਅਤੈ ਜੇ ਕਿਸੇ ਸਪ ਦਾ ਆਂਡਾ ਪੈਦਾ ਹੋਵੈ ਤਾਂ ਖਾਇ ਜਾਵਨਿ, ਪਰੁ ਤੇਰੈ ਨੇੜੈ ਕੋਈ ਨਾਹੀ ਆਂਵਦਾ'। ਤਬਿ ਮਰਦਾਨੇ ਅਰਜ ਕੀਤੀ, ਆਖਿਓਸੁ, 'ਜੀ ਕਦੇ ਇਥੈ ਕੋਈ ਆਇਆ ਭੀ ਹੈ ?' ਤਬਿ ਬਾਬੇ ਆਖਿਆ, 'ਮਰਦਾਨਿਆਂ ! ਇਕ ਦਿਨਿ ਇਕੁ ਰਾਜਾ ਚੜਿਆ ਥਾ, ਬਾਨਵੈ ਖੂਹਣੀ ਲਸਕਰੁ ਲੈਕਰਿ, ਇਕ ਰਾਜੇ ਉਪਰ ਚੜਿਆ ਥਾ, ਸੋ ਇਤੁ ਧਰਤੀ ਆਇ ਨਿਕਲਿਆ, ਤਬਿ ਇਕ ਕੀੜੀ ਜਾਇ ਮਿਲੀ, ਤਾਂ ਆਖਿਓਸੁ–ਹੋ ਰਾਜਾ ! ਇਤੁ ਰਾਹਿ ਚਾਲੁ ਨਾਹੀਂ ਅਤੇ ਜੇ ਚਲਦਾ ਹੈਂ, ਤਾਂ ਮੇਰੀ ਰਜਾਇ ਵਿਚਿ ਚਾਲੁ–, ਤਬੁ ਰਾਜੇ ਪੁਛਿਆ–ਤੇਰੀ ਕਿਆ ਰਜਾਇ ਹੈ ?–। ਤ੍ਰਬੁ ਕੀੜੀ ਕਹਿਆ –ਹੋ ਰਾਜਾ ! ਮੇਰੀ ਏਹ ਰਜਾਇ ਹੈ, ਜੋ ਮੇਰੀ ਰੋਟੀ ਖਾਇ ਕਰਿ ਜਾਹਿ–। ਤਬਿ ਰਾਜੇ ਕਹਿਆ–ਮੈਂ ਬਾਵਨਿ ਖੂਹਣੀ ਕਾ ਰਾਜਾ ਹਾਂ, ਮੈਂ ਤੇਰੀ ਰੋਟੀ ਕਿਉਂ ਕਰਿ ਖਾਵਾਂ–। ਤਬਿ ਕੀੜੀ ਕਹਿਆ,–ਹੋ ਰਾਜਾ ਨਾਹੀ ਤਾਂ ਜੁਝੁ ਕਰਿਕੈ ਜਾਹੈ–। ਤਬਿ ਰਾਜੈ ਕਹਿਆ–ਭਲਾ ਹੋਵੈ ਕੀੜੀ–। ਹੇ ਮਰਦਾਨਿਆਂ ! ਤਬਿ ਰਾਜਾ ਜੁਧੁ ਲਗਾ ਕਰਣਿ ਬਾਵਨਿ ਖੂਹਣੀ ਲੈਕਰਿ ਕੀੜੀ ਸਾਥਿ। ਤਬ ਇਕਨ ਕੀੜੀ ਹੁਕਮ ਕੀਤਾ ਕੀੜੀਆਂ ਤਾਈਂ–ਜਾਇ ਕਰਿ ਬਿਖੁ ਲੈਆਵਹੁ–।ਤਬਿ ਕੀੜੀਆਂ ਗਈਆਂ, ਪਿਆਲੁ* ਤੇ ਬਿਖੁ ਮੁਹੁ ਭਰਿ ਲੇ ਆਈਆਂ । ਜਿਸ ਕਉ ਲਾਇਨ ਸੋ ਸੋਅਹੁ† ਹੋਇ ਜਾਇ। ਹੇ ਮਰਦਾਨਿਆਂ ! ਬਾਵਨ ਖੂਹਣੀ ਲਸਕਰੁ ਸਭੋ ਮੁਆ, ਪਰਮੇਸਰ ਕੀ ਆਗਿਆ ਸਾਥ, ਤਬਿ ਇਕੋ ਰਾਜਾ ਰਹਿਆ । ਤਬਿ ਓਹੁ ਕੀੜੀ ਗਈ,

---

*ਪਤਾਲ਼। †ਸੁਆਹ।

ਆਖਿਓਸੁ—ਹੇ ਰਾਜਾ ! ਬਾਤ ਸੁਨੁ, ਅਬਿ ਮੇਰੀ ਰੋਟੀ ਮਨਹਿਗਾ ?—। ਤਬਿ ਰਾਜਾ ਹਥਿ ਜੋੜਿ ਖੜਾ ਹੋਆ। ਆਖਿਓਸੁ—ਭਲਾ ਹੋਵੈ ਜੀ—। ਤਬਿ ਉਸਿ ਕੀੜੀ ਹੁਕਮ ਕੀਤਾ ਕੀੜੀਆਂ ਜੋਗੁ—ਜਾਹੁ ਅੰਮ੍ਰਿਤੁ ਲੇਆਵਹੁ। ਅਤੈ ਸਤ ਕੁੰਡੀ ਅੰਮ੍ਰਿਤ ਕੇ ਹੈਨ ਪਤਾਲ ਬਿਖੈ, ਅਤੈ ਸਤ ਕੁੰਡ ਬਿਖ ਕੇ ਹੈਂ ਪਤਾਲ ਬਿਖੈ—। ਤਬਿ ਓਹੁ ਕੀੜੀਆਂ ਗਈਆਂ, ਜਾਇ ਕਰਿ ਅੰਮ੍ਰਿਤੁ ਮੁਖੁ ਭਰਿ ਲੇ ਆਈਆਂ, ਜਿਸ ਕਉ ਓਹੁ ਲਾਵਨਿ ਸੋਈ ਉਠਿ ਖੜਾ ਹੋਵੇ। ਤਬਿ ਬਾਵੰਨ ਖੂਹਣੀ ਲਸਕਰੁ ਉਠਿ ਖੜਾ ਹੋਆ, ਪਰਮੇਸਰਿ ਕੀ ਆਗਿਆ ਨਾਲਿ। ਤਬਿ ਰਾਜਾ ਉਠਿ ਕਰ ਰੋਟੀ ਖਾਵਣਿ ਗਇਆ ਬਾਵਨ ਖੂਹਣੀ ਸਾਥਿ। ਜਬਿ ਰੋਟੀ ਮਿਲੀ ਤਾਂ ਠੰਢੀ, ਅਤੈ ਜਾਂ ਘੋੜਿਆਂ ਨੋ ਘਾਸੁ ਮਿਲਿਆ ਤਾਂ ਭਿੰਨਾ ਹੋਆ, ਅਤੇ ਦਾਣਾ ਮਿਲਿਆ ਸੋ ਚਿਥਿਆ ਹੋਆ। ਤਬਿ ਰਾਜੈ ਪੁਛਿਆ,—ਐਸੀ ਰੋਟੀ ਠੰਢੀ ਕਿਉਂ ਮਿਲੀ? ਅਤੇ ਘਾਸੁ ਭਿਨਾ, ਦਾਣਾਂ ਚਿਥਿਆ ?—। ਤਬਿ ਕੀੜੀ ਕਹਿਆ :—ਹੇ ਰਾਜਾ ! ਅਗੈ ਇਕੁ ਰਾਜਾ ਆਇਆ ਥਾ, ਤਿਸ ਕਉ ਮੈਂ ਰੋਟੀ ਕੀਤੀ ਆਹੀ, ਤਿਸਤੇ ਜੋ ਰਹਿਆ ਥਾ ਸੋ ਮੈਂ ਤੇਰੇ ਲਸਕਰ ਕਉ ਪਰੋਸਿਆ ਹੈ, ਅਤੈ ਜੋ ਉਸਦਿਆਂ ਘੋੜਿਆਂ ਦਾ ਦਾਣਾ ਬਚਿਆ ਥਾ ਸੋ ਤੇਰਿਆਂ ਘੋੜਿਆਂ ਕਉ ਦਿਤਾ ਅਤੇ ਜੋ ਉਸਦਿਆਂ ਘੋੜਿਆਂ ਦਾ ਘਾਸੁ ਰਹਿਆ ਥਾ, ਸੋ ਤਿਰਿਆਂ ਘੋੜਿਆਂ ਤਾਈਂ ਪਇਆ—। ਜਬਿ ਰਾਜਾ ਜਾਇ ਕਰ ਦੇਖੈ ਤਾਂ ਕਈ ਅੰਬਾਰ ਹੀ ਭਰੇ ਪਇ ਹੈਨਿ। ਤਬਿ ਰਾਜੇ ਕਾ ਅਭਿਮਾਨੁ ਦੂਰਿ ਹੋਆ। ਆਖਿਓ ਸੁ,—ਐਸੇ ਰਾਜੇ ਵਰਤੇ ਹੈਨ—। ਤਬਿ ਰਾਜਾ ਫਿਰਿ ਘਰਿ ਆਇਆ'। ਤਬਿ ਬਾਬਾ ਬੋਲਿਆ:—

ਸਲੋਕੁ ਮ: ੧॥ ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ॥ ਘਾਹੁ
ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ ॥ ਨਦੀਆ ਵਿਚਿ ਟਿਬੇ
ਦੇਖਾਲੇ ਥਲੀ ਕਰੇ ਅਸਗਾਹ ॥ ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ
ਕਰੇ ਸੁਆਹ ॥ ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿਆ ਸਾਹ ॥
ਨਾਨਕ ਜਿਉ ਜਿਉ ਸਚੇ ਭਾਵੈ ਤਿਉ ਤਿਉ ਦੇਇ ਗਿਰਾਹ ॥ ੧ ॥

ਤਬ ਮਰਦਾਨਾ ਪੈਰੀ ਪਇਆ। ਬੋਲਹੁ ਵਾਹਿਗੁਰੂ।

## ੨੬. ਵਸਦਾ ਰਹੇ.

ਓਥਹੁੰ ਰਵਦੇ ਰਹੈ। ਜਾਇ ਇਕਤੁ ਗਾਉਂ ਵਿਚਿ ਬੈਠਾ। ਤਬਿ ਉਸ ਗਾਉਂ ਵਿਚ ਕੋਈ ਬਹਣਿ ਦੇਵੈ ਨਾਹੀਂ। ਲਾਗੇ ਮਸਕਰੀਆਂ ਕਰਣਿ। ਤਬਿ ਗੁਰੂ ਬਾਬੇ ਸਲੋਕੁ ਕਹਿਆ:—

ਏਸ ਕਲੀਓ ਪੰਜ ਭੀਤੀਓਕਿਉ ਕਰਿ ਰਖਾ ਪਤਿ॥ਜੇ ਬੋਲਾਤਾਂਆਖੀਐ ਬੜ
ਬੜ ਕਰੈ ਬਹੁਤ।ਚੁਪ ਕਰਾਂ ਤਾ ਆਖੀਐ ਇਤ ਘਟਿ ਨਾਹੀ ਮਤਿ॥ਜੇ ਬਹਿ
ਰਹਾਂ ਤਾ ਆਖੀਐ ਬੈਠਾ ਸਥਰਘਤੁ॥ਉਠਜਾਈ ਤਾਂ ਆਖੀਐ ਛਾਰ ਗਇਆ

ਸਿਰ ਘਤਿ ॥ ਜੇਕਰਿ ਨਿਵਾਂ ਤਾਂ ਆਖੀਐ ਡਰਦਾ ਕਰੇ ਭਗਤ ॥ ਕਾਈ ਗਲੀ ਨਾ ਮੇਵਣੀ ਜਿਥੈ ਕਢਾ ਝਤਿ ॥ ਏਥੈ ਓਥੈ ਨਾਨਕ ਕਰਤਾ ਰਖੈ ਪਤਿ* ॥੨॥

ਤਬਿ ਉਥੈ ਕਾਈ ਘੜੀ ਨਾ ਰਹੇ। ਤਬ ਮਰਦਾਨੇ ਆਖਿਆ, 'ਜੀ ਇਨ੍ਹਾਂ ਦੇ ਬਾਬਿ ਕਿਆ ਹੁਕਮੁ ਹੋਆ ?' ਤਬਿ ਬਾਬੇ ਆਖਿਆ 'ਮਰਦਾਨਿਆਂ ! ਏਹੁ ਸਹਰੁ ਵਸਦਾ ਰਹੈ'।

## ੨੭. ਉਜੜ ਜਾਵੇ.

ਤਬਿ ਅਗਲੈ ਸਹਰਿ ਗਏ, ਤਬਿ ਓਨਾਂ ਬਹੁਤੁ ਸੇਵਾ ਕੀਤੀ ਓਥੈ ਰਾਤਿ ਰਹੇ ਭਲਕੇ ਉਠਿ ਚਲੇ। ਤਾਂ ਗੁਰੂ ਬੋਲਿਆ, ਜੋ 'ਇਹੁ ਸਹਰੁ ਉਜਾੜਿ ਹੋਵੈਗਾ, ਅਠਵਾਟੁ ਹੋਵੈ'। ਤਬਿ ਮਰਦਾਨੇ ਆਖਿਆ,'ਜੀ,ਤੇਰੇ ਦਰਿ ਭਲਾ ਨਿਆਉ ਡਿਠਾ, ਜਿਥੈ ਬੈਠਣੇ ਨਾ ਮਿਲੈ ਸੋ ਵਸਾਇਆ, ਅਤੈ ਜਿਨਾਂ ਸੇਵਾ ਬੰਦਗੀ ਬਹੁਤੁ ਕੀਤੀ ਸੋ ਸਹਤੁ ਉਜਾੜਿਆ'। ਤਬ ਗੁਰੂ ਬਾਬੇ ਆਖਿਆ, ਮਰਦਾਨਿਆਂ ! ਉਸ ਸਹਰ ਕਾ ਆਦਮੀ ਅਵਰ ਸਹਰਿ ਜਾਵੈਗਾ ਤਾਂ ਹੋਰ ਭੀ ਵਿਗੜਨਿਗੇ ਅਤੇ ਇਸੁ ਸਹਰ ਦਾ ਆਦਮੀ ਹੋਰਤ† ਸਹਰਿ ਜਾਵੈਗਾ ਤਾਂ ਉਨਾਂ ਦੀ ਭੀ ਗਤਿ ਕਰੈਗਾ, ਅਤੈ ਸੁਮਤਿ ਦੇਵੈਗਾ'। ਤਬਿ ਮਰਦਾਨੇ ਆਖਿਆ,'ਜੀ ਤਉ ਭਾਵੈ ਤਾਂ ਉਸਦੀ ਭੀ ਗਤਿ ਕਰਹਿ'। ਤਬਿ ਬਾਬੇ ਸਬਦ ਕੀਤਾ ਰਾਗੁ ਮਲਾਰ ਵਿਚਿ ਮ: ੧ :—

ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ॥ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀ ਰਹਣਾ॥ਪ੍ਰਾਣੀ ਏਕੋ ਨਾਮੁ ਧਿਆਵਹੁ॥ ਅਪਨੀ ਪਤਿ ਸੇਤੀ ਘਰਿ ਜਾਵਹੁ ॥੧॥ ਰਹਾਉ॥ ਤੁਧਨੋ ਸੇਵਹਿ ਤੁਝੁਕਿਆ ਦੇਵਹਿ ਮਾਂਗਹਿ ਲੇਵਹਿ ਰਹਹਿ ਨਹੀ ॥ ਤੂ ਦਾਤਾ ਜੀਆ ਸਭਨਾ ਕਾ ਜੀਆ ਅੰਦਰਿ ਜੀਉ ਤੁਹੀ॥੨॥ਗੁਰਮੁਖਿ ਧਿਆਵਹਿ ਸਿ ਅੰਮ੍ਰਿਤੁ ਪਾਵਹਿ ਸੇਈ ਸੂਚੇ ਹੋਹੀ ਅਹਿਨਿਸਿ ਨਾਮੁ ਜਪਹੁ ਰੇ ਪ੍ਰਾਣੀ ਮੈਲੇ ਹਛੇ ਹੋਹੀ ॥ ੩ ॥ ਜੇਹੀ ਰੁਤਿ ਕਾਇਆ ਸੁਖੁ ਤੇਹਾ ਤੇਹੋ ਜੇਹੀ ਦੇਹੀ ॥ ਨਾਨਕ ਰੁਤਿ ਸੁਹਾਵੀ ਸਾਈ ਬਿਨੁ ਨਾਵੈ ਰੁਤਿ ਕੇਹੀ ॥੪॥੧॥

## ੨੮. ਆਸਾ ਦੇਸ਼, ਸ਼ੇਖ ਫਰੀਦ ਨਾਲ ਗੋਸ਼ਟ.

ਤਬਿ ਫਿਰਿ ਆਸਾ ਦੇਸ ਕਉ ਆਇਆ ਆਗੇ ਸੇਖ ਫਰੀਦ ਥਾ ਜੰਗਲ ਵਿਚਿ ਬੈਠਾ,ਤਬਿ ਉਥੇ ਬਾਬਾ ਭੀ ਆਇਆ।ਤਬ ਸੇਖੁ ਫਰੀਦੁ ਬੋਲਿਆ, 'ਅਲਹ ਅਲਾ ਦਰਵੇਸ'।ਤਬਿ ਗੁਰੂ ਬਾਬੇ ਜਬਾਬੁ ਦਿਤਾ ਅਵਾਜੁ 'ਅਲਹ, ਫਰੀਦ ਜ਼ੁਹਦੀ, ਹਮੇਸ ਆਉ ਸੇਖ ਫਰੀਦ ਜੁਹਦੀ, ਅਲਹ ਅਲ਼ਹ'। ਤਬ ਦਸਤ ਪੰਜਾ ਲੇਕਰ ਬਹਿ ਗਇਆ। ਤਬਿ ਸੇਖੁ ਫ਼ਰੀਦੁ ਬਾਬੇ ਦਾ ਰੂਪੁ ਦੇਖਿ ਕਰ ਬੋਲਿਆ,

---

*ਇਹ ਪਾਠ ਭਾਈ ਬੰਨੋ ਜੀ ਦੀ ਬੀੜ ਵਿਚੋਂ ਹੈ। †ਪਾਠਾਂਤ੍ਰ 'ਕਰਤਾ'।

ਗੋਸਟਿ ਕੀਤੀਆ ਸੁ, ਸੇਖਿ ਫਰੀਦ* ਬਾਬੇ ਨੂੰ ਪੁਛਿਆ, ਆਖਿਓਸੁ:—

ਅਕੇ ਤਾ ਲੋੜੁ ਮੁਕਦਮੀ ਅਕੈ ਤੇ ਅਲਹੁ ਲੋੜੁ ॥ ਦੁਹੁ ਬੇੜੀ ਨਾਂ ਲਤ ਧਰੁ ਮਤੁ ਵੰਞਹੁ ਵਖਰੁ ਬੋੜਿ ॥

ਤਬ ਗੁਰੂ ਬਾਬੇ ਜਬਾਬੁ ਦਿਤਾ:—

ਸਲੋਕੁ ॥ ਦੁਹੀ ਬੇੜੀ ਲਤ ਧਰੁ ਦੁਹੀ ਵਖਰੁ ਚਾੜਿ ॥ ਕੋਈ ਬੇੜੀ ਡੁਬਸੀ ਕੋਈ ਲੰਘੇ ਪਾਰਿ ॥ ਨਾ ਪਾਣੀ ਨ ਬੇੜੀਆ ਨਾ ਡੁਬੈ ਨਾ ਜਾਇ ॥ ਨਾਨਕ ਵਖਰੁ ਸਚੁ ਧਨੁ ਸਹਜੇ ਰਹਿਆ ਸਮਾਇ† ॥ ੧ ॥

ਤਬ ਸੇਖ ਫਰੀਦ ਕਹਿਆ:—

ਸਲੋਕੁ ॥ ਫਰੀਦਾ ਚੂੜੇਲੀ ਸਿਉ ਰਤਿਆ ਦੁਨੀਆ ਕੂੜਾ ਭੇਤੁ ॥ ਨਾਨਕ ਆਖੀ ਦੇਖਦਿਆ ਉਜੜਿ ਵੰਵੈ ਖੇਤੁ ॥ ੧ ॥

ਤਬ ਗੁਰੂ ਬਾਬੇ ਜੁਬਾਬੁ ਦਿਤਾ:—

ਸਲੋਕੁ॥† ਫਰੀਦਾ ਧੁਰਹੁ ਧੁਰਹੁ ਹੋਂਦਾ ਅਇਆ ਚੂੜੇਲੀ ਸਿਉ ਹੇਤੁ॥ਨਾਨਕ

---

*ਇਹ ਸੱਜਨ ਸ਼ੇਖ ਫਰੀਦ ਸਾਨੀ ਹੀ ਜਾਪਦਾ ਹੈ, ਜਿਸ ਦਾ ਨਾਮ ਸ਼ੇਖ ਬ੍ਰਹਮ ਕਰ ਕੇ ਸਾਖੀਆਂ ਵਿਚ ਆਉਂਦਾ ਹੈ। ਅੱਗੇ ਚੱਲ ਕੇ ਸਾਖੀ ੩੨ਵੀਂ ਇਸ ਸ਼ੇਖ ਬ੍ਰਹਮ ਨਾਲ ਹੋਈ ਹੈ। ਜੇ ਦੋਵੇਂ ਸਾਖੀਆਂ ਇਕੋ ਫਕੀਰ ਨਾਲ ਹੋਈਆਂ ਹਨ ਤਾਂ ਲੇਖਕ ਨੇ ਸਾਖੀਆਂ ਵਿਚ ਵਿਥ ਭੁੱਲ ਕੇ ਪਾਈ ਹੈ, ਦੋਇ ਇਕ ਠੌਰ ਚਾਹੀਦੀਆਂ ਸਨ। ਯਾ ਦੂਸਰੀ ਸਾਖੀ ਪਹਿਲੀ ਮੁਲਾਕਾਤ ਦਾ ਫਲ ਦੇਖਣ ਲਈ ਸੀ, ਜੈਸਾ ਕਿ ਭਾਈ ਮਨੀ ਸਿੰਘ ਜੀ ਦੀ ਸਾਖੀ ਵਿਚ ਦੁਇ ਮੁਲਾਕਾਤਾਂ ਸ਼ੇਖ ਬ੍ਰਹਮ ਨਾਲ ਦੱਸੀਆਂ ਹਨ, ਅਰ ਦੂਸਰੀ ਮੁਲਾਕਾਤ ਦੇ ਪਹਿਲੇ ਲਿਖਿਆ ਹੈ:—ਬਾਬੇ ਕਹਿਆ, 'ਮਰਦਾਨਿਆਂ, ਪਟਣ ਅਸਾਂ ਨੇ ਜਾਵਣਾ ਹੈ, ਕਿਉਂਕਿ ਸ਼ੇਖ ਬ੍ਰਹਮ ਨੂੰ ਉਪਦੇਸ਼ ਕੀਤਾ ਸੀ ਸੋ ਦੇਖਾਂ ਉਸ ਨੂੰ ਉਪਦੇਸ ਚਿਤ ਹੈ ਕਿ ਵਿਸਰ ਗਿਆ ਹੈ'।

ਇਹ ਵੀ ਮੁਮਕਿਨ ਹੈ ਕਿ ਕੋਈ ਹੋਰ ਫਕੀਰ ਆਸਾ ਦੇਸ ਵਿਚ ਫਰੀਦ ਲਕਬ ਵਾਲਾ ਹੋਵੇ ਤੇ ਓਹ ਪਹਿਲੇ ਫਰੀਦ ਜੀ ਦੀ ਬਾਨੀ ਦਾ ਜਾਣੂ ਹੋਵੇ। ਇਹ ਖਿਆਲ ਕਰਨਾ ਕਿ ਇਸ ਜਨਮ ਸਾਖੀ ਦੇ ਕਰਤਾ ਨੂੰ ਸ਼ੇਖ ਫਰੀਦ ਦੇ ਪਹਿਲੇ ਹੋ ਗੁਜ਼ਰਨ ਦੀ ਖਬਰ ਨਹੀਂ ਸੀ, ਭੁਲ ਹੋਵੇਗੀ, ਕਿਉਂਕਿ ਸਾਖੀ ੩੨ ਵਿਚ ਉਹ ਸਾਫ ਲਿਖਦਾ ਹੈ ਕਿ—

'ਪਟਣ ਕਾ ਪੀਰ ਸੇਖੁ ਫਰੀਦ ਥਾ, ਤਿਸਕੈ ਤਖਤਿ ਸੇਖ ਬ੍ਰਿਹਮ ਥਾ'।

ਸੋ ਕਰਤਾ ਜੀ ਨੂੰ ਠੀਕ ਪਤਾ ਸੀ ਕਿ ਸੇਖ ਫਰੀਦ ਪਹਿਲਾ ਮਰ ਚੁਕਾ ਹੈ, ਤੇ ਗਦੀ ਤੇ ਸੇਖ ਬ੍ਰਿਹਮ (ਫਰੀਦਸਾਨੀ) ਹੈ, ਸੋ ਏਥੇ ਉਸਦੀ ਮੁਰਾਦ ਕਦੇ ਸ਼ੇਖ ਫਰੀਦ ਪਹਿਲੇ ਤੋਂ ਨਹੀਂ ਹੋ ਸਕਦੀ।

†ਇਹ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਨਹੀਂ ਹਨ।

ਨਾਨਕ ਖੇਤੁ ਨ ਉਜੜੈ ਜੇ ਰਾਖਾ ਹੋਇ ਸੁਚੇਤ ॥ ੧ ॥

ਤਬ ਸੇਖੁ ਫਰੀਦ ਬੋਲਿਆ:–

ਸਲੋਕੁ ॥ ਫਰੀਦਾ ਤਨੁ ਰਹਿਆ ਮਨੁ ਫਟਿਆ ਤਾਗਤਿ ਰਹੀ ਨ ਕਾਇ ॥
ਉਠ* ਪਿਰੀ ਤਬੀਬ ਥੀਓ ਕਾਰੀ ਦਾਰੂ ਲਾਇ ॥ ੧ ॥

ਤਬ ਗੁਰੂ ਬਾਬੇ ਜਬਾਬੁ ਦਿਤਾ:–

ਸਲੋਕੁ ॥ †ਸਜਣ ਸਚੁ ਪਰਖਿ ਮੁਖਿ ਅਲਾਵਣੁ ਥੋਥਰਾ ॥ ਮੰਨ ਮਝਾਹੂ ਲਖਿ ਤੁਧਹੁ ਦੂਰਿ ਨ ਸੁ ਪਿਰੀ† ॥ ੩ ॥

ਤਬ ਸੇਖੁ ਫਰੀਦੁ ਬੋਲਿਆ ਸਬਦੁ ਰਾਗੁ ਸੂਹੀ ਵਿਚਿ :–

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ॥ ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥ ੧ ॥ ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ ॥ ੧ ॥ ਰਹਾਉ ॥ ਇਕ ਆਪੀਨ੍ਹੈ ਪਤਲੀ ਸਹ ਕੇਰੇ ਬੋਲਾ॥ਦੁਧਾ ਥਣੀ ਨ ਆਵਈ ਫਿਰਿ ਹੋਇ ਨ ਮੇਲਾ ॥ ੨ ॥ ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ॥ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ ॥ ੩ ॥

ਤਬ ਗੁਰੂ ਜਬਾਬੁ ਦਿਤਾ ਸਬਦੁ ਕੀਤਾ ਰਾਗੁ ਸੂਹੀ ਵਿਚਿ ਮਃ ੧ :–

ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ॥ ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ ॥੧॥ ਤੇਰਾ ਏਕੋ ਨਾਮੁ ਮੰਜੀਠੜਾ ਰਤਾ ਮੇਰਾ ਚੋਲਾ ਸਦ ਰੰਗ ਢੋਲਾ ॥੧॥ ਰਹਾਉ॥ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ॥ ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ॥ ੨ ॥ ਮਿਲਿਆ ਹੋਇ ਨ ਵੀਛੁੜੈ ਜੇ ਮਿਲਿਆ ਹੋਈ॥ਆਵਾਗਉਣੁ ਨਿਵਾਰਿਆ ਹੈ ਸਾਚਾ ਸੋਈ॥੩॥ਹਉਮੈ ਮਾਰਿ ਨਿਵਾਰਿਆ ਸੀਤਾ ਹੈ ਚੋਲਾ॥ ਗੁਰ ਬਚਨੀ ਫਲੁ ਪਾਇਆ ਸਹ ਕੇ ਅੰਮ੍ਰਿਤ ਬੋਲਾ ॥੪॥ ਨਾਨਕੁ ਕਹੈ ਸਹੇਲੀਹੋ ਸਹੁ ਖਰਾ ਪਿਆਰਾ॥ ਹਮ ਸਹ ਕੇਰੀਆ ਦਾਸੀਆ ਸਾਚਾ ਖਸਮੁ ਹਮਾਰਾ ॥ ੫ ॥

ਤਬ ਸੇਖੁ ਫਰੀਦੁ ਬੋਲਿਆ ਸਬਦੁ ਰਾਗੁ ਆਸਾ ਵਿਚਿ:–

ਦਿਲਹੁ ਮੁਹਬਤਿ ਜਿੰਨ੍ਹ ਸੇਈ ਸਚਿਆ ॥ ਜਿਨ੍ਹ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥੧॥ ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ॥ ਵਿਸਰਿਆ ਜਿਨ੍ਹ ਨਾਮੁ ਤੇ ਭੁਇ ਭਾਰੁ ਥੀਏ ॥੧॥ ਰਹਾਉ॥ ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ॥ ਤਿਨ੍ਹ ਧੰਨੁ ਜਣੇਦੀ ਮਾਉ ਆਏ ਸਫਲੁ ਸੇ॥੨॥ਪਰਵਰਦ- ਗਾਰ ਅਪਾਰ ਅਗਮ ਬੇਅੰਤ ਤੂ॥ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ॥੩॥ਤੇਰੀ

---

*'ਉਠੀ' ਪਾਠ ਹਾ:ਬਾ: ਨੁਸਖੇ ਦਾ ਹੈ, ਤੇ 'ਉਠੀ' ਪਦ ਪਾਉਣ ਨਾਲ ਮਾਤ੍ਰਾਂ ਬਰਾਬਰ ਹੁੰਦੀਆਂ ਹਨ। †ਇਹ ਸਲੋਕ ਪੰਚਮ ਗੁਰੂ ਜੀ ਦਾ ਹੈ। ਲਿਖਾਰੀ ਦੀ ਏਥੇ ਭੁੱਲ ਹੈ।

ਪਨਹ ਖੁਦਾਇ ਤੂ ਬਖਸੰਦਗੀ ॥ ਸੇਖ ਫਰੀਦੈ ਖੈਰੁ ਦੀਜੈ ਬੰਦਗੀ ॥੪॥੧॥

ਤਬਿ ਬਾਬਾ ਬੋਲਿਆ ਸਬਦੁ ਰਾਗੁ ਸੂਹੀ ਵਿਚਿ ਮਃ ੧—

ਸੂਚਜੀ ॥ ਜਾ ਤੂ ਤਾ ਮੈ ਸਭੁ ਕੋ ਤੂ ਸਾਹਿਬੁ ਮੇਰੀ ਰਾਸਿ ਜੀਉ॥ਤੁਧੁ ਅੰਤਰਿ ਹਉ ਸੁਖਿ ਵਸਾ ਤੂੰ ਅੰਤਰਿ ਸਾਬਾਸਿ ਜੀਉ ॥ ਭਾਣੈ ਤਖਤਿ ਵਡਾਈਆ ਭਾਣੈ ਭੀਖ ਉਦਾਸਿ ਜੀਉ॥ਭਾਣੈ ਥਲ ਸਿਰਿ ਸਰੁ ਵਹੈ ਕਮਲੁ ਫੁਲੈ ਆਕਾਸਿ ਜੀਉ॥ਭਾਣੈ ਭਵਜਲੁ ਲੰਘੀਐ ਭਾਣੈ ਮੰਝਿ ਭਰੀਆਸਿ ਜੀਉ॥ਭਾਣੈ ਸੋ ਸਹੁ ਰੰਗੁਲਾਸਿਫਤਿ ਰਤਾ ਗੁਣਤਾਸਿ ਜੀਉ॥ਭਾਣੈ ਸਹੁ ਭੀਹਾਵਲਾ ਹਉ ਆਵਣਿ ਜਾਣਿ ਮੁਈਆਸਿ ਜੀਉ ॥ ਤੂ ਸਹੁ ਅਗਮ ਅਤੋਲਵਾ ਹਉ ਕਹਿ ਕਹਿ ਢਹਿ ਪਈਆਸਿ ਜੀਉ ॥ ਕਿਆ ਮਾਗਉ ਕਿਆ ਕਹਿ ਸੁਣੀ ਮੈ ਦਰਸਨ ਭੂਖ ਪਿਆਸਿ ਜੀਉ ॥ ਗੁਰ ਸਬਦੀ ਸਹੁ ਪਾਇਆ ਸਚੁ ਨਾਨਕ ਕੀ ਅਰਦਾਸਿ ਜੀਉ ॥ ੨ ॥

ਤਬਿ ਬਾਬਾ ਅਤੈ ਸੇਖ ਫਰੀਦੁ ਦੁਇ ਏਕ ਰਾਤਿ ਇਕਠੇ ਰਹੇ ਜੰਗਲ ਵਿਚਿ। ਤਬਿ ਇਕੁ ਬੰਦਾ ਖੁਦਾਇ ਦਾ ਆਇ ਨਿਕਲਿਆ । ਉਹੁ ਦੇਖਿ ਕਰਿ ਘਰਿ ਉਠਿ ਗਇਆ। ਤਬ ਏਕ ਤਬਲਬਾਜ* ਦੁਧ ਕਾ ਭਰ ਕੇ ਲੇ ਆਇਆ, ਵਿਚਿ ਚਾਰਿ ਮੁਹਰਾਂ ਪਾਇ ਕਰਿ, ਪਿਛਲੀ ਰਾਤਿ ਨੂੰ ਲੇ ਆਇਆ। ਤਬਿ ਸੇਖ ਫਰੀਦ ਆਪਣਾ ਬਖਰਾ† ਪਾਇ ਲਇਆ,ਅਤੈ ਗੁਰੂ ਦਾ ਬਖਰਾ ਰਖਿ ਛਡਿਉਸੁ। ਤਬ ਸੇਖ ਫਰੀਦ ਬੋਲਿਆ:—

ਸਲੋਕੁ ॥ ਪਹਿਲੇ ਪਹਿਰੈ ਫੁਲੜਾ ਫਲੁ ਭੀ ਪਛਾ ਰਾਤਿ ॥ ਜੋ ਜਾਗੰਨਿ ਲਹੰਨਿ ਸੇ ਸਾਈ ਕੰਨੋ ਦਾਤਿ‡ ॥ ੧੧੨ ॥

ਤਬਿ ਬਾਬੇ ਜਬਾਬੁ ਦਿਤਾ—

ਸਲੋਕੁ ॥ ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ ॥ ਇਕ ਜਾਗੰਦੇ ਨਾ ਲਹੰਨਿ ਇਕਨਾ ਸੁਤਿਆ ਦੇਇ ਉਠਾਲਿ[A] ॥ ੧ ॥

ਤਬਿ ਬਾਬਾ ਬੋਲਿਆ, 'ਸੇਖ ਫਰੀਦਾ! ਇਸੁ ਦੁਧ ਵਿਚਿ ਹਾਥੁ ਫੇਰਿ ਕਰਿ ਦੇਖੁ ਕਿਆ ਹੈ'। ਜਾਂ ਸੇਖੁ ਫਰੀਦੁ ਦੇਖੈ ਤਾਂ ਮੁਹਰਾਂ ਚਾਰਿ ਅਸਨਿ, ਤਬਿ ਉਹੁ ਤਬਲਬਾਜੁ ਛੋਡਿ ਕਰਿ ਚਲਦਾ ਰਹਿਆ। ਤਬਿ ਗੁਰੂ ਬੋਲਿਆ ਸਬਦੁ ਰਾਗੁ ਤੁਖਾਰੀ ਛੰਤ ਮਃ ੧ :—

ਪਹਿਲੈ ਪਹਰੈ ਨੈਣ ਸਲੋਨੜੀਏ ਰੈਣਿ ਅੰਧਿਆਰੀ ਰਾਮ ॥ ਵਖਰੁ ਰਾਖੁ ਮੁਈਏ ਆਵੈ ਵਾਰੀ ਰਾਮ ॥ ਵਾਰੀ ਆਵੈ ਕਵਣੁ ਜਗਾਵੈ ਸੂਤੀ ਜਮ ਰਸੁ

*ਹੇਠੋਂ ਤੰਗ ਉਤੋਂ ਚੌੜਾ ਇਕ ਤਰ੍ਹਾਂ ਦਾ ਕਟੋਰਾ। †ਹਿੱਸਾ।

‡ਸਲੋਕ ਸੇਖ ਫਰੀਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ।

[A]ਵਾਰ ਸਿਰੀ ਰਾਗੁ ਵਿਚ ਪਹਿਲੀ ਪਾਤਸ਼ਾਹੀ ਦਾ ਸਲੋਕ ਹੈ।

ਚੂਸਏ॥ਰੈਣਿ ਅੰਧੇਰੀ ਕਿਆ ਪਤਿ ਤੇਰੀ ਚੋਰੁ ਪੜੈ ਘਰੁ ਮੂਸਏ॥ਰਾਖਣਹਾਰਾ ਅਗਮ ਅਪਾਰਾ ਸੁਣਿ ਬੇਨੰਤੀ ਮੇਰੀਆ ॥ ਨਾਨਕ ਮੂਰਖੁ ਕਬਹਿ ਨ ਚੇਤੈ ਕਿਆ ਸੂਝੈ ਰੈਣਿ ਅੰਧੇਰੀਆ ॥੧॥ ਦੂਜਾ ਪਹਰੁ ਭਇਆ ਜਾਗੁ ਅਚੇਤੀ ਰਾਮ ॥ ਵਖਰੁ ਰਾਖੁ ਮੁਈਏ ਖਾਜੈ ਖੇਤੀ ਰਾਮ ॥ ਰਾਖਹੁ ਖੇਤੀ ਹਰਿ ਗੁਰ ਹੇਤੀ ਜਾਗਤ ਚੋਰੁ ਨ ਲਾਗੈ ॥ ਜਮ ਮਗਿ ਨ ਜਾਵਹੁ ਨਾ ਦੁਖੁ ਪਾਵਹੁ ਜਮ ਕਾ ਡਰੁ ਭਉ ਭਾਗੈ ॥ ਰਵਿਸਸਿ ਦੀਪਕ ਗੁਰਮਤਿ ਦੁਆਰੈ ਮਨਿ ਸਾਚਾ ਮੁਖਿ ਧਿਆਵਏ॥ ਨਾਨਕ ਮੂਰਖੁ ਅਜਹੁ ਨ ਚੇਤੈ ਕਿਵ ਦੂਜੈ ਸੁਖ ਪਾਵਏ॥੨॥ ਤੀਜਾ ਪਹਰੁ ਭਇਆ ਨੀਦ ਵਿਆਪੀ ਰਾਮ ॥ ਮਾਇਆ ਸੁਤ ਦਾਰਾ ਦੂਖਿ ਸੰਤਾਪੀ ਰਾਮ॥ਮਾਇਆ ਸੁਤ ਦਾਰਾ ਜਗਤ ਪਿਆਰਾ ਚੋਗ ਚੁਗੈ ਨਿਤ ਫਾਸੈ॥ਨਾਮੁ ਧਿਆਵੈ ਤਾ ਸੁਖੁ ਪਾਵੈ ਗੁਰਮਤਿ ਕਾਲੁ ਨ ਗ੍ਰਾਸੈ॥ਜੰਮਣੁ ਮਰਣੁ ਕਾਲੁ ਨਹੀ ਛੋਡੈ ਵਿਣੁ ਨਾਵੈ ਸੰਤਾਪੀ ॥ ਨਾਨਕ ਤੀਜੈ ਤ੍ਰਿਬਿਧਿ ਲੋਕਾ ਮਾਇਆ ਮੋਹਿ ਵਿਆਪੀ॥੩॥ਚਉਥਾ ਪਹਰੁ ਭਇਆ ਦਉਤੁਬਿਹਾਗੈਰਾਮ॥ ਤਿਨ ਘਰੁ ਰਾਖਿਅੜਾ ਜੁ ਅਨਦਿਨੁ ਜਾਗੈ ਰਾਮ॥ ਗੁਰ ਪੂਛਿ ਜਾਗੇ ਨਾਮਿ ਲਾਗੇ ਤਿਨਾ ਰੈਣਿ ਸੁਹੇਲੀਆ॥ਗੁਰ ਸਬਦ ਕਮਾਵਹਿ ਜਨਮਿ ਨ ਆਵਹਿ ਤਿਨਾ ਹਰਿ ਪ੍ਰਭੁ ਬੇਲੀਆ ॥ ਕਰ ਕੰਪਿ ਚਰਣ ਸਰੀਰੁ ਕੰਪੈ ਨੈਣ ਅੰਧੁਲੇ ਤਨੁ ਭਸਮਸੇ।ਨਾਨਕ ਦੁਖੀਆ ਜੁਗ ਚਾਰੇ ਬਿਨੁ ਨਾਮ ਹਰਿ ਕੇ ਮਨਿ ਵਸੇ ॥੪॥ ਖੂਲੀ ਗੰਠਿ ਉਠੋ ਲਿਖਿਆ ਆਇਆ ਰਾਮ॥ ਰਸ ਕਸ ਸੁਖ ਠਾਕੇ ਬੰਧਿ ਚਲਾਇਆ ਰਾਮ॥ਬੰਧਿ ਚਲਾਇਆ ਜਾ ਪ੍ਰਭ ਭਾਇਆ ਨਾ ਦੀਸੈ ਨਾ ਸੁਣੀਐ ॥ ਆਪਣ ਵਾਰੀ ਸਭਸੈ ਆਵੈ ਪਕੀ ਖੇਤੀ ਲੁਣੀਐ ॥ ਘੜੀ ਚਸੇ ਕਾ ਲੇਖਾ ਲੀਜੈ ਬੁਰਾ ਭਲਾ ਸਹੁ ਜੀਆ॥ਨਾਨਕ ਸੁਰਿਨਰ ਸਬਦਿਮਿਲਾਏ ਤਿਨਿ ਪ੍ਰਭਿ ਕਾਰਣੁ ਕੀਆ ॥ ੫ ॥ ੨ ॥

ਤਬਿ ਬਾਬਾ ਅਤੇ ਸੇਖੁ ਫਰੀਦੁ ਓਥਹੁੰ ਰਵੇ, ਜਬ ਉਹੁ ਆਇਕੈ ਦੇਖੈ ਤਾਂ ਤਬਲਬਾਜੁ ਪਇਆ ਹੈ, ਜਬ ਉਹੁ ਚਕੈ ਤਾਂ ਸੁਇਨੇ ਕਾ ਹੈ, ਅਤੈ ਮੁਹਰਾਂ ਨਾਲਿ ਭਰਿਆ ਹੋਆ ਹੈ। ਤਬ ਉਹੁ ਲਗਾ ਪਛੋਤਾਵਣ, ਆਖਿਓਸੁ,'ਓਹੁ ਦੁਨੀਆਦਾਰ* ਫਕੀਰੁ ਥੇ, ਜੌ ਦਿਲ ਉਤੇ ਆਵਤਾ ਤਾਂ ਦੀਨੁ ਪਾਵਤਾ, ਦੁਨੀਆ ਲੈ ਆਇਆ ਥਾ ਤਾ ਦੁਨੀਆ ਮਿਲੀ'। ਤਬਿ ਓਹੁ ਤਬਲਬਾਜੁ ਲੈ ਕਰਿ ਘਰਿ ਆਇਆ।

ਤਬਿ ਓਥਹੁੰ ਗੁਰੂ ਬਾਬਾ ਅਤੈ ਸੇਖੁ ਫਰੀਦੁ ਆਸਾ ਦੇਸਿ ਆਏ, ਤਬਿ ਆਸਾ ਦੇਸ ਕਾ ਰਾਜਾ ਸਮੁੰਦਰੁ† ਥਾ, ਸੋ ਉਸਕਾ ਕਾਲੁ ਹੋਆ ਥਾ। ਤਬ ਉਸਕੀ ਖੋਪਰੀ ਜਲੈ ਨਾਹੀਂ, ਅਨੇਕ ਜਤਨ ਕਰਿ ਰਹੈ; ਤਬਿ ਜੋਤਕੀ ਪੁਛੇ ਤਾਂ ਜੋਤਕੀਆਂ

---

*ਪਾਠਾਂਤ੍ਰ 'ਦੀਨਦਾਰ' ਹੈ।ਦਰੁਸਤ ਬੀ ਇਹੋ ਹੈ।'ਦੁਨੀਆਦਾਰ' ਪਾਠ ਲਿਖਾਰੀ ਦੀ ਭੁਲ ਹੈ।†ਸਮੁੰਦਰ ਦੀ ਥਾਂ ਹਾਫਜ਼ਾਬਾਦੀ ਨੁ: ਵਿਚ 'ਸਿਆਮ ਸੁੰਦਰ' ਪਾਠ ਹੈ।

ਆਖਿਆ 'ਇਨ ਏਕ ਬਾਰਿ ਮਿਥਿਆ ਕਹਿਆ ਹੈ, ਤਿਸ ਤੇ ਇਸਕਾ ਜੀਉ ਕਸ਼ਟਿ ਪਇਆ ਹੈ। ਅਰ ਆਸਾ ਦੇਸ ਕਾ ਲੋਕੁ ਸਤਿਬਾਦੀ ਥਾ, ਦਿਨ ਕਉ ਬੀਜਦਾ ਹੈ ਅਰੁ ਰਾਤਿ ਕਉ ਲੁਣਿ ਦਿਨ ਕਉ ਲੁਣਦਾ ਹੈ*'। ਤਬਿ ਆਸਾ ਦੇਸ ਕੇ ਲੋਕ ਲਾਗੈ 'ਹਾਇ ! ਹਾਇ !' ਕਰਣਿ। ਤਾਂ ਜੋਤਕੀਆਂ ਆਖਿਆ, 'ਜੋ ਇਸ ਕੀ ਮੁਕਤਿ ਤਬ ਹੋਵੈ ਜਾਂ ਸਾਧੂ ਕੇ ਚਰਣ ਲਗਨਿ'। ਤਬਿ ਉਨ੍ਹਾਂ† ਆਸਾ ਦੇਸ ਕਾ ਰਾਹ ਬੰਧ ਕਰਿਆ ਏਕੁ ਦਰਵਾਜਾ ਰਖਿਆ ਥਾ, ਜੇ ਕੋਈ ਫ਼ਕੀਰੁ ਆਵੈ ਤਾਂ ਓਤੈ ਦਰਵਾਜੈ ਕਢੀਐ। ਤਬ ਬਾਬਾ ਅਤੈ ਸੇਖੁ ਫਰੀਦੁ ਜਾਇ ਨਿਕਲੇ। ਜਬ ਨੇੜੈ ਗਏ ਤਬਿ ਗੁਰੂ ਨਾਨਕ ਕਹਿਆ, 'ਸੇਖ ਫਰੀਦਾ ਪੈਰੁ ਧਰਿ'। ਤਬਿ ਸੇਖ ਫਰੀਦ ਕਹਿਆ, 'ਜੀ ਮੇਰੀ ਕਿਆ ਮਜਾਲ ਹੈ ਜੋ ਮੈਂ ਆਗੈ ਪੈਰੁ ਧਰਾਂ'। ਤਬਿ ਬਾਬੇ ਪੈਰੁ ਧਰਿਆ ਤਾਂ ਖੋਪਰੀ ਫੁਟਿ ਗਈ। ਉਸ ਜੀਅ ਕੀ ਮੁਕਤਿ ਹੋਈ, ਤਬ ਸਾਰਾ ਆਸਾ ਦੇਸੁ ਆਇ ਪੈਰੀ ਪਇਆ।ਤਬਿ ਬਾਬਾ ਬੋਲਿਆ ਸਬਦੁ ਰਾਗੁ ਮਾਰੂ ਵਿਚਿਮ: ੧॥

ਮਿਲਿ ਮਾਤ ਪਿਤਾ ਪਿੰਡੁ ਕਮਾਇਆ ॥ ਤਿਨਿ ਕਰਤੈ ਲੇਖੁ ਲਿਖਾਇਆ॥ ਲਿਖੁ ਦਾਤਿ ਜੋਤਿ ਵਡਿਆਈ ॥ ਮਿਲਿ ਮਾਇਆ ਸੁਰਤਿ ਗਵਾਈ ॥੧॥ ਮੂਰਖ ਮਨ ਕਾਹੇ ਕਰਸਹਿ ਮਾਣਾ ॥ ਉਠਿ ਚਲਣਾ ਖਸਮੈ ਭਾਣਾ ॥ ੧ ॥ ਰਹਾਉ ॥ ਤਜਿ ਸਾਦ ਸਹਜ ਸੁਖੁ ਹੋਈ ॥ ਘਰ ਛਡਣੇ ਰਹੈ ਨ ਕੋਈ ॥ ਕਿਛੁ ਖਾਜੈ ਕਿਛੁ ਧਰਿ ਜਾਈਐ ॥ ਜੇ ਬਾਹੁੜਿ ਦੁਨੀਆ ਆਈਐ॥੨॥ਸਜੁ ਕਾਇਆ ਪਟੁ ਹਢਾਏ ॥ ਫੁਰਮਾਇਸਿ ਬਹੁਤੁ ਚਲਾਏ॥ਕਰਿ ਸੇਜ ਸੁਖਾਲੀ ਸੋਵੈ ॥ ਹਥੀ ਪਉਦੀ ਕਾਹੇ ਰੋਵੈ ॥ ੩ ॥ ਘਰ ਘੁੰਮਣਵਾਣੀ ਭਾਈ ॥ ਪਾਪ ਪਥਰ ਤਰਣੁ ਨ ਜਾਈ॥ਭਉ ਬੇੜਾ ਜੀਉ ਚੜਾਊ॥ਕਹੁ ਨਾਨਕ ਦੇਵੈ ਕਾਹੂ॥੪॥੨॥

ਤਬਿ ਰੋਟੀਆਂ ਲੈ ਲੈ ਆਵਨਿ ਜੋ ਸੇਖ ਫਰੀਦੁ ਕੂ ਦੇਵਨਿ ਤਿਸ ਕਉ ਆਖੇ 'ਮੈਂ ਖਾਧੀ ਹੈ ਅਤੈ ਪਲੈ ਭੀ ਬੰਧੀ ਪਈ ਹੈ'। ਤਬਿ ਆਸਾ ਦੇਸ ਕਿਆ ਲੋਕਾਂ ਆਖਿਆ, 'ਹੇ ਬੰਦੇ ਖੁਦਾਇਕੇ ! ਤੂ ਕੋਈ ਉਸੀ ਮੁਲਖ ਕਾ ਕੂੜਿਆਰ ਹੈਂ ਜਿਸੁ ਮੁਲਖ ਫਰੀਦੁ ਰਹਿੰਦਾ ਹੈ ? ਜੋ ਰੋਟੀ ਕਾਠ ਕੀ ਹੈਸੁ ਅਤੈ ਜੇ ਕੋਈ ਰੋਟੀ ਦੇਂਦਾ ਹੈਸੁ ਤਾਂ ਆਖਦਾ ਹੈ ਜੋ—ਮੈਂ ਖਾਧੀ ਹੈ ਅਤੈ ਪਲੈ ਭੀ ਬੰਧੀ ਹੈ—'। ਤਬ ਸੇਖ ਫਰੀਦੁ ਰੋਟੀ ਕਾਠਿ ਕੀ ਸੁਟ ਪਾਈ। ਆਖਿਓਸੁ, 'ਇਕ ਵਾਰੀ ਕੂੜ ਆਖੇ ਦਾ ਸਦਕਾ ਰਾਜੈ ਇਤਨੀ ਸਜਾਇ ਪਾਈ ਹੈ,ਅਤੇ ਮੇਰਾ ਕਿਆ ਹਵਾਲ ਹੋਵੇਗਾ ?‡'। ਤਬ ਬਾਬੇ ਦੀ ਖੁਸ਼ੀ ਹੋਈ, ਸੇਖੁ ਫਰੀਦ ਵਿਦਿਆ ਕੀਤਾ। ਤਬਿ ਬਾਬਾ ਬੋਲਿਆ, 'ਸੇਖ ਫਰੀਦ ! ਤੁਸਾਂ ਵਿਚਿ ਖੁਦਾਇ ਸਹੀ ਹੈ, ਪਰੁ ਤੂ ਪੀਰੁ ਕਰੁ'। ਤਬਿ ਸੇਖੁ

---

*ਹਾ:ਵਾ:ਨੁਸਖੇ ਵਿਚ 'ਦਿਨ ਕਉ...ਤੋਂ...ਲੁਣਦਾ ਹੈ'ਦੀ ਥਾਂ ਐਉਂ ਪਾਠ ਹੈ:— 'ਦਿਨ ਕਉ ਬੀਜਦੇ ਹੈ,ਰਾਤ ਕਉ ਲੁਣਦੇ ਹੈ'। †ਪਾਠ 'ਉਨਾ' ਹਾ:ਵਾ:ਨੁ:ਦਾ ਹੈ।
‡'ਅਤੇ...ਤੋਂ...ਹੋਵੇਗਾ' ਤਕ ਦਾ ਪਾਠ ਹਾ:ਬਾ:ਨੁ: ਵਿਚੋਂ ਹੈ।

ਫਰੀਦੁ ਆਖਿਆ, 'ਚੰਗਾ ਹੋਵੈ ਜੀ !' ਤਬਿ ਸੇਖੁ ਫਰੀਦੁ ਵਿਦਾ ਹੋਆ, ਗਲੇ ਵਿਚਿ ਲਾਗਿ ਮਿਲੇ; ਤਬ ਗੁਰੂ ਬਾਬਾ ਬੋਲਿਆ ਸਬਦੁ ਰਾਗੁ ਸਿਰੀ ਰਾਗੁ ਵਿਚਿ ਮ:੧॥:–

ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ ॥ ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ॥ਸਾਚੇ ਸਾਹਿਬ ਸਭਿ ਗੁਣ ਅਉਗਣ ਸਭਿ ਅਸਾਹ ॥ ੧ ॥ ਕਰਤਾ ਸਭੁ ਕੋ ਤੇਰੈ ਜੋਰਿ ॥ ਏਕੁ ਸਬਦੁ ਬੀਚਾਰੀਐ ਜਾ ਤੂ ਤਾ ਕਿਆ ਹੋਰਿ ॥੧॥ ਰਹਾਉ ॥ ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ ॥ ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ॥ਪਿਰੁ ਰੀਸਾਲੂ ਤਾ ਮਿਲੈ ਜਾ ਗੁਰਕਾ ਸਬਦੁ ਸੁਣੀ ॥੨॥ ਕੇਤੀਆ ਤੇਰੀਆ ਕੁਦਰਤੀ ਕੇਵਡ ਤੇਰੀ ਦਾਤਿ ॥ ਕੇਤੇ ਤੇਤੇ ਜੀਅ ਜੰਤ ਸਿਫਤਿ ਕਰਹਿ ਦਿਨੁ ਰਾਤਿ॥ ਕੇਤੇ ਤੇਰੇ ਰੂਪ ਰੰਗ ਕੇਤੇ ਜਾਤਿ ਅਜਾਤਿ ॥੩॥ ਸਚੁ ਮਿਲੈ ਸਚੁ ਊਪਜੈ ਸਚ ਮਹਿ ਸਾਚਿ ਸਮਾਇ ॥ ਸੁਰਤਿ ਹੋਵੈ ਪਤਿ ਊਗਵੈ ਗੁਰ ਬਚਨੀ ਭਉ ਖਾਇ ॥ ਨਾਨਕ ਸਚਾ ਪਾਤਿਸਾਹੁ ਆਪੇ ਲਏ ਮਿਲਾਇ ॥ ੪ ॥ ੧੦ ॥

ਤਬ ਬਾਬਾ ਜੀ ਕੋਈ ਦਿਨੁ ਆਸਾ ਦੇਸ ਵਿਚਿ ਰਹਿਆ, ਸਾਰਾ ਆਸਾ ਦੇਸੁ ਗੁਰੂ ਗੁਰੂ ਲਗਾ ਜਪਣ, ਨਾਉ ਧਰੀਕ ਸਿਖ* ਹੋਇ, ਏਕ ਮੰਜੀ ਆਸਾ ਦੇਸ ਵਿਚਿ ਹੈ। ਤਬ ਬਾਬੇ ਦੀ ਖੁਸੀ ਹੋਈ ਆਸਾ ਦੇਸ ਉਪਰਿ। ਬੋਲਹੁ ਵਾਹਿਗੁਰੂ।

## ੨੯. ਬਿਸੀਅਰ ਦੇਸ਼ ਝੰਡਾ ਬਾਢੀ, ਜੁਗਾਵਲੀ.

ਓਥਹੁ ਰਵਦੇ ਰਹੇ। ਤਬ ਬਿਸੀਅਰ ਦੇਸ ਆਇ ਪ੍ਰਗਟੇ, ਤਬ ਊਹਾ ਕੋਈ ਬੈਠਣ ਦੇਵੈ ਨਾਹੀ, ਜਹਾਂ ਜਾਇ ਖੜੋਵਨਿ ਤਹਾਂ ਲੋਕ ਚਉਕਾ ਦੇ ਲੈਨਿ, ਕਾਸਾ† ਦੇਖਿ ਕਰ। ਤਬ ਝੰਡਾ ਬਾਢੀ ਆਇ ਨਿਕਲਿਆ, ਤਬ ਓਹੁ ਘਰਿ ਲੈ ਗਇਆ, ਪੈਰ ਧੋਇ ਕਰਿ ਪੀਤਿਆਸੁ, ਪੀਵਣੈ ਨਾਲਿ ਗੁਰੂ ਨਦਰਿ ਆਇਓਸੁ, ਉਦਾਸੀ ਹੋਆ ਨਾਲਿ ਲਾਗਾ ਫਿਰਨਿ। ‡ਸ੍ਰੀ ਸਤਿਗੁਰੂ ਪ੍ਰਸਾਦਿ॥ ਲਿਖਤੰ

---

*'ਸਿਖ' ਪਾਠ ਹਾ:ਬਾ: ਨੁਸਖੇ ਵਿਚੋਂ ਹੈ। †ਪਾਠਾਂਤ੍ਰ 'ਕਾਸੇ' ਹੈ।

‡ਹਾ:ਬਾ: ਵਾਲੇ ਨੁਸਖੇ ਦੇ ਉਤਾਰੇ ਵਿਚ ਇਥੋਂ ਅੱਗੇ ਐਉਂ ਲਿਖਿਆ ਹੈ:– ਪ੍ਰਿਥਮੇ ਬਾਬੇ ਉਦਾਸੀ ਕੀਤੀ ਪੂਰਬ ਕੀ, ਤਿਤ ਸਮੇ ਬੈਠਾ ਥਾ ਸਮੁੰਦਰ ਕੀ ਬਰੇਤੀ ਵਿਚ, ਪਉਣ ਅਹਾਰ ਕੀਆ। ਨਾਲ ਝੰਡਾ ਬਾਢੀ ਥਾ, ਬਿਸੀਅਰ ਦੇਸ ਕਾ, ਤਿਸ ਕਉ ਜੁਗਾਵਲੀ ਮਿਲੀ, ਪ੍ਰਾਪਤ ਹੋਈ, ਨਗਰ ਛੁਟਾਘਾਟਕਾ। ਤਿਤ ਸਮੇਂ ਬਿਸਮਾਦ ਪੜਦਾ ਥਾ। ਅਗੇ ਜੁਗਾਵਲੀ ਚਲੀ। ਜੁਗਾਵਲੀ ਕਾ ਸ਼ੁਮਾਰ ਸਾਰਾ ਹੀ ਲਿਖਿਆ। ਤਬ ਬਾਬੇ ਦੀ ਖੁਸ਼ੀ ਹੋਈ। ਤਬ ਝੰਡਾ ਬਾਢੀ ਬਿਸੀਅਰ ਦੇਸ ਕਉ ਵਿਦਿਆ ਕੀਤਾ। ਝੰਡੇ ਬਾਢੀ ਕੀ ਮੰਜੀ ਬਿਸੀਅਰ ਦੇਸ ਵਿਚ ਹੈ। ਬਾਬਾ ਅਤੇ ਮਰਦਾਨਾ ਉਥਹੁ ਰਵਦੇ ਰਹੇ। ਬੋਲਹੁ ਵਾਹਿਗੁਰੂ।

ਜੁਗਾਵਲੀ ਮ: ੧ ॥ ਤਿਤੁ ਸਮੈ ਬੈਠਾ ਸਮੁੰਦ੍ਰ ਕੀ ਬਰੇਤੀ ਮਹਿ ਪਉਣੁ ਅਹਾਰੁ ਕੀਆ ਨਾਲੇ ਝੰਡਾ ਬਾਢੀ ਬਿਸੀਆਰ ਦੇਸ ਕਾ, ਤਿਸ ਕਉ ਜੁਗਾਵਲੀ ਪਰਾਪਤ ਹੋਈ, ਝੰਡਾ ਨਾਲਿ ਨਿਬਹਿਆ,ਨਗਰੁ ਛੁਠਘਾਟਕਾ ਤਿਤੁ ਸਮੈ ਬਿਸਮਾਦੁ ਪੜੀਦਾ ਥਾ, ਆਗੈ ਜੁਗਾਵਲੀ ਚਲੀ* ।

## ੩੦. ਮਰਦਾਨੇ ਦੀ ਭੁਖ ਗਵਾਈ.

ਤਬ ਬਾਬਾ ਅਤੇ ਮਰਦਾਨਾ ਓਥਹੁ ਰਵਦੇ ਰਹੇ, ਜੋ ਜਾਂਦੇ ਜਾਂਦੇ ਵਡੀ ਉਜਾੜਿ ਵਿਚ ਜਾਇ ਪਏ, ਤਬ ਉਥੈ ਕੋਈ ਮਿਲੈ ਨਾਹੀ, ਤਬਿ ਮਰਦਾਨੇ ਨੂੰ ਬਹੁਤੁ ਭੁਖਿ ਲਾਗੀ ਤਾਂ ਮਰਦਾਨੇ ਆਖਿਆ, 'ਸੁਹਾਣਿ ਤੇਰੀ ਭਗਤਿ ਨੂੰ, ਅਸੀਂ ਡੂਮ ਸੇ, ਮੁਲਖ ਦੇ ਟੁਕੜੇ ਮੰਗਿ ਖਾਂਦੇ ਥੇ, ਉਥਹੁੰ ਭੀ ਗਵਾਇਆ, ਅਸੀਂ ਤਾਂ ਵਡੀ ਉਜਾੜਿ ਵਿਚਿ ਆਇ ਪੈਇ ਹਾਂ । ਕਦੇ ਖੁਦਾਇ ਕਾਢੈ ਤਾਂ ਨਿਕਲਹਿੰ, ਹੁਣਿ ਕੋਈ ਸੀਹੁ ਬੁਕਿ ਪਵੈਗਾ ਤਾ ਮਾਰਿ ਜਾਵੈਗਾ'।ਤਬ ਬਾਬੇ ਆਖਿਆ, 'ਮਰਦਾ-ਨਿਆਂ ! ਤੇਰੈ ਨੇੜੈ ਕੋਈ ਨਾਹੀਂ ਆਂਵਦਾ ਪਰ ਤੂ ਉਸੀਆਰੁ† ਹੋਹੁ' । ਆਖਿਓਸੁ 'ਜੀ ਕਿਉਂ ਕਰਿ ਉਸੀਆਰੁ† ਹੋਵਾਂ,ਉਜਾੜਿ ਵਿਚਿ ਆਇ ਪਇਆ' । ਤਬ ਬਾਬੇ ਆਖਿਆ, 'ਮਰਦਾਨਿਆਂ ਅਸੀ ਉਜਾੜਿ ਵਿਚਿ ਨਾਹੀਂ ਅਸੀਂ ਵਸਦੀ ਵਿਚਿ ਹਾਂ, ਜਿਥੇ ਨਾਉ ਚਿਤਿ ਆਂਵਦਾ ਹੈ' । ਓਥੈ ਬਾਬੇ ਸਬਦੁ ਬੋਲਿਆ । ਰਾਗੁ ਆਸਾ ਵਿਚ ਮ:੧॥ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ॥ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ ॥ ੧ ॥ ਤਉ ਕਾਰਣਿ ਸਾਹਿਬਾ ਰੰਗਿ ਰਤੇ ॥ ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ ॥੧॥ ਰਹਾਉ ॥ ਦਰ ਘਰ ਮਹਲਾ ਹਸਤੀ ਘੋੜੇ ਛੋਡਿ ਵਿਲਾਇਤਿ ਦੇਸ ਗਏ ॥ ਪੀਰ ਪੇਕਾਂਬਰ ਸਾਲਿਕ ਸਾਦਿਕ ਛੋਡੀ ਦੁਨੀਆ ਥਾਇਪਏ॥੨ ॥ ਸਾਦ ਸਹਜ ਸੁਖ ਰਸ ਕਸ ਤਜੀਅਲੇ ਕਾਪੜ ਛੋਡੇ ਚਮੜ ਲੀਏ॥ ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ ॥ ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨੀ ॥ ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ ॥੪॥੧॥੩੩॥

ਤਬਿ ਬਾਬੇ ਆਖਿਆ 'ਮਰਦਾਨਿਆਂ ! ਸਬਦੁ ਚਿਤਿ ਕਰਿ, ਤਉ ਬਾਝੂ ਬਾਣੀ ਸਰਿ ਨਾਹੀ ਆਵਦੀ' । ਤਬਿ ਗੁਰੂ ਬਾਬੇ ਆਖਿਆ, 'ਮਰਦਾਨਿਆ ! ਰਬਾਬੁ ਵਜਾਇ' । ਤਬ ਮਰਦਾਨੇ ਆਖਿਆ,'ਜੀ ਮੇਰਾ ਘਟੁ ਭੁਖ ਦੇ ਨਾਲਿ ਮਿਲਿ ਗਇਆ ਹੈ, ਮੈਂ ਇਹੁ ਰਬਾਬੁ ਵਜਾਇ ਨਾਹੀ ਸਕਦਾ' । ਤਬ ਬਾਬੈ ਆਖਿਆ,

---

*ਇਥੋਂ ਅੱਗੇ ਜੁਗਾਵਲੀ ਹੈ, ਨਮੂਨੇ ਮਾਤ੍ਰ ਅੰਤਕਾ ੧ ਵਿਚ ਦਿੱਤੀ ਹੈ,ਅਤੇ ਏਹ ਜੁਗਾਵਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਹੈ,ਤਾਂ ਤੇ ਇਹ ਗੁਰਬਾਣੀ ਨਹੀਂ।

†ਹਾ: ਵਾ: ਵਾਲੇ ਨੁਸਖੇ ਦੇ ਉਤਾਰੇ ਵਿਚ ਪਾਠ 'ਹੋਸਿਆਰ' ਹੈ ।

'ਮਰਦਾਨਿਆਂ ! ਚਲੁ ਪਿਛੈ ਕਿਸੈ ਵਸਦੀ ਜਾਹਾਂ'।

'ਅਜੀ ਮੈਂ ਵਸਦੀ ਭੀ ਨਾਹੀ ਜਾਇ ਸਕਦਾ,ਮੇਰਾ ਭੁਖ ਨਾਲਿ ਘਟੁ ਮਿਲਿ ਗਇਆ ਹੈ, ਹਉਂ ਮਰਦਾ ਹਾਂ'।

ਤਬਿ ਬਾਬੇ ਆਖਿਆ 'ਮਰਦਾਨਿਆਂ ! ਹਉਂ ਤੈਨੂੰ ਆਈ ਬਿਨਾ* ਮਰਣਿ ਨਾਹੀ ਦੇਂਦਾ, ਉਸੀਆਰੁ† ਹੋਹੁ'। ਤਬਿ ਮਰਦਾਨੇ ਆਖਿਉਸੁ'ਜੀ ਹਉ ਕਿਉਂ ਕਰਿ ਉਸੀਆਰੁ† ਹੋਵਾਂ ? ਹਉ ਮਰਦਾ ਹਾਂ, ਜੀਵਣੈ ਦੀ ਗਲਿ ਰਹੀ'। ਤਬ ਮਰਦਾਨੇ ਆਖਿਆ, 'ਜੀ ਮੈਨੂੰ ਦੁਖ ਨਾ ਦੇਇ‡'। ਤਾਂ ਬਾਬੇ ਆਖਿਆ, 'ਮਰਦਾਨਿਆਂ ! ਇਸ ਰੁਖੁ ਦੇ ਫਲ ਖਾਹਿ, ਪਰੁ ਰਜਿ ਕੈ ਖਾਹਿ, ਜਿਤਨੇ ਖਾਇ ਸਕਦਾ ਹੈਂ, ਪਰੁ ਹੋਰੁ ਪਲੈ ਬੰਨਿ ਨਾਹੀਂ'। ਤਬਿ ਮਰਦਾਨੇ ਆਖਿਆ, 'ਜੀ ਭਲਾ ਹੋਵੇ'। ਤਾਂ ਮਰਦਾਨਾ ਲਗਾ ਖਾਣਿ, ਫਲਾਂ ਕਾ ਸੁਆਦੁ ਆਇਓਸੁ ਆਖੈ[A] 'ਹੋਵੇ ਤਾਂ ਸਭੈ ਖਾਇ ਲਈ, ਫਿਰਿ ਹਥਿ ਆਵਨਿ ਕਿ ਨਾ ਆਵਨਿ, ਕੁਛੁ ਪਲੈ ਭੀ ਬੰਨਿ ਲੇਈ, ਮਤੁ ਹਥਿ ਆਵਨਿ ਕਿ ਨਾ ਆਵਨਿ'। ਤਬਿ ਮਰਦਾਨੇ ਆਖਿਆ, 'ਭੁਖ ਲਗੈਗੀ ਤਾਂ ਖਾਵਾਂਗਾ'। ਮਰਦਾਨੈ ਪਲੈ ਭੀ ਬਨਿ ਲਏ। ਜਾਂਦੇ ਜਾਂਦੇ[B] ਮਰਦਾਨੇ ਨੂੰ ਫਿਰ[C] ਭੁਖ ਲਾਗੀ ਤਾਂ ਆਖਿਓਸੁ 'ਕੁਛੁ ਖਾਵਾਂ'। ਜਾਂ ਮੁਹਿ ਪਾਏ ਤਾਂ ਉਤੈ ਵੇਲੈ ਢਹਿ ਪਇਆ। ਤਦ ਬਾਬੇ ਆਖਿਆ 'ਕਿਆ ਹੋਆ ਵੇ ਮਰਦਾਨਿਆ ?' 'ਜੀਉ ਪਾਤਿਸਾਹ ! ਤੁਧੁ ਆਖਿਆ ਸੀ ਜੋ ਖਾਹਿ ਸੋ ਖਾਹਿ ਵਧਦੇ ਪਲੈ ਬੰਨਿ ਨਾਹੀ, ਮੈਂ ਆਖਿਆ ਕੁਛੁ ਪਲੈ ਭੀ ਬੰਨਿ ਲਈ, ਮਤ ਹਥਿ ਆਵਨਿ ਕਿ ਨਾ ਆਵਨਿ, ਸੋ ਮੈਂ ਮੁਹਿ ਪਾਏ ਸਿਨਿ, ਮੇਰਾ ਏਹੁ ਹਵਾਲੁ ਹੋਇ ਗਇਆ'। ਤਬਿ ਬਾਬੇ ਆਖਿਆ 'ਮਰਦਾਨਿਆ! ਤੁਧੁ ਬੁਰਾ ਕੀਤਾ ਸੀ ਜੋ ਮੁਹਿ ਪਾਏ ਸਨਿ, ਏਹੁ ਬਿਖ ਫਲ ਸਨਿ, ਪਰ ਬਚਨ ਕਰਿਕੈ ਅੰਮ੍ਰਿਤ ਫਲ ਹੋਇ ਸਨਿ'। ਤਬ ਬਾਬੈ ਮਥੈ ਉਪਰਿ ਪੈਰੁ ਰਖਿਆ, ਤਬ ਚੰਗਾ ਭਲਾ ਹੋਆ, ਉਠਿ ਬੈਠਾ। ਤਬਿ ਮਰਦਾਨੈ ਆਖਿਆ 'ਸੁਹਾਣੁ ਤੇਰੀ ਭਗਤਿ ਨੂੰ, ਅਤੈ ਤੇਰੀ ਕਮਾਈ ਨੂੰ, ਅਸੀ ਤਾਂ ਡੂਮਿ ਮੰਗਿ ਪਿਨਿ ਖਾਧਾ ਲੋੜ ਹਾਂ। ਤੂ ਅਤੀਤੁ ਮਹਾਪੁਰਖੁ ਖਾਹਿ ਪੀਵਹਿ ਕਿਛੁ ਨਾਹੀ; ਅਤੈ ਵਸਦੀ ਵੜੈ ਨਾਹੀ, ਹਉਂ ਕਿਉਂ ਕਰਿ ਤੁਧੁ ਨਾਲਿ ਰਹਾਂ ? ਅਸਾਂ ਨੂੰ ਵਿਦਾ ਕਰਿ'। ਤਬਿ ਬਾਬੇ ਆਖਿਆ, 'ਮਰਦਾਨਿਆ ! ਮੇਰੀ ਬਹੁਤੁ ਖੁਸੀ ਹੈ ਤੁਧੁ ਉਪਰਿ ਤੂ ਕਿਉਂ ਵਿਦਾ ਮੰਗਦਾ ਹੈਂ ਮੈਥਾਵਹੁ'। ਤਬਿ ਮਰਦਾਨੇ ਆਖਿਆ, 'ਸੁਹਾਣੁ ਤੇਰੀ ਖੁਸੀ ਨੂੰ ਪਰੁ ਮੇਰੀ ਵਿਦਾ

---

*ਹਾ: ਬਾ: ਨੁ: ਵਿਚ 'ਆਈ ਬਿਨਾਂ' ਦੀ ਥਾਂ ਪਾਠ ਹੈ—'ਇਉਂ'।

†ਹਾ: ਵਾ: ਨੁ: ਵਿਚ ਪਾਠਾਂਤ੍ਰ 'ਹੁਸਿਆਰ' ਹੈ। ‡'ਤਬ ਮਰਦਾਨੇ ਆਖਿਆ ਜੀ ਮੈਨੂੰ ਦੁਖ ਨ ਦੇਇ' ਹਾ:ਵਾ: ਨੁ: ਦਾ ਪਾਠ ਹੈ। [A]ਆਖੈ 'ਦੀ ਥਾਂ ਹਾ: ਬਾ: ਨੁ: ਵਿਚ 'ਜਾਣੈ' ਪਾਠ ਹੈ। [B]'ਜਾਂਦੇ ਜਾਂਦੇ' ਪਾਠ ਹਾ: ਵਾ: ਨੁ: ਦਾ ਹੈ।

[C]ਹਾ ਬਾ: ਨੁ: ਦਾ 'ਫਿਰੁ' ਪਾਠ ਹੈ।

ਕਰਿ, ਹਉ ਆਪਣੇ ਘਰਿ ਜਾਵਾਂ'। ਤਬ ਬਾਬੇ ਆਖਿਆ, 'ਮਰਦਾਨਿਆਂ! ਕਿਵੈਂ ਰਹੈਂ ਭੀ ?' ਤਾਂ ਮਰਦਾਨੈ ਆਖਿਆ 'ਹਉ ਤਾਂ ਰਹਾਂ ਜੇ ਮੇਰੀ ਭੁਖ ਗਵਾਵਹਿ, ਜੋ ਤੇਰਾ ਅਹਾਰੁ ਹੋਵੈ, ਸੋ ਮੇਰਾ ਹੋਵੈ, ਸੋ ਮੇਰਾ ਅਹਾਰੁ ਕਰਹਿ* । ਜੋ ਤੂ ਏਹਾ ਕੰਮੁ ਕਰਹਿ ਤਾ ਤੇਰੇ ਨਾਲਿ ਰਹਾਂ। ਜਾਂ ਏਹੁ† ਬਚਨੁ ਕਰਹਿ, ਜੋ ਮੇਰੇ ਕਰਮ ਭੀ ਨਾ ਬੀਚਾਰਹਿ ਤਾਂ ਹਉ ਤੇਰੈ ਨਾਲੇ ਰਹਾਂ, ਜੇ ਇਹੁ ਤੂ ਕੰਮੁ ਕਰੇ ਨਾਹੀਂ ਤਾਂ ਮੈਨੂੰ ਵਿਦਾ ਕਰਿ'। ਤਬਿ ਗੁਰੂ ਬਾਬੇ ਆਖਿਆ 'ਜਾਹਿ ਵੈ ਮਰਦਾਨਿਆਂ! ਤੂ ਦੀਨ ਦੁਨੀਆ ਨਿਹਾਲੁ ਹੋਆ'। ਤਬਿ ਮਰਦਾਨਾ ਉਭਰਿ ਪੈਰੀਂ ਪਇਆ, ਗੁਰੂ ਬਾਬੈ ਇਤਨੀਆਂ ਵਸਤੂ ਦਿਤੀਆਂ, ਮੱਥਾ ਚੁਕਦਿਆਂ‡ ਨਾਲਿ ਅਗਮ ਨਿਗਮ ਕੀ ਸੋਝੀ ਹੋਇ ਆਈ, ਤਾਂ ਮਰਦਾਨਾ ਬਾਬੈ ਨਾਲਿ ਲਗਾ ਫਿਰਣਿ। ਤਬ ਉਦਾਸੀ ਕਰਕੇ ਘਰ ਆਇ[A]।

## ੩੧. ਮਾਤਾ ਪਿਤਾ ਜੀ ਨਾਲ ਮੇਲ.

ਜਬਿ ਉਦਾਸੀ ਕਰਿਕੇ ਆਏ ਬਾਰਹੀ ਬਰਸੀਂ ਤਬਿ ਆਇ ਕਰਿ ਤਿਲਵੰਡੀ ਤੇ ਕੋਸ ਦੁਇ ਬਾਹਰਿ ਆਇ ਬੈਠੇ ਉਜਾੜਿ ਵਿਚਿ। ਤਬਿ ਘੜੀ ਇਕੁ ਸਸਤਾਇ ਕਰਿ ਮਰਦਾਨੈ ਅਰਜੁ ਕੀਤੀ ਜੋ 'ਮੈਨੂੰ ਹੁਕਮ ਹੋਵੈ ਤਾਂ ਘਰਿ ਜਾਵਾਂ, ਘਰਿ ਕੀ ਖਬਰਿ ਲੈ ਆਵਾਂ, ਦਿਖਾਂ ਅਸਾਡੇ ਆਦਮੀ ਕਿਉਂ ਕਰਿ ਹੈਨਿ, ਕੋਈ ਰਹਿਆ ਹੈ ਕਿ ਕੋਈ ਨਾਹੀਂ ਰਹਿਆ'। ਤਬਿ ਬਾਬਾ ਹਸਿਆ, ਹਸਿ ਕਰਿ ਕਹਿਆ'ਮਰਦਾਨਿਆਂ!ਤੇਰੇ ਆਦਮੀ ਮਰੇਂਗੇ ਤੂ ਸੰਸਾਰੁ ਕਿਉਂਕਰਿ ਰਖਹਿਗਾ[B]? ਪਰੁ ਤੇਰੇ ਆਤਮੈ ਆਵਦੀ ਹੈ ਤਾਂ ਤੂ ਜਾਹਿ, ਮਿਲਿਆਉ, ਪਰੁ ਤੁਰਤੁ ਆਈਂ ਅਤੇ ਕਾਲੂ[C] ਦੇ ਘਰਿ ਭੀ[D] ਜਾਵੈ, ਅਸਾਡਾ ਨਾਉਂ ਲਈਂ ਨਾਹੀ'। ਤਬਿ ਮਰਦਾਨਾ ਪੈਰੀਂ ਪੈਇ ਕਰਿ ਗਇਆ। ਤਲਵੰਡੀ ਆਇਆ, ਜਾਇ ਘਰਿ ਵੜਿਆ, ਤਬਿ ਲੋਕੁ ਬਹੁਤੁ ਜੁੜਿ ਗਏ, ਸਭ ਕੋਈ ਆਇ ਪੈਰੀ ਪਵੈ, ਅਤੈ ਸਭ ਲੋਕ ਆਖਿਨਿ

---

*'ਸੋ ਮੇਰਾ ਅਹਾਰ ਕਰਹਿ' ਹਾ: ਬਾ: ਨੁ: ਵਿਚ ਹੈ ਨਹੀਂ। †'ਜਾਂ ਏਹ' ਦੀ ਥਾਂ ਹਾ: ਬਾ: ਨੁ: ਵਿਚ ਪਾਠ 'ਜੋ ਇਹ ਭੀ' ਹੈ। ‡ਹਾ: ਨੁ: ਵਿਚ ਪਾਠ ਹੈ 'ਟੇਕਦਿਆਂ'। [A]'ਤਬ...ਆਏ' ਹਾ:ਬਾ: ਨੁਸਖੇ ਦਾ ਪਾਠ ਹੈ। [B]ਹਾ:ਬਾ:ਨੁ: ਵਿਚ ਪਾਠ ਹੈ 'ਤਾਂ ਅਸੀਂ ਸੰਸਾਰ ਕਿਉਂ ਕਰ ਰਖੇਂਗੇ'। [C]ਏਥੇ 'ਕਾਲੂ' ਨਿਰਾ ਕਹਿਣਾ, ਸਤਿਕਾਰ ਦੀ ਕਮੀ ਜਾਪਦੀ ਹੈ, ਪਰ ਇਹ ਉਕਾਈ ਲੇਖਕ ਦੀ ਹੈ; ਕਿਉਂਕਿ ਜਦ ਏਸੇ ਥਾਂ ਬੈਠਿਆਂ ਨੂੰ ਬਾਬਾ ਕਾਲੂ ਗੁਰੂ ਜੀ ਨੂੰ ਆ ਮਿਲਿਆ ਤਾਂ ਗੁਰੂ ਜੀ ਨੇ ਉਠ ਕੇ ਆਪਣੇ ਪਿਤਾ ਨੂੰ ਮੱਥਾ ਟੇਕਿਆ ਇਸੇ ਸਾਖੀ ਵਿਚ ਲਿਖਿਆ ਹੈ। ਸੋ ਜੋ ਕਰਨੀ ਵਿਚ ਐਨਾਂ ਸਤਿਕਾਰ ਪਿਤਾ ਦਾ ਕਰਦੇ ਸਨ, ਉਹ ਕਹਿਣੀ ਵਿਚ ਕਦ ਕਸਰ ਰਖ ਸਕਦੇ ਸਨ। [D]ਹਾਫ਼ਜ਼ਾਬਾਦੀ ਨੁਸਖੇ ਵਿਚ 'ਭੀ' ਹੈ ਨਹੀਂ ਤੇ 'ਪਰ' ਵਾਧੂ ਹੈ। ਐਤੁੰ ਹੈ ਪਾਠ : 'ਘਰ ਜਾਵੈ ਪਰ ਅਸਾਡਾ ਨਾਉਂ ਲਈਂ ਨਾਹੀਂ' ਜਿਸ ਦਾ ਅਰਥ ਇਹ ਹੈ ਕਿ ਜੇ ਤੂੰ ਕਾਲੂ ਦੇ ਘਰ ਜਾਵੇਂ ਤਾਂ......।

'ਜੋ ਮਰਦਾਨਾ ਡੂਮ ਹੈ*, ਪਰੁ ਨਾਨਕ ਕਾ ਸਾਇਆ ਹੈ, ਏਹੁ ਓਹੁ ਨਾਹੀਂ, ਸੰਸਾਰ ਤੇ ਵਧਿ ਹੋਆ ਹੈ'। ਜੋ ਆਵਦਾ ਹੈ ਸੋ ਆਇ ਪੈਰੀਂ ਪਵਦਾ ਹੈ। ਤਬ ਮਰਦਾਨੈ ਘਰੁ ਬਾਰੁ ਦੇਖਿ ਕਰਿ ਕਾਲੂ ਦੇ ਵੇੜੇ ਵਿਚਿ ਗਇਆ, ਜਾਇ ਬੈਠਾ, ਤਬ ਬਾਬੇ ਦੀ ਮਾਤਾ ਉਭਰਿ ਗਲੇ ਨੂੰ ਚਮੜੀ। ਲਗੀ ਬੈਰਾਗੁ ਕਰਣਿ। ਬੈਰਾਗ ਕਰਿਕੈ ਆਖਿਓਸੁ 'ਮਰਦਾਨਿਆਂ! ਕਿਥਾਊ ਨਾਨਕ ਦੀ ਖਬਰਿ ਦੇਹ†'। ਤਬ ਸਾਰੇ ਵੇੜੇ ਦੇ ਲੋਕ ਜੋੜਿ ਗਏ‡। ਸਭ ਲੋਕ ਪੁਛਣਿ ਲਾਗੈ। ਤਾਂ ਮਰਦਾਨੇ ਆਖਿਆ 'ਭਾਈ ਵੇ! ਜਾਂ ਬਾਬਾ ਸੁਲੰਤਾਨਿਪੁਰਿ ਆਹਾ ਤਾਂ ਡੂਮੁ[A] ਨਾਲੇ ਆਹਾ ਫਿਰਿ ਮੈਨੂੰ ਪਿਛਲੀ ਖਬਰਿ ਨਾਹੀਂ[B]'। ਤਬ ਘੜੀ ਇਕੁ ਬੈਠਿ ਕਰਿ ਮਰਦਾਨਾ ਉਠਿ ਚਲਿਆ, ਤਬਿ ਬਾਬੇ ਦੀ ਮਾਤਾ ਆਖਿਆ 'ਭਾਈ ਵੇ! ਏਹੁ ਜੋ ਤੁਰਤੁ ਵੇੜੇ ਵਿਚਹੁੰ ਜੋ ਗਇਆ, ਸੋ ਖਾਲੀ ਨਾਹੀਂ'। ਤਾਂ ਮਾਤਾ ਉਠਿ ਖੜੀ ਹੋਈ, ਕੁਛ ਕਪੜੇ, ਕੁਛ ਮਿਠਿਆਈ. ਲੇਕਰਿ ਪਿਛਹੁ ਆਇ[C] ਮਰਦਾਨੇ ਨੂੰ ਆਇ[C] ਮਿਲੀ। ਤਾਂ ਆਖਿਓਸੁ 'ਮਰਦਾਨਿਆਂ! ਮੈਨੂੰ ਨਾਨਕੁ ਮਿਲਾਇ'। ਤਾਂ ਮਰਦਾਨਾ ਚੁਪ ਕਰਿ ਰਹਿਆ। ਓਥਹੁੰ ਚਲੇ, ਆਂਵਦੇ ਆਂਵਦੇ ਜਾਂ ਕੋਹਾਂ ਦੁਹੁ ਉਪਰਿ ਆਏ ਤਾਂ ਬਾਬਾ ਬੈਠਾ ਹੈ, ਤਬ ਬਾਬੇ ਡਿਠਾ ਜੋ ਮਾਤਾ ਤੇ ਮਰਦਾਨਾ ਆਏ, ਤਬ ਬਾਬਾ ਆਇ ਕਰਿ ਪੈਰੀ ਪਇਆ, ਤਾਂ ਮਾਤਾ ਲਗੀ ਬੈਰਾਗੁ ਕਰਣਿ, ਸਿਰਿ ਚੁਮਿਓਸੁ। ਆਖਿਓਸੁ, ਹਉ ਵਾਰੀ ਬੇਟਾ, ਹਉ ਤੁਧੁ ਵਿਟਹੁ ਵਾਰੀ, ਤੇਤੇ ਨਾਉ ਵਿਟਹੁ ਵਾਰੀ, ਤੇਰੇ ਦਰਸਨ ਵਿਟਹੁ ਵਾਰੀ, ਜਿਥੈ ਤੂ ਫਿਰਦਾ ਹੈ ਤਿਸ ਥਾਉਂ ਵਿਟਹੁ ਹਉ ਵਾਰੀ, ਤੁਧੁ ਨਿਹਾਲੁ ਕੀਤੀ, ਮੈਨੂੰ ਆਪਣਾ ਮੁਹੁ ਵਿਖਾਲਿਓ'। ਤਬ ਬਾਬਾ ਮਾਤਾ ਕਾ ਹੇਤੁ ਦੇਖਿ ਕਰਿ ਗੁਦੁਗੁਦੁ[D] ਹੋਇ ਗਇਆ। ਲਗਾ ਬੈਰਾਗੁ ਕਰਣਿ ਬੈਰਾਗ ਕਰਿਕੈ ਹਸਿਆ, ਤਾਂ ਬਾਬੇ ਆਖਿਆ, 'ਮਰਦਾਨਿਆਂ! ਰਬਾਬੁ ਵਜਾਇ' ਤਾਂ ਮਰਦਾਨੇ ਰਬਾਬੁ ਵਜਾਇਆ, ਬਾਬੇ ਸਬਦੁ ਕੀਤਾ :–

ਰਾਗੁ ਵਡਹੰਸੁ ਮਹਲਾ ੧ ਘਰੁ ੧ ॥

ਅਮਲੀ ਅਮਲੁ ਨ ਅੰਬੜੈ ਮਛੀ ਨੀਰੁ ਨ ਹੋਇ ॥ ਜੋ ਰਤੇ ਸਹਿ ਆਪਣੈ

---

*ਹਾ: ਬਾ: ਨੁ: ਵਿਚ ਹੈ 'ਆਇਆ ਹੈ'। †ਪਾਠਾਂਤ੍ਰ ਹੈ 'ਦੇ ਹੈ'।

‡ਹਾ: ਬਾ: ਨੁਸਖੇ ਵਿਚ ਪਾਠ ਹੈ 'ਜੁੜ ਗਏ'। [A]ਹਾ: ਬਾ: ਵਾਲੇ ਨੁਸਖੇ ਵਿਚ 'ਡੂਮ' ਦੀ ਥਾਂ ਪਾਠ 'ਮੈਂ' ਹੈ। [B]ਦੋ ਚਾਰ ਸਤਰਾਂ ਅਗੇ ਚਲ ਕੇ ਮਾਤਾ ਮਰਦਾਨੇ ਨੂੰ ਫੇਰ ਪੁਛਦੀ ਹੈ ਕਿ ਮੈਨੂੰ ਨਾਨਕ ਮਿਲਾਇ, ਤਾਂ ਮਰਦਾਨਾ ਜਵਾਬ ਨਹੀਂ ਦੇਂਦਾ ਚੁਪ ਕਰ ਰਹਿੰਦਾ ਹੈ, ਉਸ ਤੋਂ ਪਤਾ ਲਗਦਾ ਹੈ ਕਿ ਮਰਦਾਨਾ ਇਸ ਵੇਲੇ ਵੀ ਚੁਪ ਹੀ ਰਿਹਾ ਹੈ, ਉਸ ਨੇ ਟਾਲਵਾਂ ਜਵਾਬ ਨਹੀਂ ਦਿਤਾ। ਇਹ ਚਤੁਰਤਾ ਕਿਸੇ ਉਤਾਰੇ ਕਰਨ ਵਾਲੇ ਦੀ ਹੈ, ਅਸਲ ਕਰਤਾ ਦੀ ਪੋਥੀ ਵਿਚ ਨਹੀਂ ਹੋਣੀ। ਹਾ: ਬਾ: ਵਾ: ਨੁਸਖੇ ਵਿਚ 'ਆਇ' ਪਾਠ ਦੋਹੀਂ ਥਾਈਂ ਨਹੀਂ ਹੈ।

[D]ਭਾਵ 'ਗਦ ਗਦ'।

ਤਿ ਨ ਭਾਵੈ ਸਭੁ ਕੋਇ॥ ੧ ॥ ਹਉ ਵਾਰੀ ਵੰਞਾ ਘੁੰਨੀਐ ਵੰਞਾ ਤਉ ਸਾਹਿਬ ਕੇ ਨਾਵੈ ॥੧॥ ਰਹਾਉ॥ ਸਾਹਿਬੁ ਸਫਲਿਓ ਰੁਖੜਾ ਅੰਮ੍ਰਿਤੁ ਜਾਕਾ ਨਾਉ॥ ਜਿਨ ਪੀਆ ਤੇ ਤ੍ਰਿਪਤ ਭਏ ਹਉ ਤਿਨ ਬਲਿਹਾਰੈ ਜਾਉ॥੨॥ ਮੈਕੀ ਨਦਰਿ ਨ ਆਵਹੀ ਵਸਹਿ ਹਭੀਆਂ ਨਾਲਿ ॥ ਤਿਖਾ ਤਿਹਾਇਆ ਕਿਉ ਲਹੈ ਜਾ ਸਰ ਭੀਤਰਿ ਪਾਲਿ ॥ ਨਾਨਕੁ ਤੇਰਾ ਬਾਣੀਆ ਤੂ ਸਾਹਿਬੁ ਮੈ ਰਾਸਿ ॥ ਮਨਤੇ ਧੋਖਾ ਤਾ ਲਹੈ ਜਾ ਸਿਫਤਿ ਕਰੀ ਅਰਦਾਸਿ ॥ ੪ ॥ ੧ ॥

ਤਬ ਫਿਰਿ ਮਾਤਾ ਕਪੜੇ ਮਿਠਿਆਈ ਆਗੇ ਰਾਖੀ । ਤਬਿ ਮਾਤਾ ਆਖਿਆ 'ਬਚਾ ! ਤੂ ਖਾਹਿ' । ਤਾਂ ਬਾਬੇ ਆਖਿਆ, 'ਮਾਤਾ ! ਹਉ ਰਜਿਆ ਹਾਂ'। ਤਾਂ ਮਾਤਾ ਆਖਿਆ, 'ਬੇਟਾ ! ਤੂੰ ਕਿਤੁ ਖਾਧੈ ਰਜਿਆ ਹੈਂ ?' ਤਬ ਸ੍ਰੀ ਗੁਰੂ ਬਾਬੇ ਆਖਿਆ, 'ਮਰਦਾਨਿਆਂ ! ਰਬਾਬੁ ਵਜਾਇ' । ਤਾਂ ਮਰਦਾਨੇ ਰਬਾਬੁ ਵਜਾਇਆ, ਬਾਬੇ ਸਬਦੁ ਕੀਤਾ ਰਾਗੁ ਸਿਰੀ ਰਾਗੁ ਵਿਚਿ ਮਃ ੧ ॥–

ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ ॥ ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ ॥ ਛਤੀਹ ਅੰਮ੍ਰਿਤ ਭਾਉ ਏਕੁ ਜਾਕਉ ਨਦਰਿ ਕਰੇਇ ॥ ੧ ॥ ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥ ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ ੧ ॥ ਰਹਾਉ ॥

ਤਬ ਫਿਰਿ ਮਾਤਾ ਕਹਿਆ, 'ਇਹੁ ਖਿਲਕਾ* ਗਲਹੁੰ ਉਤਾਰਿ, ਨਵੈ ਕਪੜੇ ਪਹਿਰੁ' । ਤਬਿ ਬਾਬੇ ਪਉੜੀ ਦੂਜੀ ਆਖੀ :–

ਰਤਾ ਪੈਨਣ ਮਨੁ ਰਤਾ ਸੁਪੇਦੀ ਸਤੁ ਦਾਨੁ॥ ਨੀਲੀ ਸਿਅ ਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ ॥ ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ ॥ ੨ ॥ ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥ ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ ੧ ॥ ਰਹਾਉ ॥

ਤਬਿ ਬਾਬੇ ਕਾਲੂ ਨੂੰ ਖਬਰਿ ਹੋਈ । ਤਾਂ ਕਾਲੂ ਘੋੜੈ ਚੜਿ ਕਰਿ ਆਇਆ। ਜਾਂ ਆਇਆ, ਤਾਂ ਬਾਬਾ ਜੀ ਆਇ ਪੈਰੀ ਪਇਆ; ਨਮਸਕਾਰੁ ਕੀਤੋਸੁ । ਪਰਦੱਖਣਾ ਦੇਕਰ ਬੈਠ ਗਏ† । ਤਬ ਕਾਲੂ ਲਾਗਾ ਬੈਰਾਗੁ ਕਰਣਿ । ਤਬ ਕਾਲੂ ਕਹਿਆ, 'ਨਾਨਕ ! ਤੂ ਘੋੜੈ ਚੜਿ ਕੈ ਘਰਿ ਚਲੁ' । ਤਬ ਗੁਰੂ ਨਾਨਕ ਕਹਿਆ, 'ਪਿਤਾ ਜੀ ! ਘੋੜੇ ਮੇਰੈ ਕੰਮਿ ਨਾਹੀਂ ਆਂਵਦੇ' । ਤਬ ਗੁਰੂ ਪਉੜੀ ਤੀਜੀ ਆਖੀ–

ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ ॥ ਤਰਕਸ ਤੀਰ ਕਮਾਣ ਸਾਂਗ ਤੇਗ ਬੰਦ ਗੁਣ ਧਾਤੁ॥ ਵਾਜਾ ਨੇਜਾ ਪਤਿਸਿਉ ਪਰਗਟੁ ਕਰਮੁ ਤੇਰਾ ਮੇਰੀ ਜਾਤਿ ॥ ੩ ॥ ਬਾਬਾ ਹੋਰੁ ਚੜਨਾ ਖੁਸੀ ਖੁਆਰੁ ॥ ਜਿਤੁ ਚੜਿਐ

---

*ਜਿਸ ਨੂੰ ਅਜ ਕਲ 'ਖਿਲਤਾ' ਕਹਿੰਦੇ ਹਨ, ਇਕ ਪ੍ਰਕਾਰ ਦੀ ਲੰਮੀ ਕਫਨੀ ।

†'ਪਰਦੱਖਣਾ ਦੇਕਰ ਬੈਠ ਗਏ' ਇਹ ਪਾਠ ਹਾ:ਵਾ: ਨੁਸਖੇ ਦਾ ਹੈ ।

ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ ੧ ॥ ਰਹਾਉ ॥

ਤਬ ਫਿਰਿ ਕਾਲੂ ਕਹਿਆ, 'ਬਚਾ ! ਤੂ ਇਕ ਵਾਰੀ ਘਰਿ ਚਾਲੁ, ਨਵੇਂ ਘਰਿ ਉਸਰੇ ਹੈਨਿ, ਤੂੰ ਵੇਖੁ ਚਿਰ ਪਿਛੋਂ ਆਇਆ ਹੈਂ, ਤੇਰਾ ਪਰਵਾਰ ਹੈ, ਤੂ ਮਿਲੁ ਬਹੁ, ਅਤੈ ਜੇ ਤੁਧੁ ਭਾਵਸੀ ਤਾ ਫੇਰਿ ਜਾਵੈਂ' । ਤਬ ਫਿਰਿ ਬਾਬੇ ਚਉਥੀ ਪਉੜੀ ਆਖੀ :–

ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰਾ ਪਰਵਾਰੁ ॥ ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ ॥ ਨਾਨਕ ਸਚਾ ਪਾਤਿਸਾਹੁ ਪੂਛਿ ਨ ਕਰੇ ਬੀਚਾਰੁ ॥ ੪ ॥ ਬਾਬਾ ਹੋਰੁ ਸਉਣਾ ਖੁਸੀ ਖੁਆਰੁ ॥ ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ ੧ ॥ ਰਹਾਉ ॥ ੪ ॥ ੭ ॥

ਤਬਿ ਫਿਰਿ ਕਾਲੂ ਆਖਿਆ 'ਬਚਾ ! ਤੇਰਾ ਜੀਉ ਕਿਤੁ ਗਲੈ ਖਟਾ ਹੋਆ ਹੈ, ਤੂ ਮੈਨੂੰ ਦਸਿ, ਜੋ ਆਖਹਿ ਤਾਂ ਹੋਰੁ ਵੀਵਾਹੁ ਕਰੀ, ਭਲੀ ਜੰਞ ਚਾੜੀ,ਅਡੰਬਰ ਨਾਲਿ ਵੀਵਾਹੁ ਕਰਾਈ*' । ਤਬ ਬਾਬਾ ਬੋਲਿਆ ਸਬਦੁ ਰਾਗੁ ਸੂਹੀ ਵਿਚਿ ਛੰਤੁ ਮਃ ੧ ॥ :–

ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ ॥ ਦਾਨਿ ਤੇਰੈ ਘਟਿ ਚਾਨਣਾ ਤਨਿ ਚੰਦੁ ਦੀਪਾਇਆ ॥ ਚੰਦੋ ਦੀਪਾਇਆ ਦਾਨਿ ਹਰਿਕੈ ਦੁਖੁ ਅੰਧੇਰਾ ਉਠਿ ਗਇਆ ॥ ਗੁਣ ਜੰਞ ਲਾੜੇ ਨਾਲਿ ਸੋਹੈ ਪਰਖਿ ਮੋਹਣੀਐ ਲਇਆ ॥ ਵੀਵਾਹੁ ਹੋਆ ਸੋਭ ਸੇਤੀ ਪੰਚ ਸਬਦੀ ਆਇਆ॥ ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ ॥ ੧ ॥ ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾਂ ॥ ਇਹੁ ਤਨੁ ਜਿਨ ਸਿਉ ਗਾਡਿਆ ਮਨੁ ਲੀਅੜਾ ਦਿਤਾ ॥ ਲੀਆ ਤ ਦੀਆ ਮਾਨੁ ਜਿਨ੍ ਸਿਉ ਸੇ ਸਜਨ ਕਿਉ ਵੀਸਰਹਿ ॥ ਜਿਨ ਦਿਸਿ ਆਇਆ ਹੋਹਿ ਰਲੀਆ ਜੀਅ ਸੇਤੀ ਗਹਿ ਰਹਹਿ ॥ ਸਗਲ ਗੁਣ ਅਵਗਣੁ ਨ ਕੋਈ ਹੋਹਿ ਨੀਤਾ ਨੀਤਾ ॥ ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾਂ† ॥ ੨ ॥ ਗੁਣਾ ਕਾ ਹੋਵੈ ਵਾਸੁਲਾ

---

*'ਭਲੀ ਜੰਞ ਚਾੜੀ, ਅਡੰਬਰ ਨਾਲਿ ਵੀਵਾਹੁ ਕਰਾਈ' ਏਹ ਪਾਠ ਹਾ:ਬਾ: ਨੁਸਖੇ ਵਿਚ ਨਹੀਂ ਹੈ।

†ਵਲੈਤ ਵਾਲੇ ਨੁਸਖੇ ਵਿਚ ਏਥੇ ਇਕ ਹੋਰ ਸਲੋਕ ਹੈ ਜੋ ਸੂਹੀ ਦੀ ਵਾਰ ਵਿਚ ਮ: ੩ ਦਾ ਹੈ।ਜਿਸ ਦਾ ਸੁਧ ਪਾਠ ਇਹ ਹੈ:–'ਸੂਹਵੀਏ ਨਿਮਾਣੀਏ ਸੋ ਸਹੁ ਸਦਾ ਸਮਾਲਿ ॥ ਨਾਨਕ ਜਨਮੁ ਸਵਾਰਹਿ ਆਪਣਾ ਕੁਲੁ ਭੀ ਛੁਟੀ ਨਾਲਿ' ॥ ਪਰ ਹਾ: ਬਾ: ਵਾਲੇ ਨੁਸਖੇ ਵਿਚ ਇਹ ਸਲੋਕ ਏਥੇ ਨਹੀਂ ਦਿਤਾ, ਇਸ ਕਰਕੇ ਅਸਾਂ ਬੀ ਨਹੀਂ ਦਿਤਾ, ਕਿਉਂਕਿ ਇਹ ਵਲੈਤ ਵਾਲੇ ਨੁਸਖੇ ਦੇ ਲਿਖਾਰੀ ਦੀ ਇਕ ਸਪਸ਼ਟ ਭੁੱਲ ਹੈ।

ਕਢਿ ਵਾਸੁ ਲਈਜੈ॥ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ॥ ਸਾਝ
ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥ਪਹਿਰੇ ਪਟੰਬਰ ਕਰਿ ਅਡੰ-
ਬਰ ਆਪਣਾ ਪਿੜੁ ਮਲੀਐ ॥ ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ
ਅੰਮ੍ਰਿਤੁ ਪੀਜੈ ॥ ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥੩॥ ਆਪਿ
ਕਰੇ ਕਿਸੁ ਆਖੀਐ ਹੋਰੁ ਕਰੇ ਨ ਕੋਈ॥ਆਖਣ ਤਾ ਕਉ ਜਾਈਐ ਜੇ ਭੂਲੜਾ
ਹੋਈ॥ਜੇ ਹੋਇ ਭੂਲਾ ਜਾਇ ਕਹੀਐ ਆਪਿ ਕਰਤਾ ਕਿਉ ਭੁਲੈ॥ਸੁਣੇ ਦੇਖੇ ਬਾਝੁ
ਕਹਿਐ ਦਾਨੁ ਅਣਮੰਗਿਆ ਦਿਵੈ॥ਦਾਨੁ ਦੇਇ ਦਾਤਾ ਜਗਿ ਬਿਧਾਤਾ ਨਾਨਕਾ
ਸਚੁ ਸੋਈ ॥ ਆਪਿ ਕਰੇ ਕਿਸੁ ਆਖੀਐ ਹੋਰੁ ਕਰੇ ਨ ਕੋਈ ॥੪॥੧॥੪॥

ਤਬ ਬਾਬੈ ਆਖਿਆ 'ਪਿਤਾ ਜੀ ! ਮਾਤਾ ਜੀ ! ਓਹੁ ਬਿਧਾਤਾ ਪੁਰਖੁ ਹੈ, ਓਹੁ ਭੁਲਣੈ ਵਿਚਿ ਨਾਹੀਂ । ਜੋ ਓਸਿ ਸੰਜੋਗ ਕੀਤਾ ਹੈ, ਸੋ ਭਲਾ ਕੀਤਾ ਹੈ'। ਤਾਂ ਮਾਤਾ ਆਖਿਆ, 'ਬੱਚਾ ! ਤੂ ਉਠਿ ਚਾਲੁ, ਅਵਾਈਆ ਛੋਡੁ, ਫਿਰਿ ਕਿਆ ਸੰਜੋਗ ਬਣੈਗਾ, ਜਿਤੁ ਫਿਰਿ ਮਿਲਹਿਗਾ'। ਤਾਂ ਬਾਬੇ ਸਬਦੁ ਕੀਤਾ ਰਾਗ ਮਾਰੂ ਮਃ ੧॥ਸਬਦ॥

ਪਿਛਹੁ ਰਾਤੀ ਸਦੜਾ ਨਾਮੁ ਖਸਮ ਕਾ ਲੇਹਿ ॥ ਖੇਮੇ ਛਤ੍ਰ ਸਰਾਇਚੇ
ਦਿਸਨਿ ਰਥ ਪੀੜੇ॥ਜਿਨੀ ਤੇਰਾ ਨਾਮੁ ਧਿਆਇਆ ਤਿਨ ਕਉ ਸਦਿ ਮਿਲੇ
॥ ੧ ॥ ਬਾਬਾ ਮੈ ਕਰਮਹੀਣ ਕੂੜਿਆਰ ॥ ਨਾਮੁ ਨ ਪਾਇਆ ਤੇਰਾ ਅੰਧਾ
ਭਰਮਿ ਭੂਲਾ ਮਨੁ ਮੇਰਾ ॥ ੧ ॥ ਰਹਾਉ ॥ ਸਾਦ ਕੀਤੇ ਦੁਖ ਪਰਫੁੜੇ ਪੂਰਬਿ
ਲਿਖੇ ਮਾਇ ॥ ਸੁਖ ਥੋੜੇ ਦੁਖ ਅਗਲੇ ਦੂਖੇ ਦੂਖਿ ਵਿਹਾਇ ॥ ੨ ॥ ਵਿਛੁ-
ੜਿਆ ਕਾ ਕਿਆ ਵੀਛੁੜੈ ਮਿਲਿਆ ਕਾ ਕਿਆ ਮੇਲੁ॥ਸਾਹਿਬੁ ਸੋ ਸਾਲਾਹੀਐ
ਜਿਨਿ ਕਰਿ ਦੇਖਿਆ ਖੇਲੁ ॥ ੩ ॥ ਸੰਜੋਗੀ ਮੇਲਾਵੜਾ ਇਨਿ ਤਨਿ ਕੀਤੇ
ਭੋਗ ॥ ਵਿਜੋਗੀ ਮਿਲਿ ਵਿਛੁੜੇ ਨਾਨਕ ਭੀ ਸੰਜੋਗ ॥ ੪ ॥ ੧ ॥

ਤਬ ਬਾਬੇ ਆਖਿਆ; 'ਬਾਬਾ ਜੀ ! ਮਾਤਾ ਜੀ ! ਅਸੀਂ ਜੋ ਆਏ ਹਾਂ, ਜੋ ਕਹਿਆ* ਥਾ ਆਵਹਿੰਗੇ, ਪਰੁ ਤੁਸੀ ਹੁਣਿ ਆਗਿਆ ਮੰਨਿ ਲੈਹੁ। ਅਸੀਂ ਅਜੇ† ਉਦਾਸ ਹਾਂ'। ਤਬ ਮਾਤਾ ਕਹਿਆ, 'ਬੇਟਾ! ਮੇਤੇ ਮਨਿ ਸੰਤੋਖੁ ਕਿਉ ਕਰਿ ਹੋਵੈਗਾ; ਜੋ ਤੂ ਬਹੁਤੀ ਵਰੀ‡ ਉਦਾਸੀ ਕਰਿਕੈ ਆਇਆ ਹੈ'। ਤਬ ਬਾਬੇ ਕਹਿਆ 'ਮਾਤਾ ! ਤੂ ਬਚਨ ਮੰਨੁ, ਤੈਨੂੰ ਸੰਤੋਖੁ ਆਵੈਗਾ'। ਤਾਂ ਮਾਤਾ ਚੁਪ ਕਰਿ ਰਹੀ।

## ੩੨. ਸੇਖ ਬ੍ਰਿਹਮ ਨਾਲ ਗੋਸ਼ਟ.

ਤਬ ਸ੍ਰੀ ਗੁਰੂ ਬਾਬਾ ਉਥਹੁ ਚਲਿਆ। ਰਾਵੀ ਚਨਾਉ ਦੇਖਿ ਕਰਿ ਉਜਾੜਿ

---

*ਕਹਿਆ ਦਾ 'ਆ' ਵਲੈਤ ਵਾਲੇ ਨੁਸਖੇ ਵਿਚ ਨਹੀਂ ਹੈ, ਹਾ: ਬਾ: ਨੁ: ਵਿਚ ਹੈ। ਸੋ ਵਲੈਤ ਵਾਲੀ ਸਾਖੀ ਦੇ ਲੇਖਾਰੀ ਦੀ ਭੁੱਲ ਜਾਪਦੀ ਹੈ।

†'ਅਜੇ' ਪਾਠ ਹਾਫਜ਼ਾਬਾਦੀ ਨੁਸਖੇ ਦਾ ਹੈ।

‡ਹਾ: ਬਾ: ਨੁਸਖੇ ਦਾ ਪਾਠ ਹੈ 'ਬਾਹਰੀ ਵਰੀ'।

ਉਜਾੜਿ ਪੈ ਚਲਿਆ, ਪਟਣ ਦੇਸ ਵਿਚਿ ਆਇ ਨਿਕਲਿਆ। ਪਟਣ ਤੇ ਕੋਸ ਤਿਨਿ ਉਜਾੜਿ ਥੀ, ਓਥੈ ਆਇ ਬੈਠਾ,ਮਰਦਾਨਾ ਨਾਲਿ ਆਹਾ। ਪਟਣ ਕਾ ਪੀਰੁ ਸੇਖ ਫਰੀਦੁ ਥਾ, ਤਿਸਕੈ ਤਖਤਿ ਤੇ* ਸੇਖੁ ਬ੍ਰਿਹਮੁ ਥਾ। ਤਿਸ ਕਾ ਇਕੁ ਮੁਰੀਦੁ ਸੁਬਾ ਕੇ ਵੇਲੇ ਲਕੜੀਆ ਚੁਣਨਿ ਆਇਆ ਥਾ,ਤਿਸਕਾ ਨਾਉਂ ਸੇਖੁ ਕਮਾਲੁ ਥਾ, ਸੋ ਪੀਰਕੇ ਮੁਦਬਰ ਖਾਣੇ ਕੀਆਂ ਲਕੜੀਆਂ ਚੁਣਨਿ ਗਇਆ ਥਾ†। ਦੇਖੈ ਤਾਂ ਅਕੈ ਕੋਲਿ‡ ਬਾਬਾ ਅਤੈ ਮਰਦਾਨਾ ਦੋਵੇਂ ਬੈਠੇ ਹਨਿ। ਤਾਂ ਮਰਦਾਨੈ ਰਬਾਬੁ ਵਜਾਇਆ, ਸਬਦੁ ਗਾਵਣਿ ਲਾਗਾ, ਸਲੋਕੁ ਦਿਤੋਸੁ ਰਾਗੁ ਆਸਾ ਵਿਚ ਗੋਸਟਿ ਸੇਖ ਬ੍ਰਿਹਮ ਬਾਬੇ ਨਾਲਿ ਕੀਤੀ[A] :–

ਸਲੋਕ ॥ ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥ ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥੨॥

ਜਬ ਏਹੁ ਸਲੋਕੁ ਕਮਾਲਿ ਫਕੀਰ ਸੁਣਿਆ[B] ਤਬਿ ਲਕੜੀਆਂ ਛੋਡਿ ਕਰਿ ਆਇ ਗਇਆ, ਅਰਜੁ ਲਖੀਅਸੁ: 'ਜੀਉ ! ਇਸ ਰਬਾਬੀ ਕਉ ਹੁਕਮੁ ਕੀਜੈ ਜੋ ਇਹੁ ਬੈਤੁ ਫਿਰਿ ਆਖੈ'। ਮਰਦਾਨੈ ਨੁ ਹੁਕਮੁ ਹੋਆ ਜੋ 'ਇਹੁ ਸਲੋਕ ਫਿਰਿ ਦੇਹਿ'। ਤਾਂ ਮਰਦਾਨੈ ਸਲੋਕੁ ਫਿਰਿ ਦਿਤਾ। ਕਮਾਲਿ ਸਿਖਿ ਲੈਇਆ[C]। ਜੋ ਕੁਛ ਲਕੜੀਆਂ ਚੁਣੀਆਂ ਥੀਆਂ ਸੋਈ ਘਿਨਿ ਕਰਿ ਸਲਾਮੁ ਕੀਤੋ ਸੁ[D]। ਪਟਣਿ ਆਇਆ, ਲਕੜੀਆਂ ਸੁਟਿ ਕਰਿ ਜਾਇ ਅਪਣੇ ਪੀਰ ਕਉ ਸਲਾਮੁ ਕੀਤੀਅਸੁ ਤਾਂ ਆਖਿਓਸੁ 'ਪੀਰ ਸਲਾਮਤਿ ! ਮੈਨੂੰ ਏਕੁ ਖੁਦਾਇ ਦਾ ਪਿਆਰਾ ਮਿਲਿਆ ਹੈ'। ਤਾਂ ਪੀਰੁ ਕਹਿਆ, 'ਕਮਾਲਿ ! ਕਿਥਹੁੰ ਮਿਲਿਓ ?' ਤਾਂ ਕਮਾਲਿ ਕਹਿਆ, 'ਪੀਰ ਸਲਾਮਤਿ ! ਮੈ ਲਕੜੀਆਂ ਚੁਣਨਿ ਗਇਆ ਥਾ, ਉਸਕੈ ਨਾਲਿ ਇਕੁ ਰਬਾਬੀ ਹੈ, ਅਤੇ ਨਾਉ ਨਾਨਕੁ ਹੈਸੁ, ਆਪਣੇ ਸਲੋਕ ਆਖਦਾ ਹੈ'। ਤਬ ਪੀਰ ਆਖਿਆ, 'ਬਚਾ ! ਕੋਈ ਤੈਂ ਬੀ ਬੈਤੁ ਸਿਖਿਆ ?'। ਤਬ ਕਮਾਲਿ ਆਖਿਆ 'ਜੀਵੈ ਪੀਰ ਸਲਾਮਤਿ ! ਹਿਕੁ ਬੈਤੁ ਮੈਨੋ

---

*'ਤੇ' ਪਾਠ ਹਾ: ਬਾ: ਨੁ: ਦਾ ਹੈ। †'ਸੋ ਪੀਰ·····ਤੋਂ·····ਗਇਆ ਥਾ' ਤਕ ਦੀ ਥਾਂ ਹਾ: ਬਾ: ਵਾਲੇ ਨੁਸਖੇ ਵਿਚ ਐਉਂ ਹੈ:–'ਭਲਾ ਫਕੀਰ ਥਾ, ਖੁਦਾਇ ਕਾ ਖ਼ਬਰਦਾਰ ਥਾ'। ‡ਹਾ: ਬਾ: ਨੁ: ਵਿਚ ਪਾਠ ਹੈ–'ਜੰਗਲ ਵਿਚ'। [A]'ਗੋਸਟ ਸੇਖ ਬ੍ਰਿਹਮ ਬਾਬੇ ਨਾਲ ਕੀਤੀ' ਹਾ: ਬਾ: ਨੁਸਖੇ ਵਿਚ ਹੈ ਨਹੀਂ। [B]ਏਥੇ ਹਾ: ਵਾ: ਨੁਸਖੇ ਵਿਚ ਪਾਠ ਹੈ–'ਸੁਣਿ ਕਰ ਕਮਾਲ ਆਇ ਗਇਆ, ਅਗੇ ਆਵੇ ਤਾਂ ਦੇਖੇ ਤਾਂ ਬਾਬਾ ਅਤੇ ਮਰਦਾਨਾ ਬੈਠੇ ਹੈਨ, ਆਇ ਕਰ ਸਿਰ ਨਿਵਾਇਕੈ ਬਹਿ ਗਇਆ'। ਤੇ 'ਤਬਿ ਲਕੜੀਆਂ ਛੋਡਿ ਕਰਿ ਆਇ ਗਇਆ' ਇਤਨਾ ਪਾਠ ਹੈ ਨਹੀਂ। [C]ਇਸਦਾ ਅਰਥ ਹੈ 'ਉਸ ਨੇ ਕੰਠ ਕਰ ਲੀਤਾ'; ਹਾ:ਬਾ:ਨੁਸਖੇ ਵਿਚ ਪਾਠ ਹੈ 'ਸਿਖ ਲੀਤਾ'। [D]ਮੁਰਾਦ ਹੈ 'ਸਲਾਮ ਕਰ ਕੇ ਟੁਰ ਗਿਆ'।

ਭੀ ਹਾਸਲੁ ਥੀਆ ਹੈ' । ਪੀਰ ਆਖਿਆ, 'ਅਲਾਇ ਡੇਖਾਂ ਕੇਹਾ ਹੈ* ?' ਤਾਂ ਕਮਾਲਿ ਆਖਿਆ, 'ਜੀ ! ਉਹੁ ਆਖਦਾ ਹੈ ਜੋ–

ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥ ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ' ॥ ੨ ॥

ਤਾਂ ਪੀਰ ਆਖਿਆ, 'ਬਚਾ ! ਕਿਛੁ ਸਮਝਿਓ ਕਿ ਨਾ ? ਇਸ ਬੈਤ ਦਾ ਬਿਆਨੁ' । ਤਾਂ ਕਮਾਲਿ ਆਖਿਆ, 'ਪੀਰ ਸਲਾਮਤਿ ! ਤੈਨੋ ਸਭ ਕੁਛ ਰੋਸ਼ਨ ਹੈ' । ਤਾਂ ਪੀਰ ਆਖਿਆ, 'ਬਚਾ ! ਜਿਨ੍ਹਾਂ ਦਾ ਆਖਿਆ ਹੋਆ ਇਹੁ ਬੈਤੁ ਹੈ, ਤਿਸਦਾ ਦੀਦਾਰੁ ਦੇਖਾ ਹੈ, ਓਹੁ ਖੁਦਾਇ ਦਾ ਫਕੀਰੁ ਹੈ । ਮੈਨੂ ਭੀ ਲੈ ਚਲੁ, ਓਸਿ ਤਾਂ ਖੁਦਾਇ ਦੀਆਂ ਗਲਾਂ ਕਰੀਆਂ ਹਨਿ†' । ਤਬਿ ਸੇਖੁ ਬਿਰਾਹਮੁ ਸੁਖਵਾਸਣਿ ਚੜਿ ਚਲਿਆ, ਕਮਾਲੁ ਨਾਲਿ ਲੀਤਾ । ਆਂਵਦਾ ਆਂਵਦਾ ਕੋਹ ਤਿਹੁ ਉਪਰਿ ਆਇਆ । ਜਾ ਦੇਖੈ ਤਾਂ ਬਾਬਾ ਬੈਠਾ ਹੈ । ਤਬ ਸੇਖੁ ਬਿਰਾਹਮੁ ਜਾਇ ਖੜਾ ਹੋਆ । ਆਖਿਓਸੁ, 'ਨਾਨਕ ! ਸਲਾਮਾਅਲੇਕਮ' । ਤਬਿ ਗੁਰੂ ਬਾਬੈ ਨਾਨਕ ਕਹਿਆ, 'ਅਲੇਖਮਅਸਲਾਮ,ਪੀਰ ਜੀ ਸਲਾਮਤਿ ! ਆਈਐ,ਖੁਦਾਇ ਅਸਾਨੂੰ ਮਿਹਰਵਾਨੁ ਹੋਆ, ਤੁਸਾਡਾ ਦੀਦਾਰੁ ਪਾਇਆ' । ਤਬ ਇਨੋ ਉਨੋ‡ ਦਸਤਪੋਸੀ ਕਰਿ ਬਹਿ ਗਏ । ਤਬ ਪੀਰ ਪੁਛਣਾ ਕੀਤੀ, 'ਜੋ ਨਾਨਕ ! ਤੇਰਾ ਇਕੁ ਬੈਤੁ ਸੁਣਿ ਕਰਿ ਹੈਰਾਨੁ ਹੋਆ ਹਾਂ,ਅਸਾਂ ਆਖਿਆ ਜਿਸੁ ਇਹੁ ਬੈਤੁ ਆਖਿਆ ਹੈ ਤਿਸਦਾ ਦੀਦਾਰੁ ਦੇਖਾ ਹੈ[A]' । ਤਬਿ ਬਾਬੇ ਆਖਿਆ, 'ਜੀਉ ਅਸਾਨੂ ਨਿਵਾਜ਼ਸ਼ ਹੋਈ ਹੈ, ਜੋ ਤੁਸਾਡਾ ਦੀਦਾਰੁ ਪਾਇਆ' । ਤਬ ਪੀਰ ਕਹਿਆ,'ਨਾਨਕ! ਇਸ ਬੈਤ ਦਾ ਬੇਆਨੁ ਦੇਹਿ, ਤੂੰ ਜੋ ਆਖਦਾ ਹੈਂ,–ਹਿਕ ਹੈ ਨਾਨਕ ਦੂਜਾ ਕਾਹੈ ਕੂੰ ?– ।

ਪਰੁ ਏਕੁ ਸਾਹਿਬੁ ਤੈ ਦੁਇ ਹਦੀ । ਕੇਹੜਾ ਸੇਵੀ ਤੇ ਕੇਹੜਾ ਰਦੀ ?

ਤੂ ਆਖਦਾ ਹੈ ਹਿਕੋ ਜੋ ਇਕੋ ਹਿਕੁ ਹੈ,ਪਰੁ ਹਿੰਦੂ ਆਖਦੇ ਹਨ, ਜੋ ਆਸਾਂ ਵਿਚਿ ਸਹੀ ਹੈ, ਅਤੈ ਮੁਸਲਮਾਨ ਆਖਦੇ ਹਨਿ ਜੋ ਅਸਾਂ ਹੀ ਵਿਚਿ ਸਹੀ ਹੈ । ਆਖੁ ਵੇਖਾਂ ਕਿਸੁ ਵਿਚਿ ਸ਼ਹੀ ਕਰੇ ਹਾਂ ? ਅਰੁ ਕਿਸੁ ਵਿਚਿ ਅਣਸਹੀ ਕਰੇ ਹਾਂ?' ਤਬ ਬਾਬੇ ਨਾਨਕ ਕਹਿਆ, 'ਜੀ ਹਿਕੋ ਸਾਹਿਬੁ ਹਿਕਾ ਹਦਿ । ਹਿਕੋ ਸੇਵਿ ਤੇ

---

*'ਪੀਰ ਆਖਿਆ...ਤੋਂ...ਕੇਹਾ ਹੈ ?' ਤਕ ਦਾ ਪਾਠ ਹਾ:ਵਾ: ਨੁਸਖੇ ਦਾ ਹੈ, ਇਸ ਦੇ ਅਰਥ ਹਨ:–ਪੜ੍ਹਕੇ ਸੁਣਾਇ, ਦੇਖਾਂ ਜੋ ਕਿਹੋ ਜਿਹਾ ਹੈ ।

†'ਕਰੀਆਂ ਹਨ' ਦੀ ਥਾਂ 'ਭੀ ਪੁਛਾਂ ਹੇ' ਹਾਫਜ਼ਾਬਾਦ ਨੁਸਖੇ ਦਾ ਪਾਠ ਹੈ ।

‡'ਤਬ ਇਨੋ ਉਨੋ' ਦੀ ਥਾਂ ਪਾਠਾਂਤ੍ਰ 'ਤਬ ਗਲੇ ਮਿਲਕਰ' ਭੀ ਹੈ ।

[A]'ਦੇਖਾ ਹੈ' ਦੀ ਮੁਰਾਦ ਹੈ 'ਦੇਖਾਂ ਹੇ = ਦੇਖੀਏ' । ਇਸਦਾ ਅਰਥ 'ਡਿੱਠਾ ਹੈ' ਨਹੀਂ । ਹਾਫਜ਼ਾਬਾਦੀ ਨੁਸਖੇ ਵਿਚ ਪਾਠ ਬੀ 'ਦਿਖਾਹੇਂ' ਹੈ ।

ਦੂਜਾ ਰਦਿ* ।'

ਸਲੋਕੁ ॥ ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ ॥ ਅਵਰ ਦੂਜਾ ਕਿਉ ਸੇਵੀਐ ਜੰਮੈ ਤੈ ਮਰਿ ਜਾਇ ॥†

ਜਬ ਇਹੁ ਸਲੋਕੁ ਬਾਬੇ ਦਿਤਾ, ਤਬ ਪੀਰੁ ਪੁਛਣਾ ਕੀਤਾ:—

ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ ॥ ਜਿਨੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ ॥ ੧੦੩ ॥

ਤਬ ਫਿਰਿ ਗੁਰੂ ਬਾਬੇ ਜਬਾਬੁ ਦਿਤਾ:—

ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥ ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ‡ ॥ ੧੦੪ ॥

ਘਰ ਹੀ ਮੁੰਧਿ ਵਿਦੇਸਿ ਪਿਰੁ ਨਿਤ ਝੂਰੇ ਸੰਮਾਲੇ ॥ ਮਿਲਦਿਆ ਢਿਲ ਨ ਹੋਵਈ ਜੇ ਨੀਅਤਿ ਰਾਸਿ ਕਰੇ ॥ ੧ ॥

ਜਾ ਏਹੁ ਜਬਾਬੁ ਬਾਬੈ ਦਿਤਾ ਤਾਂ ਪੀਰ ਪੁਛਣਾ ਕੀਤਾ:—

ਸਲੋਕ ॥ ਫਰੀਦਾ ਨੰਢੀ ਕੰਤੁ ਨ ਰਾਵਿਓ ਵਡੀ ਥੀ ਮੁਈਆਸੁ ॥ ਧਨ ਕੂਕੇਂਦੀ ਗੋਰ ਮੇਂ ਤੈ ਸਹ ਨਾ ਮਿਲੀਆਸੁ ॥੫੪॥ [ਸਲੋਕ ਫਰੀਦ]

ਤਬ ਬਾਬੈ ਜਬਾਬੁ ਦਿਤਾ:—

ਸਲੋਕ ॥ ਮਹਲ ਕੁਚਜੀ ਮੜਵੜੀ ਕਾਲੀ ਮਨਹੁ ਕਸੁਧ ॥ ਜੇ ਗੁਣ ਹੋਵਨਿ ਪਿਰੁ ਰਵੈ ਨਾਨਕ ਅਵਗੁਣ ਮੁੰਧ ॥ ੧ ॥ [ਮਾਰੂ ਵਾ: ਸ: ਮ: ੧]

ਤਾਂ ਫਿਰਿ ਪੀਰ ਪੁਛਣਾ ਕੀਤਾ:—

ਸਲੋਕੁ ॥ ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ ॥ ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ ॥ ੧੨੬ ॥

ਤਾਂ ਫਿਰਿ ਬਾਬੇ ਜਬਾਬੁ ਦਿਤਾ:—

ਸਲੋਕੁ ॥ ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥ ਏ ਤ੍ਰੈ ਭੈਣੇ ਵੇਸ ਕਰਿ ਤਾ ਵਸਿ ਆਵੀ ਕੰਤੁ ॥ ੧੨੭ ॥

---

*ਜੁਆਬ ਤਾਂ ਗੁਰੂ ਜੀ ਦੇ ਚੁਕੇ ਹਨ 'ਹਿਕੋ ਸਾਹਿਬ ਹਿਕਾ ਹਦ, ਹਿਕੋ ਸੇਵ ਤੇ ਦੂਜਾ ਰਦ'। ਕਿਸੇ ਉਤਾਰਾ ਕਰਨ ਵਾਲੇ ਨੇ ਯਾ ਕਰਤਾ ਨੇ ਆਪ ਆਪਣੀ ਯਾਦੋਂ ਅਗਲਾ ਸਲੋਕ ਪਾ ਦਿਤਾ ਹੈ ਜੋ ਮ: ੩ ਦਾ ਹੈ।

†ਇਹ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਤੀਸਰੀ ਪਾਤਸ਼ਾਹੀ ਦਾ ਗੂਜਰੀ ਦੀ ਵਾਰ ਵਿਚ ਹੈ। ਲਿਖਾਰੀ ਦੀ ਭੁੱਲ ਹੈ ਏਥੇ ਦੇਣਾ।

‡ਜਾਪਦਾ ਹੈ ਕਿ ਗੁਰੂ ਜੀ ਦਾ ਉਤਰ ਤਾਂ ਅਗਲਾ ਸਲੋਕ 'ਘਰਿ ਹੀ ਮੁੰਧਿ' ਵਾਲਾ ਹੈ ਜੋ ਮਹਲਾ ੧ ਦਾ ਹੈ, ਪਰ ਕਰਤਾ ਜੀ ਨੇ ਯਾ ਕਿਸੇ ਲਿਖਾਰੀ ਨੇ 'ਕਾਇ ਪਟੋਲਾ' ਤੀਸਰੀ ਪਾਤਸ਼ਾਹੀ ਦਾ ਸਲੋਕ ਜ਼ਬਾਨੀ ਯਾਦ ਤੋਂ ਵਾਧੂ ਲਿਖ ਦਿਤਾ ਹੈ।

ਸੇਵਾ ਕਰੈ ਜੁ ਕੰਤੁ ਕੀ ਕੰਤੁ ਤਿਸੀ ਕਾ ਹੋਇ ॥ ਨਾਨਕ ਸਭੇ ਸਹੀਆਂ ਛੋਡਿ
ਕਰਿ ਕੰਤਿ ਤਿਸੀ ਪਹਿ ਹੋਇ* ॥

ਜਾਂ ਬਾਬੇ ਇਹੁ ਜਬਾਬੁ ਦਿਤਾ, ਤਾਂ ਫਿਰਿ ਪੀਰਿ ਆਖਿਆ 'ਨਾਨਕ ! ਮੈਨੂ ਏਕੁ ਕਾਤੀ ਲੋੜੀਦੀ ਹੈ, ਓਹੁ ਕਾਤੀ ਮੈਨੂ ਦੇਹਿ। ਜਿਸ ਦਾ ਕੁਠਾ ਆਦਮੀ ਹਲਾਲੁ ਹੋਵੈ; ਇਹ ਜੋ ਕਾਤੀ ਹੈ, ਤਿਸ ਦੇ ਨਾਲਿ ਜਨਾਵਰੁ ਕੁਸਦੇ ਹੈਂ ਅਤੈ ਆਦਮੀ ਦੇ ਗਲਿ ਵਹੈ ਤਾਂ ਹਲਾਲੁ† ਹੋਵੈ ਮੈਨੂ ਓਹੁ ਕਾਤੀ ਦੇਇ ਜਿਸਦਾ ਕੁਠਾ ਮਾਣੂ ਹਲਾਲੁ ਹੋਵੈ'। ਤਬ ਬਾਬੇ ਜਬਾਬੁ ਦਿਤਾ, 'ਪੀਰ ਜੀ ਲਈਐ:–

ਸਲੋਕੁ ॥ ਸਚ ਕੀ ਕਾਤੀ ਸਚੁ ਸਭੁ ਸਾਰੁ॥ਘਾੜਤ ਤਿਸਕੀ ਅਪਰ ਅਪਾਰ॥
ਸਬਦੇ ਸਾਣ ਰਖਾਈ ਲਾਇ॥ਗੁਣ ਕੀ ਥੇਕੈ ਵਿਚਿ ਸਮਾਇ॥ ਤਿਸਦਾ ਕੁਠਾ
ਹੋਵੈ ਸੇਖੁ ॥ ਲੋਹੂ ਲਬੁ ਨਿਕਥਾ ਵੇਖੁ ॥ ਹੋਇ ਹਲਾਲੁ ਲਗੈ ਹਕਿ ਜਾਇ ॥
ਨਾਨਕ ਦਰਿ ਦੀਦਾਰਿ ਸਮਾਇ ॥ ੨ ॥ [ਰਾਮ:ਵਾ: ਮ: ੧

ਜਾਂ ਇਹੁ ਕਾਤੀ ਬਾਬੈ ਦਿਤੀ ਤਾਂ ਪੀਰ ਸਿਰੁ ਫਿਰਿਆ‡, ਆਖਿਓਸੁ, 'ਵਾਹ ਵਾਹ ਖੁਦਾਇ ਸਹੀ ਕਰਣੈ ਵਾਲਾ ਹੈA, ਖੁਦਾਇ ਕਾ ਪਿਆਰਾ ਹੈ। ਖੁਦਾਇ ਵਡੀ ਨਿਵਾਜਸ ਕੀਤੀ ਹੈ, Bਨਾਨਕਾ ਖੁਦਾਇ ਕੇ ਪਿਆਰਿਆਂ ਕਉ ਪੁਛਣਾ ਸੋ ਗੁਸਤਾਕੀ ਹੈ'। ਤਬ ਬਾਬੇ ਸਲੋਕ ਦਿਤਾ:–

ਰੂਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ॥ਲਬੈ ਮਾਲੈ ਘੁਲਿ ਮਿਲਿ ਮਿਚਲਿ ਊਘੈ
ਸਉੜਿ ਪਲੰਘੁ ॥ ਭੰਉਕੈ ਕੋਪੁ ਖੁਆਰੁ ਹੋਇ ਫਕੜੁ ਪਿਟੇ ਅੰਧੁ ॥ ਚੁਪੈ
ਚੰਗਾ ਨਾਨਕਾ ਵਿਣੁ ਨਾਵੈ ਮੁਹਿ ਗੰਧੁB ॥ [ਮਲਾ: ਵਾ: ਮ: ੧

ਤਾਂ ਫਿਰਿ ਪੀਰਿ ਕਹਿਆ 'ਨਾਨਕ ! ਹਿਕ ਖੁਦਾਇ ਕੀ ਵਾਰ ਸੁਣਾਇ, ਅਸਾਨੂੰ ਏਹ ਮਖਸੂਦੁ ਹੈ; ਜੋ ਵਾਰ ਦੁਹੁ ਬਾਝੂ ਹੋਂਦੀ ਨਾਹੀਂ, ਅਤੇ ਤੂ ਹਿਕੋਹਿਕੁ ਆਖਦਾ ਹੈਂ, ਵੇਖਾਂ ਖੁਦਾਇ ਦਾ ਸਰੀਕੁ ਤੂ ਕਵਣ ਕਰਸੀ?' ਤਬ ਬਾਬੇ ਆਖਿਆ, 'ਮਰਦਾਨਿਆਂ ! ਰਬਾਬੁ ਵਜਾਇ'। ਤਾਂ ਮਰਦਾਨੇ ਰਬਾਬੁ ਵਜਾਇਆ, ਰਾਗੁ ਆਸਾ ਕੀਤਾ, ਬਾਬੇ ਸਲੋਕੁ ਦਿਤਾ, ਸਲੋਕ, ਸਤਿਗੁਰੂ ਪ੍ਰਸਾਦਿ ॥ ਆਸਾ ਕੀ ਵਾਰ ਮਹਲਾ ੧ ॥ ਸਲੋਕੁ;–

ਬਲਿਹਾਰੀ ਗੁਰਆਪਣੇ ਦਿਉਹਾੜੀ ਸਦਵਾਰ॥ਜਿਨਿ ਮਾਣਸ ਤੇ ਦੇਵਤੇਕੀਏ

---

*ਇਹ ਦੋ ਤੁਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਨਹੀਂ ਹਨ। †'ਹਲਾਲ' ਦੀ ਥਾਂ ਹਾ: ਬਾ: ਨੁਸਖੇ ਵਿਚ 'ਮੁਰਦਾਰ' ਪਾਠ ਹੈ। ‡ਹਾਫਜ਼ਾਦਾਦੀ ਨੁਸਖੇ ਵਿਚ ਪਾਠ ਹੈ–'ਫੇਰਿਆ'। A'ਖੁਦਾਇ ਸਹੀ ਕਰਣੈ ਵਾਲਾ ਹੈ' ਇਹ ਪਾਠ ਹਾਫਜ਼ਾਬਾਦੀ ਨੁਸਖੇ ਦਾ ਹੈ।

B'ਨਾਨਕਾ!ਖੁਦਾਇ'''ਤੋਂ'''ਮੁਹਿਗੰਧੁ'ਤਕ ਦਾ ਪਾਠ ਹਾ:ਬਾ:ਨੁ:ਵਿਚੋਂ ਲੀਤਾ ਹੈ।

ਕਰਤ ਨ ਲਾਗੀ ਵਾਰ ॥੧॥ ਮਹਲਾ ੨* ॥ ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥੨॥ ਮ:੧॥ ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤੁ ॥ ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥ ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥ ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ॥੩॥ਪਉੜੀ॥ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥ ਤੂੰ ਜਾਣੋਈ ਸਭ ਸੈ ਦੇ ਲੈਸਹਿ ਜਿੰਦੁ ਕਵਾਉ ॥ ਕਰਿ ਆਸਣੁ ਡਿਠੋ ਚਾਉ॥੧॥

ਪਉੜੀਆਂ ਨਉਂ ਹੋਈਆਂ ਏਤੁ ਪਰਥਾਇ† । ਤਬ ਫਿਰਿ ਪੀਰੁ ਉਠਿ ਖੜਾ ਹੋਆ,ਆਇ ਦਸਤਪੋਸੀ ਕੀਤੀਅਸੁ,ਆਖਿਓਸੁ,'ਨਾਨਕ ! ਤੁਧੁ ਖੁਦਾਇ ਪਾਇਆ ਹੈ, ਤੁਧੁ ਅਰੁ ਖੁਦਾਇ ਵਿਚ ਭੇਦ ਨਾਂਹੀ, ਪਰ ਤੂ ਮਿਹਰਵਾਨੁ ਹੋਹੁ, ਜੋ ਅਸਾੜੀ ਭੀ ਖੁਦਾਇ ਨਾਲਿ ਰਹਿ ਆਵੈ' । ਤਬ ਬਾਬੇ ਆਖਿਆ, 'ਸੇਖ ਬ੍ਰਹਮ ! ਤੇਰੀ ਖੇਪ ਖੁਦਾਇ ਨਿਬਾਹੈ' । ਤਬ ਪੀਰ ਨੇ ਆਖਿਆ, 'ਜੀ ! ਬਚਨ ਦੇਹਿ' । ਤਬ ਬਾਬੇ ਕਹਿਆ, 'ਜਾਹ ਬਚਨੁ ਹੈ' । ਤਬ ਸੇਖੁ ਉਠਿ ਖੜਾ ਹੋਆ । ਬਾਬੇ ਸੇਖ ਵਿਦਾ ਕੀਤਾ; ਬਾਬਾ ਭੀ ਉਠਿ ਰਵਿਆ ।

## ੩੩. ਕੋਹੜੀ ਫਕੀਰ ਨਿਸਤਾਰਾ.

ਦਿਪਾਲਪੁਰ ਪਾਸਦੋ, ਕਙਣਪੁਰ ਵਿਚਦੋ, ਕਾਸੂਰ ਵਿਚਦੋ, ਪਟੀ ਵਿਚਦੋ, ਗੋਇੰਦਵਾਲ ਆਇ ਰਹਣ ਲਾਗਾ । ਤਾਂ ਕੋਈ ਰਹਿਣ ਦੇਵੈ ਨਾਹੀਂ । ਤਬ ਇਕ ਫਕੀਰੁ ਦਾ, ਤਿਸਕੀ ਝੁਗੀ ਵਿਚਿ ਜਾਇ ਰਹਿਆ । ਓਹੁ ਫਕੀਰ ਕੋਹੜੀ ਥਾ । ਤਾਂ ਬਾਬਾ ਜਾਇ ਖੜਾ ਹੋਆ । ਆਖਿਓਸੁ, 'ਏ ਫ਼ਕੀਰ ! ਰਾਤਿ ਰਹਣਿ ਦੇਹਿ' । ਤਬ ਫਕੀਰ ਅਰਜੁ ਕੀਤਾ, ਆਖਿਓਸੁ, 'ਜੀ ਮੇਰਿਅਹੁ ਪਾਸਹੁ ਜਨਾਵਰ ਨਸਦੇ ਹੈਨਿ, ਪਰੁ ਖੁਦਾਇ ਦਾ ਕਰਮੁ ਹੋਆ ਹੈ ਜੋ ਆਦਮੀ ਦੀ ਸੂਰਤਿ ਨਦਰਿ ਆਈ ਹੈ' । ਤਾਂ ਉਥੈ ਰਹਿਆ । ਫਕੀਰੁ ਲਾਗਾ ਵਿਰਲਾਪ ਕਰਣਿ। ਤਬ ਬਾਬਾ ਬੋਲਿਆ, ਸਬਦੁ ਰਾਗੁ ਧਨਾਸਰੀ‡ ਵਿਚਿ ਮ: ੧ ॥ ਸਬਦੁ ॥

ਜੀਉ ਤਪਤੁ ਹੈ ਬਾਰੋ ਬਾਰ॥ਤਪਿ ਤਪਿ ਖਪੈ ਬਹੁਤੁ ਬੇਕਾਰ॥ ਜੈ ਤਨਿ ਬਾਣੀ

---

*ਆਸਾ ਦੀ ਵਾਰ ਵਿਚ ਇਹ ਮ: ੨ ਦਾ ਸਲੋਕ,ਪੰਜਵੀਂ ਪਾਤਸ਼ਾਹੀ ਨੇ ਵਾਰ ਸੰਕਲਤ ਕਰਨ ਵੇਲੇ ਰਖਿਆ ਹੈ । ਜਿਸ ਵੇਲੇ ਗੋਸ਼ਟ ਸੇਖ ਬ੍ਰਹਮ ਨਾਲ ਹੋਈ ਹੈ ਉਸ ਵੇਲੇ ਇਹ ਸਲੋਕ ਨਹੀਂ ਹੈਸੀ । †ਹਾ:ਬਾ:ਨੁ: ਵਿਚ ਏਥੇ ਪਾਠ ਹੈ :— ਇਤ ਪਰਥਾਇ ਆਸਾ ਦੀ ਵਾਰ ਹੋਈ, ਪਉੜੀਆਂ ਨੌਂ ਹੋਈਆਂ ਸੋ ਲਿਖੀਆਂ ਨਹੀਂ, ਲਿਖਣੀਆਂ ਹੈਨ ।

‡ਹਾਫਜ਼ਾਬਾਦੀ ਨੁਸਖੇ ਵਿਚ ਰਾਗ ਜੈਤਸਰੀ ਲਿਖਿਆ ਹੈ ਜੋ ਅਸ਼ੁੱਧ ਹੈ ।

ਵਿਸਰਿ ਜਾਇ ॥ ਜਿਉ ਪਕਾ ਰੋਗੀ ਵਿਲਲਾਇ ॥ ੧ ॥ ਬਹੁਤਾ ਬੋਲਣੁ ਝਖਣੁ ਹੋਇ ॥ ਵਿਣੁ ਬੋਲੇ ਜਾਣੈ ਸਭੁ ਸੋਇ ॥ ੧ ॥ ਰਹਾਉ ॥ ਜਿਨਿ ਕਨ ਕੀਤੇ ਅਖੀ ਨਾਕੁ॥ ਜਿਨਿ ਜਿਹਵਾ ਦਿਤੀ ਬੋਲੇ ਤਾਤੁ॥ ਜਿਨਿ ਮਨੁ ਰਾਖਿਆ ਅਗਨੀ ਪਾਇ ॥ ਵਾਜੈ ਪਵਣੁ ਆਖੈ ਸਭ ਜਾਇ ॥੨॥ ਜੇਤਾ ਮੋਹੁ ਪਰੀਤਿ ਸੁਆਦ ॥ ਸਭਾ ਕਾਲਖ ਦਾਗਾ ਦਾਗ॥ਦਾਗ ਦੋਸ ਮੁਹਿ ਚਲਿਆ ਲਾਇ॥ ਦਰਗਹ ਬੈਸਣ ਨਾਹੀ ਜਾਇ ॥ ੩ ॥ ਕਰਮਿ ਮਿਲੈ ਆਖਣੁ ਤੇਰਾ ਨਾਉ ॥ ਜਿਤੁ ਲਗਿ ਤਰਣਾ ਹੋਰੁ ਨਹੀ ਥਾਉ॥ਜੇਕੋ ਡੂਬੈ ਫਿਰਿ ਹੋਵੈ ਸਾਰ ॥ ਨਾਨਕ ਸਾਚਾ ਸਰਬ ਦਾਤਾਰ ॥ ੪ ॥ ੩ ॥ ੫ ॥

ਤਬ ਗੁਰੂ ਮਿਹਰਵਾਨੁ ਹੋਆ, ਆਖਿਓਸੁ 'ਮਰਦਾਨਿਆਂ ! ਰਬਾਬੁ ਵਜਾਇ'।ਤਾਂ ਮਰਦਾਨੇ ਰਬਾਬੁ ਵਜਾਇਆ । ਰਾਗੁ ਗਉੜੀ ਕੀਤੀ, ਬਾਬੇ ਸਬਦ ਉਠਾਇਆ ॥ ਮ: ੧* ॥:–

ਕਰਹਲੇ ਮਨ ਪਰਦੇਸੀਆ ਕਿਉ ਮਿਲੀਐ ਹਰਿ ਮਾਇ ॥ ਗੁਰੁ ਭਾਗਿ ਪੂਰੈ ਪਾਇਆ ਗਲਿ ਮਿਲਿਆ ਪਿਆਰਾ ਆਇ ॥੧॥ਮਨ ਕਰਹਲਾ ਸਤਿਗੁਰੁ ਪੁਰਖੁ ਧਿਆਇ ॥੧॥ ਰਹਾਉ ॥ ਮਨ ਕਰਹਲਾ ਵੀਚਾਰੀਆ ਹਰਿ ਰਾਮ ਨਾਮ ਧਿਆਇ ॥ ਜਿਥੈ ਲੇਖਾ ਮੰਗੀਐ ਹਰਿ ਆਪੇ ਲਏ ਛਡਾਇ ॥ ੨ ॥ ਮਨ ਕਰਹਲਾ ਅਤਿ ਨਿਰਮਲਾ ਮਲੁ ਲਾਗੀ ਹਉਮੈ ਆਇ॥ਪਰਤਖਿ ਪਿਰੁ ਘਰਿ ਨਾਲਿ ਪਿਆਰਾ ਵਿਛੁੜਿ ਚੋਟਾ ਖਾਇ ॥ ੩ ॥ ਮਨ ਕਰਹਲਾ ਮੇਰੇ ਪ੍ਰੀਤਮਾ ਹਰਿ ਰਿਦੈ ਭਾਲਿ ਭਾਲਾਇ ॥ ਉਪਾਇ ਕਿਤੈ ਨ ਲਭਈ ਗੁਰੁ ਹਿਰਦੈ ਹਰਿ ਦੇਖਾਇ ॥੪॥ ਮਨ ਕਰਹਲਾ ਮੇਰੇ ਪ੍ਰੀਤਮਾ ਦਿਨੁ ਰੈਣਿ ਹਰਿ ਲਿਵਲਾਇ ॥ ਘਰੁ ਜਾਇ ਪਾਵਹਿ ਰੰਗ ਮਹਲੀ ਗੁਰੁ ਮੇਲੇ ਹਰਿ ਮੇਲਾਇ ॥੫॥ ਮਨ ਕਰਹਲਾ ਤੂੰ ਮੀਤੁ ਮੇਰਾ ਪਾਖੰਡੁ ਲੋਭੁ ਤਜਾਇ ॥ ਪਾਖੰਡਿ ਲੋਭੀ ਮਾਰੀਐ ਜਮ ਡੰਡੁ ਦੇਇ ਸਜਾਇ ॥ ੬ ॥ ਮਨ ਕਰਹਲਾ ਮੇਰੇ ਪ੍ਰਾਨ ਤੂੰ ਮੈਲੁ ਪਾਖੰਡੁ ਭਰਮੁ ਗਵਾਇ ॥ ਹਰਿ ਅੰਮ੍ਰਿਤਸਰੁ ਗੁਰਿ ਪੂਰਿਆ ਮਿਲਿ ਸੰਗਤੀ ਮਲੁ ਲਹਿ ਜਾਇ ॥੭॥ ਮਨ ਕਰਹਲਾ ਮੇਰੇ ਪਿਆਰਿਆ ਇਕ ਗੁਰ ਕੀ ਸਿਖ ਸੁਣਾਇ ॥ ਇਹੁ ਮੋਹੁ ਮਾਇਆ ਪਸਰਿਆ ਅੰਤਿ ਸਾਥਿ ਨ ਕੋਈ ਜਾਇ ॥੮॥ ਮਨ ਕਰਹਲਾ ਮੇਰੇ ਸਾਜਨਾ ਹਰਿ ਖਰਚੁ ਲੀਆ ਪਤਿਪਾਇ॥

---

*ਇਹ ਸ਼ਬਦ ਚੌਥੀ ਪਾਤਸ਼ਾਹੀ ਜੀ ਦਾ ਹੈ–ਕਰਹਲੇ । ਕਿਸੇ ਲਿਖਾਰੀ ਨੇ ਉਤਾਰੇ ਵੇਲੇ ਯਾਦੋਂ ਲਿਖਿਆ ਹੈ, ਜੇ ਗੁਰਬਾਣੀ ਵੇਖ ਕੇ ਲਿਖਦਾ ਤਾਂ ਮਹਲਾ ੪ ਦੀ ਉਸ ਨੂੰ ਜ਼ਰੂਰ ਸੋਝੀ ਆ ਜਾਂਦੀ। ਫਕੀਰ ਦੇ ਵਿਰਲਾਪ ਕਰਨ ਤੇ ਜੋ ਸ਼ਬਦ ਉਪਰ ਕਹਿ ਆਏ ਹਨ 'ਜੀਉ ਤਪਤ ਹੈ' ਉਹ ਮੌਕੇ ਮੂਜਬ ਹੈ, ਇਹ ਸਬਦ ਵਾਧੂ ਹੈ । ਸੋ ਇਹ ਕਿਸੇ ਪਿਛਲੇ ਲਿਖਾਰੀ ਦਾ ਵਾਧਾ ਕੀਤਾ ਹੋਇਆ ਜਾਪਦਾ ਹੈ।

ਹਰਿ ਦਰਗਹ ਪੈਨਾਇਆ ਹਰਿ ਆਪੁ ਲਇਆ ਗਲਿ ਲਾਇ ॥੯॥ ਮਨ ਕਰਹਲਾ ਗੁਰਿ ਮੰਨਿਆ ਗੁਰਮੁਖਿ ਕਾਰ ਕਮਾਇ ॥ ਗੁਰ ਆਗੈ ਕਰਿ ਜੋਦੜੀ ਜਨ ਨਾਨਕ ਹਰਿ ਮੇਲਾਇ ॥ ੧੦ ॥ ੧ ॥

ਤਬ ਦਰਸਨ ਕਾ ਸਦਕਾ ਕੋੜ੍ਹ ਦੂਰਿ ਹੋਇ ਗਇਆ, ਦੇਹੀ ਹੱਛੀ ਹੋਈ, ਆਇ ਪੈਰੀ ਪਇਆ, ਨਾਉਂ ਧਰੀਕੁ ਹੋਆ, ਗੁਰੂ ਗੁਰੂ ਲਗਾ ਜਪਣਿ। ਤਬ ਬਾਬਾ ਉਥਹੁ ਰਵਦਾ ਰਹਿਆ।

## ੩੪. ਕਿੜੀਆਂ ਪਠਾਣਾਂ ਦੀਆਂ.

ਸੁਲਤਾਨਪੁਰ ਵਿਚਦੋ, ਵੈਰੋਵਾਲ, ਜਲਾਲਾਵਾਦ ਵਿਚਦੋ, ਕਿੜੀਆਂ ਪਠਾਣਾਂ ਦੀਆਂ ਵਿਚਿ ਆਇ ਨਿਕਲਿਆ ॥ ਓਥੈ ਪਠਾਣ ਲੋਕ ਮੁਰੀਦ ਕੀਤਿਅਸੁ। ਤਬ ਓਹੁ ਪਠਾਣ ਲੋਕ ਲੈ ਲੈ ਸਰੋਦਿ* ਦਰ ਤੇ ਲਾਗੇ ਵਜਾਵਣਿ। ਆਖਨਿ, 'ਦਮਸਾਹ ਨਾਨਕ†'। ਤਬ ਮਰਦਾਨੇ ਨੂੰ ਹੁਕਮੁ ਹੋਆ, 'ਰਬਾਬੁ ਵਜਾਇ।' ਤਾਂ ਮਰਦਾਨੇ ਰਬਾਬ ਵਜਾਇਆ, ਰਾਗੁ ਤਿਲੰਗ ਕੀਤਾ, ਬਾਬੈ ਸਬਦੁ ਉਠਾਇਆ, ਰਾਇਸਾ ਮ: ੧ ॥

ਜਿਨਿ ਕੀਆ ਤਿਨਿ ਦੇਖਿਆ ਕਿਆ ਕਹੀਐ ਰੇ ਭਾਈ॥ ਆਪੇ ਜਾਣੈ ਕਰੇ ਆਪਿ ਜਿਨਿ ਵਾੜੀ ਹੈ ਲਾਈ ॥੧॥ ਰਾਇਸਾ ਪਿਆਰੇ ਕਾ ਰਾਇਸਾ ਜਿਤੁ ਸਦਾ ਸੁਖੁ ਹੋਈ ॥ ਰਹਾਉ ॥ ਜਿਨਿ ਰੰਗਿ ਕੰਤੁ ਨ ਰਾਵਿਆ ਸਾ ਪਛੋ ਰੇ ਤਾਣੀ ॥ ਹਾਥ ਪਛੋੜੈ ਸਿਰੁ ਧੁਣੈ ਜਬ ਰੈਣਿ ਵਿਹਾਣੀ ॥੨॥ ਪਛੋਤਾਵਾ ਨਾ ਮਿਲੈ ਜਬ ਚੂਕੈਗੀ ਸਾਰੀ ॥ ਤਾ ਫਿਰਿ ਪਿਆਰਾ ਰਾਵੀਐ ਜਬ ਆਵੈਗੀ ਵਾਰੀ ॥ ੩ ॥ ਕੰਤੁ ਲੀਆ ਸੋਹਾਗਣੀ ਮੈਤੇ ਵਧਵੀ ਏਹ ॥ ਸੇ ਗੁਣ ਮੁਝੈ ਨ ਆਵਨੀ ਕੈ ਜੀ ਦੋਸੁ ਧਰੇਹ ॥ ੪ ॥ ਜਿਨੀ ਸਖੀ ਸਹੁ ਰਾਵਿਆ ਤਿਨ ਪੂਛ-ਉਗੀ ਜਾਇ ॥ ਪਾਇ ਲਗਉ ਬੇਨਤੀ ਕਰਉ ਲੇਉਗੀ ਪੰਥੁ ਬਤਾਇ ॥ ੫ ॥ ਹੁਕਮੁ ਪਛਾਣੈ ਨਾਨਕਾ ਭਉ ਚੰਦਨੁ ਲਾਵੈ ॥ ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ ॥ ੬ ॥ ਜੋ ਦਿਲਿ ਮਿਲਿਆ ਸੁ ਮਿਲਿ ਰਹਿਆ ਮਿਲਿਆ ਕਹੀਐ ਰੇ ਸੋਈ ॥ ਜੇ ਬਹੁਤੇਰਾ ਲੋਚੀਐ ਬਾਤੀ ਮੇਲੁ ਨ ਹੋਈ ॥ ੭ ॥ ਧਾਤੁ ਮਿਲੈ ਫੁਨਿ ਧਾਤੁ ਕਉ ਲਿਵ ਲਿਵੈ ਕਉ ਧਾਵੈ ॥ ਗੁਰ ਪਰ-ਸਾਦੀ ਜਾਨੀਐ ਤਉ ਅਨਭਉ ਪਾਵੈ ॥ ੮ ॥ ਪਾਨਾਵੜੀ ਹੋਇ ਘਰਿ ਖੜੁ ਸਾਰ ਨ ਜਾਣੈ ॥ ਰਸੀਆ ਹੋਵੈ ਮੁਸਕ ਕਾ ਤਬ ਫੂਲੁ ਪਛਾਣੈ ॥੯॥ ਅਪਿਓ ਪੀਵੈ ਜੋ ਨਾਨਕਾ ਭ੍ਰਮੁ ਭ੍ਰਮਿ ਸਮਾਵੈ ॥ ਸਹਜੇ ਸਹਜੇ ਮਿਲਿ ਰਹੈ ਅਮਰਾ

---

*ਹਾ: ਵਾਂ: ਨੁ: ਵਿਚ ਪਾਠ 'ਸਰੋਦ' ਹੈ, ਇਹ ਸਤਾਰ ਤੋਂ ਛੋਟਾ ਸਾਜ਼ ਹੈ, ਜੋ ਸਤਾਰ ਵਾਂਙੂ ਟੰਕਾਰ ਨਾਲ ਵਜਦਾ ਹੈ। ਪੰਜਾਬ ਵਿਚ ਇਸਨੂੰ 'ਸਰੋਦਾ' ਬੀ ਆਖਦੇ ਹਨ। †ਸੁਥਰਿਆਂ ਵਿਚ 'ਹਰਦਮ ਨਾਨਕ ਸ਼ਾਹ' ਤੇ ਨਜ਼ੀਰ ਦੀ ਕਵਿਤਾ ਵਿਚ 'ਹਰਦਮ ਬੋਲੋ' ਗਜ਼ਲ ਇਸ ਗੀਤ ਦੀਆਂ ਹੋਰ ਰੂਪਾਂ ਵਿਚ ਬਦਲੀਆਂ ਸ਼ਕਲਾਂ ਹਨ।

ਪਦੁ ਪਾਵੈ ॥ ੧੦ ॥ ੧ ॥

ਤਬ ਪਠਾਨ ਲੋਕ ਮੁਰੀਦ ਹੋਇ ਲਾਗੇ 'ਦਮਸਾਹ ਨਾਨਕ' ਕਰਨਿ। ਤਬ ਗੁਰੂ ਬਾਬਾ ਓਥਹੁੰ ਰਵਦਾ ਰਹਿਆ।

## ੩੫. ਸੈਦਪੁਰ ਦੀ ਬੰਦ.

ਫਿਰ ਫਿਰਦੇ ਫਿਰਦੇ* ਵਟਾਲ਼ੇ ਵਿਚਿਦੋ ਸੈਦਪੁਰਿ ਸੰਡੇਆਲੀ† ਜਾਇ ਨਿਕਲੇ। ਅਗੈ ਪਠਾਣਾਂ ਦੀ ਘਰੀਂ ਵੀਵਾਹ ਹੋਦੇ ਹਿਨਿ, ਅਰੁ ਬਾਬੇ ਨਾਲਿ ਕੁਛੁ ਫਕੀਰ ਭੀ ਥੇ, ਪਰੁ ਖੁਧਿਆਰਥੂ ਥੇ। ਉਥੇ ਬਾਬਾ ਜਾਇ ਬੈਠਾ, ਤਾਂ ਖਬਰ ਕਿਸੈ ਨ ਲਧੀ। ਅਤੈ ਫਕੀਰੁ ਭੁਖ ਆਜਜੁ ਕੀਤੇ। ਤਬਿ ਬਾਬਾ ਉਠਿ ਖੜਾ ਹੋਆ, ਫਕੀਰ ਨਾਲੇ ਲੀਤੇ, ਨਾਲੇ ਮਰਦਾਨਾ ਲੀਤਾ, ਜਾਇ ਸੁਆਲੁ ਪਾਇਆ, ਪਰੁ ਸੁਆਲੁ ਕਿਨੈ ਮੰਨਿਓ ਨਾਹੀਂ, ਤਬ ਬਾਬਾ ਬਹੁਤੁ ਕਰੋਪਿ‡ ਹੋਆ। ਆਖਿਓਸੁ, 'ਮਰਦਾਨਿਆ! ਰਬਾਬੁ ਵਜਾਇ' ਤਾਂ ਮਰਦਾਨੈ ਰਬਾਬੁ ਵਜਾਇਆ, ਰਾਗੁ ਤਿਲੰਗੁ ਕੀਤਾ, ਬਾਬੇ ਸਬਦੁ ਉਠਾਇਆ ਕਹਰ ਵਿਚੋਂ ਸਬਦੁ ਮਃ ੧ ॥ :-

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥ ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥ ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥ ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥ ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥ ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥ ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥੧॥ ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ ॥ ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ॥ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇ ਗੁਮਸੋਲਾ ॥ ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ॥ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ॥ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ॥੨॥੩॥੫॥

---

*'ਫਿਰਦੇ ਫਿਰਦੇ' ਪਾਠ ਹਾ:ਬਾ:ਨੁ: ਦਾ ਹੈ। †'ਸੰਡਿਆਲੀ' ਦੀ ਥਾਂ 'ਸਿਰਿਆਲੀ' ਬੀ ਪਾਠ ਹੈ।

‡ਸੈਦ ਪੁਰ ਦੀ ਬਾਬਰ ਵਲੋਂ ਕਤਲਾਮ ਗੁਰੂ ਜੀ ਦੇ ਕੋਪ ਕਰਕੇ ਨਹੀਂ ਹੋਈ; ਸਬਦ ਵਿਚ ਗੁਰੂ ਜੀ ਲਿਖਦੇ ਹਨ 'ਜੈਸੀ ਮੈ ਆਵੈ ਖਸਮ ਕੀ ਬਾਣੀ'; ਉਹ ਤਾਂ ਵਾਹਿਗੁਰੂ ਤੋਂ ਆਇਆ ਇਲਹਾਮ ਦੱਸ ਰਹੇ ਹਨ, ਆਪ ਨਿਰਲੇਪ ਹਨ ਤੇ ਬਾਬਰ ਦੇ ਕਰਮ ਨੂੰ ਬੁਰਾ ਦੱਸ ਰਹੇ ਹਨ ਇਹ ਸਪਸ਼ਟ ਹੈ ਕਿ ਉਨ੍ਹਾਂ ਨੇ ਸ੍ਰਾਪ ਨਹੀਂ ਦਿਤਾ। ਕੋਪ ਕਹਿਣਾ ਲਿਖਾਰੀ ਦੀ ਭੁੱਲ ਹੈ।

ਜਾਂ ਏਹੁ ਸਬਦੁ ਬਾਬੇ ਕੀਤਾ ਤਾ ਇਕੁ ਬਿਰਾਮਣੁ ਮੇਵੇ ਕੀ ਚੰਗੇਰਿ ਘਿੰਨਿ ਆਇਆ, ਆਇ ਮਿਲਿਆ। ਆਖਿਓਸੁ, 'ਮਿਹਰਵਾਨ, ਏਹੁ ਜੋ ਸਬਦੁ ਗਜਬ ਕਾ ਕੀਤਾ ਹੈ ਸੋ ਫੇਰੀਐ'। ਤਬ ਬਾਬੇ ਆਖਿਆ, 'ਸੁਆਮੀ. ਹੁਣਿ ਫਿਰਣ ਤੇ ਰਹਿਆ, ਹੁਣਿ ਵਗੀ ਹੈ, ਪਰੁ ਤੂੰ ਆਇ ਮਿਲਿਆ ਹੈਂ ਸੋ ਬਖਿਸਿਆ ਹੈਂ ਪਰੁ ਬਾਰਾ ਕੋਸ ਏਥਹੁੰ* ਇਕ ਟੋਬਾ ਹੈ, ਤੂ ਓਥੈ ਆਪਣਾ ਕੁਟੰਬੁ ਲੈਕਰਿ ਜਾਹਿ, ਏਥੈ ਰਹਿਣਾ ਨਾਹੀਂ। ਜੇ ਏਥੈ ਰਹੈਂਗਾ, ਤਾਂ ਮਾਰੀਅਹਿੰਗਾ'। ਤਬ ਓਥਹੁ ਬਾਮਣੁ ਟਬਰ ਲੈਇ ਕਰਿ ਬਾਰਹ ਕੋਸ† ਲੈ ਗਇਆ। ਉਜਾੜਿ ਵਿਚਿ ਜਾਇ ਬੈਠਾ। ਜਿਥੈ ਕੁਦਰਤਿ ਨਾਲਿ ਸੁਬਾਹ ਹੋਈ ਤਿਥੈ ਮੀਰੁ ਬਾਬਰੁ ਪਤਸਾਹੁ ਪਇਆ। ਜਿਉ ਪਇਆ, ਤਿਉ ਸੈਦ ਪੁਰੁ ਮਾਰਿਓਸੁ। ਆਸਿ ਪਾਸਿ ਗਿਰਾਉ ਸਭ ਮਾਰੇ। ਹਿੰਦੂ ਮੁਸਲਮਾਨਿ ਸਭਿ ਕਤਲਾਮ ਕੀਤੇ। ਘਰ ਲੁਟੇ, ਢਾਹੇ। ਇਜੇਹੀ ਮਾਰੁ ਬਾਬੇ ਦੈ ਸਬਦਿ ਕੀਤੀ ਪਠਾਣਾਂ ਜੋਗੁ। ਮਹਾਂ ਪੁਰਖਾਂ ਦਾ ਗਜ਼ਬੁ ਹੋਆ, ਖੁਦਾਇ ਮੰਨੇ ਫਕੀਰਾਂ ਨੂੰ‡ਫਕੀਰਾਂ ਮੰਨਿਆ ਖੁਦਾਇ। ਫਕੀਰਾਂ ਦਾ ਅਰਾਧਿਆA ਖੁਦਾਇ ਸੁਣਦਾ ਹੈ ਜੋ ਕੁਛੁ ਫਕੀਰਾਂ ਦੈ ਦਿਲਿ ਹੋਂਦੀ ਹੈ, ਸਾਈ ਕਰਦਾ ਹੈ। ਪਰੁ ਸੇ ਫਕੀਰ ਕਵਣ ਹੈ? ਜਿ ਮਿਹਰ ਮੁਹਬਤਿ ਵਿਚਿ ਹੈਨਿ, ਕਮ ਸੁਆਲ ਹਨਿ, ਸਿਦਕ ਸਬੂਰੀ ਵਿਚ ਹਨਿ, ਪੰਚਭੂ ਆਤਮਾ ਵਸਿ ਕੀਤੇ ਹੈਨਿ, ਦੂਰ ਅੰਦੇਸੀ ਭੀ ਨਹੀਂ ਕਰਿਦੇ, ਫਿਕਰਵਾਨਿ, ਮੋਮ ਦਿਲ ਸਾਦਿਕ ਹੈਂ, ਖੁਦਾਇ ਦੇ ਦਰਵੇਸ ਹੈਂ, ਸਿ ਫਕੀਰ ਉਹੁ ਹੈ। ਇਸ ਗਿਹੀ ਬੰਦੇ ਨੂੰ ਭੀ ਲੋੜੀਦੀ ਹੈ। ਜੇ ਕੋ ਚਹੁ ਵਰਨਾ ਵਿਚਿ ਫਕੀਰੀ ਕਾ ਭੇਖੁ ਕਰੈ, ਹਿੰਦੂ ਮੁਸਲਮਾਨ ਚੋਰ, ਜਾਰੁ ਵਟਵਾੜਾ ਤਿਸਕੀ ਸੇਵਾ ਕਰਣੀ, ਕਰਮ ਨਾਹੀਂ ਬੀਚਾਰਣਾB।

ਤਬ ਬਾਬਾ ਅਤੇ ਮਰਦਾਨਾ ਬੰਦਿ ਵਿਚਿ ਆਏ ਸੈਦਪੁਰ ਕੀ। ਤਬ ਮੀਰ ਖਾਨ ਮੁਗਲ ਕੈ ਹਥਿ ਚੜੇ। ਤਬ ਮੀਰ ਖਾਨਿ ਮੁਗਲਿ ਆਖਿਆ 'ਇਨ ਗੋਲੇਆਂ ਤਾਈਂ ਲੈ ਚਲਹੁ'। ਤਬ ਬਾਬੇ ਦੇ ਸਿਰਿ ਪੰਡ ਮਿਲੀ, ਅਤੈ ਮਰਦਾਨੇ ਨੂੰ ਘੋੜਾ ਪਕੜਾਇਆ। ਤਬ ਬਾਬਾ ਬੋਲਿਆ, ਸਬਦੁ:– ਮਾਰੂ ਮਹਲਾ ੧

ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ ॥ ਗੁਰ ਕੀ ਬਚਨੀ ਹਾਟਿ
ਬਿਕਾਨਾ ਜਿਤੁ ਲਾਇਆ ਤਿਤੁ ਲਾਗਾ ॥੧॥ ਤੇਰੇ ਲਾਲੇ ਕਿਆ ਚਤੁਰਾਈ॥
ਸਾਹਿਬ ਕਾ ਹੁਕਮੁ ਨ ਕਰਣਾ ਜਾਈ ॥ ੧ ॥ ਰਹਾਉ ॥ ਮਾ ਲਾਲੀ ਪਿਉ
ਲਾਲਾ ਮੇਰਾ ਹਉ ਲਾਲੇ ਕਾ ਜਾਇਆ॥ ਲਾਲੀ ਨਾਚੈ ਲਾਲਾ ਗਾਵੈ ਭਗਤਿ

---

*'ਪਰ ਬਾਰਾ ਕੋਸ ਏਥਹੁ' ਦੀ ਥਾਂ 'ਇਥੋਂ ਬਾਹਰ ਕੋਹ ਦੁਹੁ ਉਪਰ' ਪਾਠ ਹਾ: ਬਾ: ਨੁ; ਵਿਚ ਹੈ।    †'ਬਾਰਹ ਕੋਸ' ਪਾਠ ਹਾ:ਬਾ:ਨੁ: ਵਿਚ ਨਹੀਂ ਹੈ।

‡'ਨੂੰ' ਪਾਠ ਹਾ: ਬਾ: ਨੁ: ਦਾ ਹੈ।    A'ਅਰਾਧਿਆ' ਦੀ ਥਾਂ ਹਾ:ਬਾ: ਨੁਸਖੇ ਵਿਚ 'ਆਖਿਆ' ਹੈ।

Bਇਹ ਕਰਤਾ ਜੀ ਨੇ ਆਪਣੀ ਵਲੋਂ ਉਪਦੇਸ ਆਖਿਆ ਹੈ।

ਕਰਉ ਤੇਰੀ ਰਾਇਆ ॥ ੨ ॥ ਪੀਅਹਿ ਤ ਪਾਣੀ ਆਣੀ ਮੀਰਾ ਖਾਹਿ ਤ ਪੀਸਣ ਜਾਉ ॥ ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ॥੩॥ ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ ॥ ਆਦਿ ਜੁਗਾਦਿ ਦਇਆ ਪਤਿ ਦਾਤਾ ਤੁਧੁ ਵਿਣੁ ਮੁਕਤਿ ਨ ਪਾਈ ॥ ੪ ॥ ੬ ॥

ਤਾਂ ਮਰਦਾਨੈ ਅਰਜੁ ਕੀਤਾ, ਆਖਿਓਸੁ 'ਜੀ ਇਨਾਂ ਦੇ ਬਾਬਿ ਕਿਆ ਵਰਤੀ ? ਜੋ ਪੈਰਾਂ ਤੇ ਉਬਾਹਣੀਆ ਹੈਨਿ, ਅਤੈ ਰੋਂਦੀਆਂ ਜਾਂਦੀਆਂ ਹੈਨਿ'। ਤਬਿ ਬਾਬੇ ਆਖਿਆ 'ਮਰਦਿਨਿਆਂ* ! ਰਬਾਬੁ ਵਜਾਇ'। ਤਾਂ ਮਰਦਾਨੈ ਆਖਿਆ, 'ਜੀ ਮੇਰੇ ਹਥਿ ਘੋੜਾ ਹੈ'। ਤਾਂ ਬਾਬੇ ਆਖਿਆ, 'ਵਾਹਿਗੁਰੂ ਕਰਿਕੈ ਘੋੜਾ ਹਥਹੁੰ ਛੋਡਿ ਦਿਹਿ'। ਤਾਂ ਮਰਦਾਨਿ ਘੋੜਾ ਛੋਡਿ ਦਿਤਾ । ਰਬਾਬੁ ਵਜਾਇਆ, ਰਾਗੁ ਤਿਲੰਗ ਕੀਤਾ, ਬਾਬਾ ਬੋਲਿਆ ਸਬਦੁ ਮ: ੧† ॥ :—

ਹਰਿ ਕੀਆ ਕਥਾ ਕਹਾਣੀਆ ਗੁਰਿ ਮੀਤਿ ਸੁਣਾਈਆ॥ ਬਲਿਹਾਰੀ ਗੁਰ ਆਪਣੇ ਗੁਰਕਉ ਬਲਿਜਾਈਆ॥੧॥ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ ॥ ਰਹਾਉ॥ ਹਰਿ ਕੇ ਗੁਣ ਹਰਿ ਭਾਵਦੇ ਸੇ ਗੁਰੂ ਤੇ ਪਾਏ ॥ ਜਿਨ ਗੁਰ ਕਾ ਭਾਣਾ ਮੰਨਿਆ ਤਿਨ ਘੁਮਿ ਘੁਮਿ ਜਾਏ॥੨॥ਜਿਨ ਸਤਿਗੁਰੁ ਪਿਆਰਾ ਦੇਖਿਆ ਤਿਨ ਕਉ ਹਉਵਾਰੀ ॥ ਜਿਨ ਗੁਰ ਕੀ ਕੀਤੀ ਚਾਕਰੀ ਤਿਨ ਸਦ ਬਲਿਹਾਰੀ॥੩॥ਹਰਿ ਹਰਿ ਤੇਰਾ ਨਾਮੁ ਹੈ ਦੁਖ ਮੇਟਣ-ਹਾਰਾ ॥ ਗੁਰ ਸੇਵਾ ਤੇ ਪਾਈਐ ਗੁਰਮੁਖਿ ਨਿਸਤਾਰਾ ॥੪॥ ਜੋ ਹਰਿ ਨਾਮੁ ਧਿਆਇਦੇ ਤੇ ਜਨ ਪਰਵਾਨਾ॥ਤਿਨ ਵਿਟਹੁ ਨਾਨਕੁ ਵਾਰਿਆ ਸਦਾ ਸਦਾ

---

*ਹਾ: ਵਾ: ਨੁ: ਵਿਚ ਪਾਠ 'ਮਰਦਾਨਿਆਂ' ਹੈ। ਵਲੈਤ ਵਾਲੇ ਲਿਖਾਰੀ ਦੀ ਭੁਲ ਹੈ 'ਮਰਦਿਨਿਆ' ਲਿਖਣਾ।

†ਇਹ ਸਬਦ ਚੌਥੇ ਪਾਤਸ਼ਾਹ ਜੀ ਦਾ ਹੈ,ਇਹ ਇਥੇ ਕਰਤਾ ਜੀ ਦੀ ਆਪਣੀ ਯਾ ਕਿਸੇ ਉਤਾਰੇ ਵਾਲੇ ਲਿਖਾਰੀ ਦੀ ਭੁਲ ਨਾਲ ਆਯਾ ਹੈ, ਇਸ ਮੌਕੇ ਜੋ ਸ਼ਬਦ ਗੁਰੂ ਜੀ ਨੇ ਉਚਾਰਿਆ ਸੀ ਸੋ ਇਹ ਹੈ:— ਆਸਾ ਮਹਲਾ ੧ ॥

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ॥ ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥ ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥੧॥ ਕਰਤਾ ਤੂੰ ਸਭਨਾ ਕਾ ਸੋਈ ॥ ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥ ੧ ॥ ਰਹਾਉ ॥ ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥ ਰਤਨ ਵਿਗਾੜਿ ਵਿਗੋਏ ਕੁੰਤੀ ਮੁਇਆ ਸਾਰ ਨ ਕਾਈ ॥ ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ ॥੨॥ ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ॥ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈਦਾਣੇ॥ਮਰਿਮਰਿ ਜੀਵੈ ਤਾ ਕਿਛੁ ਪਾਏਨਾਨਕਨਾਮੁਵਖਾਣੇ॥੩॥੫॥੩੯॥

ਕੁਰਬਾਨਾ ॥ ੫ ॥ ਸਾ ਹਰਿ ਤੇਰੀ ਉਸਤਤਿ ਹੈ ਜੋ ਹਰਿ ਪ੍ਰਭ ਭਾਵੈ ॥ ਜੋ ਗੁਰਮੁਖਿ ਪਿਆਰਾ ਸੇਵਦੇ ਤਿਨ ਹਰਿ ਫਲੁ ਪਾਵੈ ॥੬॥ ਜਿਨਾ ਹਰਿ ਸੇਤੀ ਪਿਰਹੜੀ ਤਿਨਾ ਜੀਅ ਪ੍ਰਭ ਨਾਲੇ॥ਓਇ ਜਪਿ ਜਪਿਪਿਆਰਾ ਜੀਵਦੇ ਹਰਿ ਨਾਮੁ ਸਮਾਲੇ ॥੭॥ ਜਿਨ ਗੁਰਮੁਖਿ ਪਿਆਰਾ ਸੇਵਿਆ ਤਿਨ ਕਉ ਘੁਮਿ ਜਾਇਆ॥ ਓਇ ਆਪਿ ਛੁਟੇ ਪਰਵਾਰ ਸਿਉ ਸਭੁ ਜਗਤੁ ਛਡਾਇਆ ॥੮॥ ਗੁਰਿ ਪਿਆਰੈ ਹਰਿ ਸੇਵਿਆ ਗੁਰੁ ਧੰਨੁ ਗੁਰੁ ਧੰਨੋ ॥ ਗੁਰਿ ਹਰਿ ਮਾਰਗੁ ਦਸਿਆ ਗੁਰ ਪੁੰਨੁ ਵਡ ਪੁੰਨੋ ॥੯॥ਜੋ ਗੁਰਸਿਖ ਗੁਰੁ ਸੇਵਦੇ ਸੇ ਪੁੰਨਪਰਾਣੀ ॥ ਜਨੁ ਨਾਨਕੁ ਤਿਨ ਕਉ ਵਾਰਿਆ ਸਦਾ ਸਦਾਕੁਰਬਾਣੀ॥੧੦॥ ਗੁਰਮੁਖਿ ਸਖੀ ਸਹੇਲ਼ੀਆ ਸੇ ਆਪਿ ਹਰਭਾਈਆ॥ ਹਰਿ ਦਰਗਹ ਪੈਨਾਈਆ ਹਰਿ ਆਪਿ ਗਲਿ ਲਾਈਆ ॥੧੧॥ ਜੋ ਗੁਰਮੁਖਿ ਨਾਮੁ ਧਿਆਇਦੇ ਤਿਨ ਦਰ-ਸਨੁ ਦੀਜੈ ॥ ਹਮ ਤਿਨਕੇ ਚਰਣ ਪਖਾਲਦੇ ਧੂੜਿ ਘੋਲਿ ਘੋਲਿ ਪੀਜੈ ॥੧੨॥ ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆ॥ਹਰਿ ਹਰਿ ਕਦੇਨ ਚੇਤਿਓ ਜਮਿ ਪਕੜਿ ਚਲਾਈਆ॥੧੩॥ਜਿਨ ਹਰਿਨਾਮਾ ਹਰਿ ਚੇਤਿਆ ਹਿਰਦੈਉਰਿ-ਧਾਰੇ ॥ ਤਿਨ ਜਮੁ ਨੇੜਿ ਨ ਆਵਈ ਗੁਰ ਸਿਖ ਗੁਰ ਪਿਆਰੇ ॥੧੪॥ਹਰਿ ਕਾ ਨਾਮੁ ਨਿਧਾਨੁ ਹੈ ਕੋਈ ਗੁਰਮੁਖਿ ਜਾਣੈ॥ਨਾਨਕ ਜਿਨ ਸਤਿਗੁਰੁ ਭੇਟਿਆ ਰੰਗਿ ਰਲੀਆ ਮਾਣੈ॥੧੫॥ ਸਤਿਗੁਰੁ ਦਾਤਾ ਆਖੀਐ ਤੁਸਿ ਕਰੇ ਪਸਾਓ ॥ ਹਉ ਗੁਰ ਵਿਟਹੁ ਸਦ ਵਾਰਿਆ ਜਿਨਿ ਦਿਤੜਾ ਨਾਓ॥੧੬॥ਸੋ ਧੰਨੁ ਗੁਰੂ ਸਾਬਾਸਿ ਹੈ ਹਰਿ ਦੇਇ ਸਨੇਹਾ ॥ ਹਉ ਵੇਖਿ ਵੇਖਿ ਗੁਰੂ ਵਿਗਸਿਆ ਗੁਰ ਸਤਿਗੁਰ ਦੇਹਾ॥੧੭॥ਗੁਰ ਰਸਨਾ ਅੰਮ੍ਰਿਤੁ ਬੋਲਦੀ ਹਰਿ ਨਾਮਿ ਸੁਹਾਵੀ॥ ਜਿਨ ਸੁਣਿ ਸਿਖਾ ਗੁਰੁ ਮੰਨਿਆ ਤਿਨਾ ਭੁਖ ਸਭ ਜਾਵੀ ॥੧੮॥ ਹਰਿ ਕਾ ਮਾਰਗੁ ਆਖੀਐ ਕਹੁ ਕਿਤੁ ਬਿਧਿ ਜਾਈਐ॥ਹਰਿ ਹਰਿ ਤੇਰਾ ਨਾਮੁ ਹੈ ਹਰਿ ਖਰਚੁ ਲੈ ਜਾਈਐ ॥੧੯॥ਜਿਨ ਗੁਰਮੁਖਿ ਹਰਿ ਆਰਾਧਿਆ ਸੇ ਸਾਹ ਵਡ ਦਾਣੇ ॥ ਹਉ ਸਤਿਗੁਰ ਕਉ ਸਦਵਾਰਿਆ ਗੁਰ ਬਚਨਿ ਸਮਾਣੇ ॥੨੦॥ ਤੂ ਠਾਕੁਰੁ ਤੂ ਸਾਹਿਬੋ ਤੂ ਹੈ ਮੇਰਾ ਮੀਰਾ ॥ ਤੁਧੁ ਭਾਵੈ ਤੇਰੀ ਬੰਦਗੀ ਤੂ ਗੁਣੀ ਗਹੀਰਾ ॥ ੨੧ ॥ ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ ॥ ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ ॥ ੨੨ ॥ ੨ ॥

ਜਬ ਬਾਬੇ ਏਹੁ ਸਬਦੁ ਬੋਲਿਆ ਤਾਂ ਮੀਰਖਾਨੁ ਮੁਗਲੁ ਆਇ ਗਇਆ॥ਜਾਂ ਆਇਕੈ ਦੇਖੈ ਤਾਂ ਪੰਡ ਸਿਰ ਤੇ ਉਪਰਿ ਹਥੁ ਭਰਿ ਚਲੀ ਜਾਂਦੀ ਹੈ, ਅਤੇ ਘੋੜਾ ਪਿਛੈ ਲਗਾ ਜਾਂਦਾ ਹੈ॥ਤਬ ਸੁਲਤਾਨ ਬਾਬਰ ਪਤਿਸਹ ਨੂੰ ਖਬਰਿ ਕੀਤੀ,ਆਖਿਓਸੁ, 'ਜੀ ਇਕੁ ਫਕੀਰੁ ਜੋ ਬੰਦਿ ਵਿਚਿ ਆਇਆ ਹੈ,ਤਿਸਦੇ ਸਿਰ ਤੇ ਉਪਰਿ ਹਥ ਭਰ*

*'ਹਥ ਭਰ' ਪਾਠ ਹਾ:ਬਾ:ਨੁ: ਦਾ ਹੈ ।

ਪੰਡ ਜਾਂਦੀ ਹੈ। ਅਤੈ ਉਸਦੇ ਇਕੁ ਡੂਮ ਹੈ ਤਿਸਦੇ ਪਿਛੈ ਘੋੜਾ ਜਾਂਦਾ ਹੈ। ਅਰੁ ਰਬਾਬੁ ਵਜਾਇਦਾ ਜਾਂਦਾ ਹੈ, ਖੁਦਾਇ ਦੀ ਬੰਦਗੀ ਕਰਦਾ ਹੈ'। ਤਾਂ ਪਾਤਿਸਾਹਿ ਆਖਿਆ, 'ਜੋ ਐਸਿਆਂ ਫਕੀਰਾਂ ਹੋਂਦਿਆ ਸਹਰੁ ਮਾਰਣਾ ਨਾਹ ਥਾ'। ਤਾਂ ਮੀਰ ਆਖਿਆ, 'ਜੀ ਕਰਮੁ ਕਰਿਕੈ ਦੇਖਹੁ'।

ਤਬ ਡੇਰੇ ਜਾਇ ਪਾਏ ਕੋਹਾਂ ਦੁਹੁੰ ਉਪਰਿ ਤਬ ਚਕੀਆਂ ਆਗੈ ਮਿਲੀਆਂ। ਆਖਿਓਨੈ ਜੋ 'ਦਾਨਾ ਦਲਹੁ ਸਰਕਾਰ ਕਾ' ਪਾਠਾਣੀ ਅਤੈ ਖਤਰਾਣੀਆਂ ਅਤੈ ਬ੍ਰਾਮਣੀਆਂ ਸਭੇ ਇਕਠੀਆਂ ਬਹਾਲੀਆਂ ਅਤੈ ਚਕੀਆਂ ਅਗੈ ਮਿਲੀਆਂ। ਤਬ ਬਾਬੇ ਨੂੰ ਭੀ ਇਕ*ਚਕੀ ਮਿਲੀ, ਤਾਂ ਬਾਬੇ ਕੀ ਚਕੀ ਆਪੇ ਫਿਰੇ। ਬਾਬਾ ਬੈਠਾ ਗਾਲਾ ਹੀ ਪਾਵੈ। ਤਦਿ ਪਾਤਿਸਾਹੁ ਆਇ ਗਇਆ। ਤਬ ਬਾਬਾ ਬੋਲਿਆ ਸਬਦੁ ਸ੍ਰੀ ਸਤਿਗੁਰੂ ਪ੍ਰਸਾਦਿ: — ਰਾਗੁ ਆਸਾ ਮਹਲਾ ੧ ਅਸਟਪਦੀਆ ਘਰੁ ੩ ॥

ਜਿਨ੍ ਸਿਰਿ ਸੋਹਨਿ ਪਟੀਆ ਮਾਂਗੀਪਾਇ ਸੰਧੂਰੁ॥ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ॥ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨਿ ਹਦੂਰਿ ॥੧॥ ਆਦੇਸੁ ਬਾਬਾ ਆਦੇਸੁ॥ਆਦਿ ਪੁਰਖ ਤੇਰਾ ਅਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ ॥ ੧ ॥ ਰਹਾਉ॥ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ॥ ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ ॥ ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ॥੨॥ ਇਕ ਲਖੁ ਲਹਨਿ੍ ਬਹਿਠੀਆ ਲਖੁ ਲਹਨਿ੍ ਖੜੀਆ॥ਗਰੀ ਛੁਹਾਰੇ ਖਾਂਦੀਆ ਮਾਣਨਿ੍ ਸੇਜੜੀਆ॥ ਤਿਨ੍ਹ ਗਲਿ ਸਿਲਕਾ ਪਾਈਆ ਤੁਟਨਿ੍ ਮੋਤਸਰੀਆ ॥ ੩ ॥ ਧਨੁ ਜੋਬਨੁ ਦੁਇ ਵੈਰੀ ਹੋਏ ਜਿਨੀ ਰਖੇ ਰੰਗੁ ਲਾਇ ॥ ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ ॥ ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ ॥ ੪ ॥ ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ॥ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ ॥ ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ॥ ੫ ॥ ਇਕਨਾ ਵਖਤ ਖੁਆਈਅਹਿ ਇਕਨ੍ਹਾ ਪੂਜਾ ਜਾਇ ॥ ਚਉਕੇ ਵਿਣੁ ਹਿੰਦਵਾਣੀਆ ਕਿਉ ਟਿਕੇ ਕਢਹਿ ਨਾਇ ॥ ਰਾਮੁ ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ ॥ ੬ ॥ ਇਕਿ ਘਰਿ ਆਵਹਿ ਆਪਣੈ ਇਕਿ ਮਿਲਿ ਮਿਲਿ ਪੁਛਹਿ ਸੁਖ ॥ ਇਕਨਾ ਏਹੋ ਲਿਖਿਆ ਬਹਿ ਬਹਿ ਰੋਵਹਿ ਦੁਖ ॥ ਜੋ ਤਿਸੁ ਭਾਵੈ ਸੋ ਥੀਐ ਨਾਨਕ ਕਿਆ ਮਾਨੁਖ ॥ ੭ ॥ ੧੧ ॥

ਤਦਹੁ ਪਾਤਿਸਾਹਿ ਪੁਛਿਆ, ਬਾਬਰੁ†। ਤਦੋਂ ਬਾਬਾ ਬਿਸਮਾਦ ਹੋ ਘਰਿ ਆਇਆ। ਤਦਹੁ ਕਰਾਮਾਤ ਲਗਾ ਮੰਗਣਿ। ਉਤ ਮਹਿਲਿ ਸਬਦੁ ਹੋਆ ਰਾਗ

---

*'ਭੀ ਇਕ' ਪਾਠ ਹਾ:ਬਾ:ਨੁ:ਦਾ ਹੈ। †ਹਾ:ਬਾ: ਨੁਸਖੇ ਵਿਚ ਪਦ'ਬਾਬਰ' ਇਥੇ ਹੈ ਨਹੀਂ ਅਤੇ ਇਥੇ ਭੀ ਬੇਲੋੜਾ ਭਾਸਦਾ ਹੈ।

ਤਿਲੰਗ ਵਿਚਿ* ਮ: ੧ ॥

ਜਿਸ ਤੂ ਰਖਹਿ ਮਿਹਰਿਵਾਨੁ ਕੋਈ ਨ ਸਕੈ ਮਾਰੇ ॥ ਤੇਰੀ ਉਪਮਾ ਕਿਆ ਗਨੀ ਤਉ ਅਗਨਤ ਉਧਾਰੇ ॥ ੧ ॥ ਰਖਿ ਲੇਹਿ ਪਿਆਰੇ ਰਾਖਿ ਲੇਹ ਮੈ ਦਾਸਰਾ ਤੇਰਾ॥ਜਲਿ ਥਲਿ ਮਹੀਅਲਿ ਰਵਿ ਰਹਿਆ ਸਚਾ ਠਾਕੁਰੁ ਮੇਰਾ॥ ਰਹਾਉ ॥ ਜੈ ਦੇਉ ਨਾਮਾ ਤੈ ਰਾਖੇ ਲੀਏ ਤੇਰੇ ਭਗਤਿ ਪਿਆਰੇ ॥ ਜਿਨ ਕਉ ਤੈ ਆਪਣਾ ਨਾਮੁ ਦੀਆ ਸੇ ਤੈ ਪਾਰਿ ਉਤਾਰੇ ॥ ੨ ॥ ਨਾਮਾ ਸੈਨੁ ਕਬੀਰੁ ਤਿਲੋਚਨੁ ਤਉ ਰਾਖਿ ਲੀਏ ਤੇਰੇ ਨਾਮ ਸੰਗਿ ਬਨਿਆ॥ਰਵਦਾਸੁ ਚਮਿਆਰੁ ਧਾਨਾ ਤਉ ਰਾਖਿ ਲੀਆ ਤੇਰਿਆ ਭਗਤਾ ਸੰਗਿ ਗਨਿਆ ॥ ੩ ॥ ਨਾਨਕੁ ਕਰਤਾ ਬੇਨਤੀ ਕੁਲ ਜਾਤਿ ਕਾ ਹੀਨਾ ॥ ਸੰਸਾਰ ਸਾਗਰ ਤੇ ਕਾਢਿ ਕੈ ਆਪੁਨਾ ਕਰਿ ਲੀਨਾ ॥ ੪ ॥

ਜਾਂ ਬਾਬੈ ਏਹੁ ਸਬਦੁ ਆਖਿਆ, ਤਾਂ ਪਤਿਸਾਹਿ ਬਾਬਰਿ ਆਇ ਪੈਰ ਚੁਮੇ । ਆਖਿਓਸੁ 'ਇਸੁ ਫਕੀਰ ਦੇ ਮੁਹ ਵਿਚਿ ਖੁਦਾਇ ਨਦਰਿ ਆਂਵਦਾ ਹੈ' । ਤਬ ਲੋਕ ਹਿੰਦੂ ਮੁਸਲਮਾਨ ਸਭ ਸਲਾਮਾਂ ਲਗੇ ਕਰਣਿ। ਤਾਂ ਪਾਤਿਸਾਹਿ ਆਖਿਆ, 'ਏ ਦਰਵੇਸ ! ਕੁਛ ਕਬੂਲ ਕਰੁ' । ਤਾਂ ਗੁਰੂ ਬਾਬੈ ਆਖਿਆ, 'ਅਸਾਡੇ ਕੰਮਿ ਕੁਛੁ ਨਾਹੀਂ', ਪਰੁ ਏਹ ਜੋ ਬੰਦਿ ਹੋਈ ਹੈ ਸੈਦਪੁਰ ਕੀ, ਸੋ ਛੋਡਿ ਦੇਹਿ, ਅਤੈ ਇਨਾਂ ਕਾ ਕਛੁ ਗਇਆ ਹੈ ਸੋ ਫਿਰਿ ਦੇਹ' । ਤਬਿ ਬਾਬਰਿ ਪਾਤਿਸਾਹਿ ਹੁਕਮੁ ਕੀਤਾ 'ਜੋ ਬੰਦ ਹੈ, ਸੋ ਛੋਡ ਦੇਹੁ, ਅਤੈ ਵਸਤੁ ਫਿਰਿ ਦੇਹੁ' । ਤਾਂ ਸੈਦਪੁਰ ਕੀ ਬੰਦਿ ਦਰੋਖਸਤੁ ਛੋਡਿ ਦਿਤੀ । ਤਬ ਬਾਬੇ ਬਿਨਾਂ ਜਾਵਨਿ ਨਾਹੀਂ । ਤਬ ਬਾਬਾ ਤੀਸਰੇ ਦਿਨਿ ਸੈਦਪੁਰ ਫਿਰਿ ਆਇਆ । ਜਾਂ ਆਇ ਕਰਿ ਦਿਖੇ ਤਾਂ ਕੀ ਵੇਖੈ, ਸਭ ਕਤਲਾਮ ਪਏ ਹੈਨਿ।ਤਬ ਬਾਬੈ ਆਖਿਆ;'ਮਰਦਾਨਿਆਂ! ਇਹ ਕਿਆ ਵਰਤੀ ?' ਤਾਂ ਮਰਦਾਨੈ ਆਖਿਆ, 'ਜੀ ਪਾਤਿਸਾਹ ! ਜੋ ਤੁਧੁ ਭਾਣਾ ਸਾਈ ਵਰਤੀ' । ਤਬ ਬਾਬੈ ਆਖਿਆ, 'ਮਰਦਾਨਿਆਂ ! ਰਬਾਬੁ ਵਜਾਇ' । ਤਾਂ ਮਰਦਾਨੈ ਰਬਾਬੁ ਵਜਾਇਆ,ਰਾਗੁ ਆਸਾ ਕੀਤਾ,ਬਾਬੈ ਸਬਦੁ ਉਠਾਇਆ ਮ:੧॥

ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ॥ਕਹਾ ਸੁ ਤੇਗ ਬੰਦ ਗਾਡੇ-ਰੜਿ ਕਹਾਸੁ ਲਾਲ ਕਵਾਈ॥ ਕਹਾ ਸੁ ਆਰਸੀਆ ਮੁਹਬੰਕੇ ਐਥੈ ਦਿਸਹਿ ਨਾਹੀ ॥ ੧ ॥ ਇਹੁ ਜਗੁ ਤੇਰਾ ਤੂ ਗੋਸਾਈ॥ਏਕ ਘੜੀ ਮਹਿ ਥਾਪਿ ਉਥਾਪੇ ਜਰੁ ਵੰਡਿ ਦੇਵਹਿ ਭਾਂਈ ॥ ੧ ॥ ਰਹਾਉ॥ਕਹਾਂ ਸੁ ਘਰ ਦਰ ਮੰਡਪ ਮਹਲਾ ਕਹਾ ਸੁ ਬੰਕ ਸਰਾਈ ॥ ਕਹਾਂ ਸੁ ਸੇਜ ਸੁਖਾਲੀ ਕਾਮਣਿ ਜਿਸੁ ਵੇਖਿ ਨੀਦ ਨ ਪਾਈ ॥ ਕਹਾ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈ ਮਾਈ ॥ ੨ ॥ ਇਸੁ ਜਰਿ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥ ਪਾਪਾ

*ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਹਰ ਦਾ ਹੈ, ਗੁਰਬਾਣੀ ਨਹੀਂ ਹੈ।

ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥ਜਿਸਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ ॥ ੩ ॥ ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ॥ ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥ ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ॥੪। ਮੁਗਲ ਪਠਾਣਾ ਭਈ ਲੜਾਈ ਰਣਮਹਿ ਤੇਗ ਵਗਾਈ॥ਓਨੀ ਤੁਪਕ ਤਾਣਿ ਚਲਾਈ ਓਨ੍ਹੀ ਹਸਤਿ ਚਿੜਾਈ ॥ ਜਿਨ ਕੀ ਚੀਰੀ ਦਰਗਹ ਫਾਟੀ ਤਿਨ੍ਹਾ ਮਰਣਾ ਭਾਈ ॥੫॥ ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ ॥ ਇਕਨ੍ਹਾ ਪੇਰਣ ਸਿਰ ਖੁਰ ਪਾਟੇ ਇਕਨਾ ਵਾਸੁ ਮਸਾਣੀ॥ ਜਿਨ੍ਹਕੇ ਬੰਕੇ ਘਰੀ ਨ ਆਇਆ ਤਿਨ੍ਹ ਕਿਉ ਰੈਣਿ ਵਿਹਾਣੀ ॥ ੬ ॥ ਆਪੇ ਕਰੇ ਕਰਾਏ ਕਰਤਾ ਕਿਸ ਨੋ ਆਖਿ ਸੁਣਾਈਐ ॥ ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸਥੈ ਜਾਇ ਰੂਆਈਐ॥ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ ॥ ੭ ॥ ੧੨ ॥

ਤਬ ਬਾਬਰਵਾਣੀ ਪੂਰੀ ਹੋਈ, ਲਾਇਕਰ ਘਰ ਆਇਆ*।ਤਿਤੁ ਮਹਿਲੇ ਬਾਬੈ ਸਬਦੁ ਕੀਤਾ ਰਾਗੁ ਸੋਰਠਿ ਵਿਚਿ ਮ: ੧ ॥

ਸੋਰਠਿ ਮਹਲਾ ੫† ॥

ਗਈ ਬਹੋੜੁ ਬੰਦੀ ਛੋੜੁ ਨਿਰੰਕਾਰੁ ਦੁਖਦਾਰੀ ॥ ਕਰਮੁ ਨ ਜਾਣਾ ਧਰਮੁ ਨ ਜਾਣਾ ਲੋਭੀ ਮਾਇਆ ਧਾਰੀ॥ਨਾਮੁ ਪਰਿਓ ਭਗਤੁ ਗੋਵਿੰਦ ਕਾ ਇਹ ਰਾਖਹੁ ਪੈਜ ਤੁਮਾਰੀ ॥੧॥ ਹਰਿ ਜੀਉ ਨਿਮਾਣਿਆ ਤੂ ਮਾਣੁ ॥ ਨਿਚੀਜਿਆ ਚੀਜ ਕਰੇ ਮੇਰਾ ਗੋਵਿੰਦੁ ਤੇਰੀ ਕੁਦਰਤਿ ਕਉ ਕੁਰਬਾਣੁ ॥ ਰਹਾਉ॥ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ॥ ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ ॥ ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥੨॥ ਹਰਿ ਅੰਤਰਜਾਮੀ ਸਭ ਬਿਧਿ ਜਾਣੈ ਤਾ ਕਿਸੁ ਪਹਿ ਆਖਿ ਸੁਣਾਈਐ ॥ ਕਹਣੈ ਕਥਨਿ ਨ ਭੀਜੈ ਗੋਬਿੰਦੁ ਹਰਿ ਭਾਵੈ ਪੈਜ ਰਖਾਈਐ ॥ ਅਵਰ ਓਟ ਮੈ ਸਗਲੀ ਦੇਖੀ ਇਕ ਤੇਰੀ ਓਟ ਰਹਾਈਐ॥ ੩॥ ਹੋਇ ਦਇਆਲੁ ਕਿਰਪਾਲੁ ਪ੍ਰਭੁ ਠਾਕੁਰੁ ਆਪੇ ਸੁਣੈ ਬੇਨੰਤੀ॥ਪੂਰਾ ਸਤਗੁਰੁ ਮੇਲਿ ਮਿਲਾਵੈ ਸਭ ਚੂਕੈ ਮਨ ਕੀ ਚਿੰਤੀ॥ ਹਰਿ ਹਰਿ ਨਾਮੁ ਅਵਖਦੁ ਮੁਖਿ ਪਾਇਆ ਜਨ ਨਾਨਕ ਸੁਖਿ ਵਸੰਤੀ ॥ ੪ ॥ ੧੨ ॥ ੬੨ ॥

ਤਬਿ ਬਾਬਾ ਸੈਦਪੁਰ ਵਿਚਿ ਆਇਆ । ਤਾਂ ਲੋਕ ਹਿੰਦੂ ਮੁਸਲਮਾਨ ਲਾਗੇ

---

*'ਪੂਰੀ ਹੋਈ...ਤੋਂ...ਆਇਆ' ਤੱਕ ਦਾ ਪਾਠ ਹਾ: ਵਾ: ਨੁ: ਦਾ ਹੈ। ਵਲੈਤੀ ਪੋਥੀ ਵਿਚ ਏਸ ਦੀ ਥਾਂ ਪਾਠ ਕੇਵਲ ਏਹ ਹੈ 'ਪਰੀ ਹੋਈ'।

†ਇਹ ਸਬਦ ਪੰਚਮ ਪਾਤਿਸਾਹਿ ਜੀ ਦਾ ਹੈ,ਲਿਖਾਰੀ ਦੀ ਯਾ ਕਰਤਾ ਦੀ ਭੁੱਲ ਹੈ।

ਮੁਰਦੇ ਦਬਣਿ, ਜਲਾਵਣਿ । ਘਰਿ ਘਰਿ ਲਗੇ ਰੋਵਣਿ ਪਿਟਣਿ । ਓਹੁ ਓਹੁ ਲਗੇ ਕਰਣਿ । ਤਬ ਗੁਰੂ ਬਾਬਾ ਬਿਸਮਾਦ ਵਿਚਿ ਆਇਆ । ਤਿਸੁ ਮਹਿਲੇ ਸਬਦ ਹੋਆ ਰਾਗੁ ਆਸਾ ਕਾਫੀ ਘਰੁ ੨ ॥

ਜੈਸੇ ਗੋਇਲਿ ਗੋਇਲੀ ਤੈਸੇ ਸੰਸਾਰਾ ॥ ਕੂੜੁ ਕਮਾਵਹਿ ਆਦਮੀ ਬਾਂਧਹਿ ਘਰ ਬਾਰਾ ॥ ੧ ॥ ਜਾਗਹੁ ਜਾਗਹੁ ਸੂਤਿਹੋ ਚਲਿਆ ਵਣਜਾਰਾ ॥ ੧ ॥ ਰਹਾਉ ॥ ਨੀਤ ਨੀਤ ਘਰ ਬਾਂਧੀਅਹਿ ਜੇ ਰਹਣਾ ਹੋਈ॥ ਪਿੰਡੁ ਪਵੈ ਜੀਉ ਚਲਸੀ ਜੇ ਜਾਣੈ ਕੋਈ ॥ ੨ ॥ ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ ॥ ਤੁਮ ਰੋਵਹੁਗੇ ਓਸਨੋ ਤੁਮ ਕਉ ਕਉਣੁ ਰੋਈ ॥੩॥ ਧੰਧਾ ਪਿਟਿਹੁ ਭਾਈ ਹੋ ਤੁਮ੍ ਕੂੜੁ ਕਮਾਵਹੁ॥ਓਹੁ ਨ ਸੁਣਈ ਕਤਹੀ ਤੁਮ ਲੋਕ ਸੁਣਾਵਹੁ॥੪॥ਜਿਸਤੇ ਸੁਤਾ ਨਾਨਕਾ ਜਾਗਾਇ ਸੋਈ ॥ ਜੇ ਘਰੁ ਬੂਝੈ ਆਪਣਾ ਤਾਂ ਨੀਦ ਨ ਹੋਈ॥ ੫ ॥ ਜੇ ਚਲਦਾ ਲੈ ਚਲਿਆ ਕਿਛੁ ਸੰਪੈ ਨਾਲੇ ॥ ਤਾ ਧਨੁ ਸੰਚਹੁ ਦੇਖਿਕੈ ਬੂਝਹੁ ਬੀਚਾਰੇ ॥੬॥ ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ॥ ਅਉ-ਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥ ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ॥ ਤਾਂ ਵਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥੮॥ ਕਰਮੁ ਹੋਵੈ ਸਤਿਗੁਰੁ ਮਿਲੈ ਬੂਝੈ ਬੀਚਾਰਾ ॥ ਨਾਮੁ ਵਖਾਣੈ ਸੁਣੇ ਨਾਮੁ ਨਾਮੇ ਬਿਉਹਾਰਾ ॥ ੯ ॥ ਜਿਉ ਲਾਹਾ ਤੋਟਾ ਤਿਵੈ ਵਾਟ ਚਲਦੀ ਆਈ ॥ ਜੋ ਤਿਸੁ ਭਾਵੈ ਨਾਨਕਾ ਸਾਈ ਵਡਿਆਈ ॥੧੦॥੧੩॥

ਤਬ ਇਕ ਦਿਨਿ ਮਰਦਾਨੈ ਅਰਜੁ ਕੀਤਾ, ਆਖਿਓਸੁ 'ਜੀ ਇਹ ਤਾਂ ਇਕਸੈ ਵਿਗਾੜਿਆ, ਅਤੈ ਇਤਨੇ ਕਿਉਂ ਮਾਰੇ ?' ਤਬ ਗੁਰੂ ਬਾਬੈ ਆਖਿਆ, 'ਮਰਦਾ-ਨਿਆਂ ! ਓਸ ਦਰਖਤ ਤਲੈ ਜਾਇ ਸਉਂ, ਜਾਂ ਉਠਹਿਗਾ ਤਾਂ ਜਬਾਬੁ ਦੇਹਗੇ'। ਤਬ ਮਰਦਾਨਾ ਜਾਇ ਸੁਤਾ । ਤਾਂ ਏਕ ਬੂੰਦ ਚਿਕਣਾਈ ਕੀ ਪਈ ਥੀ ਸੀਨੇ ਉਪਰਿ, ਰੋਟੀ ਖਾਂਦਿਆਂ । ਜਿਉ ਸੁਤਾ ਥਾ, ਤਿਉ ਕੀੜੀਆਂ ਆਇ ਲਗੀਆਂ । ਇਕ ਜੋ ਕੀੜੀ ਲੜੀ ਸੁਤੇ ਹੋਏ ਨੂੰ ਤਾਂ ਹਥਿ ਨਾਲਿ ਸਭੇ ਮਲਿ ਸਟੀਆਂ।ਤਾਂ ਬਾਬੈ ਆਖਿਆ, 'ਕਿਆ ਕੀਤੋ ਵੇ ਮਰਦਾਨਿਆਂ ?' ਤਾਂ ਮਰਦਾਨੇ ਆਖਿਆ, 'ਜੀ ਕੋਈ ਹਿਕ ਜੋ ਲੜੀ ਸਭੇ ਮਰਿ ਗਈਆਂ' । ਤਾਂ ਬਾਬਾ ਹਸਿਆ*, ਆਖਿਓਸੁ, 'ਮਰਦਾਨਿਆਂ ! ਇਵੇ ਹੀ ਮਰਦੀ ਆਈ*, ਇਕਸ ਦਾ ਸਦਕਾ' । ਤਾਂ ਮਰਦਾਨਾ ਆਇ ਪੈਰੀਂ ਪਇਆ । ਤਬ ਸੈਦਪੁਰ ਕਾ ਲੋਕੁ ਬਹੁਤੁ ਨਾਉਂ ਧਰੀਕੁ ਸਿਖ† ਹੋਆ । ਤਬ ਝਾੜੂ

---

*ਬਾਬਾ ਜੀ ਦੇ ਹਸਣ ਤੋਂ ਤੇ 'ਮਰਦੀ ਆਈ' ਆਦਿ ਪਦਾਂ ਤੋਂ ਸਪਸ਼ਟ ਹੈ ਕਿ ਗੁਰੂ ਜੀ ਇਸ ਜਗਤ ਦਾ ਆਮ ਵਰਤਾਰਾ ਦੱਸ ਰਹੇ ਹਨ ਜੋ ਭੁਲ ਵਾਲਾ ਹੈ, ਤੇ ਇਸ ਨੂੰ ਮਖ਼ੌਲ ਕਰ ਰਹੇ ਹਨ, ਰੱਬੀ ਕਾਨੂੰਨ ਇਸ ਨੂੰ ਨਹੀਂ ਦੱਸ ਰਹੇ ।

†'ਸਿਖ' ਪਾਠ ਹਾ: ਵਾ: ਨੁਸਖੇ ਦਾ ਹੈ ।

ਕਲਾਲੁ ਬੰਦਿ ਵਿਚਿ ਥਾ, ਓਨਿ ਲਿਖਿ ਲਇਆ, ਖਰੜ ਖਾਨ ਪੁਰ ਕਾ ਥਾ ਪਰੁ ਸੰਗਤਿ ਵਿਚਿ ਗਵਿਆਛਣੀ, ਤਵ ਕਾ ਉਦਾਸੀ ਹੋਆ। ਤਦਹੁ ਬਾਬਾ ਓਥਹੁ ਰਵਦਾ ਰਹਿਆ*। ਬੋਲੋ ਵਾਹਿਗੁਰੂ।

---

*ਤਬ ਝਾੜੂ...ਤੋਂ...ਰਵਦਾ ਰਹਿਆ ਦੀ ਥਾਂ ਹਾ:ਵਾ:ਨੁ: ਵਿਚ ਐਉਂ ਲੰਮੀ ਸਾਖੀ ਲਿਖੀ ਹੈ:–ਤਬ ਫਿਰ ਪਿਛੋਂ ਜਾਇ ਲਸ਼ਕਰ ਵਿਚ ਵੜਿਆ। ਮੀਰ ਬਾਬਰ ਜੋ ਥਾ, ਸੋ ਕਲੰਦਰ ਥਾ। ਦਿਨ ਕਉ ਪਾਤਸਾਹੀ ਕਰਦਾ ਥਾ ਅਰ ਰਾਤ ਕਉ ਪੈਰੀਂ ਸੰਗਲ ਘੱਤ ਕਰ ਸਿਰ ਤਲਵਾਇਆ ਬੰਦਗੀ ਕਰਦਾ ਥਾ। ਪਿਛਲੀ ਰਾਤ ਰਹਿੰਦੀ ਉਠ ਕੇ ਬਹੁਤ ਬੰਦਗੀ ਕਰਦਾ ਥਾ, ਅਰ ਜਾਂ ਸੁਬਾਹ ਹੋਵੈ ਤਾਂ ਉਠ ਕਰ ਨਿਮਾਜ ਕਰੈ। ਤ੍ਰੀਹੇ ਸਿਪਾਰੇ ਕੁਰਾਨ ਕੇ ਪੜੇ, ਤਾਂ ਫਿਰ ਪਿਛੈ ਭੰਗ ਖਾਵੈ।ਜਾਂ ਬਾਬਾ ਲਸ਼ਕਰ ਵਿਚ ਵੜਿਆ, ਤਾਂ ਲੱਗਾ ਸਬਦ ਗਾਵਣ। ਬੰਦੀਵਾਨ ਭੀ ਪਾਸੇ ਹੋਵਨ। ਬੰਦੀਵਾਨਾਂ ਵਲੋਂ ਵੇਖ ਕਰ ਬਾਬਾ ਬਹੁਤ ਆਜਜ਼ ਹੋਵੇ। ਤਾਂ ਬਾਬੈ ਆਖਿਆ, 'ਮਰਦਾਨਿਆ, ਰਬਾਬ ਵਜਾਇ'। ਤਾਂ ਬਾਬੇ ਸਬਦ ਕੀਤਾ ਰਾਗ ਆਸਾ ਵਿਚ:–ਆਸਾ ਮਹਲਾ ੧

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ॥ ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥ ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥੧॥ ਕਰਤਾ ਤੂੰ ਸਭਨਾ ਕਾ ਸੋਈ॥ ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥੧॥ ਰਹਾਉ॥ ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥ਰਤਨ ਵਿਗਾੜਿ ਵਿਗੋਏ ਕੁਤੀਂ ਮੁਇਆ ਸਾਰ ਨ ਕਾਈ॥ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ॥੨॥ ਜੇ ਕੋ ਨਾਉ ਧਰਾਇ ਵਡਾ ਸਾਦ ਕਰੇ ਮਨਿ ਭਾਣੇ॥ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ॥ਮਰਿ ਮਰਿ ਜੀਵੈ ਤਾ ਕਿਛੁ ਪਾਇ ਨਾਨਕ ਨਾਮੁ ਵਖਾਣੇ॥੩॥੫॥੩੯॥

ਜਾਂ ਇਹ ਸਬਦ ਮੀਰ ਬਾਬਰ ਸੁਣਿਆਂ, ਤਾਂ ਆਖਿਆਸੁ, 'ਯਾਰੋ! ਇਸ ਫਕੀਰ ਕਉ ਲੈ ਆਵਹੁ' ਤਾਂ ਆਦਮੀ ਗਏ, ਬਾਬੇ ਕਉ ਲੈਕਰ ਹਾਜਰ ਕੀਤਾ। ਤਬ ਬਾਬਰ ਕਹਿਆ, 'ਫਕੀਰ ਜੀ! ਇਹ ਜੋ ਅਵਾਜ ਕੀਆ ਹੈ, ਸੋ ਫੇਰ ਕਰੋ'। ਤਬ ਬਾਬੇ ਫੇਰ ਓਹ ਸਬਦ ਸੁਣਾਇਆ। ਤਾਂ ਬਾਬਰ ਕੇ ਕਪਾਟ ਖੁੱਲ ਗਏ। ਤਬ ਬਾਬਰ ਕਹਿਆ,'ਯਾਰੋ! ਇਹ ਫਕੀਰ ਭਲਾ ਹੈ'।ਤਬ ਹਮਾਚਾ ਭੰਗ ਕਾ ਖੋਲਿਆ, ਬਾਬੇ ਕੇ ਅੱਗੇ ਰੱਖਿਆ, ਕਹਿਓਸੁ,'ਫਕੀਰ ਜੀ ਭੰਗ ਖਾਹਿ'।ਤਬ ਬਾਬੇ ਕਹਿਆ, 'ਮੀਰ ਜੀ! ਮੈਂ ਭੰਗ ਖਾਈ ਹੈ, ਮੈਂ ਐਸੀ ਭੰਗ ਖਾਈ ਹੈ, ਤਿਸਕਾ ਅਮਲ ਕਦੇ ਨਾਹੀਂ ਉਤਰਤਾ'। ਤਬ ਬਾਬਰ ਕਹਿਆ, 'ਜੀ ਉਹ ਅਮਲ ਕਉਣ ਹੈ, ਜਿਸਕਾ ਅਮਲ ਕਦੇ ਨਾਹੀਂ ਉਤਰਤਾ?' ਤਬ ਬਾਬੇ ਕਹਿਆ, 'ਮਰਦਾਨਿਆਂ, ਰਬਾਬ ਵਜਾਇ'। ਤਾਂ ਬਾਬੇ ਸ਼ਬਦ ਕੀਤਾ ਤਿਲੰਗ ਵਿਚ:– ਤਿਲੰਗ ਮਹਲਾ ੧ ਘਰੁ ੨॥

[ਬਾਕੀ ਨੋਟ ਦੇਖੋ ਪੰਨਾ ੭੭ ਦੇ ਹੇਠ]

# ੩੬. ਗੋਸ਼ਟ ਮੀਆ ਮਿੱਠਾ.

ਪਸਰੂਰਿ ਵਿਚਿਦੋ ਮੀਯੇ ਮਿਠੇ ਦੇ ਕੋਟਲੇ ਵਿਚਿ ਆਇ ਨਿਕਲੇ ਕੋਸ ਅਧ ਉਪਰਿ। ਓਥੈ ਬਾਗ ਵਿਚਿ ਜਾਇ ਬੈਠੇ। ਤਬ ਮੀਏ ਮਿਠੇ ਨੂ ਅਗਾਹ ਹੋਈ, ਆਪਣਿਆਂ ਮੁਰੀਦਾਂ ਵਿਚਿ ਆਖਿਓਸੁ, 'ਜੋ ਨਾਨਕੁ ਭਲਾ ਫਕੀਰੁ ਹੈ, ਪਰੁ ਜੋ

---

[ਸਫਾ ੭੬ ਦੀ ਬਾਕੀ ਟੂਕ]

ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ॥ ਮੈ ਦੇਵਾਨਾ ਭਇਆ ਅਤੀਤ ॥ ਕਰ ਕਾਸਾ ਦਰਸਨ ਕੀ ਭੂਖ ॥ ਮੈ ਦਰਿ ਮਾਗਉ ਨੀਤਾ ਨੀਤ॥੧॥ ਤਉ ਦਰਸਨ ਕੀ ਕਰਉ ਸਮਾਇ॥ ਮੈ ਦਰਿ ਮਾਗਤੁ ਭੀਖਿਆ ਪਾਇ॥੧॥ਰਹਾਉ॥ਕੇਸਰਿ ਕੁਸਮ ਮਿਰਗ ਮੈ ਹਰਣਾ ਸਰਬ ਸਰੀਰੀ ਚੜ੍ਹਣਾ ॥ ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ ॥ ੨ ॥ ਘਿਅਪਟ ਭਾਂਡਾ ਕਹੈ ਨ ਕੋਇ ॥ ਐਸਾ ਭਗਤੁ ਵਰਨ ਮਹਿ ਹੋਇ ॥ ਤੇਰੈ ਨਾਮਿ ਨਿਵੇ ਰਹੇ ਲਿਵ ਲਾਇ ॥ ਨਾਨਕ ਤਿਨ ਦਰਿ ਭੀਖਿਆ ਪਾਇ ॥ ੩ ॥ ੧ ॥ ੨ ॥

ਜਬ ਏਹ ਸਬਦ ਬਾਬੇ ਕਹਿਆ,ਤਾਂ ਮੀਰ ਬਾਬਰ ਬਹੁਤ ਖੁਸਾਲ ਹੋਇਆ, ਕਹਿਓਸੁ, 'ਫਕੀਰ ਜੀ ! ਮੇਰੇ ਸਾਥ ਚਲ'। ਤਾਂ ਬਾਬੇ ਕਹਿਆ, 'ਮੀਰ ਜੀ ! ਏਕ ਦਿਨ ਤੇਰੈ ਪਾਸ ਰਹਾਂਗਾ'। ਤਾਂ ਫੇਰ ਬਾਬਰ ਕਹਿਆ, 'ਜੀ ਤਿੰਨ ਦਿਨ ਰਹੋ'। ਤਾਂ ਬਾਬੇ ਕਹਿਆ, 'ਰਹਾਂਗਾ'। ਪਰ ਬਾਬਾ ਬੰਦੀਵਾਨਾਂ ਵਲੋਂ ਦੇਖ ਕੇ ਬਹੁਤ ਗਮ ਖਾਵੇ। ਤਾਂ ਬਾਬੇ ਆਖਿਆ, 'ਮਰਦਾਨਿਆਂ,ਰਬਾਬ ਵਜਾਇ'। ਤਾਂ ਮਰਦਾਨੇ ਰਬਾਬ ਵਜਾਇਆ,ਬਾਬੇ ਸਬਦ ਬੋਲਿਆ ਰਾਗ ਆਸਾ ਵਿਚ। ਤਾਂ ਏਹ ਸਬਦ ਬੋਲਿਆ (ਏਥੇ ਕੋਈ ਸ਼ਬਦ ਨਹੀਂ ਦਿਤਾ, ਪਰ ਭਾਵ ਪਿਛਲੇ ਸ਼ਬਦ ਤੋਂ ਪ੍ਰਤੀਤ ਹੁੰਦਾ ਹੈ, ਜਿਸ ਦੀ ਪਹਿਲੀ ਤੁਕ 'ਖੁਰਾਸਾਨ ਖਸਮਾਨਾ' ਹੈ।–ਸੰਪਾਦਿਕ) ਤਾਂ ਹਾਲਤ ਵਿਚ ਆਇ ਗਇਆ। ਬਾਬਾ ਪੈ ਰਹਿਆ ਤਾਂ ਬਾਬਰ ਆਇ ਉਪਰ ਖੜਾ ਹੋਆ, ਆਖਿਓਸੁ, 'ਫਕੀਰ ਕਉ ਕਿਆ ਹੂਆ ?' ਤਾਂ ਲੋਕਾਂ ਕਹਿਆ, 'ਜੀ ਇਹ ਫਕੀਰ ਦਰਦਵੰਦ ਹੈ,ਖੁਦਾਇ ਦਾ ਗਜ਼ਬ ਦੇਖ ਕੇ ਹਾਲਤ ਵਿਚ ਆਇਆ ਹੈ'।

ਤਾਂ ਬਾਬਰ ਕਹਿਆ, 'ਯਾਰੋ, ਖੁਦਾ ਅਗੇ ਹੱਥ ਜੋੜਹੁ ਜੋ ਇਹ ਫਕੀਰ ਖੜਾ ਹੋਵੈ'। ਤਬ ਬਾਬਾ ਉਠ ਬੈਠਾ। ਬਾਬੇ ਦੇ ਉਠਣੇ ਨਾਲ ਐਸਾ ਚਾਨਣਾ ਹੋਆ ਆਖੀਐ ਕਈ ਹਜ਼ਾਰ ਸੂਰਜ ਚੜ੍ਹੇ ਹੈਨ, ਤਾਂ ਬਾਬਰ ਸਲਾਮ ਕੀਤਾ, ਆਖਿਓਸੁ, 'ਜੀ ਤੂੰ ਮੇਹਰਬਾਨ ਹੋਹੁ'। ਤਾਂ ਬਾਬੇ ਕਹਿਆ, 'ਮੀਰ ਜੀ, ਜੇ ਤੂੰ ਮੇਹਰ ਚਾਹੁਤਾ ਹੈਂ, ਤਾਂ ਬੰਦੀਵਾਨ ਛੋਡ ਦੇਹ'। ਤਾਂ ਬਾਬਰ ਕਹਿਆ, 'ਜੀ ਇਕ ਅਰਜ ਹੈ, ਜੇ

[ਬਾਕੀ ਟੂਕ ਦੇਖੋ ਪੰਨਾ ੭੮ ਦੇ ਹੇਠ]

ਆਸਾਨੋ ਮਿਲੈਗਾ *ਤਾਂ ਇਉਂ ਤਾਰਿ† ਲੈਹਿੰਗਿ ਜਿਉਂ ਦੁਧ ਉਪਰਹੁੰ ਮਲਾਈ ਤਾਰਿ ਲਈ ਦੀ ਹੈ'। ਤਬ ਬਾਬੈ ਆਖਿਆ, 'ਮਰਦਾਨਿਆਂ ! ਸੁਣਿ, ਮਿਠਾ‡ ਕਿਆ ਆਖਿਦਾ ਹੈ'। ਤਾਂ ਮਰਦਾਨੇ ਆਖਿਆ, 'ਜੀ ਤੇਰਾ ਜੰਤੁ ਹੈ ਵਜਾਇਆ ਵਜਦਾ ਹੈ'। ਤਬ ਗੁਰੂ ਬਾਬਾ ਬੋਲਿਆ, 'ਮਰਦਾਨਿਆਂ ! ਜਾਂ ਮਿਠਾ ਅਸਾਨੂੰ ਮਿਲੇਗਾ, ਤਾਂ ਇਉ ਨਿਚੋੜਿ ਲੈਹਿੰਗੇ ਜਿਉਂ ਨਿੰਬੂ ਵਿਚਹੁੰ ਰਸੁ ਨਿਚੋੜਿ ਲੀਚਦਾ ਹੈ'। ਤਬ ਮੀਆਂ ਮਿਠਾ ਉਠਿ ਖੜਾ ਹੋਆ, ਆਖਿਓਸੁ, 'ਚਾਲਹੁ ਯਾਰੋ ! ਨਾਨਕ ਦਾ ਦੀਦਾਰੁ ਕਰੇਹਾਂ'। ਤਾਂ ਮੁਰੀਦਾਂ ਆਖਿਆ, 'ਤੁਸਾਂ ਅਗੇ ਅਵਾਜੁ ਕੀਤਾ ਆਹਾ, ਜੋ ਨਾਨਕੁ ਅਸਾਨੂੰ ਮਿਲੈਗਾ, ਤਾਂ ਇਉਂ ਤਾਰਿ ਲੈਹਿੰਗੇ ਜਿਉ ਦੁਧੁ ਉਪਰਹੁੰ ਮਲਾਈ ਤਾਰਿ ਲਈਦੀ ਹੈ'। ਤਾਂ ਮੀਆ ਮਿਠਾ ਬੋਲਿਆ, 'ਜੋ ਓਥਹੁੰ ਅਵਾਜੁ ਆਇਆ ਹੈ—ਜਿਉ ਨਿੰਬੂ ਵਿਚਹੁੰ ਰਸੁ ਨਿਚੋੜਿ ਲੀਚਦਾ ਹੈ ਤਿਉਂ, ਜਾਂ ਮਿਲੈਗਾ ਤਾਂ ਇਉ ਨਿਚੋੜਿ ਲੈਹਿੰਗੇ—। ਤਾਂ ਦੁਧ ਕਾ ਕੁਛੁ ਨ ਜਾਵੈਗਾ ਮਲਾਈ ਉਤਾਰੀ, ਅਤੇ ਨਿੰਬੂ ਨਿਚੋੜਿਆਂ ਫੋਗੁ ਹੋਵੈਗਾ'। ਤਬ ਮੀਆਂ ਮਿਠਾ ਦੀਦਾਰੁ ਦੇਖਣਿ ਆਇਆ, ਆਇ ਦੁਆਇ ਸਲਾਮ ਕਰਿਕੈ ਬੈਠਿ ਗਇਆ, ਗੋਸਟ ਮਹਲਾ ੧ ॥ ਤਬ ਮੀਆ ਮਿਠਾ ਬੋਲਿਆ :--

ਸਲੋਕੁ ॥ ਅਵਲ ਨਾਉ ਖੁਦਾਇ ਕਾ ਦੂਜਾ ਨਬੀ ਰਸੂਲੁ ॥ ਨਾਨਕ ਕਲਮਾ ਜੇ ਪੜਹਿ ਤਾ ਦਰਗਹ ਪਵਹਿ ਕਬੂਲੁ[A] ॥

ਤਬ ਬਾਬੈ ਜਬਾਬੁ ਦਿਤਾ :

ਅਵਲਿ ਨਾਉ ਖੁਦਾਇ ਕਾ ਦਰਿ ਦਰਵਾਨ ਰਸੂਲੁ ॥ ਸੇਖਾ ਨੀਅਤਿ ਰਾਸਿ

---

*ਹਾ:ਬਾ:ਨੁ: ਵਿਚ ਏਥੇ ਪਾਠ 'ਤਾਂ ਇਉਂ ਨਿਚੋੜ ਲੇਹਾਂਗੇ।

†ਤਾਰ ਦਾ ਮਤਲਬ 'ਉਤਾਰ' ਹੈ, ਜੋ ਅੱਗੇ ਚੱਲ ਕੇ ਸਾਫ ਲਿਖਿਆ ਹੈ 'ਤਾਂ ਦੁਧ ਦਾ ਕੁਛ ਨਾ ਜਾਵੇਗਾ ਮਲਾਈ ਉਤਾਰੀ'।

‡ਹਾ: ਬਾ: ਨੁਸਖੇ ਦਾ ਪਾਠ ਹੈ 'ਮੀਆਂ ਮਿੱਠਾ'।

[A]ਇਹ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਹੈ।

[ਸਫ਼ਾ ੭੭ ਦੀ ਬਾਕੀ ਟੂਕ]

ਹੁਕਮ ਹੋਵੈ ਤਾਂ ਕਹਾਂ'। ਤਾਂ ਬਾਬੇ ਕਹਿਆ 'ਕਹੋ ਜੀ'। ਕਹਿਆ ਜੀ, 'ਇਕ ਬਚਨ ਦੇਹੁ ਤਾਂ ਛੋਡਾਂ'। ਤਾਂ ਬਾਬੇ ਕਹਿਆ, 'ਕਿਛੁ ਤੂੰ ਮੰਗ'। ਤਾਂ ਬਾਬਰ ਕਹਿਆ, 'ਜੀ ਮੈਂ ਏਹੀ ਮੰਗਦਾ ਹਾਂ, ਜੋ ਮੇਰੀ ਪਾਤਸਾਹੀ ਕੁਰਸੀ ਬਕੁਰਸੀ ਚਲੀ ਜਾਇ'। ਤਾਂ ਬਾਬੇ ਕਹਿਆ, 'ਤੇਰੀ ਪਾਤਸਾਹੀ ਚਿਰ ਤਾਈਂ ਚਲੇਗੀ'। ਤਾਂ ਬਾਬਰ ਸਲਾਮੰ ਕੀਤਾ। ਸਗਲੇ ਬੰਦੀਵਾਨ ਪਹਿਰਾਇਕੈ ਛੋਡ ਦੀਏ। ਤਾਂ ਬਾਬਾ ਬਹੁਤ ਖੁਸੀ ਹੋਇਆ। ਤਾਂ ਬਾਬਾ ਨਾਨਕ ਬਾਬਰ ਨਾਲੋਂ ਵਿਦਿਆ ਹੋਇਆ। ਤਦਹੁ ਬਾਬਾ ਉਥਹੁ ਰਵਦਾ ਰਹਿਆ। ਬੋਲੋ ਵਾਹਿਗੁਰੂ ॥

ਕਰਿ ਤਾਂ ਦਰਗਹਿ ਪਵਹਿ ਕਾਬੂਲੁ* ॥ ੧ ॥

ਤਾ ਬਾਬੈ ਆਖਿਆ, 'ਸੇਖ ਮਿਠਾ ! ਉਸ ਦਰ ਦੂਇ ਦੀ ਠਉੜ ਨਾਹੀਂ', ਜੋ ਕੋਈ ਰਹੰਦਾ ਹੈ, ਸੋ ਹਿਕੋ ਹੋਆ ਰਹੰਦਾ ਹੈ'।ਤਾਂ ਸੇਖਿ ਮਿਠੈ ਆਖਿਆ'ਜੋ ਨਾਨਕ ! ਬਿਨੁ ਤੇਲੁ ਦੀਵਾ ਜਲਦਾ ਹੈ ?' ਸਲੋਕ ॥

ਸਿਰੀ ਰਾਗੁ ਮਹਲਾ ੧ ਘਰੁ ੫ ॥ ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ ॥ ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲਪਲੈ ॥ ੧ ॥ ਬਿਨੁ ਤੇਲ ਦੀਵਾ ਕਿਉ ਜਲੈ ॥ ੧ ॥ ਰਹਾਉ ॥†

ਤਬ ਬਾਬੇ ਜਬਾਬੁ ਦਿਤਾ ਸਲੋਕ:–

ਪੋਥੀ ਪੁਰਾਣ ਕਮਾਈਐ ॥ ਭਉਵਟੀ ਇਤੁ ਤਨਿ ਪਾਈਐ ॥ ਸਚੁ ਬੂਝਣੁ ਆਣਿ ਜਲਾਈਐ ॥ ੨ ॥ ਇਹੁ ਤੇਲੁ ਦੀਵਾ ਇਉ ਜਲੈ ॥ ਕਰਿ ਚਾਨਣੁ ਸਾਹਿਬ ਤਉ ਮਿਲੈ ॥ ੧ ॥ ਰਹਾਉ ॥ ਇਤੁ ਤਨਿ ਲਾਗੈ ਬਾਣੀਆ ॥ ਸੁਖੁ ਹੋਵੈ ਸੇਵ ਕਮਾਣੀਆ ॥ ਸਭ ਦੁਨੀਆ ਆਵਣ ਜਾਣੀਆ ॥ ੩ ॥ ਵਿਚ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥ ਕਹੁ ਨਾਨਕ ਬਾਹ ਲੁਡਾਈਐ ॥ ੪ ॥ ੩੩ ॥

ਤਾਂ ਸੇਖਿ ਮਿਠੈ ਅਰਜੁ ਕੀਤਾ ਆਖਿਓਸੁ'ਜੀ ਓਹੁ ਕਵਨੁ ਕੁਰਾਨੁ ਹੈ ਜਿਤੁ ਪੜੈ ਕਬੂਲੁ ਪਵੈ? ਅਤੇ ਜੀ ਓਹੁ ਕਵਨ ਕਤੇਬ ਹੈ,ਜਿਤੁ ਕਾਮਾਏ ਤੇ ਸਹੀ ਥੀਵੈ? ਅਤੈ ਉਹੁ ਕਵਨ ਦਰਵੇਸੀਹੈ,ਜਿਤੁ ਦਰ ਕੀ ਲਾਇਕ ਥੀਵੈ? ਅਤੈਉਹੁ ਕਵਨ ਰੋਜਾਹੈ,ਜਿਤੁ ਦਿਲੁ ਰਹੈ,ਜਾਇ ਨਾਹੀ‡,ਅਤੈ ਓਹੁ ਕਵਨੁ ਨਿਵਾਜ ਹੈ,ਜਾ ਕੇ ਗੁਜਾਰੇ ਤੇ ਨਜਰਿ ਗੁਜਰੇ'। ਤਬ ਬਾਬੈ ਜਬਾਬੁ ਦੇਤਾ,ਆਖਿਓਸੁ 'ਮਰਦਾਨਿਆਂ ! ਰਬਾਬੁ ਵਜਾਇ'।ਤਾ ਮਰਦਾਨੈ ਰਬਾਬੁ ਵਜਾਇਆ,ਬਾਬੈ ਸਬਦੁ ਕੀਤਾ ਰਾਗੁ ਮਾਰੂ ਵਿਚਿ ਮ:੧[A]–ਮਾਰੂ ਮਹਲਾ੫

---

*ਇਹ ਬੀ ਗੁਰਬਾਣੀ ਨਹੀਂ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ (ਮਾਝ ਦੀ ਵਾਰ ਵਿਚ) ਐਉਂ ਪਾਠ ਹੈ:--ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ ॥ ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ ॥

†ਇਹ ਪ੍ਰਸ਼ਨ ਦੀਆਂ ਤੁਕਾਂ ਮੀਏ ਮਿਠੇ ਦੀਆਂ ਰਚਤ ਨਹੀਂ ਹਨ। ਜੋ ਪ੍ਰਸ਼ਨ ਹੈ ਸੋ ਭੀ ਗੁਰੂ ਜੀ ਨੇ ਆਪ ਸ਼ਬਦ ਵਿਚ ਆਖਿਆ ਹੈ। ਗੁਰੂ ਜੀ ਅਕਸਰ ਗੋਸ਼ਟ ਦੇ ਬਾਦ ਸਵਾਲ ਜੁਾਬ ਆਪ ਸਬਦ ਵਿਚ ਰਚ ਕੇ ਉਸ ਨੂੰ ਲਿਖਿਆ ਕਰਦੇ ਸੇ। ਜਿਸ ਤਰ੍ਹਾਂ ਸਿਧ ਗੋਸ਼ਟ ਤੋਂ ਸਾਫ ਪ੍ਰਗਟ ਹੈ।

‡'ਅਤੇ''ਤੋਂ'''ਜਾਇ ਨਾਹੀ' ਤਕ ਪਾਠ ਹਾ: ਵਾ: ਨੁ: ਵਿਚ ਹੈ ਨਹੀਂ।

[A]ਇਹ ਸਬਦ ਪੰਚਮ ਪਾਤਸ਼ਾਹ ਜੀ ਦਾ ਹੈ, ਲਿਖਾਰੀ ਦੀ ਭੁੱਲ ਹੈ। ਜੋ ਅਸਲ ਪੋਥੀ ਵਿਚ ਮਹਲਾ ੧ ਲਿਖਿਆ ਹੈ, ਇਸ ਤੋਂ ਮਾਲੂਮ ਹੁੰਦਾ ਹੈ ਕਿ ਅਸਲ ਪੋਥੀ

[ਬਾਕੀ ਟੂਕ ਦੇਖੋ ਪੰਨਾ ੮੦ ਦੇ ਹੇਠ]

ਅਲਹ ਅਗਮ ਖੁਦਾਈ ਬੰਦੇ ॥ ਛੋਡਿ ਖਿਆਲ ਦੁਨੀਆ ਕੇ ਧੰਧੇ ॥ ਹੋਇ ਪੈਖਾਕ ਫਕੀਰ ਮੁਸਾਫਰੁ ਇਹੁ ਦਰਵੇਸੁ ਕਬੂਲੁ ਦਰਾ ॥ ੧ ॥ ਸਚੁ ਨਿਵਾਜ ਯਕੀਨ ਮੁਸਲਾ ॥ ਮਨਸਾ ਮਾਰਿ ਨਿਵਾਰਿਹੁ ਆਸਾ ॥ ਦੇਹ ਮਸੀਤਿ ਮਨੁ ਮਉਲਾਣਾ ਕਲਮ ਖੁਦਾਈ ਪਾਕੁ ਖਰਾ ॥੨॥ ਸਰਾ ਸਰੀਅਤਿ ਲੇ ਕੰਮਾਵਹੁ ॥ ਤਰੀਕਤਿ ਤਰਕ ਖੋਜਿ ਟੋਲਾਵਹੁ ॥ ਮਾਰਫਤਿ ਮਨੁ ਮਾਰਹੁ ਅਬਦਾਲਾ ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ ॥੩॥ ਕੁਰਾਣੁ ਕਤੇਬ ਦਿਲ ਮਾਹਿ ਕਮਾਹੀ ॥ ਦਸ ਅਉਰਾਤ ਰਖਹੁ ਬਦਰਾਹੀ ॥ ਪੰਚ ਮਰਦ ਸਿਦਕਿ ਲੇ ਬਾਧਹੁ ਖੈਰਿ ਸਬੂਰੀ ਕਬੂਲ ਪਰਾ॥੪॥ਮੁਕਾਮਿ ਹਰ ਰੋਜਾ ਪੈਖਾਕਾ॥ ਭਿਸਤੁ ਪੀਰ ਲਫਜ ਕਮਾਇ ਅੰਦਾਜਾ ॥ ਹੂਰ ਨੂਰ ਮੁਸਕੁ ਖੁਦਾਇਆ ਬੰਦਗੀ ਅਲਹ ਆਲਾ ਹੁਜਰਾ ॥੫॥ ਸਚੁ ਕਮਾਵੈ ਸੋਈ ਕਾਜੀ ॥ ਜੋ ਦਿਲੁ ਸੋਧੈ ਸੋਈ ਹਾਜੀ॥ ਸੋ ਮੁਲਾ ਮਲਊਨ ਨਿਵਾਰੈ ਸੋ ਦਰਵੇਸੁ ਜਿਸੁ ਸਿਫਤਿ ਧਰਾ॥੬॥ ਸਭੇ ਵਖਤ ਸਭੇ ਕਰਿ ਵੇਲਾ ॥ ਖਾਲਕੁ ਯਾਦਿ ਦਿਲੈ ਮਹਿ ਮਉਲਾ ॥ ਤਸਬੀ ਯਾਦਿ ਕਰਹੁ ਦਸ ਮਰਦਨੁ ਸੁੰਨਤਿ ਸੀਲੁ ਬੰਧਾਨਿ ਬਰਾ॥੭॥ਦਿਲ ਮਹਿ ਜਾਨਹੁ ਸਭ ਫਿਲਹਾਲਾ ॥ ਖਿਲਖਾਨਾ ਬਿਰਾਦਰ ਹਮੂ ਜੰਜਾਲਾ ॥ ਮੀਰ ਮਲਕ ਉਮਰੇ ਫਾਨਾਇਆ ਏਕ ਮੁਕਾਮ ਖੁਦਾਇ ਦਰਾ ॥੮॥ ਅਵਲਿ ਸਿਫਤਿ ਦੂਜੀ ਸਾਬੂਰੀ ॥ ਤੀਜੈ ਹਲੇਮੀ ਚਉਥੈ ਖੈਰੀ ॥ ਪੰਜਵੈ ਪੰਜੇ ਇਕਤੁ

---

[ਸਫ਼ਾ ੭੯ ਦੀ ਬਾਕੀ ਟੂਕ]

ਵਿਚ ਇਥੇ ਮਾਝ ਦੀ ਵਾਰ ਦਾ ਸਲੋਕ ਹੋਣਾ ਹੈ,ਜਿਸਦਾ ਪਾਠ ਇਹ ਹੈ:ਸਲੋਕੁਮ:੧ ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥ ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ ॥ ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ ॥ ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ ॥੧॥ ਮ: ੧ ॥ ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥ ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ॥ ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥ ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ ॥੨॥ ਮ: ੧ ॥ ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ॥ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥ ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥ ਕਰਣੀ ਕਲਮਾ ਆਖਿਕੈ ਤਾ ਮੁਸਲਮਾਣੁ ਸਦਾਇ॥ਨਾਨਕ ਜੇਤੇ ਕੂੜਿਆਰੁ ਕੂੜੈ ਕੂੜੀ ਪਾਇ ॥੩॥

ਕਿਸੇ ਉਤਾਰੇ ਵੇਲੇ ਪੰਜਵੀਂ ਪਾਤਸ਼ਾਹੀ ਦਾ ਸ਼ਬਦ ਵਧੇਰੇ ਵਿਸਥਾਰ ਵਾਲਾ ਕੰਠੋਂ ਕਿਸੇ ਲਿਖ ਦਿਤਾ, ਇਹ ਸਹੀ ਕੀਤੇ ਬਿਨਾ ਕਿ ਇਹ ਮਹਲਾ ੧ ਦਾ ਨਹੀਂ ਹੈ। ਪਿਛੇ ਸੁਲਤਾਨ ਪੁਰੇ ਦੇ ਪ੍ਰਸੰਗ ਵਿਚ ਬੀ ਇਹ ਸਬਦ ਆ ਚੁਕੇ ਹਨ।

ਮੁਕਾਮੈ ਏਹਿ ਪੰਜਿ ਵਖਤ ਤੇਰੇ ਅਪਰ ਪਰਾ ॥ ੯ ॥ ਸਗਲੀ ਜਾਨਿ ਕਰਹੁ ਮਉਦੀਫਾ ॥ ਬਦਅਮਲ ਛੋਡਿ ਕਰਹੁ ਹਥਿ ਕੂਜਾ ॥ ਖੁਦਾਇ ਏਕੁ ਬੁਝਿ ਦੇਵਹੁ ਬਾਂਗਾਂ ਬੁਰਗੂ ਬਰਖੁਰਦਾਰ ਖਰਾ ॥ ੧੦ ॥ ਹਕੁ ਹਲਾਲੁ ਬਖੋਰਹੁ ਖਾਣਾ ॥ ਦਿਲ ਦਰੀਆਉ ਧੋਵਹੁ ਮੈਲਾਣਾ ॥ ਪੀਰੁ ਪਛਾਣੈ ਭਿਸਤੀ ਸੋਈ ਅਜਰਾਈਲੁ ਨ ਦੋਜ ਠਰਾ॥੧੧॥ਕਾਇਆ ਕਿਰਦਾਰਾ ਅਉਰਤ ਯਕੀਨਾ॥ ਰੰਗ ਤਮਾਸੇ ਮਾਣਿਹ ਕੀਨਾ॥ ਨਾਪਾ ਨਾਪਾਕ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ ॥੧੨॥ ਮੁਸਲਮਾਣੁ ਮੋਮ ਦਿਲਿ ਹੋਵੈ ॥ ਅੰਤਰ ਕੀ ਮਲੁ ਦਿਲ ਤੇ ਧੋਵੈ॥ ਦੁਨੀਆ ਰੰਗ ਨ ਆਵੈ ਨੇੜੈ ਜਿਉ ਕੁਸਮ ਪਾਟੁ ਘਿਉ ਪਾਕੁ ਹਰਾ ॥ ੧੩ ॥ ਜਾਕਉ ਮਿਹਰ ਮਿਹਰ ਮਿਹਰਵਾਨਾ ॥ ਸੋਈ ਮਰਦੁ ਮਰਦੁ ਮਰਦਾਨਾ॥ਸੋਈ ਸੇਖੁ ਮਸਾਇਕੁ ਹਾਜੀ ਸੋ ਬੰਦਾ ਜਿਸੁ ਨਜਰਿ ਨਰਾ॥ ॥੧੪॥ਕੁਦਰਤਿ ਕਾਦਰ ਕਰਣ ਕਰੀਮਾ॥ਸਿਫਤਿ ਮੁਹਬਤਿ ਅਥਾਹ ਰਹੀਮਾ ॥ਹਕੁ ਹੁਕਮੁ ਸਚੁ ਖੁਦਾਇਆ ਬੁਝਿ ਨਾਨਕ ਬੰਦਿ ਖਲਾਸ ਤਰਾ॥੧੫॥੩॥੧੨॥

ਤਬ ਸੇਖ ਮਿਠੈ ਆਖਿਆ 'ਜੀ! ਤੁਸਾਂ ਜੋ ਹਿਕ ਨਾਵੈ ਦੀ ਸਿਫਿਤਿ ਕੀਤੀ, ਸੋ ਹਿਕੁ ਨਾਮੁ ਕੈਸਾ ਹੈ ?' ਤਬ ਬਾਬੇ ਆਖਿਆ 'ਸੇਖ ਮਿਠਾ ! ਹਿਕ ਨਾਵੈ ਦੀ ਕੀਮਤਿ ਕਿਸ ਨਉ ਆਈ ਹੈ ?'। ਤਾਂ ਸੇਖਿ ਮਿਠੇ ਆਖਿਆ, 'ਜੀ ਮਿਹਰ ਕਰਿ ਦਸਿ'। ਤਬ ਗੁਰੂ ਬਾਬੈ ਸੇਖ ਮਿਠੇ ਕੀ ਬਾਂਹ ਪਕੜੀ, ਗੋਸੈ ਲੈ ਗਇਆ। ਤਬ ਬਾਬੇ ਆਖਿਆ 'ਸੇਖ ਮਿਠਿਆ ! *ਇਕੁ ਨਾਮੁ ਖੁਦਾਇਕਾ ਸੁਣਥਾ'। ਤਾਂ ਬਾਬਾ ਬੋਲਿਆ 'ਅਲਹ' ਆਖਣਿ ਨਾਲਿ ਦੂਸਰਾ ਭਸਮ ਹੋਇ ਗਇਆ*। ਤਬ ਸੇਖ ਮਿਠਾ ਦੇਖਿ ਕਰਿ ਹੈਰਾਣੁ ਹੋਆ। ਜਾਂ ਦੇਖੈ ਤਾਂ ਇਕੁ ਮੁਠੀ ਭਸਮ ਕੀ ਹੈ। ਤਬਿ ਫਿਰਿ ਅਵਾਜ ਆਇਆ, ਹੈ 'ਅਲਾਹ'। ਇਤਨਿ ਕਹਣੈ ਨਾਲਿ ਉਠੀ ਖੜਾ ਹੋਆ, ਤਬ ਸੇਖ ਮਿਠੈ ਆਇ ਪੈਰ ਚੁਮੈ। ਤਬ ਬਾਬਾ ਬਿਸਮਾਦ ਕੇ ਘਰ ਵਿਚ ਬੋਲਿਆ†।

ਤਬ ਬਾਬੈ ਮੀਆ ਮਿਠਾ ਵਿਦਾ ਕੀਤਾ‡। ਗੁਰੂ ਬਾਬਾ ਓਥਹੁੰ ਰਵਦਾ ਰਹਿਆ। ਬੋਲਹੁ ਵਾਹਿਗੁਰੂ।

## ੩੭. ਦੁਨੀ ਚੰਦ ਨਿਸਤਾਰਾ.

ਤਬ ਰਾਵੀ ਨਦੀ ਦੈ ਕਿਨਾਰੈ ਕਿਨਾਰੈ ਲਹੋਰਿ ਆਇ ਨਿਕਲਿਆ। ਤਬ

---

*ਹਾ: ਬਾ: ਨੁ: ਵਿਚ 'ਏਕ...ਤੋਂ...ਹੋਇ ਗਇਆ' ਤਕ ਦਾ ਪਾਠ ਐਉਂ ਹੈ:— ਏਕ ਨਾਮ ਖੁਦਾਇ ਕਾ ਸੁਣਤਾ ਹੈ ? ਆਖਣ ਨਾਲ ਦੂਸਰਾ ਭਸਮ ਹੋਇ ਗਇਆ।

†ਇਥੋਂ ਅਗੇ ਹਾਜਰਨਾਮਾ ਹੈ, ਦੇਖੋ ਅੰਤਕਾ ੨ ਇਸੇ ਪੋਥੀ ਦੇ ਅਖੀਰ, ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਹੈ, ਇਸ ਕਰਕੇ ਗੁਰਬਾਣੀ ਨਹੀਂ ਹੈ।

‡'ਤਬ...ਤੋਂ...ਕੀਤਾ' ਤਕ ਦੀ ਥਾਂ ਹਾ: ਬਾ: ਨੁ: ਵਿਚ ਪਾਠ ਹੈ—ਤਬ ਮੀਆਂ ਮਿਠਾ ਵਿਦਿਆ ਹੋਇਆ।

ਲਹੌਰ ਦੇ ਪਰਗਣੇ ਦਾ ਕਰੋੜੀ ਦੁਨੀ ਚੰਦੁ ਧੁਪੜ ਖੱਤ੍ਰੀ ਥਾ; ਤਿਸਕੇ ਪਿਤਾ ਕਾ ਸਰਾਧੁ ਥਾ, ਉਸ ਸੁਣਿਆਂ ਜੋ ਨਾਨਕੁ ਤਪਾ ਆਇਆ ਹੈ। ਤਬ ਓਹੁ ਆਇ ਕਰਿ ਬਾਬੇ ਜੀ ਕਉ ਭਾਉ ਕਰਿਕੈ ਲੈ ਗਇਆ। ਤਬ ਗੁਰੂ ਜਾਇ ਬੈਠਾ,ਤਬ ਓਸ ਬਸਤੁ ਬਾਹ ਰੀਤ* ਅਣਾਈ, ਫੁਰਮਾਇਸਿ ਕੀਤੀ, ਦੁਧੁ ਦਹੀ, ਲਕੜੀਆਂ। ਤਾਂ ਅੰਨੁ† ਤਈਆਰੁ ਹੋਆ, ਬ੍ਰਮਣ ਜੇਵੈ। ਤਬ ਬਾਬੈ ਜੀ ਕਉ ਭੀ ਬੁਲਵਣਿ ਆਇਆ। ਤਦਹੁ ਗੁਰੂ ਜੀ ਪੁਛਿਆ 'ਤੇਰੈ ਕਿਆ ਹੋਆ ਹੈ ?' ਤਬ ਉਸ ਕਹਿਆ 'ਜੀ ਮੇਰੇ ਪਿਤਾ ਕਾ ਸਰਾਧੁ ਹੈ। ਤਿਸ ਕੇ ਨਾਉਂ ਕੇ ਬ੍ਰਮਣ ਜਿਵਾਇ ਹੈਨਿ'। ਤਬ ਬਾਬਾ ਬੋਲਿਆ 'ਤੇਰੇ ਪਿਤਾ ਨੂੰ ਅਜੁ ਤੀਸਰਾ ਦਿਨੁ ਹੋਆ ਹੈ, ਕਿਛੁ ਨਾਹੀ ਖਾਧਾ ਅਤੈ ਤੂ ਆਖਦਾ ਹੈ ਜੋ ਮੈਂ ਸਉ ਮਨੁਖ‡ ਜਿਵਾਇਆ ਹੈ'।ਤਬ ਦੁਨੀ ਚੰਦੁ ਬੇਨਤੀ ਕੀਤੀ ਆਖਿਓਸੁ 'ਜੀ ਓਹੁ ਕਿਥੇ ਹੈ ?' ਤਬ ਬਾਬੇ ਆਖਿਆ 'ਓਹੁ ਇਕ ਮਾਲ ਵਿਚਿ ਹੈ ਪਇਆ ਹੋਆ, ਕੋਹਾਂ ਪੰਜਾਂ ਉਪਰਿ ਬਘਿਆੜਾ ਕਾ ਜਨਮੁ ਹੈ ਪਰੁ ਤੂੰ ਜਾਇ ਪਰਸਾਦੁ ਲੇਕਰਿ, ਪਰੁ ਡਰਣਾ ਨਾਹੀ, ਤੇਰੇ ਜਾਣੈ ਨਾਲਿ ਉਸ ਕੀ ਬੁਧਿ ਮਾਨੁਖ ਕੀ ਹੋਇ ਆਵੈਗੀ। ਪਰਸਾਦੁ ਖਾਵੈਗਾ, ਅਰ ਬਾਤਾਂ ਭੀ ਕਰੈਗਾ'। ਤਬ ਦੁਨੀਚੰਦੁ ਪਰਸਾਦੁ ਲੈ ਗਇਆ, ਜਾਇ ਪੈਰੀ ਪਉਣਾ ਕਹਿਓਸੁ। ਪਰਸਾਦੁ ਆਗੈ ਰਖਿਓਸੁ, ਤਬ ਇਸੁ ਪੁਛਿਆ, ਆਖਿਆ 'ਪਿਤਾ ਜੀ ! ਤੂੰ ਇਤੁ ਜਨਮਿ ਕਿਉ ਆਇਆ?' ਤਬ ਇਨਿ ਆਖਿਆ'ਗੁਰੂ ਪੂਰੇ ਬਿਨਾ ਇਤੁ ਜਨਮਿ ਆਇਆ[A],ਮੈਂ ਇਕ ਅਚਾਰੀ[B] ਕਾ ਸਿਖੁ ਥਾ, ਓਸ ਮੇਰੇ ਪਾਸਹੁ ਸਗਉਤੀ ਮਛੀ ਛਡਾਈ ਥੀ, ਜਬ ਮੇਰੇ ਕਾਲ ਕਾ ਸਮਾਂ ਹੋਆ, ਤਾਂ ਮੈਂ ਦੁਖੀ ਹੋਆ ਤਾਂ ਮੇਰੇ ਪਾਸਿ ਸਗਉਤੀ ਰਿਨਦੇ ਸੇ,ਮੈਨੂੰ ਵਾਸ਼ਨਾ ਆਈ, ਮੇਰੀ ਮਨਸਾ ਉਹਾਂ ਗਈ, ਤਿਸਕਾ ਸਦਕਾ ਏਤੁ ਜਨਮਿ ਆਇਆ'। ਤਬ ਉਹੁ ਉਠਿ ਚਲਿਆ, ਅਤੈ ਉਹੁ ਭਜਿ ਗਇਆ। ਤਦਹੁ ਦੁਨੀ ਚੰਦ ਆਇ ਪੈਰੀ ਪਇਆ। ਤਬ ਗੁਰੂ ਬਾਬੇ ਜੀ ਕਉ ਘਰਿ ਲੇ ਗਇਆ, ਉਸਕੇ ਦਰ ਉਪਰਿ ਸਤ ਧਜਾ ਬੰਧੀਆ ਥੀਆ, ਲਾਖ ਲਾਖ ਕੀ ਇਕ ਧਜ ਥੀ। ਤਬ ਬਾਬੈ ਪੁਛਿਆ 'ਏਹ ਧਜਾ ਕਿਸ ਕੀਆਂ ਹੈਨਿ ?' ਤਬ ਦੁਨੀ ਚੰਦ ਆਖਿਆ, 'ਜੀ ਇਹਿ ਧਜਾ ਮੇਰੀਆਂ ਹੈਨਿ'। ਤਦਹੁ ਬਾਬੈ ਇਕ ਸੂਈ ਦਿਤੀ, ਆਖਿਓਸੁ, 'ਜੋ ਅਸਾਡੀ ਅਮਾਨ ਰਾਖੁ, ਅਸੀਂ ਆਗੈ ਮੰਗਿ ਲੈਹਿੰਗੈ'। ਤਬ ਦੁਨੀ ਚੰਦੁ ਸੂਈ ਤ੍ਰੀਮਤਿ ਪਾਸਿ ਲੈ ਗਇਆ। ਆਖਿਓਸੁ, 'ਇਹ ਸੂਈ ਰਖੁ, ਗੁਰੂ ਦਿਤੀ ਹੈ,ਅਤੈ ਆਖਿਆ ਹੈਸੁ,ਜੁ ਅਗੈ ਮੰਗਿ

---

*ਹਾ: ਬਾ:ਨੁ: ਵਿਚ 'ਬਾਹ ਰੀਤ' ਦੀ ਥਾਂ ਹੈ 'ਬਾਹਰ ਤੇ'। †'ਤਾ ਅੰਨੁ' ਦੀ ਥਾਂ ਹਾ: ਵਾ: ਨੁ: ਵਿਚ 'ਸਭ ਵਸਤ' ਪਾਠ ਹੈ। ‡ਮਨੁਖ ਦੀ ਥਾਂ ਹਾ: ਵਾ: ਨੁ: ਵਿਚ 'ਬਾਮਣ' ਹੈ। [A]'ਗੁਰ…ਤੋਂ…ਆਇਆ' ਪਾਠ ਹਾ: ਬਾ: ਨੁਸਖੇ ਵਿਚ ਨਹੀਂ ਹੈ। [B]ਬ੍ਰਹਮਚਾਰੀ ਤੋਂ ਮੁਰਾਦ ਜਾਪਦੀ ਹੈ। ਹਾ: ਬਾ: ਨੁਸਖੇ ਵਿਚ ਪਾਠ ਇਹ ਹੈ–'ਮੈਂ ਇਕ ਅਚਾਰੀ ਥਾ।'

ਲੈਹਿੰਗੇ'। ਤਦਹੁ ਤ੍ਰੀਮਤਿ ਆਖਿਆ, 'ਏ ਪਰਮੇਸਰ ਕੇ! ਇਹ ਸੂਈ ਤੇਰੈ ਸਾਥਿ ਚਲੈਗੀ ਆਗੈ?' ਤਾਂ ਦੁਨੀ ਚੰਦ ਆਖਿਆ, 'ਕਿਆ ਕਰੀਐ?' ਤਾਂ ਤ੍ਰੀਮਤ ਆਖਿਆ 'ਜਾਹਿ ਦੇ ਆਉ'। ਤਬ ਦੁਨੀ ਚੰਦ ਸੂਈ ਫੇਰਿ ਲੈ ਆਇਆ ਬਾਬੇ ਪਾਸਿ। ਆਇ ਆਖਿਓਸੁ, 'ਇਹ ਸੂਈ ਮੇਰੇ ਪਾਸਿ ਅਗੈ ਚਲਣੈ ਕੀ ਨਾਹੀ, ਫੇਰਿ ਲੇਵਹੁ'। ਤਬ ਗੁਰੂ ਬਾਬੇ ਆਖਿਆ 'ਇਹ ਧਜਾ ਕਿਉਂ ਕਰਿ ਪਹੁੰਚਾਵਹਿੰਗਾ, ਜੋ ਸੂਈ ਨਹੀਂ ਪਹੁੰਚਾਇ ਸਕਦਾ ?' ਤਬ ਦੁਨੀ ਚੰਦ ਉਠਿ ਆਇ ਮੱਥਾ ਟੇਕਿਆ, ਆਖਿਓਸੁ, 'ਜੀ ਓਹੁ ਬਾਤ ਕਰਿ ਜਿਤੁ ਆਗੈ ਪਹੁੰਚੈ'। ਤਦਹੁ ਗੁਰੂ ਆਖਿਆ, 'ਪਰਮੇਸਰ ਕੇ ਨਾਮ ਤੂੰ ਦੇਹਿ ਅਤੀਤਾ, ਅਭਿਆਗਤ ਦੈ ਮੁਹਿ ਪਾਇ, ਇਉਂ ਸਾਥਿ ਪਹੁੰਚੈਗੀ'। ਤਬ ਦੁਨੀ ਚੰਦ ਸਤ ਲਖ ਕੀਆ ਧਜਾ ਲੁਟਾਇ ਦੂਰਿ ਕੀਤੀਓਸੁ। ਹੁਕਮੁ ਮੰਨਿਆ। ਹੁਕਮੁ ਗੁਰੂ ਕਾ ਐਸਾ ਹੈ, ਜੋ ਕੋਈ ਮੰਨੈਗਾ ਤਿਸਕੀ ਗਤਿ ਹੋਵੈਗੀ। ਤਦਹੁ ਦੁਨੀ ਚੰਦ ਨਾਉ ਧਰੀਕੁ ਸਿਖ* ਹੋਆ, ਗੁਰੂ ਗੁਰੂ ਲਗਾ ਜਪਣਿ। ਬੋਲਹੁ ਵਾਹਿਗੁਰੂ† ॥ ਤਬ ਬਾਬੇ ਆਖਿਆ, 'ਮਰਦਾਨਿਆਂ! ਰਬਾਬੁ ਵਜਾਇ'। ਤਾਂ ਮਰਦਾਨਿ ਰਬਾਬੁ ਵਜਾਇਆ। ‡ਰਾਗੁ ਆਸਾ ਕੀ ਵਾਰ ਕੀਤੀ, ਪਉੜੀਆਂ ੧੫ ਪਰਥਾਇ ਦੁਨੀਚੰਦ ਕੇ ਕੀਤੀਆਂ।

## ੩੯. ਬ੍ਰਾਹਮਣ ਦੀ ਸੁਚ ਰਸੋਈ.

ਤਬ ਬਾਬਾ ਜੀ ਘਰਿ ਆਇਆ, ਤਲਵੰਡੀ ਵਿਚਿ ਕੋਈ ਦਿਨੁ ਰਹੈ। ਇਕ ਦਿਨ ਇਕੁ ਬ੍ਰਾਮਣੁ ਅਚਾਰੀ ਆਇਆ ਖੁਧਿਆਰਥੁ, ਤਾਂ ਆਇ ਅਸੀਲ ਬਚਨੁ ਕੀਤੋਸੁ। ਬਾਬਾ ਜੀ ਪਰਸਾਦ ਵਿਚਿ ਬੈਠਾ ਥਾ। ਤਬ ਗੁਰੂ ਆਖਿਆ, 'ਆਵਹੁ ਮਿਸਰ ਜੀ! ਪਰਸਾਦੁ ਤਈਆਰ ਹੈ'। ਤਾਂ ਪੰਡਿਤ ਕਹਿਆ, 'ਮੈਂ ਇਹੁ ਪਰਸਾਦੁ ਨਾਹੀਂ ਖਾਂਦਾ, ਮੈਂ ਆਪਣੈ ਕਰਿ ਖਾਵਾਂਗਾ, ਜਬ ਹਥੁ ਭਰਿ ਧਰਤੀ ਉਖਣਾਂਗਾ, ਅਤੇ ਚਉਂਕਾ ਦੇਵਾਂਗਾ, ਅਤੇ ਜਾਇਕੈ ਗਿਠ ਭਰਿ ਧਰਤੀ ਉਖਣਾਂਗਾ ਤਾਂ ਚੁੱਲਾ ਕਰਾਂਗਾ। ਲਕੜੀਆ ਧੋਇ ਕਰਿ ਚਾੜ੍ਹਾਂਗਾ। ਏਹ ਰਸੋਈ ਕੀ ਧਰਤੀ ਕੈਸੀ ਹੈ? ਤਾਂ ਮੈਂ ਨਾਹੀ ਖਾਂਦਾ'। ਤਬ ਬਾਬੈ ਆਖਿਆ, 'ਇਸ ਪੰਡਿਤ ਕਉ ਰਸੋਈ ਕੋਰੀ ਦੇਵਹੁ'। ਤਬ ਕੋਰੀ ਰਸੋਈ ਮਿਲੀ। ਪੰਡਤੁ ਬਾਹਰਿ ਲੈ ਗਇਆ, ਜਾਇ ਲਗਾ ਚੌਂਉਕਾ ਬਣਾਵਣਿ, ਧਰਤੀ ਖੋਦਣਿ, ਜਿਥੈ ਧਰਤੀ ਖੋਦੈ, ਓਥੈ ਹਡੀਆਂ ਨਿਕਲਿਨਿ। ਤਬ ਚਾਰਿ ਪਹਿਰਿ ਖੋਦਦਾ ਫਿਰਿਆ। ਜਾਂ ਭੁਖਾ ਆਜਜੁ ਹੋਆ, ਤਾਂ ਆਖਿਓਸੁ,

---

*'ਸਿਖ' ਪਾਠ ਹਾ:ਬਾ: ਨੁਸਖੇ ਦਾ ਹੈ। †ਹਾ:ਬਾ:ਨੁ:ਵਿਚ 'ਬੋਲਹੁ ਵਾਹਿਗੁਰੂ' ਨਹੀਂ ਹੈ। ‡ਹਾ:ਬਾ:ਨੁਸਖੇ ਵਿਚ 'ਕੂੜ ਰਾਜਾ ਕੂੜ ਪਰਜਾ...ਤੋਂ...ਮਤ ਥੋੜੀ ਸੇਵ ਗਵਾਈਐ' ਤਕ ਲਿਖ ਕਰ ਕੇ ਅਗੋਂ ਲਿਖਿਆ ਹੈ—ਅਗੈ ਵਾਰ ਪੂਰਣ ਲਿਖਣੀ ਹੈ, ਬੋਲਹੁ ਵਾਹਿਗੁਰੂ।

'ਬਾਬੇ ਤੇ ਜਾਵਾਂ*'। ਤਾਂ ਆਇ ਪੈਰੀ ਪਇਆ, ਆਖਿਓਸੁ, 'ਜੀ ਓਹ ਪਰਸਾਦੁ ਮੈਨੂੰ ਮਿਲੈ, ਮੈਂ ਭੁੱਖਾ ਮੁਆ ਹਾਂ'। ਤਦਹੁੰ ਗੁਰੂ ਆਖਿਆ, 'ਸੁਆਮੀ! ਓਹੁ ਵਖਤੁ ਗਇਆ ਪਰਸਾਦ ਕਾ, ਪਰੁ ਜਾਹਿ ਵਾਹਿਗੁਰੂ ਕਰਿਕੈ ਧਰਤੀ ਖੋਦੁ, ਰਸੋਈ ਕਰੁ ਖਾਹਿ'। ਤਬ ਬਾਬਾ ਬੋਲਿਆ ਸਬਦੁ ਰਾਗੁ ਬਸੰਤ ਵਿਚ ਮਃ ੧ ॥

ਸੁਇਨੇ ਕਾ ਚਉਕਾ ਕੰਚਨ ਕੁਆਰ ॥ ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ॥ ਗੰਗਾ ਕਾ ਉਦਕ ਕਰੰਤੇ ਕੀ ਆਗਿ ॥ ਗਰੁੜਖਾਣਾ ਦੁਧ ਸਿਉਗਾੜਿ ॥੧॥ ਰੇਮਨ ਲੇਖੈ ਕਬਹੂ ਨ ਪਾਇ ॥ ਜਾਮਿ ਨ ਭੀਜੈ ਸਾਚ ਨਾਇ ॥੧॥ ਰਹਾਉ ॥ ਦਸ ਅਠ ਲੀਖੈ ਹੋਵਹਿ ਪਾਸਿ ॥ ਚਾਰੇ ਬੇਦ ਮੁਖਾਗਰ ਪਾਠਿ॥ਪੁਰਬੀ ਨਾਵੈ ਵਰਨਾਂ ਕੀ ਦਾਤਿ॥ ਵਰਤ ਨੇਮ ਕਰੇ ਦਿਨ ਰਾਤਿ॥ ੨ ॥ ਕਾਜ਼ੀ ਮੁਲਾਂ ਹੋਵਹਿ ਸੇਖ ॥ ਜੋਗੀ ਜੰਗਮ ਭਗਵੇ ਭੇਖ ॥ ਕੋ ਗਿਰਹੀ ਕਰਮਾਂ ਕੀ ਸੰਧਿ ॥ ਬਿਨੁ ਬੂਝੇ ਸਭ ਖੜੀਅਸਿ ਬੰਧਿ ॥ ਜੇਤੇ ਜੀਅ ਲਿਖੀ ਸਿਰਿਕਾਰ॥ ਕਰਣੀ ਉਪਰਿ ਹੋਵਗਿ ਸਾਰ ॥ ਹੁਕਮੁ ਕਰਹਿ ਮੂਰਖ ਗਾਵਾਰ ॥ ਨਾਨਕ ਸਾਚੇ ਕੇ ਸਿਫਤਿ ਭੰਡਾਰ ॥ ੪ ॥ ੩ ॥

## ੩੯. ਇਕ ਵੈਰਾਗੀ ਬਾਲਕ.

ਤਬ ਏਕ ਦਿਨਿ ਗੁਰੂ ਕੀ ਆਗਿਆ ਹੋਈ, ਜੋ ਪਿਛਲੈ ਪਹਰਿ ਰਾਤਿ ਕਉ ਕੀਰਤਨ ਹੋਵੈ ਤਾਂ ਇਕੁ ਲੜਕਾ ਬਰਸਾ ਸਤਾਂ ਕਾ ਘਰ ਤੇ ਉਠਿ ਆਵੈ,ਆਇ ਗੁਰੂ ਜੀ ਕੈ ਪਿਛੈ ਖੜਾ ਹੋਵੈ। ਜਬ ਆਰਤੀ ਕੀਰਤਿ ਹੋਵੈ, ਤਾਂ ਉਠਿਜਾਵੈ। ਤਬ ਬਾਬੈ ਇਕ ਦਿਨਿ ਕਹਿਆ 'ਅਜੁ ਏਹੁ ਲੜਕਾ ਪਕੜਿ ਰਖਣਾ'। ਜਬ ਮਥਾ ਟੇਕ ਕਰਿ ਚਾਲਿਆ, ਤਾਂ ਸੰਗਤਿ ਪਕੜਿ ਰਖਿਆ, ਆਣਿ ਹਾਜਰੁ ਕੀਤਾ।ਤਬ ਬਾਬੈ ਪੁਛਿਆ, ਆਖਿਆ 'ਏ ਲੜਕੇ! ਤੂੰ ਜੋ ਇਤੁ ਵਖਤਿ ਉਠਿ ਅਵਦਾ ਹੈ, ਸੋ ਕਿਉ ਆਂਵਦਾ ਹੈਂ?ਅਜੇ ਤੇਰਾ ਵਖਤੁ ਖਾਵਣ ਖੇਡਣ ਸਉਣ ਦਾ ਹੈ'।ਤਦਹੁੰ ਉਸਿ ਲੜਕੈ ਆਖਿਆ, 'ਜੀ! ਇਕ ਦਿਨਿ ਮੇਰੀ ਮਾਤਾ ਕਹਿਆ ਜੋ ਬੇਟਾ–ਤੂ ਅਗਿ ਬਾਲੁ–ਤਾਂ ਮੈਂ ਆਗਿ ਲਗਾ ਬਾਲਣਿ। ਜਾ ਲਕੜੀਆਂ ਪਾਈਆਂ ਤਾਂ ਪਹਿਲੇ ਨਿਕੜੀਆਂ ਕਉ ਲਗੀ, ਤਾਂ ਪਿਛਹੁ ਵਡੀਆਂ ਕਉ ਲਾਗੀ। ਤਦਹੁ ਮੈਂ ਭਉ ਕੀਤਾ, ਜੋ ਮਤਾਂ ਅਸੀਂ ਨਿਕੜੇ ਚਲਿ ਜਾਹਿੰ, ਵਡੇਰੇ ਹੋਣਿ ਮਿਲਹਿ ਕਿ ਨ ਮਿਲਹਿ ਲਕੜੀਆਂ ਕੀ ਨਿਆਈ। ਤਾ ਮੈ ਆਖਿਆ,ਜੋ ਗੁਰੂ ਜਪਿ ਲੇਹਿ'। ਤਦਿ ਸੰਗਤਿ ਹੈਰਾਨੁ ਹੋਇ ਰਹੀ ਸੁਣਿਕੈ। ਤਬ ਬਾਬੈ ਦੀ ਖੁਸ਼ੀ ਹੋਈ, ਲੜਕਾ ਪੈਰੀ ਪਇਆ। ਤਾਂ ਗੁਰੂ ਬਾਬੈ ਤਿਤੁ ਮਹਿਲਿ ਸਬਦੁ ਬੋਲਿਆ ਸਿਰੀ ਰਾਗੁ ਵਿਚ ਮਃ ੧† :– ਸਿਰੀ ਰਾਗੁ ਮਹਲਾ ੫ ॥

ਘੜੀ ਮੁਹਤ ਕਾ ਪਾਹੁਣਾ ਕਾਜ ਸਵਾਰਣ ਹਾਰੁ ॥ ਮਾਇਆ ਕਾਮਿ

---

*–ਤਾਂ ਆਖਿਓਸੁ 'ਬਾਬੇ ` ਜਾਵਾਂ'– ਏਹ ਹਾ:ਬਾ:ਨੁ: ਵਿਚ ਨਹੀਂ ਹੈ।

†ਇਹ ਸਬਦ ਪੰਚਮ ਪਾਤਸ਼ਾਹ ਜੀ ਦਾ ਹੈ ਮਃ ੧ ਲਿਖਣਾ ਭੁੱਲ ਹੈ।

ਵਿਆਪਿਆ ਸਮਝੈ ਨਾਹੀ ਗਾਵਾਰੁ॥ ਉਠਿ ਚਲਿਆ ਪਛੁਤਾਇਆ ਪਰਿਆ ਵਸਿ ਜੰਦਾਰ ॥੧॥ ਅੰਧੇ ਤੂੰ ਬੈਠਾ ਕੰਧੀ ਪਾਇ ॥ ਜੇ ਹੋਵੀ ਪੂਰਬਿ ਲਿਖਿਆ ਤਾ ਗੁਰ ਕਾ ਬਚਨੁ ਕਮਾਹਿ ॥ ੧ ॥ ਰਹਾਉ ॥ ਹਰੀ ਨਾਹੀ ਨਹ ਡਡੁਰੀ ਪਕੀ ਵਢਣਹਾਰ॥ ਲੈ ਲੈ ਦਾਤ ਪਹੁਤਿਆ ਲਾਵੇ ਕਰਿ ਤਈਆਰੁ॥ ਜਾ ਹੋਆ ਹੁਕਮੁ ਕਿਰਸਾਣ ਦਾ ਤਾ ਲੁਣਿ ਮਿਣਿਆ ਖੇਤਾਰੁ॥੨॥ ਪਹਿਲਾ ਪਹਰੁ ਧੰਧੈ ਗਇਆ ਦੂਜੈ ਭਰਿ ਸੋਇਆ॥ ਤੀਜੈ ਝਾਖਿ ਝਖਾਇਆ ਚਉਥੈ ਭੋਰੁ ਭਇਆ॥ ਕਦਹੀ ਚਿਤਿ ਨ ਆਇਓ ਜਿਨਿ ਜੀਉ ਪਿੰਡੁ ਦੀਆ ॥੩॥ ਸਾਧ ਸੰਗਤਿ ਕਉ ਵਾਰਿਆ ਜੀਉ ਕੀਆ ਕੁਰਬਾਣੁ ॥ ਜਿਸਤੇ ਸੋਝੀ ਮਨਿ ਪਈ ਮਿਲਿਆ ਪੁਰਖੁ ਸੁਜਾਣੁ ॥ ਨਾਨਕ ਡਿਠਾ ਸਦਾ ਨਾਲਿ ਹਰਿ ਅੰਤਰਜਾਮੀ ਜਾਣੁ ॥ ੪ ॥ ੪ ॥ ੭੪ ॥

ਤਦਹੁ ਬਾਬਾ ਰਵਦਾ ਰਹਿਆ ਘਰ ਤੇ।

## ੪੦. ਕਰੋੜੀਆ.

*ਤਬ ਬਾਬਾ ਦਰੀਆਉ ਉਪਰ ਬਹਿ ਗਇਆ,ਤਲਵੰਡੀ ਕੇ ਨਜੀਕ ਇਕ ਥਾਂਉ ਉਥੇ ਬਹੁਤ ਗਊਗਾ ਚਲਿਆ। ਜੋ ਕੋਈ ਸੁਨੈ, ਸੋ ਸਭ ਆਵੈ। ਲੋਕ ਆਖਣ ਜੋ 'ਕੋਈ ਖੁਦਾਇ ਦਾ ਫਕੀਰ ਪੈਦਾ ਹੋਇਆ ਹੈ, ਨਾਨਕ ਨਾਉਂ ਹੈਸੁ, ਆਪਣੇ ਖੁਦਾਇ ਨਾਲ ਰੱਤਾ ਹੈ'। ਲੋਕ ਬਹੁਤ ਜੁੜਿਆ, ਮੁਰੀਦ ਭੀ ਹੋਵਨ। ਜੋ ਆਵੈ, ਸੋ ਪਰਚਾ ਜਾਵੈ। ਜੋ ਬਾਬਾ ਸਲੋਕ ਕਰਦਾ ਥਾ; ਸੋ ਪਰਗਟ ਹੋਏ। ਇਹੁ ਸਲੋਕ ਕੀਤੇ ਸੇ, ਫਕੀਰ ਕਾਨਿਆ ਨਾਲ ਗਾਉਂਦੇ ਸੇ:–

ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥

ਤਬ ਨਾਨਕ ਕੇ ਘਰ 'ਏਕੋ ਨਾਮ ਵਖਾਣੀਐ'।ਬਹੁਤ ਉਸਤਤ ਹੋਵਨ ਲਗੀ, ਖਰਾ ਬਹੁਤ ਗਊਗਾ ਹੋਇਆ। ਜੋ ਕੋਈ ਹਿੰਦੂ, ਮੁਸਲਮਾਨ, ਜੋਗੀ, ਸੰਨਿਆਸੀ, ਬ੍ਰਹਮਚਾਰੀ, ਤਪੀਏ, ਤਪੀਸਰ, ਦਿਗੰਬਰ, ਬੈਸਨੋ, ਉਦਾਸੀ, ਗ੍ਰਸਤੀ†; ਬੈਰਾਗੀ, ਖਾਨ, ਖਨੀਨ, ਉਮਰੇ, ਉਮਰਾਉ, ਕਰੋੜੀਏ, ਜਿਮੀਦਾਰ, ਭੂਮੀਏ, ਜੋ ਕੋ ਆਵੈ, ਸੋ ਪਰਚਾ ਜਾਵੈ। ਸਭੇ ਲੋਕ ਉਸਤਤਿ ਕਰਨ।

ਤਬ ਜਿਥੈ ਬਾਬਾ ਰਹਿੰਦਾ ਸੀ ਉਸ ਗਿਰਾਉਂ ਪਾਸ ਇਕ ਕਰੋੜੀਆ ਰਹਿੰਦਾ ਸੀ। ਓਨ ਕਹਿਆ, 'ਏਹ ਕਉਣ ਹੈ ? ਜੋ ਪੈਦਾ ਹੋਇਆ ਹੈ, ਸੋ ਸਭ ਇਸਕਾ ਨਾਉ ਲੈਤੇ ਹੈਨ। ਹਿੰਦੂ ਤਾਂ ਖਰਾਬ ਕੀਏ ਥੇ, ਪਰ ਮੁਸਲਮਾਨਾਂ ਕਾ ਭੀ ਇਮਾਨ ਖੋਇਆ। ਕਿਆ ਈਮਾਨ ਮੁਸਲਮਾਨ ਕਾ ਜੋ ਹਿੰਦੂ ਉਪਰ ਈਮਾਨ ਕਰਤੇ ਹੈਂਨ ? ਪਰ ਚਲਹੁ ਅਸੀਂ ਬੰਨ ਲੈ ਆਵਹਿਂ'। ਜਾਂ ਚੜਿਆ ਘੋੜੇ ਉਪਰ,ਤਾਂ ਘੋੜਾ

---

*ਇਹ ਸਾਰੀ ਸਾਖੀ ਹਾ:ਵਾ:ਨੁ:ਵਿਚੋਂ ਪਾਈ ਹੈ;ਵਲੈਤ ਵਾਲੀ ਵਿਚ ਹੈ ਨਹੀਂ।

†ਉਦਾਸੀ, ਗ੍ਰਸਤੀ = ਮੁਰਾਦ ਹੈ ਤਜਾਗੀ ਲੋਕ ਤੇ ਘਰਾਂ ਬਾਰਾਂ ਵਾਲੇ ਦੋਵੇਂ।

ਫਰਕ ਪਇਆ। ਫਿਰ ਅਗਲੇ ਦਿਨ ਚੜ੍ਹਿਆ, ਤਾਂ ਆਂਵਦਾ ਆਂਵਦਾ ਰਾਹਿ ਵਿਚ ਅੰਧਾ ਹੋਇ ਗਇਆ, ਸੁਝਸ ਕਿਛ ਨਾਂਹੀ, ਤਾਂ ਬਹਿ ਗਇਆ। ਲੋਕਾਂ ਕਹਿਆ, 'ਜੀ ਅਸੀਂ ਡਰਦੇ ਆਖ ਨਹੀਂ ਸਕਦੇ, ਪਰ ਨਾਨਕ ਵਡਾ ਪੀਰ ਹੈ। ਤੁਸੀਂ ਉਸਕੀ ਬੰਦਗੀ ਸਿਮਰਣ ਕਰਹੁ'। ਤਾਂ ਕਰੋੜੀਆ ਸਿਫਤ ਲਗਾ ਬਾਬੇ ਨਾਨਕ ਦੀ ਕਰਣ। ਅਤੇ ਪਾਸ ਲੋਕ ਭੀ ਲੱਗੇ ਬਾਬੇ ਵਲ ਸਿਜਦਾ ਕਰਣ। ਤਾਂ ਕਰੋੜੀਆ ਅਸਵਾਰ ਹੋਇਆ, ਤਾਂ ਪੱਟ ਘੋੜੇ ਉਪਰਹੁੰ ਢਹਿ ਪਇਆ, ਦਿਸੈ ਕਿਛੁ ਨਾਂਹੀ। ਤਬ ਲੋਕਾਂ ਕਹਿਆ, 'ਦੀਵਾਨ ਜੀ! ਤੂੰ ਭੁਲਦਾ ਹੈ ਜੋ ਘੋੜੇ ਚੜਦਾ ਹੈਂ, ਨਾਨਕ ਵਡਾ ਪੀਰ ਹੈ, ਤੂੰ ਪਿਆਦਾ ਹੋਇ ਕਰ ਚਲ, ਜੋ ਤੂੰ ਬਖਸੀਐ'। ਤਾਂ ਕਰੋੜੀ ਪਿਆਦਾ ਹੋਇ ਚਲਿਆ। ਜਿਥੈ ਬਾਬੇ ਦੀ ਦਰਗਾਹ ਦਿਸ ਆਈ,ਤਾਂ ਤਿਥੈ ਖੜਾ ਹੋਇ ਕਰ ਲਗਾ ਸਲਾਮ ਕਰਣ। ਨੇੜੇ ਆਇਆ ਤਾਂ ਇਹੁ ਪੈਰੀ ਪਇਆ। ਬਾਬੇ ਬਹੁਤ ਖੁਸੀ ਕੀਤੀ। ਬਾਬੇ ਤਿੰਨ ਦਿਨ ਰਖਿਆ, ਬਾਬਾ ਬਹੁਤ ਖੁਸੀ ਹੋਆ। ਤਾਂ ਕਰੋੜੀ ਅਰਜ ਕੀਤੀ, 'ਬਾਬਾ ਜੀ! ਤੇਰਾ ਹੁਕਮ ਹੋਵੈ, ਤਾਂ ਇਕ ਚਕ ਬਨਾਵਾਂ ਤੇਰੇ ਨਾਂਵ ਕਾ, ਕਰਤਾਰ ਪੁਰ ਨਾਉਂ ਰਖੀਐ ਧਰਮਸਾਲਾ ਪਾਈਐ'। ਤਾਂ ਕਰੋੜੀਆ ਵਿਦਿਆ ਹੋਇਆ। ਬੋਲੋ ਵਾਹਿਗੁਰੂ।

## ੪੧. ਭਾਗੀਰਥ, ਮਨਸੁਖ ਤੇ ਸ਼ਿਵਨਾਭ.

*ਤਾਂ ਪਿਛਹੁ ਕਾਲੂ ਆਪਣੇ ਆਦਮੀ ਸਭ ਲੈਕਰ ਬਾਬੇ ਪਾਸ ਆਇਆ। ਬਾਬਾ ਟਿਕਿਆ। ਸੰਗਤ ਸਿਖ ਲੱਗੇ ਹੋਂਦੇ ਜਾਣ। ਬਾਬੇ ਉਹ ਭੇਖ ਉਤਾਰਿਆ। ਇਕ ਚਾਦਰ ਤੇੜ ਇਕ ਚਾਦਰ ਉਪਰ, ਇਕ ਪਟਕਾ ਸਿਰ, ਨਿਰੰਜਨ ਨਿਰੰਕਾਰ ਕਾ ਸਰੂਪ ਧਰਿਆ ਜਗਤ ਨਿਸਤਾਰਣ ਕੇ ਤਾਂਈ।ਜਗਤ ਵਿਚ ਡੋਰੀ ਉਭਰ ਗਈ,ਜੋ 'ਵਾਹੁ ਵਾਹੁ! ਨਾਨਕੁ ਜੀ ਵਾਹੁ ਵਾਹੁ ਵੱਡਾ ਭਗਤ ਪੈਦਾ ਹੋਆ ਹੈ'।

ਤਬ ਇਕ ਖੱਤਰੀ ਥਾ, ਖਰਾ ਗਰੀਬ ਯਤੀਮ ਸਾ। ਉਸ ਕੇ ਘਰ ਇਕ ਕੁੜੀ ਸੀ; ਘਰਹੁ ਖਰਾ ਆਜਜ਼ ਸੀ; ਸਰ ਕਿਛ ਨਾ ਸੀ ਆਂਵਦਾ। ਉਨ ਬਾਬੇ ਪਾਸ ਆਇ ਅਰਦਾਸ ਕੀਤੀ; 'ਅਜੀ ਗਰੀਬ ਨਿਵਾਜ! ਮੇਰੇ ਤੇ ਸਰ ਕਿਛ ਨਾਹੀਂ ਆਂਵਦੀ,ਬੇਟੀ ਕੁਆਰੀ ਹੈ ਕਿਛ ਪਰਮੇਸਰ ਕੇ ਨਾਇ ਅੰਗੀਕਾਰ ਕਰ†,ਖਸਮਾਨਾ ਹੋਵੈ'। ਤਾਂ ਬਾਬੇ ਹੁਕਮ ਕੀਤਾ, 'ਜਿ ਕਿਛੁ ਵਸਤੁ ਤੈਨੂੰ ਚਾਹੀਦੀ ਹੈ,ਸੋ ਤੂੰ ਲਿਖਾਇ ਲੈ ਆਉ, ਅਸੀਂ ਅਣਾਇ ਦੇਹਾਂਗੇ'। ਉਨ ਖੱਤਰੀ ਵੀਵਾਹ ਦੀ ਵਸਤ ਸਭ ਲਿਖ

---

*ਇਹ ਸਾਖੀ ਭੀ ਸਾਰੀ ਹਾਫਜ਼ਾਬਾਦ ਵਾਲੇ ਨੁਸਖੇ ਵਿਚੋਂ ਪਾਈ ਹੈ, ਵਲੈਤ ਪਹੁੰਚੀ ਸਾਖੀ ਵਿਚ ਹੈ ਨਹੀਂ।

†ਜਿਸ ਤਰ੍ਹਾਂ ਅੱਜ ਕਲ ਕਹੀਦਾ ਹੈ—ਅੰਗ ਪਾਲ, ਉਹ ਮੁਰਾਦ ਹੈ ਕਿ ਮੇਰੀ ਗਰੀਬੀ ਤੱਕ ਕੇ ਆਪਣੀ ਮਿਹਰ ਦਾ ਅੰਗ ਪਾਲ। ਭਾਵ ਕੁਛ ਦਾਜ ਦੇਣ ਵਾਸਤੇ ਦਿਓ।

ਆਂਦੀ; ਜਿਤਨੀ ਲੋੜੀਦੀ ਸੀ। ਤਾਂ ਬਾਬੇ ਹੁਕਮ ਕੀਤਾ,'ਭਾਗੀਰਥ! ਆਣ ਦਿਨੋ'। ਭਾਈ ਭਾਗੀਰਥਾ, ਤੂੰ ਲਾਹੌਰ ਜਾਇ, ਜਿਤਨੀਆਂ ਵਸਤੂ ਲੋੜੀਦੀਆਂ ਹੈਨ ਅਤੇ ਲਿਖੀਆਂ ਹੈਨ, ਸੋ ਸਭਿ ਲੈ ਕੈ ਤੁਧ ਆਵਣੀਆਂ। ਜੇ ਭਲਕੇ ਰਹਿਓਂ ਤਾਂ ਜਨਮ ਵਿਗੜੀਗਾ'। ਉਹ ਭੈਮਾਨ ਹੋਕਰ ਉਠ ਦਉੜਿਆ, ਲਾਹੌਰ ਆਇਆ। ਇਕ ਸ਼ਾਹ ਬਾਣੀਏ ਨੂੰ ਮਿਲਿਆ, ਆਖਿਓਸ, 'ਮੈਨੂੰ ਇਤਨੀਆਂ ਵਸਤੂ ਲੋੜੀਦੀਆਂ ਹੈਨ, ਮੈਨੂੰ ਆਣ ਦੇਹਿ'। ਤਬ ਉਨ ਬਾਣੀਏ ਕਹਿਆ 'ਅੱਜ ਰਹੁ ਭਲਕੇ ਨੂੰ ਸਭੇ ਵਸਤੂ ਹੋਇ ਆਵਣਗੀਆਂ'। ਤਾਂ ਭਾਗੀਰਥ ਆਖਿਆ, 'ਮੈ ਜਾਣਾ ਹੈ, ਰਹਿੰਦਾ ਨਾਹੀ'। ਤਾਂ ਉਨ ਬਾਣੀਏ ਆਖਿਆ, 'ਜੋ ਵਸਤੂ ਸਭ ਹੋਵਣਗੀਆਂ, ਪਰ ਇਕ ਚੂੜਾ ਨਾ ਹੋਸੀਆ, ਚੂੜੇ ਚੀਰੀਦੇ ਰੰਗੀਦੇ ਰਾਤ ਪਵੇਗੀ। ਅੱਜ ਤੂੰ ਰਹੁ ਭਾਗੀਰਥਾ!' ਭਾਗੀਰਥ ਆਖਿਆ, 'ਮੈਂ ਤ੍ਰਈਕਾਲ ਰਹਾਂ ਨਾਹੀਂ'। ਬਾਣੀਏ ਆਖਿਆ, 'ਅੱਜ ਰਹੇ ਬਾਝ ਕੰਮ ਹੋਂਦਾ ਨਹੀਂ'। ਤਬ ਉਨ ਬਾਣੀਏ ਆਖਿਆ: 'ਤੂੰ ਸਾਮ ਸਾਮ ਰਹੁ ਜੇ ਕੰਮ ਚੂੜੇ ਦਾ ਤੈਂ ਕਰਣਾ ਹੈ'। ਤਾਂ ਭਾਗੀਰਥ ਕਹਿਆ, 'ਜੋ ਅੱਜ ਕੰਮ ਨਾਹੀਂ ਸਉਰਦਾ, ਅਤੇ ਹੁਕਮ ਸਿਰ ਨਾ ਜਾਵੇ, ਤਾਂ ਮੇਰਾ ਜਨਮ ਵਿਗੜੇਗਾ'। ਤਾਂ ਉਨ ਬਾਣੀਏ ਆਖਿਆ, 'ਭਾਈ ਕਿਸੀ ਕਾ ਸਾਹਿਬ ਹੋਂਦਾ ਹੈ ਕਰੜਾ ਤਾਂ ਉਹ ਚਾਕਰ ਕਹਿੰਦਾ ਹੈਂ ਜੋ—ਮੇਰਾ ਸਾਹਿਬ ਖਿਝੇਗਾ, ਮੇਰਾ ਵਜਹੁ ਕਟੈਗਾ—ਤੂੰ ਜੋ ਕਹਿੰਦਾ ਹੈਂ,—ਜੋ ਹੁਕਮ ਸਿਰ ਨਾ ਜਾਵੈਗਾ, ਤਾਂ ਮੇਰਾ ਜਨਮ ਵਿਗੜੇਗਾ—। ਸੋ ਤੇਰਾ ਸਾਹਿਬ ਕੈਸਾ ਹੈ, ਜਿਸ ਕੇ ਕੋਪ ਤੇ ਤੇਰਾ ਜਨਮ ਵਿਗੜੇਗਾ?' ਤਾਂ ਭਾਗੀਰਥ ਕਹਿਆ, 'ਮੇਰਾ ਸਾਹਿਬ ਗੁਰੂ ਹੈ। ਜੇ ਹਉਂ ਉਸ ਦੇ ਹੁਕਮ ਸਿਰ ਨਾ ਜਾਵਾਂ ਤਾਂ ਮੇਰਾ ਜਨਮ ਵਿਗੜੈ'। ਤਾਂ ਉਨ ਬਾਣੀਏ ਕਹਿਆ,'ਭਾਈ ਅੱਜ ਕਲੀਕਾਲ ਕੇ ਗੁਰੂ ਕਿਆ ਹੈਨ, ਜਿਨਕੇ ਕਹੇ ਤੇਰਾ ਜਨਮ ਵਿਗੜੇ?' ਤਾਂ ਭਾਗੀਰਥ ਆਖਿਆ, ਜੋ 'ਮੇਰਾ ਸਾਹਿਬ ਗੁਰੂ ਮਹਾਂਪੁਰਖ ਹੈ'। ਤਾਂ ਉਨ ਬਾਣੀਏ ਕਹਿਆ ਜੋ'ਹੇ ਘਰ ਬੂੜੇ! ਕਲੀਕਾਲ ਮਹਿ ਮਹਾਂ ਪੁਰਖ ਕਹਾਂ ਹੈ?' ਤਬ ਆਖਿਆ, 'ਨਾਂ ਜੀ, ਮੇਰਾ ਗੁਰੂ ਮਹਾ ਪੁਰਖ ਪੂਰਨ ਹੈ, ਮਹਾਂ ਪੁਰਖ ਹੈ, ਨਿਰੰਜਨ ਰੂਪ ਹੈ'। ਤਬ ਉਨ ਬਾਣੀਏ ਕਹਿਆ, 'ਚਲ ਹਉਂ ਤੇਰੇ ਸਾਥ ਚਲਦਾ ਹਾਂ। ਇਕ ਚੂੜਾ ਹੈ ਮੇਰੇ ਘਰ ਰੰਗਿਆ ਹੋਆ, ਤੂੰ ਆਪਣੇ ਪਾਸ ਗ੍ਰਹ ਬੰਧ ਰੱਖ। ਜਉ ਤੇਰਾ ਗੁਰੂ ਮਹਾਂ ਪੁਰਖ ਹੋਇਗਾ, ਤਾਂ ਤੇਰਾ ਭੀ ਗੁਰੂ ਅਤੇ ਮੇਰਾ ਭੀ ਗੁਰੂ, ਅਰ ਜੇ ਮਹਾਂਪੁਰਖ ਨਾ ਹੋਆ, ਤਾਂ ਵਸਤੂ ਦੇਵਾਂਗਾ ਅਰ ਮੁਲ ਲੇਵਾਂਗਾ?'

ਤਾਂ ਭਾਗੀਰਥ ਅਰ ਬਾਣੀਆਂ ਦੋਨੋਂ ਚਲੇ, ਗੁਰੂ ਬਾਬੇ ਕੋਲ ਆਏ। ਤਾਂ ਬਾਬੇ ਅਗੋਂ ਕਹਿਆ 'ਭਾਗੀਰਥਾ! ਜਿੱਧਰ ਜਾਹਿੰ, ਤਿੱਧਰ ਬਹਿ ਰਹੈਂ, ਜਬਾਬ ਨਾ ਲੈ ਆਵਹਿੰ'। ਅਜੇ ਉਹ ਆਂਵਦੇ ਸੇ ਰਾਹਿ ਵਿਚ, ਉਨ ਵਾਕ ਸੁਣ ਪਾਇਆ ਤਾਂ ਉਸ ਬਾਣੀਏ ਕੇ ਕਪਾਟ ਖੁਲ੍ਹ ਗਏ, ਜੋ ਏਹ ਮਹਾਂਪੁਰਖ ਅੰਤਰਜਾਮੀ ਹੈ। ਆਇ ਪੈਰੀਂ ਪਏ। ਤਬ ਉਸ ਬਾਣੀਏ ਕੀ ਨਿਸਾ ਭਈ ਦਰਸ਼ਨ ਦੇਖਣੇ ਨਾਲ,ਪੈਰੀਂ ਪਉਂਦੋ

ਨਿਹਾਲ ਹੋਇ ਗਇਆ। ਤੀਨ ਬਰਸ ਬਾਬੇ ਕੋਲ ਰਹਿਆ, ਫੇਰ ਬਾਬੇ ਵਿਦਿਆ ਕੀਤਾ। ਗੁਰੂ ਬਾਬੇ ਦੀ ਬਾਣੀ ਬਹੁਤ ਸਿਖੀਆਸੁ, ਪੋਥੀਆਂ ਸਿਖ* ਲੀਤੀਓਸੁ। ਗੁਰੂ ਪਾਸਹੁੰ ਵਿਦਿਆ ਹੋਆ, ਵਿਦਿਆ ਹੋਇ ਘਰ ਆਇਆ ਲਹੌਰ ਵਿਚ।

ਓਨ ਵਪਾਰੀ ਸਾਹ ਲੋਕ ਬੁਲਾਏ, ਹੱਟ ਦੀ ਵਸਤੂ ਸਭ ਸਉਂਪੀ, ਆਪ ਸਮੁੰਦਰ ਜਹਾਜ ਕਰ ਚਲਿਆ। ਜਹਾਂ ਰਾਜਾ ਸ਼ਿਵਨਾਭਿ ਰਹਿੰਦਾ ਥਾ ਉਸ ਨਗਰੀ ਜਾਹਿ ਰਹਿਆ। ਵਾਪਾਰ ਲੱਗਾ ਕਰਣ, ਵੱਡੀ ਰਾਤ ਤਾਈਂ ਕੀਰਤਨ ਕਰੈ। ਜਿਥੈ ਪਹਿਰ ਰਾਤ ਰਹੈ, ਤਿਥੈ ਉਠ ਕਰ ਠੰਢੇ ਪਾਣੀ ਨਾਲ ਨ੍ਹਾਵੈ।ਗੁਰੂਬਾਬੇ ਦੀ ਆਗਿਆ ਹੈ'ਜੋ ਠੰਢੇ ਪਾਣੀ ਨਾਲ ਨਾਵੈਗਾ ਪਹਿਰ ਰਾਤਰਹਿੰਦੀ,ਅਤੈਗੁਰੂ ਕਾ ਨਾਉਂਜਪਹਿਗੇ ਉਨ ਕਉ ਪਰਮੇਸ਼ਰ ਕੇ ਦਰ ਅੰਮ੍ਰਿਤ ਪੀਐਗਾ, ਅਜੂਨੀ ਸੰਭੂ ਸੰਗ ਸਮਾਵੈਗਾ। ਜਹਾਂ ਗੁਰੂ ਬਾਬੇ ਕਾ ਨਿਵਾਸ ਹੈ,ਤਹਾਂ ਉਹ ਰੱਖੀਂਅਹਿੰਗੇ'। ਅਰ ਬੇਦ† ਕਹਿਤਾ ਹੈ, ਜੋ ਪਹਿਰ ਰਾਤ ਸਿਉਂ ਨਾਵੈਗਾ। ਤਿਸ ਕਉ ਸਵਾ ਮਣ ਸੋਨੇ ਕਾ ਪੁੰਨ ਹੋਵੈਗਾ। ਜੋ ਚਉ ਘੜੀਆਂ ਰਾਤ ਨੂੰ ਨਾਵੈਗਾ ਤਿਸਨੂੰ ਸਵਾ ਮਣ ਪਾਣੀ ਕਾ ਪੁੰਨ ਹੋਵੈਗਾ। ਜੋ ਦਿਨ ਚੜੇ ਨਾਵੈਗਾ, ਤਿਸ ਨੂੰ ਪੁੰਨ ਨਾ ਪਾਪ'। ਏਹ ਤਾਂ ਬੇਦ† ਕਹਿਤਾ ਹੈ,ਅਰ ਬਾਬੇ ਦੀ ਆਗਿਆ ਹੈ 'ਜੋ ਮੇਰਾ ਸਿਖ ਪ੍ਰਾਤਕਾਲ ਨਾਵੈਗਾ, ਸਿਰ ਪਾਣੀ ਠੰਢਾ ਪਾਵੈਗਾ,ਤਿਸਕੀ ਪਰਮ ਗਤ ਹੋਵੈਗੀ।ਜੀਵਦਾ ਭੀ ਮੁਕਤਾ ਅਰ ਮੂਆ ਭੀ ਮੁਕਤਾ‡'।

ਅਰ ਓਹ ਬਾਣੀਆਂ ਪਹਿਰ ਰਾਤ ਰਹਿੰਦੀ ਨਾਵੈ ਪਾਣੀ ਠੰਢੇ ਨਾਲ। ਨਾਇਕਰ ਜਪ ਪੜੈ, ਅਰ ਪੋਥੀ ਸਬਦ ਪੜਕੇ ਪ੍ਰਾਤਾਕਾਲ ਹੋਂਦੇ ਨੂੰ ਪਰਸਾਦਿ ਜੇਂਵਕੈ ਜਾਇ ਸੰਸਾਰ ਕੀ ਪ੍ਰਕ੍ਰਿਤਿ ਕਰੇ। ਰਾਤੀਂ ਆਵੈ ਤਾਂ ਗੁਰੂ ਕਾ ਸਬਦ ਗਾਵੈ। ਅਰ ਉਸ ਵਲ ਕੇ ਲੋਕ ਦਿਨ ਚੜੇ ਇਸਨਾਨ ਕਰਹਿ। ਦੁਆਦਸ ਟਿਕੇ ਚੜਾਵਹਿ, ਅਰ ਆਇਤਵਾਰ ਅਮਾਵਸ,ਇਕਾਦਸੀ ਬਰਤ ਕਰਹਿ। ਦੇਹੁਰੇ ਕੀ ਪੂਜਾ ਕਰਹਿ, ਠਾਕਰ ਦੁਆਰੇ ਭੀ ਜਾਂਹਿ। ਓਹ ਬਾਣੀਆਂ ਨਾ ਵਰਤ, ਨਾ ਪੂਜਾ, ਨਾ ਅਮਾਵਸ, ਨਾ ਆਇਤਵਾਰ ਉਨਕੀ ਕਾਈ ਪ੍ਰਕ੍ਰਿਤ ਨ ਕਰੇ। ਇਸ ਵੱਲ ਕੇ ਜੋ ਹਿੰਦੂ ਜਾਂਹਿ, ਤਿਸਕੋ ਓਹ ਭ੍ਰਸਟ ਕਰ ਘੱਤਨ। ਤਬ ਲੋਕਉ ਉਸ ਬਾਣੀਏ ਕੀ ਚਰਚਾ ਦਲਾਈ। ਤਬ ਚਲੀ ਚਲੀ ਬਾਤ ਰਾਜੇ ਸਿਵਨਾਭਿ ਪਾਸ ਚਲ ਪਈ, ਜੋ 'ਜੀ ਇਕ ਜੋ ਬਾਣੀਆ ਹੈ, ਹਿੰਦੂ ਕਹਾਂਵਦਾ ਹੈ, ਅਰ ਕਰਮ ਭ੍ਰਸ਼ਟ ਕਰਦਾ ਹੈ'। ਤਬ ਰਾਜੇ ਕਹਿਆ, ਜੋ 'ਰੇ, ਉਸ ਬਾਣੀਏ ਕਉ ਬੁਲਾਇ ਲੇ ਆਵਹੁ, ਮੈਂ ਉਸ ਕਉ ਪੂਛਹੁੰ। ਜੋ, ਰੇ ਉਹ ਕਿਉ ਐਸੀ ਬਾਤ ਕਰਤਾ ਹੈ ਹਿੰਦੂ ਜਨਮ ਹੋਇਕੈ ?' ਤਬ ਰਾਜੇ ਕੇ

---

*ਇਹ ਲਿਖਾਰੀ ਦੀ ਭੁਲ ਹੈ, ਪਾਠ ਚਾਹੀਦਾ ਹੈ-'ਲਿਖ ਲੀਤੀਓਸੁ'।

†ਬੇਦ ਤੋਂ ਲੇਖਕ ਦੀ ਮੁਰਾਦ ਵੇਦ ਨਹੀਂ, ਪਰ ਕੋਈ ਹੋਰ ਸ਼ਾਸਤ੍ਰ।

‡ਉਪਰ ਆ ਚੁਕਾ ਹੈ ਕਿ ਜੋ ਅੰਮ੍ਰਤ ਵੇਲੇ ਨ੍ਹਾਕੇ ਨਾਮ ਜਪਹਿੰਗੇ ਉਨਕੋ ਅੰਮ੍ਰਤ ਪੀਐਗਾ। ਇਥੇ ਬੀ ਉਹੋ ਨਾਮ-ਜਪਣ ਨਾਲ ਮੁਰਾਦ ਹੈ।

ਦੂਤ ਉਸ ਬਾਣੀਏ ਕਉ ਬੁਲਾਇ ਲੈ ਆਏ। ਤਬ ਓਹ ਬਾਣੀਆਂ ਰਾਮ ਰਾਮ ਕਰਕੈ ਸਿਰ ਨਿਵਾਇ ਕਰ ਨਲੀਏਰ ਦੇ ਮਿਲਿਆ। ਤਬ ਰਾਜੇ ਪੁੱਛਿਆ, ਜੋ 'ਰੇ ਬਾਣੀਏ! ਤੂੰ ਹਿੰਦੂ ਜਨਮ ਹੈਂ, ਤੂੰ ਬਰਤ ਨੇਮ ਪੂਜਾ ਨਹੀਂ ਕਰਤਾ, ਸੋ ਕਿਉਂ ਨਹੀਂ ਕਰਤਾ ?'

*ਜੋ, 'ਜੀ, ਜਿਸ ਕਾਰਣ ਤੁਮ ਬਰਤਨੇਮ ਸੰਜਮ ਕਰਤੇ ਹੋ, ਸੋ ਵਸਤ ਮੈਂ ਪਾਈ ਹੈ। ਕਿਆ ਵਰਤ ਨੇਮ ਕਰਉ ?'

ਤਬ ਰਾਜੇ ਪੁੱਛਿਆ 'ਕਉਣ ਵਸਤ ਤੈਂ ਪਾਈ ਹੈ ? ਜਿਸ ਤੇ ਤੇਰਾ ਸੰਤੋਖ ਹੂਆ ਹੈ'। ਕਹੇ, 'ਜੀ ਮੈਂ ਮਹਾਂਪੁਰਖ ਕਾ ਦਰਸ਼ਨ ਕੀਆ ਹੈ, ਜਿਸ ਕੇ ਦਰਸ਼ਨ ਮੁਕਤਿ ਪਾਈ ਹੈ'। ਤਬ ਰਾਜੇ ਕਹਿਆ, 'ਤੇਰੀ ਨਿਸ਼ਾ ਹੋਈ ਹੈ ਉਸਕੇ ਦਰਸ਼ਨ ?' ਤਬ ਬਾਣੀਏ ਕਹਿਆ, 'ਜੀ ਪਰਮੇਸਰ ਮਿਲਿਆ, ਤਾਂ ਨਿਸਾ ਦੀ ਕਿਆ ਚੱਲੀ ਹੈ ?'। ਤਬ ਰਾਜੇ ਕਹਿਆ, 'ਰੇ ਬਾਣੀਏ ! ਕਲਜੁਗ ਮੈਂ ਐਸਾ ਕਉਣ ਹੈ ਮਹਾਂ ਪੁਰਖ ਜਿਸਕੇ ਦਰਸ਼ਨ ਮੁਕਤਿ ਪਾਈਐ ?' ਕਹੈ, 'ਜੀ ਐਸਾ ਬਾਬਾ ਨਾਨਕ ਹੈ, ਜਿਸਕੈ ਨਾਮ ਲੀਐ ਮੁਕਤਿ ਪਾਈਤੀ ਹੈ'। ਤਬ ਉਨ ਬਾਣੀਐਂ ਬਾਬੇ ਨਾਨਕ ਜੀ ਕੀ ਬਾਣੀ ਪ੍ਰਗਟ ਕਰੀ। ਤਬ ਰਾਜੇ ਸਿਵਨਾਭਿ ਬਾਣੀ ਸੁਣੀ, ਸੁਣਿਕੈ ਤ੍ਰਿਪਤ ਹੋਇ ਗਇਆ। ਰੋਮ ਰੋਮ ਮਗਨ ਹੋਇ ਗਇਆ। ਗੁਰੂ ਬਾਬੇ ਦੀ ਬਾਣੀ ਜੋ ਸੁਣੀ ਰਾਜੇ ਸਮਝੀ। 'ਰੇ ਬਾਣੀਐ ! ਤੂੰ ਮੇਰੇ ਤਾਂਈ ਅਪਨੇ ਨਾਲ ਲੈ ਚੱਲ ਜਹਾਂ ਗੁਰੂ ਬਾਬਾ ਨਾਨਕ ਹੈ, ਮੈਂ ਦਰਸਨ ਦੇਖਉਂ'। ਤਬ ਉਨ ਬਾਣੀਐ ਕਹਿਆ, 'ਜੀ ਇਉਂ ਤੂੰ ਚਲੈ, ਤਾਂ ਕਿਆ ਜਾਪੈ ਤੂੰ ਪਹੁੰਚ ਸਕਹਿ ਕਿ ਨਾ ਸਕਹਿ ? ਪਰ ਤੂੰ ਜੀਅ ਵਿਚ ਅਰਾਧ, ਤੇਰੇ ਤਾਈਂ ਈਹਾਂ ਹੀ ਮਿਲੈਗਾ'। ਤਬ ਰਾਜੇ ਸਿਵਨਾਭਿ ਕਹਿਆ, 'ਜਿਸ ਧਰਤੀ ਗੁਰੂ ਬਾਬਾ ਨਾਨਕ ਰਹਿਤਾ ਹੈ, ਸੋ ਧਰਤੀ ਤੂੰ ਕਹੁ'।

ਕਹੈ, 'ਜੀ ਲਾਹੌਰ ਤੇ ਕੋਸ ਪੰਦਰਾਂ ਕਰਤਾਰ ਪੁਰ ਬੰਨਿਆ ਹੈ ਪੰਜਾਬ ਕੀ ਧਰਤੀ ਮਾਂਹਿ, ਊਹਾਂ ਗੁਰੂ ਬਾਬਾ ਨਾਨਕ ਰਹਿਤਾ ਹੈ। ਸਥਾਨ ਤਲਵੰਡੀ ਰਾਇ ਭੋਇ ਭੱਟੀ ਕੀ, ਰਾਵੀ ਕੇ ਪਾਰ, ਨਾਮ ਸੁਥਾਨ ਰਾਵੀ ਦੇ ਉਰਾਰ ਕਰਤਾਰ ਪੁਰ ਬੰਨ੍ਹਿਆਂ ਹੈ, ਊਹਾਂ ਮਹਾਂਪੁਰਖ ਰਹਿਤਾ ਹੈ। ਸਭਨੀ ਥਾਂਈ ਹੈ, ਜਹਾਂ ਜਹਾਂ ਅਰਾਧੀਐ, ਤਹਾਂ ਤਹਾਂ ਹਾਜਰ ਹੈ'। ਤਬ ਰਾਜੇ ਕਹਿਆ, 'ਤਉ ਚਲੋ ਲਾਹੌਰ ਕਉ, ਜੋ ਜਾਇਕਰ ਦਰਸਨ ਕਰਉ'। ਤਬ ਉਨ ਬਾਣੀਐ ਕਹਿਆ, ਜੋ 'ਜੀ ਮਹਾਂ ਪੁਰਖ ਕਾ ਸੁਭਾਉ ਹੈ, ਚੱਲ ਕੈ ਕੋਈ ਨਾਂਹੀ ਅੱਪੜਿਆ'। ਕਹੈ, 'ਜੀ ਤੂੰ ਆਪਣੇਂ ਆਤਮੇ ਅੰਦਰ ਅਰਾਧ, ਗੁਰੂ ਬਾਬਾ ਅੰਤਰਜਾਮੀ ਹੈ, ਤੁਝ ਕਉ ਈਹਾਂ ਹੀ ਮਿਲੈਗਾ।' ਤਬ ਰਾਜੇ ਸਿਵਨਾਭਿ ਏਹੁ ਬਾਤ ਮੰਨ ਲੀਤੀ। ਤਬ ਉਹ ਬਾਣੀਆਂ ਵਿਦਾ ਹੋਆ। ਉਨ ਬਾਣੀਐ ਚਲਤੀ ਵੇਰੀ ਕਹਿਆ, 'ਜਿ ਰਾਜਾ ਜੀ, ਤੂੰ ਧੰਨ ਹੈ, ਗੁਰੂ ਬਾਬਾ ਨਾਨਕ ਤੈਨੂੰ ਮਿਲੇਗਾ, ਪਰ ਤੂੰ ਲਖ ਸਕਹਿਗਾ ਨਾਹੀਂ'। ਕਿਆ ਜਾਪੇ ਕਿਤ ਰੂਪ

*ਇਹ ਬਾਣੀਏ ਦਾ ਉਤ੍ਰ ਹੈ।

ਤੁਝ ਕਉ ਆਇ ਦਰਸਨ ਦੇਇਗਾ ? ਜੋਗੀ ਕੇ ਰੂਪ, ਕਿ ਬ੍ਰਹਮਣ ਕੇ ਰੂਪ, ਕਿ ਡੰਡਧਾਰੀ ਕੇ ਰੂਪ, ਕਿ ਦਿਗੰਬਰ ਕੇ ਰੂਪ, ਕਿ ਖੱਤ੍ਰੀ ਕੇ ਰੂਪ, ਕਿ ਬੈਰਾਗੀ ਕੇ ਰੂਪ, ਕਿ ਸੰਨਿਆਸੀ ਕੇ ਰੂਪ, ਬ੍ਰਹਮਚਾਰੀ ਕੇ ਰੂਪ, ਕਿ ਕਲੰਦਰ ਕੇ ਰੂਪ, ਕਿ ਹਿੰਦੂ ਕੇ ਰੂਪ, ਕਿ ਮੁਸਲਮਾਨ ਕੇ ਰੂਪ, ਅਤੇ ਸਭੇ ਰੂਪ ਉਸਦੇ ਹੈਨ। ਇਉਂ ਨਾ ਜਾਣੀਐ ਤੇਰੇ ਤਾਂਈ ਕਿਤ ਰੂਪ ਦਰਸਨ ਦੇਵੈਗਾ। ਓਹ ਅਬਿਨਾਸੀ ਪੁਰਖ ਹੈ। ਤੂੰ ਸਮਝਤਾ ਰਹੀਐ'।

ਤਬ ਓਹ ਬਾਣੀਆਂ ਊਹਾਂ ਤੇ ਜਹਾਜ ਭਰ ਕੇ ਚਲਿਆ। ਰਾਜੇ ਕਉ ਪਿਛੈ ਬਹੁਤ ਉਦਾਸੀ ਹੋ ਰਹੀ ਗੁਰੂ ਬਾਬੇ ਕੇ ਦਰਸਨ ਕੀ। ਸਦਾ ਸਦਾ ਚਿਤਵਨੀ ਕਰੈ, ਸੋਵਤੇ, ਬੈਠਤੇ, ਉਠਤੇ ਅਠ ਪਹਰ ਗੁਰੂ ਬਾਬੇ ਦੀ ਚਾਹ ਵਿਚ ਰਹੇ, ਅਉਰ ਠਉਰ ਮਨ ਠਹਰਾਵੈ ਨਹੀਂ, ਨਿਤਾਪ੍ਰਤਿ ਬਾਬੇ ਹੀ ਕੀ ਚਾਹ ਵਿਚ ਰਹੇ। ਤਬ ਰਾਜੇ ਜੀਅ ਨਾਲ ਕੀਤਾ, ਜੋ–ਕਾਈ ਗਲ ਪਿਛੈ ਬਾਬਾ ਨਾਨਕ ਲਖਿਆ ਜਾਵੈ। ਹੋਰਤ ਗੱਲੇ ਨਹੀਂ ਹੱਥ ਆਵਣਦਾ,ਇਤ ਗਲ ਹਥ ਆਵੈ, ਜੋ ਭਲੀਆ ਸਰੂਪੀਆਂ ਇਸਤ੍ਰੀਆਂ ਬੁਲਾਈਆਂ, ਉਨਾਂ ਕਉ ਰਾਜੇ ਕਹਿ ਛਡਿਆ, ਜੋ 'ਕੋਈ ਚਹੁ ਵਰਨਾਂ ਵਿਚ ਫਕੀਰ ਉਦਾਸੀ ਆਵੈ, ਤਿਸਕੀ ਖੂਬ ਸੇਵਾ ਕਰਨੀ,'ਅਰ ਉਸਕੋ ਮੋਹ ਲੈ ਜਾਣਾ',ਮਤਲਬ ਏਹ ਜੋ ਗੁਰੂ ਬਾਬਾ ਨਾਨਕ ਮੋਹਿਆ ਨਾ ਜਾਵੈਗਾ–। ਅਬ ਰਾਜੇ ਭਲੀਆਂ ਸਰੂਪੀਆਂ ਚੇਰੀਆਂ ਪੈਦਾ ਕੀਤੀਆਂ। ਉਨ ਕਉ ਕਹਿਆ; 'ਜੋ ਕੋਈ ਆਵੈ, ਤਿਸਕੀ ਸੇਵਾ ਕਰਹੁ। ਕੋਈ ਸੰਨਿਆਸੀ, ਬ੍ਰਹਮਚਾਰੀ, ਜੋਗੀ, ਦਿਗੰਬਰ, ਵੈਸ਼ਨੋ, ਹਿੰਦੂ, ਮੁਸਲਮਾਨ ਹੋਵੈ, ਫਕੀਰ ਦਰਵੇਸ਼ ਹੋਵੈ, ਅਤੀਤ ਬੈਰਾਗੀ ਹੋਵੈ, ਤਿਸਕੀ ਸੇਵਾ ਕਰਹੁ। ਐਸੀ ਸੇਵਾ ਕਰਹੁ ਜਿ ਉਸਕਾ ਧਰਮ ਛੁਟ ਜਾਇ।' ਰਾਜੇ ਕੇ ਜੀਅ ਏਹ ਵਰਤੀ,– ਜਿ ਕੋਈ ਪੂਰਾ ਹੋਇਗਾ, ਸੋ ਤਿਸਕਾ ਧਰਮ ਰਹੇਗਾ, ਅਰ ਜੋ ਕਲੀ ਕਾਲ ਕਾ ਹੋਇਗਾ ਤਿਸਕਾ ਧਰਮ ਨਾ ਰਹੇਗਾ। ਕਲਿ ਮਹਿ ਪੂਰਾ ਬਾਬਾ ਨਾਨਕ ਹੈ ਅਵਰ ਕੋਈ ਨਾਹੀਂ। ਪਾਈਐ ਤਾਂ ਇਸ ਹੀ ਬਾਤ ਪਾਈਐ, ਨਾਤਰ ਹੋਰ ਬਾਤ ਨਹੀਂ ਪਾਵਣੇ ਕੀ। ਬਾਬਾ ਨਾਨਕ ਅੰਤਰਜਾਮੀ ਪੂਰਨ ਪੁਰਖ ਹੈ, ਰਾਜੇ ਕੇ ਅਰਾਧਨੇ ਕਰਕੈ ਆਵੈਗਾ–। ਤਬ ਉਹ ਬਾਣੀਆਂ ਊਹਾਂ ਤੇ ਪੰਜਾਬ ਕੀ ਧਰਤੀ ਜਾਇ ਪਹੁਤਾ। ਬੋਲੋ ਵਾਹਿਗੁਰੂ। ——o——

# ਉਦਾਸੀ ਦੂਸਰੀ

## ੪੨. ਦੂਜੀ ਉਦਾਸੀ ਦੱਖਣ ਦੀ, ਸੈਦੋ ਸੀਹੋਂ ਤੇ ਵਰੁਣ.

ੴ ਸਤਿਗੁਰਪ੍ਰਸਾਦਿ ॥

ਦੁਤੀਆ ਉਦਾਸੀ ਕੀਤੀ ਦੱਖਣ ਕੀ। ਅਹਾਰੁ ਤਲੀ ਭਰਿ ਰੇਤ ਕੀ ਕਰਹਿ।

ਤਦਹੁ ਪੈਰੀ ਖੜਾਵਾਂ ਕਾਠ ਕੀਆਂ। ਹਥਿ ਆਸਾ । ਸਿਰਿ ਰਸੇ ਪਲੇਟੇ, ਬਾਹਾਂ ਜਾਂਘਾਂ ਰਸੇ ਪਲੇਟੇ। ਮਥੇ ਟਿਕਾ ਬਿੰਦੁਲੀ ਕਾ। ਤਦਹੁੰ ਨਾਲਿ ਸੈਦੋ ਜਟੁ ਜਾਤ ਘੇਹੋ ਥਾ*। ਤਦਹੁੰ ਬਾਬਾ ਧਨਾਸਰੀ† ਦੇਸਿ ਜਾਇ ਨਿਕਲਿਆ।ਤਬ ਕੋਈ ਦਿਨ ਊਹਾ ਰਹੈ। ਤਬ ਰਾਤਿ ਕੈ ਸਮੈਂ ਸੈਦੋ ਅਤੇ ਸੀਹੋ ਜਾਤ ਘੇਹੋ ਦੋਵੈ‡ ਦਰੀਆਇ ਜਾਵਨਿ, ਸੇਵਾ ਕਰਨਿ ਪਹਿਰੁ ਰਾਤਿ ਰਹੰਦੀ ਨੂੰ ਜਾਵਨਿ । ਅਤੈ ਮਨਿ ਵਿਚਿ ਧਾਰਨਿ ਗੁਰੂ ਖੋਆਜੇ ਤੇ ਪਾਈ ਹੈ[A]। ਤਉ ਗੁਰੂ ਉਤੈ ਥਾਇ ਪਾਈ ਹੈ। ਇਕ ਸਖੈ[B] ਓਨਾਂ ਆਖਿਆ, 'ਜੋ ਅਸੀ ਭੀ ਸੇਵਾ ਕਰਾ ਤਿਤਦਰੁ'। ਏਕ ਦਿਨ, ਇਕ ਰਾਤਿ ਕਉ ਦੇਖਨਿ ਤਾ ਇਕੁ ਮਰਦੁ ਚਲਿਆ ਆਂਵਦਾ ਹੈ, ਹਥਿ ਮਛੀ ਹੈਸੁ। ਤਾਂ ਓਸੁ ਮਰਦ ਪੁਛਿਆ, 'ਤੁਸੀ ਕਉਣ ਹਉ ?' ਤਦਹੁੰ ਸੈਦੋ ਅਤੈ ਸੀਹੋਂ[C] ਬੋਲਿਆ 'ਜੋ ਅਸੀ ਗੁਰੂ ਨਾਨਕ ਕੇ ਸਿਖ ਹਾਂ'। ਤਬ ਰਾਤਿ ਕੈ ਸਮੈ ਉਸ ਮਰਦ ਪੁਛਿਆ 'ਤੁਸੀ ਕਹਾਂ ਚਲੇ ਹਉ ?' ਤਬ ਸੈਦੋ ਬੋਲਿਆ ਜੋ 'ਜੀ ਅਸੀ ਨਿਤਾਪ੍ਰਤ ਪਹਰੁ ਰਾਤਿ ਨੁ ਖੋਆਜੇ ਦੀ ਸੇਵਾ ਕਰਣਿ ਜਾਂਦੇ ਹਾਂ, ਜੋ ਅਸਾਡੈ ਗੁਰੂ ਖੋਆਜੇ ਤੇ ਹੀ ਪਾਇਆ ਹੈ[D]'। ਤਬ ਸੈਦੋ ਪੁਛਿਆ 'ਜੀ ਤੁਸੀ ਕਉਣ ਹਉ ? ਕਿਥੈ ਜਾਵਹੁਗੇ?' ਤਬ ਓਹੁ ਮਰਦੁ ਬੋਲਿਆ, ਜੋ 'ਮੈਂ ਖੋਆਜਾ ਹਾਂ, **ਗੁਰੂ** ਪਾਸਿ ਜਾਂਦਾ ਹਾਂ, ਨਿਤ-ਪ੍ਰਤਿ ਇਤੁ ਸਮੈ ਜਾਂਦਾ ਹਾਂ ਸੇਵਾ ਕਰਣਿ । **ਅਜੁ ਮਛਲੀ ਭੇਟਿ** ਲੈ ਚਲਿਆ ਹਾਂ।' ਤਬ ਸੈਦੋ ਸੀਹੋਂ[E] ਆਇ ਪੈਰੀ ਪਏ, ਆਖਿਓਨੈ, 'ਜੀ ! ਅਸੀ ਆਖਦੇ ਹਾਂ, ਜੋ —ਗੁਰੂ ਤੁਸਾਂ ਤੇ ਪਾਇਆ ਹੈ—ਅਤੇ ਤੁਸੀਂ ਆਖਦੇ ਹਉ, ਜੋ—ਅਸੀ ਨਿਤਾਪ੍ਰਤ ਸੇਵਾ ਕਰਣਿ ਜਾਂਦੇ ਹਾਂ, ਅਜੁ ਗੁਰੂ ਜੀ ਕੀ ਭੇਟਿ ਮਛੁਲੀ ਲੈ ਚਲੇ ਹਾਂ—'। ਤਦਹੁ ਖੁਆਜੇ ਖਿਦਰਿ ਆਖਿਆ, 'ਏ ਸਾਹਿਬ ਕੇ ਲੋਕੁ ! ਮੈਂ ਪਾਣੀ ਹਾਂ, ਅਤੈ ਓਹੁ ਪਉਣੁ ਗੁਰੂ ਹੈ, ਮੈ ਕਈ ਵਾਰ ਉਸਤੇ ਉਪਜਿਆ ਹਾਂ, ਅਰੁ ਕਈ ਵਾਰ ਉਸ ਮਹਿ ਸਮਾਇ ਗਇਆ ਹਾਂ'। ਤਬ ਸੈਦੋ ਅਤੇ ਸੀਹੋ[E] ਜਾਤਿ ਘੇਹੋ ਦੋਵੈ ਸਿਖ ਆਇ ਗੁਰੂ ਪਾਸਿ ਪੈਰੀ ਪਏ। ਤਦਹੁ ਗੁਰੂ ਪੁਛਿਆ, 'ਅਜੁ ਤੁਸੀ ਇਸ ਵਖਤੇ ਕਿਉਂ

---

*'ਸੈਦੇ ਜਟੁ ਜਾਤ ਘੇਹੋ ਥਾ' ਦੀ ਥਾਂ ਹਾ: ਵਾ: ਨੁ: ਵਿਚ ਐਉਂ ਹੈ—'ਸੈਦੋ ਤੇ ਘੇਹੋ ਜੱਟ ਨਾਲ ਥੇ'। †ਹੋ ਸਕਦਾ ਹੈ ਇਸ ਦੀ ਮੁਰਾਦ 'ਤਨਾਸਰਮ' ਤੋਂ ਹੋਵੇ।

‡ਹਾ: ਵਾ: ਨੁ: ਵਿਚ ਏਥੇ ਪਾਠ ਹੈ 'ਸੈਦੋ ਅਤੇ ਘੇਹੋ ਦੋਵੇਂ' ਸੀਹੋ ਦਾ ਨਾਮ ਨਹੀਂ; ਅਗੇ ਜਾਕੇ ਸੈਦੋ ਦੀ ਜਾਤ ਘੇਹੋ ਏਸ ਨੁਸਖੇ ਵਿਚ ਬੀ ਲਿਖੀ ਹੈ,ਦੇਖੋ ਸਾਖੀ ੪੬ ਦੀ ਅਖੀਰਲੀ ਸਤਰ, ਸੀਹੋਂ ਤੇ ਸੈਦੋ ਦੋਇ ਜਾਤ ਦੇ ਘੇਹੋ ਸਿਧ ਹੁੰਦੇ ਹਨ।

A 'ਜੋ ਗੁਰੂ...ਤੋਂ...ਪਾਈ ਹੈ' ਏਹ ਪਾਠ ਹਾ: ਵਾ: ਨੁ: ਵਿਚ ਨਹੀਂ ਹੈ।

B'ਪਾਠਾਂਤ੍ਰ 'ਸਮੈਂ'। C 'ਅਤੈ ਸੀਂਹੋਂ' ਹਾ: ਵਾ: ਨੁ: ਵਿਚ ਨਹੀਂ ਹੈ।

D ਏਥੇ 'ਅਸੀਂ ਭੀ ਖੁਆਜੇ ਪਾਸ ਹੀ ਜਾਂਦੇ ਹਾਂ' ਪਾਠ ਹਾ:ਵਾ:ਨੁ: ਵਿਚ ਵਾਧੂ ਹੈ।

E'ਸੀਹੋਂ' ਦੀ ਥਾਂ ਹਾ: ਵਾ: ਨੁਸਖ਼ੇ ਵਿਚ ਪਾਠ 'ਘੇਹੋ' ਹੈ।

ਆਏ ? ਆਗੇ ਦਿਨਿ ਚੜੈ ਆਵਤੇ'। ਤਬ ਸੈਦੋ ਘੇਹੋ ਦੁਹੀ ਬੇਨਤੀ ਕਰਿ ਸੁਣਾਈ ਖੁਆਜੇ ਮਿਲੇ ਕੀ। ਤਬ ਬਾਬਾ ਬੋਲਿਆ :— ਸਲੋਕੁ ਮ: ੨* ॥

ਅਠੀ ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ॥ ਤਿਸੁ ਵਿਚਿ ਨਉਨਿਧਿ ਨਾਮੁ ਏਕੁ ਭਾਲਹਿ ਗੁਣੀ ਗਹੀਰੁ ॥ ਕਰਮਵੰਤੀ ਸਾਲਾਹਿਆ ਨਾਨਕ ਕਰਿ ਗੁਰੁ ਪੀਰੁ॥ਚਉਥੈ ਪਹਰਿ ਸਬਾਹਕੈ ਸੁਰਤਿਆ ਉਪਜੈ ਚਾਉ॥ ਤਿਨਾ ਦਰੀਆਵਾ ਸਿਉ ਦੋਸਤੀ ਮਨਿਮੁਖਿ ਸਚਾ ਨਾਉ॥ ਓਥੈ ਅੰਮ੍ਰਿਤੁ ਵੰਡੀਐ ਕਰਮੀ ਹੋਇ ਪਸਾਉ ॥ ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ ॥ ਜੇ ਹੋਵੈ ਨਦਰਿ ਸਰਾਫ ਕੀ ਬਹੁੜਿ ਨ ਪਾਈ ਤਾਉ॥ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ॥ ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ॥ ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ॥ਬੋਲਣੁ ਫਾਦਲੁ ਨਾਨਕਾ ਦੁਖੁ ਸੁਖੁ ਖਸਮੈ ਪਾਸਿ॥੧॥

ਮ: ੨ †॥ ਪਉਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥ਦਿਨਸੁ ਰਾਤਿ ਦੁਇ ਦਾਈ ਦਾਇਆ ਖੇਲੈ ਜਗਲ ਜਗਤੁ॥ਚੰਗਿਆਈਆ ਬੁਰਿਆਈਆ ਵਾਚੇ ਧਰਮੁ ਹਦੂਰਿ॥ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥ਨਾਨਕ ਤੇ ਮੁਖ ਉਜਲੇ ਹੋਰ ਕੇਤੀ ਛੁਟੀ ਨਾਲਿ॥੨॥

ਤਬਿ ਗੁਰੂ ਬਾਬਾ ਧਨਾਸਰੀ ਦੇਸਿ ਕੋਈ ਦਿਨੁ ਰਹਿਆ। ਓਥੈ ਬਹੁਤੁ ਲੋਕ ਨਾਉ ਧਰੀਕ ਸਿਖ‡ ਹੋਏ, ਗੁਰੂ ਗੁਰੂ ਲਗੇ ਜਪਣਿ।

## ੪੩. ਅਨਭੀ ਸਰੇਵੜਾ.

ਤਬ ਇਕ ਸਰੇਵੜੇ ਕਾ ਮਟੁ ਥਾ, ਉਸ ਕੀ ਲੋਕੁ ਬਹੁਤੁ ਪੂਜਾ ਕਰੈ। ਤਬ ਉਸ ਸੁਣਿਆ ਜੋ ਗੁਰੂ ਆਇਆ ਹੈ, ਤਾਂ ਉਹੁ ਆਪਣੇ ਸਿਖ ਮੇਲਿ ਕਰਿ ਲੈ ਆਇਆ। ਆਇ ਦਰ ਕੇ ਬਾਹਰਿ ਵਾਰਿ ਵਿਛਾਵਣਿ ਕੀਤੇ ਬਾਹਰ ਬੈਠਾ, ਅਰੁ ਗੁਰੂ ਜੋਗੁ ਆਖਿ ਭੇਜਿਓਸੁ, 'ਜੋ ਬਾਹਰਿ ਆਉ'। ਤਬ ਗੁਰੂ ਬਾਬਾ ਬਾਹਰਿ ਆਇਆ। ਤਦਹੁ ਅਨਭੀ[A] ਸਰੇਵੜੈ ਪੁਛਿਆ ਗੁਰੂ ਬਾਬੈ ਜੋਗੁ, ਜੋ 'ਤੂ ਅੰਨੁ ਨਵਾਂ ਪੁਰਾਣਾ ਖਾਵਤਾ ਹੈ, ਅਤੈ ਚੰਣਿ ਭੁਨੇ ਖਾਵਤਾ ਹੈ[B], ਅਤੈ ਪਾਣੀ ਠੰਢਾ

---

*ਇਹ ਸਲੋਕ ਦੂਸਰੇ ਪਾਤਸਾਹ ਜੀ ਦਾ ਹੈ। ਲਿਖਾਰੀ ਦੀ ਭੁੱਲ ਹੈ।

†ਇਹ ਸਲੋਕ ਜਪੁਜੀ ਦੇ ਅਖੀਰ ਬੀ ਹੈ, ਤੇ ਇਹ ਮਾਝ ਦੀ ਵਾਰ ਵਿਚ ਮ: ੨ ਹੇਠ ਹੈ, ਓਥੇ 'ਕੇਤੀ' ਤੋਂ ਪਹਿਲਾਂ 'ਹੋਰ' ਪਾਠ ਵਧ ਹੈ ਤੇ ਕੁਝ ਥੋੜਾ ਥੋੜਾ ਹੋਰ ਬੀ ਫਰਕ ਹੈ। ਮ: ੧ ਦਾ ਇਹੋ ਜੇਹਾ ਸਲੋਕ ਰਾਗ ਮਾਰੂ ਵਿਚ ਬੀ ਹੈ, ਤਿਸਦਾ ਪਾਠ ਐਉਂ ਹੈ :—ਪਉਣੁ ਗੁਰੂ ਪਾਣੀ ਪਿਤ ਜਾਤਾ॥ ਉਦਰ ਸੰਜੋਗੀ ਧਰਤੀ ਮਾਤਾ॥ ਰੈਣਿ ਦਿਨਸੁ ਦੁਇ ਦਾਈ ਦਾਇਆ ਜਗੁ ਖੇਲੈ ਖੇਲਾਈਹੇ ॥

‡'ਸਿੱਖ' ਪਾਠ ਹਾ:ਵਾ:ਨੁ:ਦਾ ਹੈ। [A]ਹਾ:ਵਾ:ਨੁ:ਵਿਚ'ਅਨਭੀ'ਦੀ ਥਾਂ 'ਨਾਰਭੀ'ਹੈ।

[B]'ਅਤੈ ਚੰਣਿ ਭੁਨੇ ਖਾਵਤਾ ਹੈ' ਇਹ ਪਾਠ ਹਾ: ਵਾ: ਨੁ: ਵਿਚ ਨਹੀਂ ਹੈ।

ਪੀਵਤਾ ਹੈ ਬਿਨੁ ਛਾਣਿਆ*, ਬਨਿ ਝੂਣਿ ਝੂਣਿ ਖਾਂਦਾ ਹੈ, ਅਤੈ ਗੁਰੂ ਕਹਾਂਵਦਾ ਹੈ, ਸੋ ਤੈ ਕਿਆ ਗੁਣੁ† ਪਾਇਆ ਹੈ ਜੋ ਨਿਤਾਪ੍ਰਤਿ ਜੀਆ ਮਾਰਦਾ ਹੈ ?'। ਤਬ ਗੁਰੂ ਬਾਬਾ ਬੋਲਿਆ ਰਾਗੁ ਮਾਝ ਕੀ ਵਾਰ ਪਉੜੀ :—

ਸਤਿਗੁਰੁ ਹੋਇ ਦਇਆਲੁ ਤ ਸਰਧਾ ਪੂਰੀਐ॥ਸਤਿਗੁਰੁ ਹੋਇ ਦਇਆਲੁ ਨ ਕਬਹੂੰ ਝੂਰੀਐ ॥ ਸਤਿਗੁਰੁ ਹੋਇ ਦਇਆਲੁ ਤਾ ਦੁਖੁ ਨ ਜਾਣੀਐ ॥ ਸਤਿਗੁਰੁ ਹੋਇ ਦਇਆਲੁ ਤਾ ਹਰਿ ਰੰਗੁ ਮਾਣੀਐ ॥ ਸਤਿਗੁਰੁ ਹੋਇ ਦਇਆਲੁ ਤਾ ਜਮ ਕਾ ਡਰੁ ਕੇਹਾ॥ਸਤਿਗੁਰੁ ਹੋਇ ਦਇਆਲੁ ਤਾ ਸਦ ਹੀ ਸੁਖੁ ਦੇਹਾ॥ ਸਤਿਗੁਰੁ ਹੋਇ ਦਇਆਲੁ ਤਾ ਨਵਨਿਧਿ ਪਾਈਐ॥ਸਤਿਗੁਰੁ ਹੋਇ ਦਇਆਲੁ ਤ ਸਚਿ ਸਮਾਈਐ ॥ ੨੫ ॥ ਸਲੋਕੁ ਮਃ ੧ ॥

ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ॥ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ ॥ ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ ॥ ਮਾਊ ਪੀਊ ਕਿਰਤੁ ਗਵਾਇਨ ਟਬਰ ਰੋਵਨਿ ਧਾਹੀ ॥ ਓਨਾ ਪਿੰਡੁ ਨ ਪਤਲਿ ਕਿਰਿਆ ਨ ਦੀਵਾ ਮੁਏ ਕਿਥਾਊ ਪਾਹੀ॥ਅਠਸਠਿ ਤੀਰਥ ਦੇਨਿ ਨ ਢੋਈ ਬ੍ਰਹਮਣ ਅੰਨੁ ਨ ਖਾਹੀ ॥ ਸਦਾ ਕੁਚੀਲ ਰਹਹਿ ਦਿਨ ਰਾਤੀ ਮਥੈ ਟਿਕੇ ਨਾਹੀ॥ਝੁੰਡੀ ਪਾਇ ਬਹਨਿ ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ ॥ ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ ॥ ਨਾ ਓਇ ਜੋਗੀ ਨਾ ਓਇ ਜੰਗਮ ਨਾ ਓਇ ਕਾਜੀ ਮੁੰਲਾ ॥ ਦਯਿ ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ ਗਲਾ ॥ ਜੀਆ ਮਾਰਿ ਜੀਵਾਲੇ ਸੋਈ ਅਵਰੁ ਨ ਕੋਈ ਰਖੈ॥ ਦਾਨਹੁ ਤੈ ਇਸਨਾਨਹੁ ਵੰਜੇ ਭਸੁ ਪਈ ਸਿਰਿ ਖੁਥੈ॥ ਪਾਣੀ ਵਿਚਹੁ ਰਤਨ ਉਪੰਨੇ ਮੇਰੁ ਕੀਆ ਮਾਧਾਣੀ॥ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੈ ਬਾਣੀ ॥ ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ ॥ ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ ॥ ਨਾਨਕ ਸਿਰ ਖੁਥੇ ਸੈਤਾਨੀ ਏਨਾ ਗਲ ਨ ਭਾਣੀ॥ਵੁਠੈ ਹੋਇਐ ਹੋਇ ਬਿਲਾਵਲੁ ਜੀਆ ਜੁਗਤਿ ਸਮਾਣੀ ॥ ਵੁਠੈ ਅੰਨੁ ਕਮਾਦੁ ਕਪਾਹਾ ਸਭਸੈ ਪੜਦਾ ਹੋਵੈ॥ਵੁਠੈ ਘਾਹੁ ਚਰਹਿ ਨਿਤਿ ਸੁਰਹੀ ਸਾਧਨ ਦਹੀ ਵਿਲੋਵੈ॥ਤਿਤੁ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ॥ਗੁਰੂ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ॥ਨਾਨਕ ਜੇ ਸਿਰ ਖੁਥੇ ਨਾਵਨਿ ਨਾਹੀ ਤਾ ਸਤਿ ਚਟੇ ਸਿਰਿ ਛਾਈ ॥੧॥ ਮਃ ੨‡ ॥ ਅਗੀ ਪਾਲਾ ਕਿ ਕਰੇ ਸੂਰਜ ਕੇਹੀ ਰਾਤਿ ॥ ਚੰਦ

---

*'ਬਿਨੁ ਛਾਣਿਆ' ਹਾ: ਵਾ: ਨੁਸਖ਼ੇ ਵਿਚ ਨਹੀਂ ਹੈ।

†ਇਥੋਂ ਦੇ ਪਾਠ 'ਗੁਣ' ਦੀ ਥਾਂ ਹਾ: ਵਾ: ਨੁਸਖ਼ੇ ਵਿਚ 'ਗੁਰਾਣਾ' ਹੈ।

‡ਇਹ ਸਲੋਕ ਮਃ ੨ ਦਾ ਹੈ। ਕਿਸੇ ਲਿਖਾਰੀ ਤੋਂ ਉਤਾਰੇ ਵੇਲੇ ਉਪਰਲੇ ਦੇ ਨਾਲ ਲਗਦਾ ਇਹ ਭੀ ਲਿਖਿਆ ਗਿਆ ਜਾਪਦਾ ਹੈ।

ਅਨੇਰਾ ਕਿਕਰੇ ਪਉਣ ਪਾਣੀ ਕਿਆ ਜਾਤਿ॥ਧਰਤੀ ਚੀਜੀ ਕਿ ਕਰੇ ਜਿਸੁ ਵਿਚਿ ਸਭੁ ਕਿਛੁ ਹੋਇ॥ ਨਾਨਕ ਤਾ ਪਤਿ ਜਾਣੀਐ ਜਾ ਪਤਿ ਰਖੈ ਸੋਇ ॥੨॥

ਜਬ ਗੁਰੂ ਬਾਬੇ ਇਹੁ ਸਲੋਕੁ ਆਖਿਆ, ਤਾਂ ਅਨਭੀ* ਸਰੇਵੜਾ ਆਇ† ਪੈਰੀ ਪਇਆ। ਨਾਉ ਧਾਰੀਕੁ ਸਿਖ‡ ਹੋਆ। ਗੁਰੂ ਗੁਰੂ ਲਗਾ ਜਪਣਿ। ਤਿਤੁ ਮਹਲਿ ਬਿਸਮਾਦਿ ਵਿਚਿ ਧਨਾਸਰੀ ਦੇਸ ਏਹ ਵਾਰੁ ਹੋਈ ਸਾਪੂਰਨ ਮਾਝਕੀ, ਤਦਹੁ ਸੈਦੋ ਘੇਹੋ ਲਿਖੀ ਸੰਪੂਰਨੁ ਪੜਣੀ। ਤਬ ਧਨਾਸਰੀ ਦੇਸਿ ਬਹੁਤੁ ਨਾਉ ਧਰੀਕ ਸਿਖ‡ ਹੋਏ। ਇਕ ਮੰਜੀ ਊਹਾ ਭੀ ਹੈ। ਬੋਲਹੁ ਵਾਹਿਗੁਰੂ। ਤਦਹੁ ਬਾਬਾ ਜੀ ਓਥਹੁੰ ਰਵਦੇ ਰਹੇ।

## ੪੪. ਕਉੜਾ ਰਾਖਸ਼.

ਤਦਹੁ ਸਮੁੰਦ੍ਰ ਕੀ ਬਰੇਤੀ ਕੇ ਅਧ ਵਿਚਿ ਭਖ[A] ਬਿਲਾਇਤਿ ਨਿ[B] ਹੈ। ਊਹਾ ਰਾਕਸੁ ਆਦਮੀ ਭਖਦਾ ਥਾ। ਧਨਾਸਰੀ ਦੇਸ ਕਾ[C]। ਤਹਾਂ ਬਾਬਾ ਜਾਇ ਪ੍ਰਗਟਿਆ, ਨਾਲਿ ਸੈਦੋ ਸੀਹੋ ਜਟ ਜਾਤ ਘੇਹੋ ਥੇ[D]। ਤਬ ਰਾਕਸੁ ਆਇਆ। ਦੇਖਿ ਕਰਿ ਕੜਾਹਾ ਤਪਾਇਆ। ਤਬ ਬਾਬੇ ਜੋਗੁ ਪਕੜਿ ਲੈ ਗਇਆ, ਦੇਖਿ ਕਰਿ ਹਸਿਆ[E]। ਤਬ ਸੈਦੋ ਅਤੇ ਸੀਹੋ ਲਗੈ ਬੈਰਾਗੁ ਕਰਣਿ[F], ਆਖਿਓਨੈ ਜੋ 'ਅਸਾਡੇ ਜੀਅੜੇ ਭੀ ਕੜਾਹੇ ਵਿਚਿ ਤਲੀਅਨਿਗੈ[G]'। ਤਬ ਬਾਬਾ ਤਪਤੇ ਕੜਾਹੇ ਵਿਚਿ ਜਾਇ ਬੈਠਾ। ਤਦਹੁੰ ਬਿਸਮਾਦ ਕੈ ਘਰਿ ਆਇਆ, ਤਿਤੁ ਮਹਲਿ ਸਬਦੁ ਹੋਆ ਰਾਗ ਮਾਰੂ ਵਿਚ ਮ: ੧[H] :–

ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪ੍ਰਗਾਸੁ॥ ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ॥ ੧ ॥ ਆਵਣ ਜਾਣੁ ਰਹਿਓ॥ ਤਪਤ ਕੜਾਹਾ

---

*'ਅਨਭੀ' ਦੀ ਥਾਂ ਹਾ:ਵਾ:ਨੁ: ਵਿਚ ਪਾਠ 'ਆਇਕੈ' ਹੈ। ਗਾਲਬਨ, 'ਅਨਭੀ' ਯਾ 'ਨਾਰਭੀ' ਸਰੇਵੜੇ ਦਾ ਨਾਮ ਹੈ।

†'ਆਇ' ਹਾ:ਵਾ:ਨੁ: ਵਿਚ ਨਹੀਂ ਹੈ।

‡'ਸਿਖ' ਪਾਠ ਹਾ:ਵਾ:ਨੁ:ਦਾ ਹੈ।

[A]'ਭਖ' ਪਾਠ ਹਾ:ਵਾ:ਨੁ: ਵਿਚ ਨਹੀਂ ਹੈ।

[B]'ਨਿ' ਪਾਠ ਹਾ:ਵਾ:ਨੁ:ਵਿਚ ਨਹੀਂ ਹੈ।

[C]'ਕਾ' ਦੀ ਥਾਂ ਹਾ:ਵਾ:ਨੁ: ਵਿਚ 'ਤੇ ਚੱਲੇ' ਹੈ।

[D]ਹਾ:ਵਾ:ਨੁ:ਵਿਚ ਐਉਂ ਪਾਠ ਹੈ :–ਨਾਲ ਸੈਦੋ ਅਤੇ ਘੇਹੋ ਅਤੇ ਸੀਹੋ ਜਟ ਥੇ।

[E]'ਦੇਖਿ ਕਰਿ ਹਸਿਆ' ਪਾਠ ਹਾ: ਵਾ: ਨੁਸਖ਼ੇ ਵਿਚ ਨਹੀਂ ਹੈ।

[F]ਹਾ: ਵਾ: ਨੁਸਖ਼ੇ ਵਿਚ ਏਥੇ ਮਰਦਾਨਾ ਬੀ ਨਾਲ ਲਿਖਿਆ ਹੈ। ਪਾਠ ਐਉਂ ਹੈ :– 'ਸੈਦੋ ਅਤੇ ਘੇਹੋ ਸੀਹੋ ਅਤੇ ਮਰਦਾਨਾ ਲਗੇ ਬੈਰਾਗ ਕਰਨ'।

[G]'ਤਲੀਅਨਗੈ' ਦੀ ਥਾਂ ਹਾ: ਵਾ: ਨੁ: ਵਿਚ ਪਾਠ ਹੈ 'ਵਿਣਾਹੈ' = ਮਤਲਬ ਹੈ ਕਿ ਨਾਸ਼ ਕਰੇਗਾ।

[H]ਇਹ ਸਬਦ ਪੰਚਮ ਪਾਤਸ਼ਾਹ ਜੀ ਦਾ ਹੈ, ਮ:੧ ਲਿਖਣਾ ਲਿਖਾਰੀ ਦੀ ਭੁੱਲ ਹੈ।

ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ॥੧॥ਰਹਾਉ॥ ਜਬ ਤੇ ਸਾਧੂ ਸੰਗੁ ਭਇਆ ਤਉ ਛੋਡਿ ਗਏ ਨਿਗਹਾਰ ॥ ਜਿਸਕੀ ਅਟਕ ਤਿਸਤੇ ਛੁਟੀ ਤਉ ਕਹਾ ਕਰੈ ਕੋਟਵਾਰ॥੨॥ਚੂਕਾ ਭਾਰਾ ਕਰਮ ਕਾ ਹੋਏ ਨਿਹਕਰਮਾ॥ ਸਾਗਰ ਤੇ ਕੰਢੈ ਚੜੇ ਗੁਰਿ ਕੀਨੇ ਧਰਮਾ॥੩॥ਸਚੁ ਥਾਨੁ ਸਚੁ ਬੈਠਕਾ ਸਚੁ ਸੁਆਉ ਬਣਾਇਆ ॥ ਸਚੁ ਪੂੰਜੀ ਸਚ ਵਖਰੋ ਨਾਨਕ ਘਰਿ ਪਾਇਆ ॥੪॥੫॥੧੪॥

ਤਦਹੁ ਭੁਖ ਵੇਲਗਾਈ। ਰਾਕਸੁ ਕਾੜਾ* ਤਪਤਿ ਰਹਿਆ†, ਕੜਾਹਾ ਤਪੈ ਨਾਹੀ ਸੀਤਲ ਹੋਇ ਗਇਆ। ਤਬ ਆਇ ਪੈਰੀ ਪਇਆ, ਤਾਂ ਆਖਿਓ ਸੁ, 'ਜੀ ਮੇਰੀ ਮੁਕਤਿ ਕਰੁ'। ਤਬ ਸੀਂਹੋ ਪਹੁਲ ਦਿਤੀ । ਨਾਉ ਧਰੀਕੁ ਸਿਖ‡ ਹੋਆ। ਮੁਕਤਿ ਕਉ ਚਲਿਆ, ਮੁਕਤਿ ਭਇਆ। ਬੋਲਹੁ ਵਾਹਿਗੁਰੂ।

## ੪੫. ਮਖਦੂਮ ਬਹਾਵਦੀ. (ਗੁਰਮੁਖਾਂ ਵਾਲੀ ਸਾਖੀ)

ਤਦਹੁੰ ਬਾਬਾ ਰਵਦਾ ਰਹਿਆ, ਸਮੁੰਦ੍ਰ ਕੀ ਬਰੇਤੀ ਵਿਚਿ, ਅਗੇ ਮਖਦੂਮ ਬਹਾਵਦੀ[A] ਸਮੁੰਦ੍ਰ ਵਿਚਿ ਮੁਸਲੇ ਉਪਰਿ ਪਇਆ ਖੇਲਦਾ ਥਾ। ਤਬ ਗੁਰੂ ਭੀ ਜਾਇ ਪ੍ਰਗਟਿਆ । ਤਬ ਮਖਦੂਮ ਬਹਾਵਦੀ ਦੇਖਿ ਕਰਿ ਸਲਾਮੁ ਪਾਇਆ, ਆਖਿਓਸੁ, 'ਸਲਾਮਾਅਲੇਕ ਦਰਵੇਸੁ !' ਤਬ ਬਾਬੈ ਜਬਾਬੁ ਦਿਤਾ, ਆਖਿਓਸੁ, 'ਅਲੇਕਮ ਸਲਾਮ ਮਖਦੂਮ ਬਹਾਵਦੀ ਕੁਰੇਸੀ !' ਤਬ ਦਸਤਪੋਸੀ ਲੇਕਰਿ ਬੈਠਿ ਗਇਆ । ਤਬ ਮਖਦੂਮ ਬਹਾਵਦੀ ਆਖਿਆ, 'ਨਾਨਕ ਦਰਵੇਸ ਚਲੁ ਸਮੁੰਦ ਕਾ ਸੈਲੁ ਕਰਿ ਆਵਹਾਂ' । ਤਬ ਬਾਬੈ ਆਖਿਆ, 'ਮਖਦੂਮ ਬਹਾਵਦੀ ! ਬਡੇ ਸੈਲੁ ਕਰਦੇ ਨੂ ਕਛੁ ਨਦਰਿ ਭੀ ਆਇਓ ?' ਤਬ ਮਖਦੂਮੰ ਬਹਾਵਦੀ ਆਖਿਆ 'ਨਾਨਕ[B] ! ਇਕ ਦਿਨਿ ਇਕ ਮੁਨਾਰਾ ਨਦਰਿ ਆਇਆ'। ਤਬ ਬਾਬੇ ਆਖਿਆ,'ਜਾਹਿ ਉਸ ਕੀ ਖਬਰਿ ਲੈ ਆਉ'।ਤਬ ਮਖਦੂਮ ਬਹਾਵਦੀ ਆਖਿਆ: 'ਬਚਨੁ ਹੋਵੈ ਜੀ'।ਤਬ ਮਖਦੂਮ ਬਹਾਵਦੀ ਮੁਸਲਾ ਸਮੁੰਦ੍ਰ ਵਿਚਿ ਪਾਇਆ, ਖੇਡਦਾ ਖੇਡਦਾ ਜਾਇ ਨਿਕਲਿਆ। ਜਾਂ ਦੇਖੈ ਤਾਂ ਇਕ ਮੁਨਾਰਾ ਹੈ।ਤਬ ਮਖਦੂਮ ਬਹਾਵਦੀ ਉਥੈ ਗਇਆ। ਅਗੇ ਜਾਵੈ, ਤਾਂ ਬੀਸ ਮਰਦੰ ਬੈਠੇ ਹਨਿ। ਓਥੈ ਜਾਇ ਸਲਾਮ ਪਾਇਓਸੁ, ਦਸਤਪੰਜਾ ਲੈਕਰਿ ਬੈਠਿ ਗਇਆ। ਜਬ ਰਾਤ ਪਈ, ਤਬ ਇਕੀਸ ਭਾਂਡੇ ਖਾਣਿ ਕੇ ਅਰਸ ਤੇ[C] ਉਤਰੇ।ਤਦਹੁੰ ਖਾਂਣਾ ਫਕੀਰਾਂ ਖਾਧਾ, ਚਾਰੇ ਪਹਰ

---

*ਭਾਵ ਹੈ 'ਕੜਾਹਾ। †'ਤਦਹੁ ਭੁਖ ਵੇਲਗਾਈ...ਤੋਂ...ਤਪਤ ਰਹਿਆ' ਦੀ ਥਾਂ ਹਾ: ਵਾ: ਨੁ: ਵਿਚ ਐਉਂ ਹੈ :—'ਤਬ ਰਾਕਸ਼ ਕੀ ਭੁੱਖ ਬਿਲਾਇ ਗਈ'।

‡'ਸਿਖ' ਪਾਠ ਹਾ: ਵਾ: ਨੁ: ਦਾ ਹੈ। [A]ਹਾ: ਵਾ: ਨੁ: ਵਿਚ ਪਾਠ 'ਮਖਤੂਮ ਬਹਾਵਦੀ' ਹੈ । [B]ਪਾਠਾਂਤ੍ਰ ਹੈ 'ਨਾਨਕ ਜੀ'।

[C]'ਅਰਸ ਤੇ' ਪਾਠ ਹਾ: ਵਾ: ਨੁ:ਵਿਚ ਨਹੀਂ ਹੈ।

ਖੁਦਾਇ ਕੀ ਬੰਦਗੀ ਕਰਦੇ ਰਹੇ। ਜਬ ਦਿਨੁ ਚੜਿਆ ਤਬ ਓਹ ਬੀਸ ਮਰਦ ਚਲਦੇ ਰਹੈ। ਤਬ ਮਖਦੂਮ ਬਹਾਵਦੀ ਓਹੁ ਦਿਨੁ ਭੀ ਓਥੈ ਹੀ ਰਹਿਆ। ਜਬ ਪਹਰੁ ਦਿਨੁ ਚੜਿਆ, ਤਬ ਇਕੁ ਬੋਹਿਥਾ* ਆਇ ਨਿਕਲਿਆ, ਫਿਰਿ ਓਹੁ ਲਗਾ ਡੁਬਣਿ। ਤਬ ਮਖਦੂਮ ਬਹਾਵਦੀ ਖੁਦਾਇ ਆਗੈ ਹਥ ਖੜੇ ਕੀਤੇ 'ਜੋ ਏਹੁ ਬੋਹਿਥਾ ਮੈਂ ਖੜਿਆ† ਨਾ ਡੁਬੈ'। ਤਬ ਬੋਹਿਥਾ ਡੁਬਣੈ ਤੇ ਰਹਿ ਗਇਆ। ਜਬ ਰਾਤਿ ਪਈ ਤਬ ਓਇ ਮਰਦ ਫਿਰਿਆਏ, ਆਇ ਰਾਤਿ ਇਕਠੇ ਰਹੇ। ਤਬ ਅਗਾਸ ਤੇ‡ ਖਾਣਾ ਉਤਰੈ ਨਾਹੀ। ਤਬ ਰਾਤਿ ਭੀ ਫਕੀਰ ਖੁਦਾਇ ਦਾ ਜ਼ਿਕਰੁ ਕਰਦੇ ਰਹੇ। ਜਬ ਸੁਬਾਹ ਹੋਈ, ਤਬ ਓਹੁ ਮਰਦ ਫਿਰਿ ਚੱਲਦੇ ਰਹੈ।ਤਬ ਮਖਦੂਮ ਬਹਾਵਦੀ ਓਹੁ ਦਿਨੁ ਭੀ ਉਥੈ ਰਹਿਆ, ਤਬ ਓਹੁ ਮਰਦ ਉਠਿ ਗਏ[A]। ਜਬ ਦੂਸਰਾ ਦਿਨੁ ਹੋਆ, ਤਬ ਓਹੁ ਮੁਨਾਰਾ ਲਗਾ ਢਹਣਿ। ਤਬ ਮਖਦੂਮ ਬਹਾਵਦੀ ਭੀ ਹਥਾਂ ਜੋੜੇ, ਆਖਿਅਸੁ, 'ਜੋ ਮੈਂ ਬੈਠਿਆਂ ਮੁਨਾਰਾ ਨਾ ਢਹੈ'। ਤਬ ਮੁਨਾਰਾ ਢਹਣਿ ਤੇ ਰਹਿ ਗਇਆ। ਜਬ ਰਾਤਿ ਪਈ, ਤਬ ਭੀ ਓਹੁ ਮਰਦ ਆਏ, ਰਾਤ ਇਕਠੇ ਮਿਲਿ ਬੈਠੇ। ਤਬ ਫਿਰਿ ਖਾਣਾ ਅਰਸ ਤੇ ਉਤਰੇ ਨਾਹੀ। ਤਦਹੁੰ ਉਨਾ ਯਾਰਾਂ[B] ਆਖਿਆ,'ਜੋ ਕਿਸਿ ਬਦਬਖਤ ਖੁਦਾਇ ਕੇ ਕੀਤੇ ਵਿਚਿ ਫੌਰੁ[C] ਪਾਇਆ ਹੈ'। ਤਬ ਆਪੋ ਵਿਚੀ ਲਗੇ ਵਿਚਾਰੁ ਕਰਣਿ, ਪੁਛਣਿ। ਤਬ ਮਖਦੂਮ ਬਹਾਵਦੀ ਆਖਿਆ, ਜੋ 'ਮੈਂ ਬੋਹਿਥਾ ਅਤੈ ਮੁਨਾਰਾ ਰਖਿਆ ਹੈ'। ਤਬ ਓਨਾਂ ਮਰਦਾਂ ਪੁਛਿਆ 'ਏ ਦਰਵੇਸ ! ਤੇਰਾ ਨਾਉਂ ਕਿਆ ਹੈ ?' ਤਬ ਮਖਦੂਮ ਬਹਾਵਦੀ ਆਖਿਆ,'ਮੇਰਾ ਨਾਉਂ ਮਖਦੂਮ ਬਹਾਵਦੀ ਪੀਰੁ ਹੈ'। ਤਬ ਓਨਾਂ ਮਰਦਾਂ ਆਖਿਆ 'ਏ ਦਰਵੇਸ ! ਏਥੇ ਪੀਰਾਂ ਪਾਤਿਸਾਹਾਂ ਕੀ ਠਉੜਿ ਨਾਹੀਂ, ਪੀਰ ਪਾਤਿਸਾਹ ਦੁਨੀਆਂ ਵਿਚਿ ਸੋਂਹਦੇ ਹੈਨ, ਅਤੈ ਖੁਦਾਇਕੇ ਰਾਹ ਕਾ ਦਰੁ ਨੀਵਾਂ ਹੈ, ਅਤੈ ਪੀਰਾਂ ਪਾਤਸਾਹਾਂ ਕਾ ਸਿਰੁ ਉਚਾ ਹੈ'। ਤਬ ਮਖਦੂਮ ਬਹਾਵਦੀ ਸਲਾਮਾਅਲੇਕ ਕਰਿਕੈ ਮੁਸਲਾ ਚਲਾਇੰਦਾ ਰਹਿਆ, ਆਣਿ ਮੁਸਲਾ ਸਮੁੰਦ੍ਰ ਵਿਚ ਪਾਇਓਸੁ। ਮੁਸਲੇ ਉਪਰਿ ਚੜਿ ਬੈਠਾ, ਪਰੁ ਮੁਸਲਾ ਚਲੇ ਨਾਹੀ, ਚਾਰਿ ਪਹਰ ਦਿਨੁ ਦਰੀਆਉ ਵਿਚਿ ਬੈਠਾ ਰਹਿਆ, ਜਾਂ ਦਿਨੁ ਲਗਾ ਲਹਣਿ, ਤਾਂ ਓਹੁ ਮਰਦ ਭੀ ਆਏ, ਤਬ ਦੇਖਨਿ ਤਾਂ ਸਮੁੰਦ ਵਿਚਿ ਬੈਠਾ ਹੈ। ਤਬ ਓਨਾਂ ਮਰਦਾਂ ਪੁਛਿਆ ਜੋ 'ਏ ਦਰਵੇਸ ਤੂ ਕਿਉਂ ਬੈਠਾ ਹੈਂ ?' ਤਬ ਮਖਦੂਮ ਬਹਾਵਦੀ ਆਖਿਆ 'ਜੋ ਮੇਰਾ ਮੁਸਲਾ ਨਹੀਂ ਚਲਦਾ'। ਤਬ ਓਨਾਂ ਸਿਖਾਂ ਆਖਿਆ 'ਸਤਿਗੁਰੂ ਨਾਨਕ ਨਾਉਂ ਲਿਖੁ[D], ਜੋ ਤੇਰਾ ਮੁਸਲਾ ਚਾਲੇ'। ਤਬ

---

*ਜਹਾਜ਼। †'ਮੈਂ ਖੜਿਆ' ਪਾਠ ਹਾ: ਵਾ: ਨੁ: ਵਿਚ ਨਹੀਂ ਹੈ।

‡ਪਾਠਾਂਤ੍ਰ ਹੈ 'ਅਰਸ਼ ਤੇ'। [A]'ਤਬ ਓਹ ਮਰਦ ਉਠਿ ਗਏ' ਪਾਠ ਹਾ: ਵਾ: ਨੁ: ਵਿਚ ਨਹੀਂ ਹੈ। [B]ਪਾਠਾਂਤ੍ਰ–ਮਰਦਾਂ। [C]ਪਾਠਾਂਤ੍ਰ–ਫੇਰ।

[D]'ਲਿਖ' ਦੀ ਥਾਂ ਹਾ: ਵਾ: ਨੁ: ਵਿਚ ਪਾਠ ਹੈ 'ਅਰਾਧ'।

ਸਤਿਗੁਰੂ ਨਾਨਕੁ ਲਿਖਿਆ* । ਤਬ ਮਖਦੂਮ ਬਹਾਵਦੀ ਕਾ ਮੁਸਲਾ ਚਲਿਆ । ਤਬ ਬਾਬੇ ਪਾਸਿ ਆਇਆ, ਸਲਾਮੁ ਕਰਿਕੈ ਬੈਠਿ ਗਇਆ। ਤਬ ਬਾਬੇ ਪੁਛਿਆ 'ਕਿਆ ਡਿਠੋ ਮਖਦੂਮ ਬਹਾਵਦੀ ?' ਤਬ ਮਖਦੂਮ ਬਹਾਵਦੀ ਆਖਿਆ, 'ਜੀ ਤੂ ਸਭ ਕੁਛ ਜਾਣਦਾ ਹੈਂ, ਤੇਰਿਆਂ ਦਾਸਾਂ ਦਾ ਸਦਕਾ ਤਉ ਤਾਈਂ ਆਇ ਪਹੁੰਚਿਆ ਹਾਂ' । ਤਬ ਬਾਬਾ ਬੋਲਿਆ ਸਲੋਕ:—

ਮ:੧ ॥ਸਉ ਓਲ੍ਹਾਮੇ ਦਿਨੈ ਕੇ ਰਾਤੀ ਮਿਲਨਿ ਸਹੰਸ ॥ ਸਿਫਤਿ ਸਲਾਹਣੁ ਛਡਿਕੈ ਕਰੰਗੀ ਲਗਾ ਹੰਸੁ ॥ ੧ ॥

†ਤਬ ਬਾਬਾ ਬੋਲਿਆ, ਆਖਿਓਸੁ, 'ਮਖਦੂਮ ਬਹਾਵਦੀ ! ਕਰਮ ਕਰੰਗੁ ਹੈ; ਓਥੇ ਹੰਸਾ ਦਾ ਮ‡ ਨਾਹੀ ਹੈ, ਜੋ ਓਥੈ ਬਹਨਿ' । ਤਦਹੂੰ ਮਖਦੂਮ ਬਹਾਵਦੀ ਆਇ ਪੈਰ ਚੁਮੇ । ਤਿਤੁ ਮਹਲਿ ਸਬਦੁ ਹੋਆ ਰਾਗੁ ਸ੍ਰੀ ਰਾਗ ਵਿਚਿ ਮ: ੧॥:—

ਮੁਕਾਮੁ ਕਰਿ ਘਰਿ ਬੈਸਣਾ ਨਿਤ ਚਲਣੈ ਕੀ ਧੋਖ॥ਮੁਕਾਮੁ ਤਾਪਰੁ ਜਾਣੀਐ ਜਾ ਰਹੈ ਨਿਹਚਲੁ ਲੋਕ ॥ ੧ ॥ ਦੁਨੀਆ ਕੈਸਿ ਮੁਕਾਮੇ ॥ ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ ॥੧॥ ਰਹਾਉ ॥ ਜੋਗੀ ਤ ਆਸਣੁ ਕਰਿ ਬਹੈ ਮੁਲਾ ਬਹੈ ਮੁਕਾਮਿ॥ ਪੰਡਿਤ ਵਖਾਣਹਿ ਪੋਥੀਆ ਸਿਧ ਬਹਹਿ ਦੇਵ ਸਥਾਨਿ ॥੨॥ ਸੁਰ ਸਿਧ ਗਣ ਗੰਧਰਬ ਮੁਨਿਜਨ ਸੇਖ ਪੀਰ ਸਲਾਰ॥ ਦਰਿ ਕੂਚ ਕੂਚਾ ਕਰਿ ਗਏ ਅਵਰੇ ਭਿ ਚਲਣਹਾਰ ॥੩॥ ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚੁ ॥ ਘੜੀ ਮੁਹਤਿ ਕਿ ਚਲਣਾ ਦਿਲ ਸਮਝੁ ਤੂੰ ਭਿ ਪਹੂਚੁ ॥ ੪ ॥ ਸਬਦਾਹ ਮਾਹਿ ਵਖਾਣੀਐ ਵਿਰਲਾ ਤ ਬੂਝੈ ਕੋਇ ॥ ਨਾਨਕੁ ਵਖਾਣੈ ਬੇਨਤੀ ਜਲਿ ਥਲਿ ਮਹੀਅਲਿ ਸੋਇ॥੫॥ਅਲਾਹੁ ਅਲਖੁ ਅਗੰਮ ਕਾਦਰੁ ਕਰਣਹਾਰੁ ਕਰੀਮੁ ॥ ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ ॥੬॥ ਮੁਕਾਮੁ ਤਿਸਨੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ ॥ ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ ॥ ੭ ॥ ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ ॥ ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ ॥੮॥੧੭॥

---

*ਹਾ: ਵਾ: ਨੁ: ਵਿਚ ਪਾਠ ਹੈ:—ਤਬ ਮਖਤੂਮ ਬਹਾਵਦੀ ਸਤਗੁਰ ਨਾਨਕ ਨੂੰ ਅਰਾਧਿਆ। †'ਤਬ ਬਾਬਾ···ਤੋਂ···ਓਥੈ ਬਹਨਿ' ਤਕ ਪਾਠ ਹਾ:ਵਾ:ਨੁ:ਵਿਚਨਹੀਂਹੈ।

‡ਮਾਲੂਮ ਹੁੰਦਾ ਹੈ, ਮਮੇ ਦੀ ਥਾਂ ਅਸਲ ਪੋਥੀ ਵਿਚ ਪਾਠ 'ਕੰਮ' ਸੀ । ਉਤਾਰੇ ਕਰਨ ਵਾਲੇ ਤੋਂ 'ਕੰ' ਰਹਿ ਗਿਆ ਹੈ । ਐਸੀਆਂ ਤੁਕਾਂ ਦੱਸਦੀਆਂ ਹਨ ਕਿ ਵਲੈਤ ਵਾਲੀ ਸਾਖੀ ਬੀ ਕਿਸੇ ਦਾ ਉਤਾਰਾ ਹੈ, ਅਸਲ ਕਰਤਾ ਦਾ ਨੁਸਖਾ ਨਹੀਂ ਹੈ । ਜੇ 'ਮ ਨਾਹੀ' ਨੂੰ 'ਮਨਾਹੀ' ਪੜ੍ਹੀਏ ਤਾਂ 'ਮਨਾਹੀ'.ਇਸਤ੍ਰੀ ਲਿੰਗ ਹੈ ਪਹਿਲੇ 'ਦਾ' ਪੁਲਿੰਗ ਪਿਆ ਹੈ ।

ਤਬ ਮਖਦੂਮ ਬਹਾਵਦੀ ਮੁਸਲਾ ਹਥਹੁੰ ਸਟਿ ਪਾਇਆ। ਤਦਹੁੰ ਮਖਦੂਮ ਬਹਾਵਦੀ ਨੂੰ ਹੁਕਮੁ ਹੋਆ, ਜੋ 'ਜਾਹਿ ਤੂ ਪੀਰੁ ਕਰਿ'। ਤਬ ਮਖਦੂਮ ਬਹਾਵਦੀ ਆਖਿਆ 'ਜੀ ਮੈ ਕਿਸਨੂੰ ਪੀਰ ਕਰਾਂ ?' ਤਬ ਬਾਬੈ ਬਚਨੁ ਕੀਤਾ 'ਜਿਸ ਨੂ ਸੇਖ ਫਰੀਦ* ਕੀਤਾ ਹੈ'। ਤਬ ਮਖਦੂਮ ਬਹਾਵਦੀ ਸਲਾਮੁ†ਕੀਤਾ ਦਸਤ ਪੰਜਾ ਲੀਆ, ਬਾਬੇ ਵਿਦਾ ਕੀਤਾ। ਬੋਲਹੁ ਵਾਹਿਗੁਰੂ।

## ੪੬. ਸਿੱਧਾਂ ਨਾਲ ਗੋਸ਼ਟ.

ਬਾਬਾ ਭੀ ਉਥਹੁੰ ਰਵਦਾ ਰਹਿਆ, ਸਮੁੰਦ੍ਰ ਕੇ ਅਧ ਵਿਚਿ ਗਇਆ। ਅਗੇ ਮਛਿੰਦ੍ਰ ਅਤੇ ਗੋਰਖੁ ਨਾਥ ਬੈਠੇ ਥੇ, ਤਬ ਮਛਿੰਦ੍ਰ ਡਿੱਠਾ, ਦੇਖਿ ਕਰਿ ਆਖਿਓਸੁ, 'ਗੋਰਖਨਾਥ ! ਏਹੁ ਕਉਣੁ ਆਂਵਦਾ ਹੈ ਦਰੀਆਉ ਵਿਚਿ ?' ਤਬ ਗੋਰਖਨਾਥ ਆਖਿਆ 'ਜੀ ਏਹੁ ਨਾਨਕ ਹੈ'। ਤਬ ਬਾਬਾ ਜਾਇ ਪ੍ਰਗਟਿਆ।'ਆਦੇਸੁ ਆਦੇਸੁ' ਕਰਿਕੈ ਬੈਠਿ ਗਇਆ। ਤਬ ਮਛੰਦ੍ਰ ਪੁੱਛਿਆ, ਆਖਿਓਸੁ, 'ਨਾਨਕ ! ਸੰਸਾਰੁ ਸਾਗਰੁ ਕੇਹਾ ਕੁ ਡਿਠੋ? ਕਿਤੁ ਬਿਧਿ ਦਰੀਆਉ ਤਰਿਓ ?' ਤਬ ਬਾਬਾ ਬੋਲਿਆ, ਸਬਦੁ ਰਾਗ ਰਾਮਕਲੀ ਵਿਚਿ ਮ: ੧ ॥ :-

ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ ਦਰਾ ਭੀਤਰਿ ਦਰੁ ਕਵਨੁ ਲਹੈ ॥
ਜਿਸੁ ਦਰ ਕਾਰਣਿ ਫਿਰਾ ਉਦਾਸੀ ਸੋ ਦਰੁ ਕੋਈ ਆਇ ਕਹੈ ॥ ੧ ॥
ਕਿਨਬਿਧਿ ਸਾਗਰੁ ਤਰੀਐ ॥ ਜੀਵਤਿਆ ਨਹ ਮਰੀਐ ॥ ੧ ॥ ਰਹਾਉ ॥
ਦੁਖੁ ਦਰਵਾਜਾ ਰੋਹੁ ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ ॥ ਮਾਇਆ
ਜਲੁ ਖਾਈ ਪਾਣੀ ਘਰੁ ਬਾਧਿਆ ਸਤਿ ਕੈ ਆਸਣਿ ਪੁਰਖੁ ਰਹੈ ॥ ੨ ॥
ਕਿੰਤੇ ਨਾਮਾ ਅੰਤੁ ਨ ਜਾਣਿਆਂ ਤੁਮ ਸਰਿ ਨਾਹੀ ਅਵਰੁ ਹਰੇ॥ਊਚਾ ਨਹੀ
ਕਹਣਾ ਮਨ ਮਹਿ ਰਹਣਾ ਆਪੇ ਜਾਣੈ ਆਪਿ ਕਰੇ॥੩॥ਜਬ ਆਸਾ ਅੰਦੇਸਾ
ਤਬ ਹੀ ਕਿਉ ਕਰਿ ਏਕੁ ਕਹੈ॥ਆਸਾ ਭੀਤਰਿ ਰਹੈ ਨਿਰਾਸਾ ਤਉ ਨਾਨਕ
ਏਕੁ ਮਿਲੈ ॥੪॥ ਇਨਬਿਧਿ ਸਾਗਰੁ ਤਰੀਐ ॥ ਜੀਵਤਿਆ ਇਉ ਮਰੀਐ॥
॥ ੧ ॥ ਰਹਾਉ ਦੂਜਾ ॥ ੩ ॥

ਤਿਤੁ ਮਹਲਿ ਸਬਦ ਹੋਆ ਰਾਗੁ ਰਾਮਕਲੀ ਵਿਚਿ ਮ: ੧॥ :-

ਸੁਰਤਿ ਸਬਦੁ ਸਾਖੀ ਮੇਰੀ ਸਿੰਙੀ ਬਾਜੇ ਲੋਕੁ ਸੁਣੇ ॥ ਪਤੁ ਝੋਲੀ ਮੰਗਣ ਕੈ
ਤਾਈ ਭੀਖਿਆ ਨਾਮੁ ਪੜੇ ॥ ੧ ॥ ਬਾਬਾ ਗੋਰਖੁ ਜਾਗੈ ॥ ਗੋਰਖੁ ਸੋ ਜਿਨਿ
ਗੋਇ ਉਠਾਲੀ ਕਰਤੇ ਬਾਰ ਨ ਲਾਗੈ ॥੧॥ ਰਹਾਉ ॥ ਪਾਣੀ ਪ੍ਰਾਣ ਪਵਣਿ
ਬੰਧਿ ਰਾਖੇ ਚੰਦੁ ਸੂਰਜੁ ਮੁਖਿ ਦੀਏ ॥ਮਰਣਜੀਵਣ ਕਉ ਧਰਤੀ ਦੀਨੀ ਏਤੇ

---

*ਇਥੇ ਬੀ ਮੁਰਾਦ ਫਰੀਦਸਾਨੀ, ਸ਼ੇਖ ਬਿਰਾਹਮ ਤੋਂ ਜਾਪਦੀ ਹੈ ਜਿਸ ਨੂੰ ਗੁਰੂ ਜੀ ਦੋ ਵੇਰੀ ਮਿਲ ਕੇ ਉਪਦੇਸ਼ ਕਰ ਚੁਕੇ ਸੇ।

†ਸਲਾਮ ਦੀ ਥਾਂ ਹਾ: ਵਾ: ਨੁ: ਵਿਚ ਪਾਠ 'ਮਲੂਮ' ਹੈ।

ਗੁਣ ਵਿਸਰੇ॥੨॥ਸਿਧ ਸਾਧਿਕ ਅਰੁ ਜੋਗੀ ਜੰਗਮ ਪੀਰ ਪੁਰਸ ਬਹੁਤੇਰੇ ॥ ਜੇ ਤਿਨ ਮਿਲਾ ਤ ਕੀਰਤਿ ਆਖਾ ਤਾ ਮਨੁ ਸੇਵ ਕਰੇ ॥੩॥ ਕਾਗਦੁ ਲੂਣੁ ਰਹੈ ਘ੍ਰਿਤਸੰਗੇ ਪਾਣੀ ਕਮਲੁ ਰਹੈ ॥ ਐਸੇ ਭਗਤ ਮਿਲਹਿ ਜਨ ਨਾਨਕ ਤਿਨ ਜਮੁ ਕਿਆ ਕਰੈ ॥ ੪ ॥

ਤਬ ਫੇਰਿ ਮਛਿੰਦ੍ਰ ਬੋਲਿਆ। ਆਖਿਓਸੁ 'ਨਾਨਕ ! ਜੋਗੁ ਲੈ, ਜੋ ਡੋਲਣੈ ਤੇ ਰਹੈਂ, ਭਵਜਲੁ ਸੁਖਾਲਾ ਤਰਹਿ'। ਤਦਹੁੰ ਗੁਰੂ ਬੋਲਿਆ, ਸਬਦੁ ਰਾਗੁ ਰਾਮਕਲੀ ਵਿਚ ਮਃ ੧ ॥:-

ਸੁਣਿ ਮਾਛਿੰਦ੍ਰਾ ਨਾਨਕੁ ਬੋਲੈ॥ਵਸਗਤਿ ਪੰਚ ਕਰੇ ਨਹ ਡੋਲੈ॥ ਐਸੀ ਜੁਗਤਿ ਜੋਗ ਕਉ ਪਾਲੇ ॥ ਆਪਿ ਤਰੈ ਸਗਲੇ ਕੁਲ ਤਾਰੇ ॥ ੧ ॥ ਸੋ ਅਉਧੂਤੁ ਐਸੀ ਮਤਿ ਪਾਵੈ ॥ ਅਹਿਨਿਸਿ ਸੁੰਨ ਸਮਾਧਿ ਸਮਾਵੈ ॥ ੧ ॥ ਰਹਾਉ ॥ ਭਿਖਿਆ ਭਾਇ ਭਗਤਿ ਭੈ ਚਲੈ॥ਹੋਵੈ ਸੁਤ੍ਰਿਪਤਿ ਸੰਤੋਖਿ ਅਮੁਲੈ॥ਧਿਆਨ ਰੂਪਿ ਹੋਇ ਆਸਣੁ ਪਾਵੈ ॥ ਸਚਿ ਨਾਮਿ ਤਾੜੀ ਚਿਤੁਲਾਵੈ ॥ ੨ ॥ ਨਾਨਕੁ ਬੋਲੈ ਅੰਮ੍ਰਿਤ ਬਾਣੀ ॥ ਸੁਣਿ ਮਾਛਿੰਦ੍ਰਾ ਅਉਧੂ ਨੀਸਾਣੀ ॥ ਆਸਾ ਮਾਹਿ ਨਿਰਾਸੁ ਵਲਾਏ ॥ ਨਿਹਚਉ ਨਾਨਕ ਕਰਤੇ ਪਾਏ ॥ ੩ ॥ ਪ੍ਰਣਵਤਿ ਨਾਨਕੁ ਅਗਮੁ ਸੁਣਾਏ ॥ ਗੁਰ ਚੇਲੇ ਕੀ ਸੰਧਿ ਮਿਲਾਏ ॥ ਦੀਖਿਆ ਦਾਰੂ ਭੋਜਨੁ ਖਾਇ ॥ ਛਿਅ ਦਰਸਨ ਕੀ ਸੋਝੀ ਪਾਇ ॥ ੪ ॥ ੫ ॥

ਤਬ ਗੋਰਖ ਨਾਥ ਬੇਨਤੀ ਕੀਤੀ, ਆਖਿਓਸੁ 'ਜੀ ਗੁਰ ਪੀਰੀ* ਤੁਸਾਡੀ ਰਹੁਰਾਸਿ ਹੈ। ਆਦਿ ਜੁਗਾਦਿ† ਚਲੀ ਆਈ ਹੈ'। ਤਬ ਬਾਬੈ ਆਖਿਆ 'ਕਵਨ ਗੁਰੂ ਕਰਹ ਗੋਰਖਨਾਥਿ ?' ਤਬ ਗੋਰਖਨਾਥਿ ਆਖਿਆ, 'ਜੀਉ ਐਸਾ ਕਉਣੁ ਹੈ ? ਜੋ ਤੁਮਾਰੇ ਮੱਥੈ ਹਥੁ ਰਖੈ; ਪਰੁ ਓਹੋ ਈ ਤੁਮਰਾ ਗੁਰੂ, ਜੋ ਤੁਮਾਰੇ ਅੰਗ ਤੇ ਪੈਦਾ ਹੋਵੈ‡'। ਤਬ ਬਾਬੈ ਆਖਿਆ,'ਭਲਾ ਹੋਵੈ'। ਤਦਹੁ ਬਾਬਾ ਰਵਦਾ ਰਹਿਆ॥ ਗੋਸਟਿ ਮਛਿੰਦ੍ਰ ਨਾਲਿ ਸੰਪੂਰਨ ਹੋਈ।

---

*ਪਾਠਾਂਤ੍ਰ ਹੈ 'ਗੁਰ ਪੀਰ'। †'ਜੁਗਾਦ' ਦੀ ਥਾਂ ਪਾਠਾਂਤ੍ਰ ਹੈ 'ਉਹੀ ਸੁੰਨ'।

‡ਗੋਰਖ ਨਾਥ ਨੂੰ ਪਤਾ ਨਹੀਂ ਸੀ ਕਿ ਗੁਰੂ ਨਾਨਕ ਦੇਵ ਜੀ ਅਪਣੇ ਗੁਰੂ ਦਾ ਪਤਾ ਆਪ ਦੇ ਚੁਕੇ ਹਨ-'ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰ ਮਿਲਿਆ ਸੋਈ ਜੀਉ'। ਗੋਰਖ ਨਾਥ ਦੀ ਮੁਰਾਦ ਕੇਵਲ ਇਹ ਜਾਪਦੀ ਹੈ ਕਿ ਤੂੰ ਕਿਸੇ ਅੱਗੇ ਨਹੀਂ ਝੁਕਣਾ,ਸਿਵਾ ਉਸਦੇਕਿ ਜਿਸਨੂੰ ਤੂੰ ਆਪ ਮੁਕੰਮਲ ਕਰੇਂਗਾ, ਜਿਸਦਾ ਇਸ਼ਾਰਾ ਗੁਰੂ ਅੰਗਦ ਜੀ ਵੱਲ ਹੋ ਸਕਦਾ ਹੈ। ਕਿਸੇ ਅੱਗੇ ਨਾ ਝੁਕਣ ਬਾਬਤ ਆਪ ਬੀ ਗੁਰ ਨਾਨਕ ਦੇਵ ਜੀ ਨੇ ਦੱਸਿਆ ਹੈ :-'ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ।' ਅਰਥਾਤ ਸਿਵਾ ਨਾਥਾਂ ਦੇ ਨਾਥ ਵਾਹਿਗੁਰੂ ਦੇ ਮੇਰੇ ਸਾਹਮਣੇ ਦੁਲੀਚਾ ਵਿਛਾ ਕੇ ਬਹਿਣ ਵਾਲਾ ਮੈਨੂੰ ਕੋਈ ਨਹੀਂ ਦਿਸਦਾ।

ਬਾਣੀ ਸੈਦੋ ਜਟ ਜਾਤ ਘੇਹੋ ਲਿਖੀ* । ਬੋਲਹੁ ਵਾਹਿਗੁਰੂ ।

## ੪੭. ਸ਼ਿਵਨਾਭ, ਪ੍ਰਾਣ ਸੰਗਲੀ.

ਤਬ ਸਿੰਘਲਾਦੀਪ ਕੀ ਸੁਰਤਿ ਹੋਈ । ਜਾਇ ਸਮੁੰਦ੍ਰ ਅਸਗਾਹ ਵਿਚਿ ਖੜੇ ਹੋਇ । ਤਬ ਬਾਬੈ ਆਖਿਆ, 'ਇਹਾ ਅਸਗਾਹ ਸਮੁੰਦ੍ਰ ਕਿਉਂ ਕਰਿ ਤਰੀਐ, ਲੰਘੀਐ' । ਤਦਹੁੰ ਸਿਖਾਂ ਬੇਨਤੀ ਕੀਤੀ, ਸੈਦੋ ਅਤੈ ਸੀਹੋ ਆਖਿਆ, 'ਜੀ ਤੇਰੇ ਹੁਕਮ ਨਾਲਿ ਪਹਾੜ ਤਰਨਿ' । ਤਬ ਗੁਰੂ ਬੋਲਿਆ, ਆਖਿਓਸੁ, ਜੋ 'ਏਹੁ ਸਲੋਕ ਪੜ੍ਹਦੇ ਆਵਹੁ' :–

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਤਬ ਬਾਬਾ ਬੋਲਿਆ ਆਖਿਓਸੁ, 'ਜਿਸੁ ਸਿਖ ਦੈ ਮੁਹਿੰ ਏਹੁ ਸਲੋਕੁ ਹੋਵੈਗਾ, ਅਤੈ ਓਹੁ ਪੜਦਾ ਜਾਵੈਗਾ, ਅਤੈ ਓਸਦੈ ਪਿਛੈ ਜਿਤਨੀ ਸੁਣੈਗੀ, ਤਿਤਨੀ ਸਭ ਭਵਜਲੁ ਪਾਰਿ ਲੰਘੈਗੀ' । ਤਬ ਸਿਖ ਪੈਰੀ ਪਏ, ਆਖਿਓਨੈ, 'ਜੀ ਜਿਸਨੂ ਤੁਧੁ ਭਾਵੈ ਤਿਸਨੂ ਪਾਰਿ ਉਤਾਰਿ' । ਤਦਹੁੰ ਪਾਰਿ ਗਏ । ਸਿੰਘਲਦੀਪ ਸਿਵਨਾਭਿ ਰਾਜੇ ਕੈ ਗਇਆ, ਰਾਜੇ ਕੈ ਬਾਗਿ ਬਸੇਰਾ ਕੀਆ, ਸਮੁੰਦ੍ਰ ਕੇ ਪਾਰਿ ਤਬ ਰਾਜੇ ਸਿਉਨਾਭਿ ਕਾ ਨਉਲਖਾ ਬਾਗੁ ਸੁਕਾ ਪਇਆ ਥਾ, ਸੋ ਹਰਿਆ ਹੋਆ । ਫੁਲੁ ਵਾਲੈ ਫੁਲੁ ਪੜਿਆ†, ਪਤਾ ਵਾਲੈ ਪਤੁ ਪੜਿਆ†, ਫਲ ਵਾਲੈ ਫਲੁ ਪੜਿਆ† । ਤਬ ਮਘੇਰ ਬਗਵਾਨ ਦੇਖੈ, ਤਾ ਬਾਗ ਬਰਸਾਂ ਕਾ ਸੁਕਾ ਪੜਿਆ ਥਾ, ਸੋ ਹਰਿਆ ਹੋਆ ਹੈ । ਤਦਹੁੰ ਬਹੁਰਿ ਜਾਇ ਖਬਰਿ ਰਾਜੇ ਸਿਵਨਾਭਿ ਪਾਸਿ ਕੀਤੀਅਸੁ, ਆਖਿਓਸ'ਜੀ ਬਾਹਰਿ ਆਉ ! ਇਕਸ ਫਕੀਰ ਕੇ ਬੈਠਣਿ ਨਾਲਿ ਬਾਗ ਹਰਿਆ ਹੋਆ ਹੈ' । ਤਬ ਰਾਜੈ ਸਿਵਨਾਭਿ ਚੇਰੀਆਂ ਭੇਜੀਆਂ ਪਦਮਣੀਆਂ । ਪਦਮਣੀਆਂ ਆਇ ਨਿਰਤਿ ਲਾਗੀਆਂ ਕਰਣਿ । ਅਨੇਕ ਰਾਗ ਰੰਗ ਕੀਤੇ, ਤਬ ਬਾਬਾ ਬੋਲਿਓ ਨਾਹੀਂ, ਧਿਆਨ ਵਿਚਿ ਹੀ ਰਹਿਆ । ਤਬ ਪਿਛਹੁ ਰਾਜਾ ਸਿਉਨਾਭੁ ਆਇਆ, ਆਇਕੈ ਨ.ਗਾ ਪੁੱਛਣਿ, ਆਖਿਓਸੁ, 'ਗੁਸਾਂਈ ਤੇਰਾ ਨਾਮੁ ਕਿਆ ਹੈ ? ਕਵਨ ਜਾਤਿ ਹੈ ? ਤੁਮ ਜੋਗੀ ਹਉ ? ਕਿਰਪਾ ਕਰੀਐ, ਤਾਂ ਭੀਤਰਿ ਮਹਲੀ ਚਲਹੁ' । ਤਬ ਬਾਬਾ ਬੋਲਿਆ ਸਬਦੁ ਰਾਗ ਮਾਰੂ ਵਿਚਿ ਮਃ ੧ ॥

ਜੋਗੀ ਜੁਗਤਿ ਨਾਮੁ ਨਿਰਮਾਇਲੁ ਤਾਕੈ ਮੈਲੁ ਨ ਰਾਤੀ॥ਪ੍ਰੀਤਮ ਨਾਥੁ ਸਦਾ ਸਚੁ ਸੰਗੇ ਜਨਮ ਮਰਣ ਗਤਿ ਬੀਤੀ ॥ ੧ ॥ ਗੁਸਾਈ ਤੇਰਾ ਕਹਾ ਨਾਮੁ ਕੈਸੇ ਜਾਤੀ॥ਜਾ ਤਉ ਭੀਤਰਿ ਮਹਲਿ ਬੁਲਾਵਹਿ ਪੂਛਉ ਬਾਤ ਨਿਰੰਤੀ॥੧॥ਰਹਾਉ॥

---

*'ਬਾਣੀ…ਤੋਂ…ਲਿਖੀ' ਹਾ: ਵਾ: ਨੁ: ਵਿਚ ਨਹੀਂ ਹੈ । †ਪਾਠਾਂਤ੍ਰ ਹੈ 'ਫੜਿਆ' ।

ਤਬ ਰਾਜੇ ਪੁਛਿਆ, 'ਜੀ ਤੁਮ ਬ੍ਰਹਮਣ ਹਉ ?' ਤਬ ਬਾਬਾ ਪਉੜੀ ਦੂਜੀ ਬੋਲਿਆ :-

ਬ੍ਰਹਮਣੁ ਬ੍ਰਹਮੁ ਗਿਆਨ ਇਸਨਾਨੀ ਹਰਿ ਗੁਣ ਪੂਜੇ ਪਾਤੀ ॥ ਏਕੋ ਨਾਮੁ ਏਕੁ ਨਾਰਾਇਣ ਤ੍ਰਿਭਵਣ ਏਕਾ ਜੋਤੀ ॥ ੨ ॥

ਤਬ ਫਿਰਿ ਰਾਜੈ ਪੁਛਿਆ, 'ਜੀ ਤੁਮ ਖੱਤ੍ਰੀ ਹਉ?' ਤਬ ਗੁਰੂ ਬਾਬਾ ਤੀਜੀ ਪਉੜੀ ਬੋਲਿਆ :-

ਜਿਹਬਾ ਡੰਡੀ ਇਹੁ ਘਟੁ ਛਾਬਾ ਤੋਲਉ ਨਾਮੁ ਅਜਾਚੀ ॥ ਏਕੋ ਹਾਟੁ ਸਾਹੁ ਸਭਨਾ ਸਿਰਿ ਵਣਜਾਰੇ ਇਕ ਭਾਤੀ ॥੩॥ *ਦੋਵੈ ਸਿਰੇ ਸਤਿਗੁਰੂ ਨਿਬੇੜੇ ਸੋ ਬੂਝੈ ਜਿਸੁ ਏਕ ਲਿਵ ਲਾਗੀ ਜੀਅਹੁ ਰਹੈ ਨਿਭਰਾਤੀ ॥ ਸਬਦੁ ਵਸਾਏ ਭਰਮੁ ਚੁਕਾਏ ਸਦਾ ਸੇਵਉ ਦਿਨੁ ਰਾਤੀ ॥ ੪ ॥

ਤਬ ਰਾਜੇ ਸਿਵਨਾਭਿ ਪੁਛਿਆ 'ਜੀ ਤੁਮ ਗੋਰਖਨਾਥ ਹਉ ?' ਤਦਹੁ ਬਾਬਾ ਬੋਲਿਆ ਪਉੜੀ ਪੰਜਵੀਂ:-

ਊਪਰਿ ਗਗਨੁ ਗਗਨ ਪਰਿ ਗੋਰਖੁ ਤਾਕਾ ਅਗਮੁ ਗੁਰੂ ਪੁਨਿਵਾਸੀ॥ ਗੁਰ ਬਚਨੀ ਬਾਹਰਿ ਘਰਿ ਏਕੋ ਨਾਨਕੁ ਭਇਆ ਉਦਾਸੀ ॥ ੫ ॥ ੧੧ ॥

ਜਬ ਗੁਰੂ ਭੋਗੁ ਪਾਇਆ, ਤਾਂ ਰਾਜਾ ਆਇ ਪੈਰੀ ਪਇਆ, ਬੇਨਤੀ ਕੀਤੀਅਸੁ, ਆਖਿਓਸੁ 'ਜੀ ਮਿਹਰਿ ਕਰਿਕੈ ਘਰਿ ਚਲਹੁ'। ਤਬ ਬਾਬੈ ਆਖਿਆ ਜੋ 'ਮੈ ਪਿਆਦਾ ਨਾਹੀ ਚਲਦਾ'। ਤਦਹੁੰ ਰਾਜੈ ਸਿਵਨਾਭਿ ਆਖਿਆ, 'ਜੀ ਤੇਰਾ ਦਿਤਾ ਸਭ ਕਿਛੁ ਹੈ, ਹੁਕਮੁ ਹੋਵੈ ਤਾ ਘੋੜੈ ਹਾਥੀ ਚੜੀਐ, ਅਤੇ ਜੀ ਤਖਤ ਰਵਾਂ ਚੜੀਐ'। ਤਬ ਗੁਰੂ ਬਾਬੈ ਆਖਿਆ 'ਜੋ ਹੋ ਰਾਜਾ ! ਅਸੀ ਮਨੁਖ ਦੀ ਅਸਵਾਰੀ ਕਰਦੇ ਹਾਂ'। ਤਬ ਰਾਜੇ ਆਖਿਆ 'ਜੀ ਮਨੁਖ ਭੀ ਬਹੁਤੁ ਹੈਨਿ ਚੜਿ ਚਲੀਐ'। ਤਬ ਬਾਬੇ ਆਖਿਆ 'ਹੋ ਰਾਜਾ ! ਓਹੁ ਮਨੁਖੁ ਹੋਵੈ ਜੋ ਰਾਜਕੁੰਇਰੁ ਹੋਵੈ, ਅਤੈ ਨਗਰ ਕਾ ਰਾਜਾ ਹੋਵੈ, ਤਿਸਕੀ ਪਿਠਿ ਊਪਰਿ ਚੜ੍ਹਾਂ'। ਤਬ ਰਾਜੇ ਆਖਿਆ 'ਪਾਤਸਾਹ ਜੀ ! ਤੇਰਾ ਕੀਤਾ ਰਾਜਾ ਮੈ ਹਾਂ, ਚੜਿ ਚਲੀਐ'। ਤਬ ਬਾਬਾ ਰਾਜੇ ਕੀ ਪਿਠਿ ਊਪਰਿ ਚੜਿਆ। ਤਬ ਲੋਕ ਲਗੇ ਆਖਣਿ, 'ਜੋ ਰਾਜਾ ਕਮਲਾ ਹੋਆ ਹੈ'। ਤਬ ਚੜਿ ਕਰਿ ਗਇਆ, ਜਾਇ ਬੈਠਾ।

ਤਬ ਰਾਣੀ ਚੰਦਕਲਾ ਅਤੈ ਰਾਜਾ ਸਿਵਨਾਭੁ ਹਥਿ ਜੋੜਿ ਖੜੈ ਹੋਇ, ਲਗੇ ਬੇਨਤੀ ਕਰਣਿ ਜੋ 'ਜੀ ਪਰਸਾਦ ਦਾ ਹੁਕਮੁ ਹੋਵੈ'। ਤਦਹੁ ਬਾਬੈ ਆਖਿਆ 'ਜੋ

---

*ਹਾ: ਵਾ: ਨੁਸਖੇ ਵਿਚ ਏਥੇ ਪਾਠ ਹੈ :—ਤਬ ਫਿਰ ਰਾਜੇ ਪੁਛਿਆ, 'ਜੀ ਤੁਮ ਹਿੰਦੂ ਜਾਂ ਮੁਸਲਮਾਨ ਹੋ ?' ਤਬ ਗੁਰੂ ਬਾਬਾ ਚੌਥੀ ਪਉੜੀ ਬੋਲਿਆ:—। ਇਸ ਤੋਂ ਜਾਪਦਾ ਹੈ ਕਿ ਵਲੈਤ ਵਾਲੀ ਸਾਖੀ ਦਾ ਉਤਾਰਾ ਕਰਨ ਵਾਲੇ ਤੋਂ ਇਹ ਪ੍ਰਸ਼ਨ ਰਹਿ ਗਿਆ ਹੈ, ਜੋ ਪ੍ਰਸੰਗ ਚੱਲੇ ਹੋਏ ਦੇ ਸਿਲਸਿਲੇ ਵਿਚ ਜ਼ਰੂਰੀ ਗੱਲ ਹੈਸੀ।

ਹਮਾਰੈ ਬਰਤੁ ਹੈ'। ਤਬ ਰਾਜੈ ਆਖਿਆ 'ਜੀ ਅਸਾਡਾ ਭਲਾ ਕਿਉਂਕਰਿ ਹੋਵੈ?' ਤਬ ਗੁਰੂ ਆਖਿਆ 'ਜੋ ਮਨੁਛ ਕਾ ਮਾਸੁ ਹੋਵੈ, ਤਾਂ ਅਹਾਰੁ ਕਰਾਂ'। ਤਬ ਰਾਜੈ ਸਿਵਨਾਭਿ ਆਖਿਆ 'ਜੀ ਤੇਰਾ ਸਦਕਾ ਆਦਮੀ ਭੀ ਬਹੁਤੁ ਹੈਨਿ'। ਤਬ ਬਾਬੇ ਆਖਿਆ 'ਹੇ ਰਾਜਾ! ਓਹੁ ਆਦਮੀ ਹੋਵੈ ਜੋ ਰਾਜੇ ਦੈ ਘਰਿ ਪੁਤ੍ਰ ਹੋਵੈ, ਅਤੈ ਰਾਜਕੁੰਇਰੁ ਹੋਵੈ, ਅਤੇ ਬਾਰਹ ਬਰਸਾਂ ਦਾ ਹੋਵੈ, ਤਿਸਦਾ ਮਾਸੁ ਅਹਾਰੁ ਕਰਾਹਾ'। ਤਬ ਰਾਜਾ ਅਤੈ ਰਾਣੀ ਚਿੰਤਾਵਾਨ ਹੋਏ। ਤਬ ਰਾਜੇ ਆਖਿਆ,'ਹੇ ਪਰਮੇਸਰ ਕੀ, ਜੋ ਕਿਸੇ ਰਾਜੇ ਦੇ ਘਰਿ ਪੁਤ੍ਰ ਹੈ ?' ਤਾ ਰਾਣੀ ਕਹਿਆ, 'ਤੇਰੇ ਕਹੇ ਸਿਉ ਕਿਉਂ ਕਰਿ ਦੇਵੇਗਾ, ਜਬ ਉਸ ਸਾਥਿ ਜੁਧ ਕੀਚੈ, ਜਬ ਓਹੁ ਜੀਤੀਐ, ਤਾਂ ਪੁਤ੍ਰ ਦੇਵੈ, ਅਤੈ ਇਥੈ ਹੁਣਿ ਚਾਹੀਐ।' ਤਬ ਰਾਣੀ ਆਖਿਆ 'ਹੇ ਰਾਜਾ! ਅਸਾਡੇ ਘਰਿ ਤਾਂ ਇਕੋ ਪੁਤ੍ਰ ਹੈ, ਉਸ ਕੀ ਜਨਮੁਪਤ੍ਰੀ ਦੇਖੁ'। ਤਬ ਜਨਮ ਪਤ੍ਰੀ ਦੇਖੀ, ਜਬ ਦੇਖਨਿ ਤਾਂ ਬਾਰਹ ਬਰਸਾਂ ਕਾ ਹੋਆ ਹੈ। ਤਬ ਰਾਜੈ ਕਹਿਆ 'ਬੇਟਾ ਤੇਰਾ ਸਰੀਰੁ ਗੁਰੂ ਕੈ ਕੰਮਿ ਆਂਵਦਾ ਹੈ, ਤੇਰੀ ਕਿਆ ਮਨਸਾ ਹੈ ?' ਤਾਂ ਲੜਕਾ ਬੋਲਿਆ 'ਪਿਤਾ ਜੀ! ਇਸ ਤੇ ਕਿਆ ਭਲਾ ਹੈ ? ਜੋ ਮੇਰਾ ਸਰੀਰੁ ਗੁਰੂ ਦੈ ਕੰਮਿ ਆਵੈ'। ਤਬ ਰਾਜੈ ਆਖਿਆ 'ਜੋ ਇਸਨੂ ਸਤ ਦਿਨ ਵੀਵਾਹ ਕੀਤੇ ਹੋਏ ਹੈਨਿ, ਇਸਕੀ ਇਸਤ੍ਰੀ ਭੀ ਪੁਛੀ ਚਾਹੀਐ।' ਤਬ ਰਾਣੀ ਅਤੇ ਰਾਜਾ ਆਇ ਨੁਹ ਕੈ ਪਾਸਿ ਜਾਇ ਬੈਠੇ। ਤਬ ਰਾਜਾ ਬੋਲਿਆ, ਆਖਿਓਸੁ, 'ਬੇਟੀ!ਤੇਰੇ ਭਰਤੇ ਕਾ ਸਰੀਰੁ ਗੁਰੂ ਦੈ ਕੰਮਿ ਆਂਵਦਾ ਹੈ, ਤੇਰੀ ਕਿਆ ਰਜਾਇ ਹੈ ?' ਤਬ ਓਹੁ ਲੜਕੀ ਬੋਲੀ, 'ਪਿਤਾ ਜੀ! ਏਸ ਦਾ ਸਰੀਰੁ ਗੁਰੂ ਦੇ ਕੰਮਿ ਆਵੈ, ਅਤੈ ਮੇਰਾ ਰੰਡੇਪਾ ਗੁਰੂ ਉਪਰਿ ਹੋਵੈ, ਇਸਤੇ ਹੋਰ ਕਿਆ ਭਲਾ ਹੈ'।

ਤਬ ਚਾਰੇ ਗੁਰੂ ਪਾਸਿ ਆਇ ਖੜੇ ਹੋਏ। ਤਦ ਰਾਜਾ ਸਿਉਨਾਭੁ ਬੋਲਿਆ ਆਖਿਓਸੁ, 'ਜੀ! ਏਹ ਲੜਕਾ ਹਾਜਰੁ ਹੈ'। ਤਬ ਬਾਬੇ ਆਖਿਆ, 'ਹੇ ਰਾਜਾ! ਇਉਂ ਮੇਰੇ ਕੰਮਿ ਨਾਹੀ ਪਰੁ ਮਾਤਾ ਇਸਕੀ ਬਾਂਹਾ ਪਕੜੈ, ਅਤੈ ਇਸਤ੍ਰੀ ਇਸਕੈ ਪੈਰ ਪਕੜੈ ਅਤੈ ਤੂ ਹਥੈ ਛੁਰੀ ਲੈਕਰਿ ਜਬਹਿ ਕਰਹਿਂ, ਤਾ ਮੇਰੈ ਕੰਮ ਹੈ'। ਤਬ ਰਾਜੈ ਸਿਉਨਾਭਿ ਗੁਰੂ ਕਾ ਹੁਕਮੁ ਮੰਨਿਆ। ਹਥਿ ਛੁਰੀ ਲੈਕਰਿ ਬੇਟਾ ਜਬਹਿ ਕੀਤਾ, ਰਿਨਿ ਕਰਿ ਆਣਿ ਆਗੈ ਰਾਖਿਆ। ਤਬ ਬਾਬਾ ਬੋਲਿਆ, 'ਹੇ ਰਾਜਾ! ਤੁਸੀ ਤ੍ਰਿਨੈ ਅਖੀ ਮੀਟਿ ਕਰਿ ਵਾਹਿਗੁਰੂ ਆਖਿ ਕਰਿ ਮੁਹਿ ਪਾਵਹੁ'। ਤਬ ਰਾਜਾ ਅਤੈ ਰਾਣੀ,ਅਤੈ ਰਾਜੇ ਕੀ ਨੁਹੁੰ ਤਿਹਾਂ ਅਖੀ ਮੀਟੀਆਂ ਵਾਹਿਗੁਰੂ ਕਰਿਕੇ* ਜਾਂ ਮੁਹਿ ਪਾਇਆ, ਤਾ ਚਾਰੇ ਬੈਠੇ ਹੈਨ†। ਪਰ ਜਾਂ ਅਖੀ ਖੋਲਨ ਤਾਂ ਗੁਰੂ ਬਾਬਾ

*'ਕਰਿਕੇ' ਦੀ ਥਾਂ ਹਾ: ਵਾ: ਨੁ: ਵਿਚ ਪਾਠ ਹੈ 'ਕਹਿਕੇ'।

†ਇਸ ਵਾਰਤਾ ਦਾ ਭਾਵ ਪ੍ਰੀਖਿਆ ਹੈ। ਰਾਜੇ ਨੇ ਗੁਰੂ ਜੀ ਦੀ ਪਹਿਲਾਂ ਪ੍ਰੀਖਿਆ ਕੀਤੀ ਹੈ, ਮੋਹਨੀਆਂ ਤ੍ਰੀਮਤਾਂ ਘੱਲ ਕੇ। ਉਹ 'ਗੁਰੂ ਪ੍ਰੀਖਯਾ' ਸੀ। ਹੁਣ

[ਬਾਕੀ ਟੂਕ ਦੇਖੋ ਪੰਨਾ ੧੦੩ ਦੇ ਹੇਠ]

ਨਾਹੀ। ਤਬ ਰਾਜਾ ਬਿਆਕੁਲ ਹੋਇ ਗਇਆ। ਉਦਿਆਨੁ ਪਕੜਿਅਸੁ। ਪੈਰਾਂ ਤੈ ਉਬਾਹਣਾ ਸਿਰ ਤੇ ਨੰਗਾ 'ਗੁਰੂ ਗੁਰੂ' ਕਰਦਾ ਫਿਰੇ। ਤਬ ਬਾਰਹ ਮਹੀਨਿਆਂ ਪਿਛ ਆਇ ਦਰਸਨੁ ਦਿਤੋਸੁ। ਚਰਨੀ ਲਾਇਓਸੁ। ਜਨਮ ਮਰਣੁ ਰਾਜੇ ਸਿਉਨਾਭਿ ਕਾ ਕਟਿਆ, ਸਿਖੁ ਹੋਆ। ਸੈਦੋ ਜਟੁ ਜਾਤਿ ਘੇਹੋ ਪਾਹੁਲਿ ਹੁਕਮੁ ਨਾਲਿ ਦਿਤੀ, ਸਾਰਾ ਸਿੰਘਲਾਦੀਪ ਸਿਖੁ ਹੋਆ। ਗੁਰੂ ਗੁਰੂ ਲਾਗਾ ਜਪਨਿ। ਸਾਰਾ ਖੰਡੁ ਬਖਸਿਆ ਰਾਜੇ ਸਿਵਨਾਭ ਕੈ ਪਿਛੈ। ਬੋਲਹੁ ਵਾਹਿਗੁਰੂ*।

### ਸਿੰਘਲਾਦੀਪ ਕੀ ਸੰਗਤਿ ਕੀ ਰਹੁਰਾਸਿ ॥

ਜਬ ਰਾਤਿ ਪਵੈ ਤਾਂ ਸਭੈ ਇਕਠੇ ਆਇ ਬਹਿਨਿ ਧਰਮਸਾਲਾ। ਤਬ ਇਕੁ ਸਿਖੁ ਪਰਸਾਦੁ ਰਾਤੀ ਕਹਿ ਜਾਵੈ, ਭਲਕੇ ਇਕਠੇ ਜਾਇ ਖਾਵਨਿ। ਜਿਸ ਸਿਖ ਦੈ ਪਰਸਾਦੁ ਹੋਵੈ, ਤਿਸਕੇ ਇਕੀਸ ਮਣ† ਲੂਣੁ ਰਸੋਈ ਪਵੈ। ਤਿਤੁ ਮਹਲਿ ਗੁਹਜੀ ਬਾਣੀ ਪਰਗਾਸ ਹੋਈ। ਸ੍ਰੀ ਸਤਿਗੁਰੂ ਪ੍ਰਸਾਦਿ । ਲਿਖਤੰ ਪ੍ਰਾਣ ਸੰਗਲੀ, ਸੁੰਨ ਮਹਲ ਕੀ ਕਥਾ, ਨਿਰੰਕਾਰੁ ਕਾ ਧਿਆਨੁ, ਗੁਹਜੀ ਬਾਣੀ ਬਾਬੈ ਕਾ ਬੋਲਣਾ, ਪ੍ਰਾਨ ਪਿੰਡ ਕਾ ਮਾਥੰਤ । ਤਦਹੁੰ ਬਾਬਾ ਪਉਣੁ ਅਹਾਰ ਕਰਦਾ ਥਾ। ਸਮੁੰਦ੍ਰ ਕੇ ਪਾਰਿ ਹੋਈ। ਸਿੰਘਲਾ ਦੀਪ ਰਾਜੇ ਸਿਉਨਾਭ ਕੀ ਧਰਤੀ ਹੋਈ। ਤਦਹੁੰ ਨਾਲਿ ਸੈਦੋ ਅਤੈ ਸੀਹੋਂ ਥੇ ਸਿਖ, ਤਬ ਪ੍ਰਾਣ ਸੰਗਲੀ ਹੋਈ‡।

---

*ਹਾ: ਵਾ: ਨੁ: ਵਿਚ ਇਥੇ 'ਬੋਲਹੁ ਵਾਹਿਗੁਰੂ' ਨਹੀਂ ਹੈ।

†ਕੱਚਾ ਮਨ ੧੬ ਸੇਰ ਦਾ ਹੁੰਦਾ ਹੈ, ਤੇ 'ਮਨ' ਸੇਰ ਨੂੰ ਬੀ ਕਹਿੰਦੇ ਹਨ।

‡ਇਥੋਂ ਅੱਗੇ ਅੰਤਕਾ ੩ ਵਾਲੀ ਬਾਣੀ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਹੈ, ਜਿਸ ਦਾ ਨਾਮ ਪ੍ਰਾਣ ਸੰਗਲੀ ਹੈ। ਇਸ ਬਾਣੀ ਵਿਚ 'ਉਨਮਨ' ਅਵਸਥਾ ਵਿਚ ਜੋ ਦਸ਼ਾ ਮਨ ਯਾ ਸੁਰਤ ਦੀ ਹੁੰਦੀ ਹੈ, ਉਹ ਵਿਸਥਾਰ ਨਾਲ ਦੱਸੀ ਹੈ। ਉਨਮੰਨ ਦਾ ਅਰਥ ਹੈ 'ਮਨ ਦਾ ਉੱਚਾ ਹੋ ਜਾਣਾ'; ਸੁਰਤ ਦਾ ਯਾ ਚਿਤ ਬ੍ਰਿਤੀ ਦਾ ਆਸ ਅੰਦੇਸੇ ਹਰਖ ਸੋਗ ਤੋਂ ਉੱਚਾ ਉੱਠ ਕੇ ਇਕ ਅੰਤਰ ਆਤਮੇ ਉਚਜਾਣ ਦੀ ਪ੍ਰਤੀਤੀ ਤੇ ਸਮਤਾ ਵਿਚ ਰਹਿਣਾ।

[ਸਫ਼ਾ ੧੦੨ ਦੀ ਬਾਕੀ ਟੂਕ]

ਗੁਰੂ ਜੀ ਨੇ 'ਸਿਖ ਪ੍ਰੀਖਯਾ' ਕੀਤੀ ਹੈ। ਇਸ ਪ੍ਰਕਾਰ ਦੀ ਪ੍ਰੀਖਯਾ ਮੁਸਲਮਾਨਾਂ ਵਿਚ ਇਬ੍ਰਾਹੀਮ ਤੋਂ ਪੁਤ੍ਰ ਦੀ ਕੁਰਬਾਨੀ ਲੈਕੇ ਤੇ ਹਿੰਦੂਆਂ ਵਿਚ ਮੋਰਧੁਜ ਦੇ ਪੁਤ੍ਰ ਦੀ ਬਲੀ ਦਾ ਪ੍ਰਸੰਗ ਹੈ। ਏਥੇ ਜੇ ਬਲੀ ਮੰਗਣ ਤੇ ਇਤਰਾਜ਼ ਹੋਵੇ ਤਾਂ ਪੁਤ੍ਰ ਜਿਵਾ ਦੇਣ ਦੀ ਸ਼ਕਤੀ ਤੇ ਜਿਵਾ ਦੇਣਾ ਉਸ ਨੂੰ ਸਾਫ਼ ਕਰਦਾ ਹੈ। ਜੇ ਜਿਵਾ ਦੇਣ ਤੇ ਸ਼ੱਕ ਕੀਤਾ ਜਾਵੇ ਤਾਂ ਬਲੀ ਮੰਗਣ ਤੇ ਬੀ ਸ਼ੱਕ ਕੀਤਾ ਲੋੜੀਏ, ਕਿਉਂਕਿ ਦੋਵੇਂ ਜ਼ਿਕਰ ਇਕੋ ਥਾਂ ਇਕੋ ਕਲਮ ਦੇ ਹਨ। ਇਸ ਪ੍ਰਕਾਰ ਦੇ ਅੰਦਾਜ਼ੇ ਸਾਖੀ ਲਿਖਣ ਵਾਲੇ ਦੇ ਅਪਣੇ ਹਨ, ਗੁਰੂ ਸਾਹਿਬ ਦਾ ਜੋ ਸੁਭਾਵ ਉਨ੍ਹਾਂ ਦੀ ਬਾਣੀ ਤੋਂ ਪ੍ਰਗਟ ਹੁੰਦਾ ਹੈ, ਉਸ ਨਾਲ ਇੱਡਾ ਕਰੜਾ ਪਰਤਾਵਾ ਲੈਣਾ ਮੇਲ ਨਹੀਂ ਖਾਂਦਾ।

ਤਿਤੁ ਮਹਲਿ ਪ੍ਰਾਨ ਸੰਗਲੀ ਹੋਈ। ਦੇਹੀ ਕੀ ਚੀਨ ਮਥੀ* ਪਰੁ ਲੈ ਕਿਨੈ ਨ ਸਕੀਆ, ਓਥੈ ਹੀ ਛਡੀ। ਸੈਦੋ ਘੇਹੋ ਲਿਖਾਈ ਚਰਣ ਮਝਾਰ ਕੈ, ਗੋਰਖ ਹਟੜੀ ਪਾਸਿ। ਗੋਰਖ ਹਟੜੀ ਕੈ ਪਾਸਿ ਇਕੁ ਚਉਕੁ ਹੈ ਦੋ ਕੋਹ ਕਾ, ਉਸ ਮੜੀ ਤੈ ਚਾਰਿ ਕੋਸ ਹੈ। ਤਿਸ ਵਿਚਿ ਅਲਿਪਤੁ ਰਹਿਣ ਲਗਾ। ਪਰਗਟਿ ਕੀਤੀ ਨਾਹੀ ਅਨਾਹਦ ਬਾਣੀ, ਪਰੁ ਅਧ ਵਿਚਿ ਨ ਪਾਈਐਗੀ, ਰਾਜੇ ਸਿਉਨਾਭਿ ਜੋਗੁ ਮਿਲੀ। ਬਚਨੁ ਹੋਆ, ਜੋ 'ਇਕੁ ਆਦਮੀ ਆਵੈਗਾ ਜੰਬੂ ਦੀਪ ਤੇ, ਉਸ ਜੋਗੁ ਲਿਖਿ ਦੇਵਣੀ।' ਸਲੋਕੁ ੧੫। ਸੈਦੋ ਥੈ ਸੰਪੂਰਣੁ ਥੀ, ਦੁਇ ਉਦਾਸੀ ਹੋਇ, ਬਾਬੈ ਆਪਣੈ ਨਾਲਿ ਰਖੇ, ਰਾਜੇ ਸਿਉਨਾਭਿ ਜੋਗੁ ਇਕੁ ਮੰਜੀ ਮਿਲੀ। ਰਾਜੇ ਸਿਉਨਾਭਿ ਜੋਗੁ ਗੁਰੂ ਦੀ ਖੁਸੀ ਹੋਈ। ਓਥਹੁ ਰਵਦੇ ਰਹੇ। ਬੋਲਹੁ ਵਾਹਿਗੁਰੂ।

## ੪੮. ਬਾਢੀ ਦੀ ਝੁੱਗੀ ਢਾਹੀ.

ਏਕਸੁ ਬਾਢੀ ਕੈ ਆਇ ਰਾਤਿ ਰਹੇ। ਉਨਿ ਸੇਵਾ ਭਾਉ ਬਹੁਤੁ ਕੀਤਾ।ਮੰਜੀ ਡਾਹਿ ਦਿਤੀਅਸੁ। ਬਾਬਾ ਰਾਤਿ ਸੁਤਾ, ਭਲਕੇ ਹਥ ਨਾਲਿ ਝੁਗੀ ਦੀ ਲਕੜੀ ਪਕੜੀਅਸੁ, ਅਤੈ ਪਸਵਾੜੇ ਨਾਲਿ ਮੰਜੀ ਭੰਨੀਅਸੁ। ਜਬ ਬਾਹਰਿ ਆਇਆ, ਤਾਂ ਸੈਦੋ ਸਿਖਿ ਬੇਨਤੀ ਕੀਤੀ, ਆਖਿਓਸੁ, 'ਜੀ ! ਸਾਰੇ ਸਹਰ ਵਿਚਿ ਕੋਈ ਜਾਗਾ ਨਾਹੀ ਸਾ ਦੇਂਦਾ, ਇਸ ਬਾਢੀ ਠਉੜਿ ਦਿਤੀ, ਤਿਸ ਕੀਆ ਵਸਤੂ ਭੀ ਗਵਾਇਆ। ਇਕ ਝੁਗੀ ਅਤੈ ਮੰਜੀ ਥੀ ਸੋ ਭੀ ਢਾਹਿ ਭੰਨਿ ਚਲਿਓਹਿ, ਉਸਕੈ ਬਾਬਿ ਕਿਆ ਵਰਤੀ ?' ਤਬ ਬਾਬੈ ਆਖਿਆ, 'ਸੈਦੋ, ਉਸਕਾ ਭਾਉ ਥਾਇ ਪਇਆ ਹੈ'। ਤਬ ਓਹੁ ਘਰਿ ਜਾਵੈ, ਤਾਂ ਓਹੁ ਚਾਰੇ ਪਾਵੇ ਧਰਤਿ ਵਿਚਿ ਡੁਬ ਗਏ ਹੈਨਿ। ਸੋ ਉਨਕੈ

---

*'ਦੇਹੀ ਕੀ ਚੀਨ ਮਥੀ' ਦਾ ਅਰਥ ਹੋ ਸਕਦਾ ਹੈ ਕਿ ਦੇਹ ਦੇ ਗਯਾਨ ਦੀ ਗਲ ਨਿਰਣੈ ਕੀਤੀ, ਪਰ ਅਗਲੀ ਇਬਾਰਤ ਦੱਸਦੀ ਹੈ ਕਿ ਇਸ ਫਿਕਰੇ ਵਿਚ ਕਿਸੇ ਪੋਥੀ ਦਾ ਜ਼ਿਕਰ ਹੈ। ਉਤਾਰੇ ਵਾਲਿਆਂ ਇਬਾਰਤ ਗ਼ਲਤ ਕੀਤੀ ਹੈ।ਅਸਲ ਕਰਤਾ ਦੇ ਨੁਸਖੇ ਵਿਚ ਇਹ ਇਬਾਰਤ ਹੋਰਵੇਂ ਹੋਣੀ ਹੈ। ਵਲੈਤ ਵਾਲਾ ਨੁਸਖ਼ਾ ਬੀ ਇਸੇ ਕਰ ਕੇ ਉਤਾਰਾ ਹੀ ਜਾਪਦਾ ਹੈ, ਅਤੇ ਕਿਸੇ ਉਤਾਰੇ ਦਾ ਬੀ ਉਤਾਰਾ ਹੈ। ਜੇ ਅਗਲੀ ਇਬਾਰਤ ਨੂੰ ਸੋਚੀਏ ਤੇ ਉਸ ਮੂਜਬ ਅਰਥ ਵਿਚਾਰੀਏ ਤਾਂ ਇਹ ਫਿਕਰਾ ਕੁਛ ਐਉਂ ਦਾ ਚਾਹੀਦਾ ਹੈ : 'ਤਦੇਹੀ ਕੀਚੀਓਨੇ ਪੋਥੀ' ਅਰਥਾਤ ਪ੍ਰਾਣ ਸੰਗਲੀ ਦੀ ਓਥੇ ਪੋਥੀ ਬਨਾਈ, ਜੋ ਸੈਦੇ ਘੇਹੋ ਨੇ ਲਿਖੀ, ਪਰ ਨਾ ਸੀਹੋ ਨਾ ਸੈਦੋ, ਨਾਲ ਕਿਸੇ ਨਾ ਆਂਦੀ, ਓਥੇ ਹੀ ਛੱਡ ਆਏ, ਰਾਜੇ ਸਿਵਨਾਭਿ ਨੂੰ ਦਿਤੀ ਤੇ ਉਸਨੂੰ ਕਿਹਾ ਕਿ ਹਿੰਦੁਸਤਾਨ ਤੋਂ ਕੋਈ ਆਵੇ ਤਾਂ ਉਤਾਰਾ ਕਰਾ ਦੇਣਾ। ਇਹ ਅਰਥ ਭਾਵ ਦਸਦਾ ਹੈ ਕਿ ਦੇਹੀ ਕੀ ਚੀਨ ਮਥੀ ਦੀ ਥਾਂ ਦਰੁਸਤ ਇਬਾਰਤ ਇਉਂ ਦੀ ਹੋਸੀ 'ਤਦੋਂ ਹੀ ਕੀਚੀਓਨੇ ਪੋਥੀ'।

ਤਲੈ ਚਾਰੇ ਤਾਵੜੇ ਮਾਲ ਕੇ ਹੈਨਿ। ਅਰੁ ਉਸ ਝੂੰਗੀ ਕੇ ਮਹਲਿ ਉਸਾਰੇ ਹੈਨ। ਅਤੈ ਉਸ ਮੰਜੀ ਕੇ ਪਲੰਘ ਹੋਇ ਹੈਨ। ਤਬ ਸੈਦੋ ਅਤੇ ਸੀਂਹੋ ਪੈਰੀ ਪਏ। ਤਬ ਘਰਿ ਆਏ। ਕੋਈ ਦਿਨੁ ਘਰਿ ਰਹੇ, ਤਬ ਫੇਰਿ ਰਵੇ।

---

# ਤ੍ਰਿਤੀਆ ਉਦਾਸੀ

## ੪੯. ਤੀਜੀ ਉਦਾਸੀ, ਕਸ਼ਮੀਰ ਬ੍ਰਹਮਦਾਸ ਪੰਡਤ.

ਤ੍ਰਿਤੀਆ ਉਦਾਸੀ, ਉਤਰ ਖੰਡ ਕੀ ਉਦਾਸੀ ਕਰਣਿ ਲਗੈ। ਤਿਤੁ ਉਦਾਸੀ ਅਕ ਦੀਆਂ ਖਖੜੀਆਂ ਅਤੈ ਫੁਲ ਅਹਾਰੁ ਕਰਦਾ ਥਾ, ਪਰਿ ਸੁਕੇ। ਅਤੈ ਪੈਰੀ ਚਮੜਾ, ਅਤੈ ਸਿਰਿ ਚਮੜਾ, ਸਾਰੀ ਦੇਹ ਲਪੇਟਿਅਸੁ, ਅਤੈ ਮਾਥੇ ਟਿੱਕਾ ਕੇਸਰ ਕਾ। ਤਦਹੁੰ ਨਾਲਿ ਹਸੂ ਲਹਾਰੁ ਅਤੇ ਸੀਹਾਂ ਛੀਂਬਾ ਥੇ। ਤਬ ਬਾਬਾ ਕਸ਼ਮੀਰ ਗਇਆ। ਕੋਈ ਦਿਨੁ ਓਥੈ ਭੀ ਰਹਿਆ। ਲੋਕੁ ਬਹੁਤੁ ਨਾਉ ਧਰੀਕ ਹੋਏ। ਤਬ ਕਸ਼ਮੀਰ ਕਾ ਪੰਡਿਤੁ ਬ੍ਰਿਹਮਦਾਸੁ* ਥਾ, ਉਸ ਸੁਣਿਆ, 'ਜੋ ਇਕੁ ਫਕੀਰੁ ਆਇਆ ਹੈ'। ਤਬ ਉਸਕੈ ਸਾਥਿ ਦੁਇ ਉਠ ਪੁਰਾਣਾ ਕੇ ਚਲਨਿ, ਅਤੈ ਗਲਿ ਵਿਚਿ ਠਾਕੁਰ ਹੈ। ਆਇ ਰਾਮ ਰਾਮ ਕੀਤੀਓਸੁ। ਕਰਿਕੈ ਬੈਠਿ ਗਇਆ। ਤਬ ਭੇਖੁ ਦੇਖਿ ਕੈ ਆਖਿਓਸੁ 'ਤੂ ਏਹਾ ਸਾਧੂ ਹੈ ? ਤੈ ਚਮੜੇ ਕਿਉ ਪਹਰੇ ਹਨਿ। ਅਤੈ ਰਸੇ ਕਿਉ ਪਲੇਟੇ ਹੈਨਿ ? ਅਤੈ ਤੁਸੀ ਕਿਰਿਆ ਕਰਮੁ ਕਿਉ ਛੋਡਿਆ ਹੈ ਅਤੈ ਮਾਸੁ ਮਛੁਲੀ ਕਿਉਂ ਲਗੇ ਹਉ ?' ਤਬ ਬਾਬਾ ਬੋਲਿਆ, ਪਉੜੀ ਰਾਗੁ ਮਲਾਰਿ ਵਿਚਿ, ਤਿਤੁ ਮਹਲਿ ਵਾਰ ਹੋਈ :–

---

*ਇਕ ਵੇਰ ਕੁਛ ਪਤਾ ਕਰਨ ਤੇ ਕਿਸੇ ਤੋਂ ਕਸ਼ਮੀਰ ਵਿਚਿ ਥਹੁ ਪਿਆ ਸੀ ਕਿ ਬ੍ਰਹਮ ਦਾਸ ਬੀਜ ਬਿਹਾੜੇ ਨਗਰ ਦਾ ਰਹਿਣ ਵਾਲਾ ਸੀ, ਅਰ ਗੁਰੂ ਜੀ ਨਾਲ ਇਸਦਾ ਮੇਲ ਮਾਰਤੰਡ ਦੇ ਚਸ਼ਮੇ ਤੇ ਹੋਇਆਸੀ।ਤਦ ਤੋਂ ਇਹ ਥਾਂ ਮਟਨ ਸਾਹਿਬ ਕਹਿਲਾਉਂਦਾ ਹੈ, ਚਸ਼ਮੇ ਦੇ ਤਲਾਉ ਵਿਚ ਥੜਾ ਸੀ, ਜਿਸ ਪਰ ਬੈਠ ਕੇ ਗੋਸ਼ਟ ਹੋਈ। ਗਿਰਾਂ ਦੇ ਲੋਕੀ ਗੁਰੂ ਜੀ ਦੇ ਉਪਾਸ਼ਕ ਹੋਏ। ਇਹ ਥੜਾ ਹੁਣ ਢੱਠਾ ਪਿਆ ਹੈ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤਲਾਉ ਦੇ ਦਵਾਲੇ ਛੇ ਗੁਰੂ ਗ੍ਰੰਥ ਸਾਹਿਬ ਧਰਮਸਾਲਾ ਵਿਚ ਖੁਲ੍ਹਦੇ ਸਨ, ਜੋ ਧਰਮਸਾਲਾ ਕਿ ਢਹਿ ਚੁਕੀ ਹੈ, ਤੇ ਕੁਝ ਫਾਸਲੇ ਤੇ ਇਕ ਨਵੀਂ ਧਰਮਸਾਲਾ ਬਣੀ ਹੈ, ਪ੍ਰਕਾਸ਼ ਹੁੰਦਾ ਹੈ, ਇਸ ਥਾਂ ਤੋਂ ਮੀਲ ਕੁ ਪਰੇ ਕਰੇਵੇ (ਪਬੀ) ਦੇ ਉਤੇ ਪੁਰਾਣਾ ਮਾਰਤੰਡ ਦਾ ਮੰਦਰ ਢੱਠਾ ਪਿਆ ਹੈ।

ਸਲੋਕ ਮਹਲਾ ੩ ॥*

ਗੁਰ ਮਿਲਿਐ ਮਨੁ ਰਹਸੀਐ ਜਿਉ ਵੁਠੈ ਧਰਣਿ ਸੀਗਾਰੁ ॥ ਸਭ ਦਿਸੈ ਹਰੀਆਵਲੀ ਸਰ ਭਰੇ ਸੁਭਰਤਾਲ ॥ ਅੰਦਰੁ ਰਚੈ ਸਚ ਰੰਗਿ ਜਿਉ ਮੰਜੀਠੈ ਲਾਲੁ ॥ ਕਮਲੁ ਵਿਗਸੈ ਸਚੁ ਮਨਿ ਗੁਰਕੈ ਸਬਦਿ ਨਿਹਾਲੁ ॥ ਮਨਮੁਖ ਦੂਜੀ ਤਰਫ ਹੈ ਵੇਖਹੁ ਨਦਰਿ ਨਿਹਾਲਿ॥ ਫਾਹੀ ਫਾਥੇ ਮਿਰਗ ਜਿਉ ਸਿਰਿ ਦਿਸੈ ਜਮਕਾਲੁ ॥ ਖੁਧਿਆ ਤ੍ਰਿਸਨਾ ਨਿੰਦਾ ਬੁਰੀ ਕਾਮੁ ਕ੍ਰੋਧੁ ਵਿਕਰਾਲੁ ॥ ਏਨੀ ਅਖੀ ਨਦਰਿ ਨ ਆਵਈ ਜਿਚਰੁ ਸਬਦਿ ਨ ਕਰੇ ਬੀਚਾਰੁ ॥ ਤੁਧੁ ਭਾਵੈ ਸੰਤੋਖੀਆਂ ਚੂਕੈ ਆਲ ਜੰਜਾਲੁ ॥ ਮੂਲੁ ਰਹੈ ਗੁਰੁ ਸੇਵਿਐ ਗੁਰ ਪਉੜੀ ਬੋਹਿਥੁ ॥ ਨਾਨਕ ਲਗੀ ਤਤੁ ਲੈ ਤੂੰ ਸਚਾ ਮਨਿ ਸਚੁ ॥ ਮਹਲਾ ੧ ॥ ਹੇਕੋ ਪਾਧਰੁ ਹੇਕੁ ਦਰੁ ਗੁਰ ਪਉੜੀ ਨਿਜ ਥਾਨੁ ॥ ਰੂੜਉ ਠਾਕੁਰੁ ਨਾਨਕਾ ਸਭਿ ਸੁਖ ਸਾਚਉ ਨਾਮੁ ॥੨॥ਪਉੜੀ॥ਆਪੀਨੈ੍ ਆਪੁ ਸਾਜਿ ਆਪੁ ਪਛਾਣਿਆ ॥ ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ ॥ ਵਿਣੁ ਥੰਮ੍ਹਾ ਗਗਨੁ ਰਹਾਇ ਸਬਦੁ ਨੀਸਾਣਿਆ ॥ ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ॥ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ ॥ ਤੀਰਥ ਧਰਮ ਵੀਚਾਰ ਨਾਵਣ ਪੁਰਬਾਣਿਆ॥ ਤੁਧੁ ਸਰਿ ਅਵਰੁ ਨ ਕੋਇ ਕਿ ਆਖਿ ਵਖਾਣਿਆ ॥ ਸਚੈ ਤਖਤਿ ਨਿਵਾਸੁ ਹੋਰ ਆਵਣ ਜਾਣਿਆ ॥ ੧ ॥ ਸਲੋਕੁ ਮਃ ੧ ॥ ਨਾਨਕ ਸਾਵਣਿ ਜੇ ਵਸੈ ਚਹੁ ਓਮਾਹਾ ਹੋਇ ॥ ਨਾਗਾਂ ਮਿਰਗਾਂ ਮਛੀਆਂ ਰਸੀਆਂ ਘਰਿ ਧਨੁ ਹੋਇ॥ ਮਃ ੧॥ਨਾਨਕ ਸਾਵਣਿ ਜੇ ਵਸੈ ਚਹੁ ਵੇਛੋੜਾ ਹੋਇ ॥ ਗਾਈ ਪੁਤਾ ਨਿਰ-ਧਨਾ ਪੰਥੀ ਚਾਕਰੁ ਹੋਇ ॥ ੨ ॥ ਪਉੜੀ ॥ ਤੂ ਸਚਾ ਸਚਿਆਰੁ ਜਿਨਿ ਸਚੁ ਵਰਤਾਇਆ ॥ ਬੈਠਾ ਤਾੜੀ ਲਾਇ ਕਵਲੁ ਛਪਾਇਆ॥ ਬ੍ਰਹਮੈ ਵਡਾ ਕਹਾਇ ਅੰਤੁ ਨ ਪਾਇਆ॥ਨਾ ਤਿਸੁ ਬਾਪੁ ਨ ਮਾਇ ਕਿਨਿ ਤੂ ਜਾਇਆ॥ ਨਾ ਤਿਸੁ ਰੂਪੁ ਨ ਰੇਖ ਵਰਨ ਸਬਾਇਆ ॥ ਨਾ ਤਿਸੁ ਭੁਖ ਪਿਆਸ ਰਜਾ ਧਾਇਆ ॥ ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ॥ਸਚੇ ਹੀ ਪਤੀ-ਆਇ ਸਚਿ ਸਮਾਇਆ ॥ ੨ ॥

ਵਾਰ ਸੰਪੂਰਨੁ ਹੋਈ ਮਲਾਰ ਕੀ ੨੭† ॥ ਤਾਂ ਬ੍ਰਹਮ ਦਾਸੁ ਪੰਡਤੁ ਆਇ

---

*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ (੧. 'ਗੁਰ ਮਿਲਿਐ ਮਨੁ' ੨. ਹੇਕੋ ਪਾਧਰ') ਵਾਰ ਮਲਾਰ ਦੇ ਅਰੰਭ ਵਿਚ ਇਸੇ ਤਰਤੀਬ ਵਿਚ ਹਨ,ਮਾਲੂਮ ਹੁੰਦਾ ਹੈ ਕਿ ਅਸਲੀ ਕਰਤਾ ਜੀ ਦੇ ਨੁਸਖੇ ਵਿਚ ਕੇਵਲ ਪਉੜੀਆਂ ਹੀ ਹੋਸਨ, ਜੋ ਮਹਲਾ ੧ ਦੀਆਂ ਹਨ। ਪਹਿਲਾ ਸਲੋਕ ਮਃ ੩ ਦਾ ਹੈ, ਜੋ ਕਿਸੇ ਉਤਾਰੇ ਵਾਲੇ ਨੇ ਨਾਲ਼ ਲਗਦਾ ਹੋਣ ਕਰ ਕੇ ਤੇ ਵਾਰ ਉਤੇ 'ਵਾਰ ਮਲਾਰ ਕੀ ਮਹਲਾ ੧' ਲਿਖਿਆ ਹੋਣ ਕਰ ਕੇ ਉਤਾਰਾ ਕਰ ਲਿਆ ਹੈ।

†ਸਾਰੀ ਵਾਰ ਦੀਆਂ ੨੮ ਪਉੜੀਆਂ ਹਨ ਇਕ ਪਉੜੀ ਮਃ ੫ ਦੀ ਹੈ।

ਪੈਰੀ ਪਇਆ, ਤਾਂ ਆਖਿਓਸੁ 'ਜੀ ! ਜਾਂ ਏਹ ਵਸਤੁ ਨਹੀਂ' ਸੀ, ਤਬ ਪਰਮੇਸੁਰੁ ਕਹਾਂ ਥਾ ?' ਤਦਹੁੰ ਬਾਬਾ ਬੋਲਿਆ, ਸਬਦੁ ਰਾਗੁ ਮਾਰੂ ਵਿਚਿ ਸੋਲਹਾ ਮਃ ੧—

ਅਰਬਦ ਨਰਬਦ ਧੁੰਧੂਕਾਰਾ॥ਧਰਣਿ ਨ ਗਗਨਾ ਹੁਕਮੁ ਅਪਾਰਾ॥ ਨਾਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥੧॥ ਖਾਣੀ ਨ ਬਾਣੀ ਪਉਣ ਨ ਪਾਣੀ ॥ ਓਪਤਿ ਖਪਤਿ ਨ ਆਵਣ ਜਾਣੀ॥ ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ ॥੨॥ ਨਾ ਤਦਿ ਸੁਰਗੁ ਨ ਮਛੁ ਪਇਆਲਾ ॥ ਦੋਜਕੁ ਭਿਸਤੁ ਨਹੀ ਖੈਕਾਲਾ ॥ ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾਕੋ ਆਇ ਨ ਜਾਇਦਾ ॥੩॥ ਬ੍ਰਹਮਾ ਬਿਸਨੁ ਮਹੇਸੁ ਨ ਕੋਈ ॥ ਅਵਰੁ ਨ ਦੀਸੈ ਏਕੋ ਸੋਈ*॥ ਨਾਰਿ ਪੁਰਖੁ ਨਹੀ ਜਾਤਿ ਨ ਜਨਮਾ ਨਾਕੋ ਦੁਖੁ ਸੁਖੁ ਪਾਇਦਾ ॥ ੪ ॥ ਨਾ ਤਦਿ ਜਤੀ ਸਤੀ ਬਨਵਾਸੀ ॥ ਨਾ ਤਦਿ ਸਿਧ ਸਾਧਿਕ ਸੁਖਵਾਸੀ॥ ਜੋਗੀ ਜੰਗਮ ਭੇਖੁ ਨ ਕੋਈ ਨਾ ਕੋ ਨਾਥੁ ਕਹਾਇਦਾ ॥੫॥ ਜਪ ਤਪ ਸੰਜਮ ਨਾ ਬ੍ਰਤ ਪੂਜਾ ॥ ਨਾਕੋ ਆਖਿ ਵਖਾਣੈ ਦੂਜਾ॥ ਆਪੇ ਆਪਿ ਉਪਾਇ ਵਿਗਸੈ ਆਪੇ ਕੀਮਤਿ ਪਾਇਦਾ ॥ ਨਾ ਸੁਚਿ ਸੰਜਮੁ ਤੁਲਸੀ ਮਾਲਾ ॥ ਗੋਪੀ ਕਾਨੁ ਨ ਗਊ ਗੁੋਆਲਾ॥ ਤੰਤੁ ਮੰਤੁ ਪਾਖੰਡੁ ਨ ਕੋਈ ਨਾਕੋ ਵੰਸੁ ਵਜਾਇਦਾ ॥੭॥ ਕਰਮ ਧਰਮ ਨਹੀ ਮਾਇਆ ਮਾਖੀ ॥ ਜਾਤਿ ਜਨਮੁ ਨਹੀ ਦੀਸੈ ਆਖੀ ॥ ਮਮਤਾ ਜਾਲੁ ਕਾਲੁ ਨਹੀ ਮਾਥੈ ਨਾ ਕੋ ਕਿਸੈ ਧਿਆਇਦਾ ॥੮॥ ਨਿੰਦੁ ਬਿੰਦੁ ਨਹੀ ਜੀਉ ਨ ਜਿੰਦੋ॥ਨਾ ਤਦਿ ਗੋਰਖੁ ਨਾ ਮਾਛਿੰਦੋ॥ਨਾ ਤਦਿ ਗਿਆਨੁ ਧਿਆਨੁ ਕੁਲ ਓਪਤਿ ਨਾਕੋ ਗਣਤ ਗਣਾਇਦਾ ॥੯॥ਵਰਨ ਭੇਖ ਨਹੀ ਬ੍ਰਹਮਣ ਖਤ੍ਰੀ॥ ਦੇਉ ਨ ਦੇਹੁਰਾ ਗਊ ਗਾਇਤ੍ਰੀ॥ ਹੋਮ ਜਗ ਨਹੀ ਤੀਰਥਿ ਨਾਵਣੁ ਨਾਕੋ ਪੂਜਾ ਲਾਇਦਾ ॥੧੦॥ਨਾਕੋ ਮੁਲਾ ਨਾਕੋ ਕਾਜੀ॥ਨਾਕੋ ਸੇਖੁ ਮਸਾਇਕੁ ਹਾਜੀ ॥ ਰਈਅਤਿ ਰਾਉ ਨ ਹਉਮੈ ਦੁਨੀਆ ਨਾ ਕੋ ਕਹਣੁ ਕਹਾਇਦਾ॥੧੧॥ਭਾਉ ਨ ਭਗਤੀ ਨਾ ਸਿਵ ਸਕਤੀ॥ਸਾਜਨੁ ਮੀਤੁ ਬਿੰਦੁ ਨਹੀ ਰਕਤੀ ॥ ਆਪੇ ਸਾਹੁ ਆਪੇ ਵਣਜਾਰਾ ਸਾਚੇ ਏਹੋ ਭਾਇਦਾ ॥੧੨॥ ਏਦ ਕਤੇਬ ਨ ਸਿੰਮ੍ਰਿਤਿ ਸਾਸਤ॥ਪਾਠ ਪੁਰਾਣ ਉਦੈਨਹੀ ਆਸਤ॥ਕਹਤਾ ਬਕਤਾ ਆਪਿ ਅਗੋਚਰੁ ਆਪੇ ਅਲਖੁ ਲਖਾਇਦਾ॥੧੩॥ ਜਾ ਤਿਸੁ ਭਾਣਾ ਤਾ ਜਗਤੁ ਉਪਾਇਆ॥ਬਾਝੁ ਕਲਾ ਆਡਾਣ ਰਹਾਇਆ॥ ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ ॥੧੪॥ ਵਿਰਲੇ ਕਉ ਗੁਰਿ ਸਬਦੁ ਸੁਣਾਇਆ ॥ ਕਰਿ ਕਰਿ ਦੇਖੈ ਹੁਕਮੁ ਸਬਾਇਆ ॥

---

*ਏਹ ਤੁਕ ਵਲੈਤ ਵਾਲੀ ਪੋਥੀ ਵਿਚ ਹੈ ਨਹੀਂ, ਉਤਾਰੇ ਵੇਲੇ ਰਹਿ ਗਈ ਜਾਪਦੀ ਹੈ।ਇਹ ਹੋਰ ਪੱਕਾ ਸਬੂਤ ਹੈ ਕਿ ਵਲੈਤ ਵਾਲਾ ਨੁਸਖਾ ਉਤਾਰਾ ਹੈ ਕਿਸੇ ਹੋਰਸ ਪੋਥੀ ਦਾ, ਇਹ ਅਸਲ ਨੁਸਖਾ ਕਰਤਾ ਜੀ ਦਾ ਨਹੀਂ ।

ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ ॥੧੫॥ ਤਾਕਾ ਅੰਤੁ ਨ ਜਾਣੈ ਕੋਈ ॥ ਪੂਰੇ ਗੁਰ ਤੇ ਸੋਝੀ ਹੋਈ ॥ ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ ॥ ੧੬ ॥ ੩ ॥ ੧੫ ॥

ਤਬ ਬ੍ਰਹਮਦਾਸੁ ਪੰਡਤੁ ਆਇ ਪੈਰੀ ਪਇਆ, ਗਲ ਤੇ ਪਥਰੁ ਸੁਟਿ ਪਾਇਆ, ਨਾਉ ਧਰੀਕੁ ਹੋਆ। ਸੇਵਾ ਲਾਗਾ ਕਰਣਿ, ਪਰੁ ਮਨ ਤੇ ਬਾਸਨਾ ਜਾਵਸੁ ਨਾਹੀ। ਜੋ ਸੇਵਾ ਕਰੇ, ਸੋ ਸਾਸੁ ਭਰਿ ਸਹਿਜਿ ਸੁਭਾਇ ਕਰੈ; ਮਨ ਉਤੈ ਆਣੈ, ਜੋ 'ਮੈਂ ਅਗੈ ਭੀ ਏ ਸੇਵਾ ਕਰਦਾ ਥਾ'। ਤਬ ਹਉਮੈ ਕਾ ਸਦਕਾ ਥਾਇ ਪਵੈ ਨਾਹੀ। ਤਦਹੁੰ ਗੁਰੂ ਬਾਬੈ ਏਕ ਦਿਨਿ ਆਖਿਆ, ਜੋ 'ਜਾਹਿ ਗੁਰੂ ਕਰੁ'। ਤਬ ਪੰਡਿਤ ਆਖਿਆ ਜੀ 'ਕਉਣੁ ਗੁਰੂ ਕਰਾਂ ?' ਤਦਹੁੰ ਗੁਰੂ ਬਾਬੈ ਆਖਿਆ ਜੋ 'ਜਾਹਿ ਉਦਿਆਨ ਵਿਚਿ ਇਕੁ ਕੋਠਾ ਹੈ, ਤਿਥੈ ਚਾਰਿ ਫਕੀਰ ਬੈਠੇ ਹੈਨਿ, ਓਹ ਤੈਨੂੰ ਦਸਨਗੇ'। ਤਬ ਓਥਹੁੰ ਬ੍ਰਹਮਦਾਸੁ ਚਲਿਆ, ਜਾਇ ਪੈਰੀ ਪਉਣਾ ਕਹਿਆ। ਤਬ ਇਕ ਘੜੀ ਸਸਤਾਇਕੈ ਓਨਾਂ ਸਿਖਾਂ ਕਹਿਆ, 'ਓਸ ਮੰਦਰ* ਵਿਚਿ ਤੇਰਾ ਗੁਰੂ ਹੈ'। ਤਬ ਪੰਡਤੁ ਆਇਆ ਆਇ ਤਸਲੀਮ ਕੀਤੀਅਸੁ। ਤਬ ਅਗੈ ਸੂਹੇ ਬਸਤ੍ਰ ਪੈਧੇ ਇਸਤ੍ਰੀ ਖੜੀ ਥੀ। ਤਬ ਲੈਕਰਿ ਪੈਜਾਰ ਬੁਰੈ ਹਾਲਿ ਮਾਰਿਆ। ਤਬ ਰੋਂਦਾ ਰੋਂਦਾ ਆਇਆ। ਤਬ ਓਨਾਂ ਸਿਖਾਂ ਪੁਛਿਆ, ਜੋ 'ਗੁਰੂ ਮਿਲਿਓ ?' ਤਬ ਓਸ ਆਪਣੀ ਹਕੀਕਤ ਆਖਿ ਸੁਣਾਈ। ਤਬ ਓਨੀ ਸਿਖੀਂ ਆਖਿਆ, 'ਭਾਈ ਜੀ ! ਉਹੁ ਮਾਇਆ ਸੀ, ਜਿਸ ਦੀ ਤੂ ਬਾਸਨਾ ਕਰਦਾ ਥਾ, ਓਹੀ ਤੇਰਾ ਗੁਰੂ ਥੀ'। ਤਬ ਆਇ ਗੁਰੂ ਬਾਬੇ ਦੀ ਪੈਰੀ ਪਇਆ। ਦੋਵੈਂ ਊਟ ਪੁਰਾਣਾਂ ਦੇ ਸੁਟਿ ਪਾਏ। ਗੁਰੂ ਗੁਰੂ ਲਗਾ ਜਪਣਿ, ਸੰਗਤੀ ਦੀ ਚਰਣ ਰੇਣਿ ਹੋਆ। ਬੋਲਹੁ ਵਾਹਿਗੁਰੂ†।

ਤਤੁ ਬਾਣੀ ਹਸੂ ਲੁਹਾਰ ਅਤੇ ਸੀਹੈ ਛੀਂਬੇ ਲਿਖੀ ਤਬ ਬਾਬੇ ਸਲੋਕੁ ਆਖਿਆ:—

ਸਲੋਕ ਮਃ ੧ ॥

ਸਹੰਸਰ ਦਾਨ ਦੇ ਇੰਦ੍ਰ ਰੋਆਇਆ ॥ ਪਰਸਰਾਮੁ ਰੋਵੈ ਘਰਿ ਆਇਆ ॥ ਅਜੈ ਸੁ ਰੋਵੈ ਭੀਖਿਆ ਖਾਇ॥ ਐਸੀ ਦਰਗਹ ਮਿਲੈ ਸਜਾਇ ॥ ਰੋਵੈ ਰਾਮੁ ਨਿਕਾਲਾ ਭਇਆ ॥ ਸੀਤਾ ਲਖਮਣੁ ਵਿਛੁੜਿ ਗਇਆ ॥ ਰੋਵੈ ਦਹਸਿਰੁ ਲੰਕ ਗਵਾਇ ॥ ਜਿਨਿ ਸੀਤਾ ਆਦੀ ਡਉਰੂ ਵਾਇ ॥ ਰੋਵਹਿ ਪਾਂਡਵ ਭਏ ਮਜੂਰ ॥ ਜਿਨਕੈ ਸੁਆਮੀ ਰਹਤ ਹਦੂਰਿ ॥ ਰੋਵੈ ਜਨਮੇਜਾ ਖੁਇ ਗਇਆ॥

---

*ਗ਼ਾਲਬਨ ਇਹ ਇਸ਼ਾਰਾ ਕਰੇਵੇ ਉਪਰ ਮਾਰਤੰਡ ਦੇ ਢੱਠੇ ਪਏ ਮੰਦਰ ਵੱਲ ਹੈ, ਜਿਥੇ ਬ੍ਰਹਮਾਦਾਸ ਨੂੰ ਮਾਯਾ ਨੇ ਇਸਤ੍ਰੀ ਦੇ ਰੂਪ ਦਰਸ਼ਨ ਦੇਕੇ ਤਾੜਨਾ ਕੀਤੀ। ਇਸ ਮੰਦਰ ਦੀ ਇਕ ਮਹਿਰਾਬ ਅਜੇ ਖੜੀ ਹੈ, ਬਾਕੀ ਪੱਥਰ ਡਿਗ ਪਏ ਹਨ ਜਦ ਦੇ ਕਿ ਬੁਤਸ਼ਿਕਨ ਨੇ ਢਾਹੇ ਹਨ।

†ਹਾ: ਵਾ: ਨੁਸਖੇ ਵਿਚ 'ਬੋਲਹੁ ਵਾਹਿਗੁਰੂ' ਪਾਠ ਨਹੀਂ ਹੈ।

ਏਕੀ ਕਾਰਣਿ ਪਾਪੀ ਭਇਆ॥ ਰੋਵਹਿ ਸੇਖ ਮਸਾਇਕ ਪੀਰ॥ਅੰਤਿ ਕਾਲਿ ਮਤੁ ਲਾਗੈ ਭੀੜ ॥ ਰੋਵਹਿ ਰਾਜੇ ਕੰਨ ਪੜਾਇ ॥ ਘਰਿ ਘਰਿ ਮਾਗਹਿ ਭੀਖਿਆ ਜਾਇ ॥ ਰੋਵਹਿ ਕਿਰਪਨ ਸੰਚਹਿ ਧਨੁ ਜਾਇ॥ ਪੰਡਿਤ ਰੋਵਹਿ ਗਿਆਨੁ ਗਵਾਇ॥ ਬਾਲੀ ਰੋਵੈ ਨਾਹਿ ਭਤਾਰੁ ॥ ਨਾਨਕ ਦੁਖੀਆ ਸਭੁ ਸੰਸਾਰੁ॥ਮੰਨੇ ਨਾਉ ਸੋਈ ਜਿਣਿ ਜਾਇ॥ਅਉਰੀ ਕਰਮ ਨ ਲੇਖੈ ਲਾਇ ॥੧॥

ਤਬ ਬਾਬੇ ਦੀ ਖੁਸੀ ਹੋਈ। ਓਥਹੁ ਰਵਦੇ ਰਹੇ।

## ੫੦. ਸੁਮੇਰ ਤੇ ਅਚਲ ਪਰ ਸਿੱਧਾਂ ਨਾਲ ਗੋਸ਼ਟ.

ਸਵਾਲਾਖੁ ਪਰਬਤੁ ਲੰਘਿ ਅਗੈ ਸੁਮੇਰਿ ਜਾਇ ਚੜਿਆ, ਜਹਾਂ ਮਹਾਂਦੇਵ ਕਾ ਅਸਥਾਨੁ ਥਾ*। ਤਬ ਅਗੈ ਮਹਾਦੇਉ†, ਅਤੇ ਗੋਰਖ ਨਾਥ, ਅਤੈ ਭਰਥਰੀ, ਅਤੈ ਗੋਪੀ ਚੰਦੁ ਅਤੈ ਚਰਪਟੁ ਬੈਠੇ ਥੇ। ਤਬ ਬਾਬੈ ਜਾਇ 'ਆਦੇਸੁ! ਆਦੇਸੁ!' ਕੀਤਾ। ਬਾਬਾ ਬੈਠਿ ਗਇਆ। ਤਦਹੁ ਸਿਧਾਂ ਡਿਬੀ ਦਿਤੀ,ਤਾਂ ਆਖਿਓਨੈ 'ਜਾਹਿ ਜੀ ਭਰਿ ਲੇਆਉ‡ ਕਲਜੁਗੁ ਕੇ ਬਾਲਕੇ'।ਤਦਹੁੰ ਬਾਬਾ ਡਿਬੀ ਭਰਣਿ‡ ਗਇਆ। ਜਾ ਪਾਣੀ‡ ਵਿਚਿ ਪਾਏ, ਤਾਂ ਹੀਰੇ ਮੋਤੀ ਵਿਚਿ ਲਗੇ ਪਵਣਿ। ਤਬ ਗੁਰੂ ਬਾਬੈ ਡਿਬੀ ਧਰਤੀ ਨਾਲਿ ਮਾਰੀ, ਤਬ ਠੀਕਰੀਆਂ ਹੋਇ ਗਈਆਂ। ਤਦਹੁੰ ਬਾਬੈ ਠੀਕਰੀ ਜੋੜੀਆਂ, ਜੋੜਿ ਕੇ ਸਲੋਕ ਦਿਤਾ।

ਸਲੋਕ॥ਭੰਨੈ ਘੜੇ ਸਵਾਰੇ ਸੋਇ॥ਨਾਨਕ ਸਚਿ ਬਿਨੁ ਅਵਰ ਨ ਕੋਇ[A] ॥੧॥

ਤਬ ਮੰਤਰਾਂ ਕੀ ਕਲਾ ਦੂਰਿ ਹੋਈ। ਤਬ ਡਿਬੀ ਵਿਚਿ ਪਾਣੀ ਪਾਇਆ।

---

*ਮਾਰਤੰਡ ਤੋਂ ਅਗੇ ਸ਼ਿਵਜੀ ਦਾ ਮੰਦਰ 'ਅਮਰਨਾਥ ਹੈ', ਪਰੰਤੂ ਏਹ ਬਹੁਤ ਦੂਰ ਨਹੀਂ ਹੈ। ਸਵਾਲਾਖ ਪਰਬਤ ਤੋਂ ਜਾਪਦਾ ਹੈ ਕਿ ਇਹ ਇਸ਼ਾਰਾ ਕੈਲਾਸ਼ ਵਲ ਹੈ, ਕਿਉਂਕਿ ਇਸ ਦੇ ਨੇੜੇ ਹੀ ਪਰਬਤ ਹਨ, ਜਿਨ੍ਹਾਂ ਤੋਂ ਸੋਨਾ ਲੱਭਦਾ ਹੈ, ਸੁਮੇਰ ਦਾ ਇਸ਼ਾਰਾ ਉਨ੍ਹਾਂ ਪਹਾੜਾਂ ਵੱਲ ਜਾਪਦਾ ਹੈ। ਮਾਨ ਸਰੋਵਰ ਬੀ ਏਥੇ ਕੈਲਾਸ਼ ਪਾਸ ਹੈ, ਇਹ ਬੋਧੀਆਂ ਤੇ ਹਿੰਦੂਆ ਦਾ ਬੜਾ ਭਾਰੀ ਤੀਰਥ ਹੈ, ਜੋਗੀ ਯਾ ਸਿੱਧ ਏਥੇ ਯਾਤਰਾ ਕਰਨ ਆਏ ਕਿਸੇ ਪਰਬ ਪਰ ਸਤਿਗੁਰੂ ਨੂੰ ਮਿਲੇ ਜਾਪਦੇ ਹਨ। ਕੈਲਾਸ਼ ਸ਼ਿਵਾਂ ਦਾ ਸਥਾਨ ਕਹਿਲਾਉਂਦਾ ਹੈ।

†ਮਹਾਂਦੇਉ ਕਿਸੇ ਜੋਗੀ ਦਾ ਨਾਮ ਹੈ, ਸ਼ਿਵ ਤੋਂ ਮੁਰਾਦ ਨਹੀਂ। ਅਗੇ ਚੱਲ ਕੇ ਜਦ ਮਹਾਂ ਦੇਉ ਬੋਲਦਾ ਹੈ ਤਾਂ ਆਪਣਾ ਨਾਮ 'ਈਸ਼ਰ' ਬੋਲਦਾ ਹੈ, ਈਸ਼ਰ ਪਦ* 'ਮਹਾਂਦੇਉ' ਵਾਸਤੇ ਬੀ ਵਰਤਦੇ ਸਨ।

‡ਗ਼ਾਲਬਨ ਮੁਰਾਦ ਮਾਨਸਰੋਵਰ ਤੋਂ ਭਰ ਕੇ ਲੈ ਆਉਣ ਦੀ ਹੈ।

[A]ਇਹ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਹੈ, ਸੋ ਗੁਰਬਾਣੀ ਨਹੀਂ ਹੈ।

ਤਬ ਪਾਣੀ ਪਾਇਆ*। ਤਬ ਸਿੱਧਾਂ ਪਾਸਿ ਭਰਿ ਲੈ ਆਇਆ।ਤਬ ਸਭਨਾਂ ਸਿੱਧਾਂ ਪਾਣੀ ਪੀਤਾ, ਪਰੁ ਪਾਣੀ ਨਿਖੁਟੈ ਨਾਹੀ। ਤਬ ਮਹਾਦੇਉ ਪੁਛਿਆ, 'ਤੂੰ ਗਿਰਹੀ ਹੈਂ ਕਿ ਉਦਾਸੀ ਹੈਂ ?' ਤਦਹੁ ਬਾਬੈ ਆਖਿਆ, ਜੋ 'ਉਦਾਸੀ ਕੇ ਲਛਣੁ ਕਉਣ ਹੈਨਿ ? ਅਰੁ ਗਿਰਹੀ ਕੇ ਲਛਣ ਕਉਣ ਹੈਨਿ ?' ਤਬ ਮਹਾਂਦੇਉ ਬੋਲਿਆ :–

ਸਲੋਕੁ ॥ ਸੋ ਗਿਰਹੀ ਜੋ ਨਿਗ੍ਰਹੁ ਕਰੈ ॥ ਜਪੁ ਤਪੁ ਸੰਜਮੁ ਭੀਖਿਆ ਕਰੈ॥ ਪੁੰਨ ਦਾਨ ਕਾ ਕਰੇ ਸਰੀਰੁ ॥ ਸੋ ਗਿਰਹੀ ਗੰਗਾ ਕਾ ਨੀਰੁ ॥ ਬੋਲੈ ਈਸਰੁ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ† ॥ ੨ ॥

ਤਬ ਗੁਰੂ ਜਬਾਬੁ ਦਿੱਤਾ :–

ਮਃ ੧ ॥ ਕਿਉ ਮਰੈ ਮੰਦਾ ਕਿਉ ਜੀਵੈ ਜੁਗਤਿ॥ਕੰਨ ਪੜਾਇ ਕਿਆ ਖਾਜੈ ਭੁਗਤਿ ॥ ਆਸਤਿ ਨਾਸਤਿ ਏਕੋ ਨਾਉ ॥ ਕਉਣੁ ਸੁ ਅਖਰੁ ਜਿਤੁ ਰਹੈ ਹਿਆਉ ॥ ਧੂਪ ਛਾਵ ਜੇ ਸਮਕਰਿ ਸਹੈ॥ ਤਾ ਨਾਨਕੁ ਆਖੈ ਗੁਰੁ ਕੋ ਕਹੈ॥ ਛਿਅ ਵਰਤਾਰੇ ਵਰਤਹਿ ਪੂਤ ॥ ਨਾ ਸੰਸਾਰੀ ਨਾ ਅਉਧੂਤ ॥ ਨਿਰੰਕਾਰਿ ਜੋ ਰਹੈ ਸਮਾਇ ॥ ਕਾਹੇ ਭੀਖਿਆ ਮੰਗਣਿ ਜਾਇ† ॥ ੭ ॥

ਤਬ ਫਿਰਿ ਗੋਪੀਚੰਦੁ ਬੋਲਿਆ, ਗੋਪੀਚੰਦੁ ਉਦਾਸੀ ਥਾ, ਉਦਾਸ ਕਾ ਗੁਣ ਲੈ ਬੋਲਿਆ :–

ਮਃ੧॥ਸੋ ਉਦਾਸੀ ਜਿ ਪਾਲੇ ਉਦਾਸੁ॥ਅਰਧ ਉਰਧ ਕਰੇ ਨਿਰੰਜਨ ਵਾਸੁ ॥ ਚੰਦ ਸੂਰਜ ਕੀ ਪਾਏ ਗੰਢਿ ॥ ਤਿਸੁ ਉਦਾਸੀ ਕਾ ਪੜੈ ਨ ਕੰਧੁ ॥ ਬੋਲੈ ਗੋਪੀਚੰਦੁ ਸਤਿ ਸਰੂਪੁ ॥ ਪਰਮਤੰਤ ਮਹਿ ਰੇਖ ਨ ਰੂਪੁ† ॥ ੪ ॥

ਤਬ ਬਾਬੈ ਜਬਾਬੁ ਦਿਤਾ :– [ਦੇਖੋ ਅੰਤਕਾ ੪ ਅੰਕ ੧]

ਤਬ ਗੋਰਖਨਾਥੁ ਬੋਲਿਆ, ਗੋਰਖੁਨਾਥ ਅਉਧੂ ਥਾ, ਅਉਧੂਤਾਂ ਕਾ ਲਛਣ ਲੈ ਬੋਲਿਆ :–

ਸਲੋਕ॥ਸੋ ਅਉਧੂਤੀ ਜੋ ਧੂਪੈ ਆਪੁ॥ਭਿਖਿਆ ਭੋਜਨੁ ਕਰੈ ਸੰਤਾਪੁ॥ਅਉਹਠ ਪਟਣ ਮਹਿ ਭੀਖਿਆ ਕਰੈ ॥ ਸੋ ਅਉਧੂਤੀ ਸਿਵ ਪੁਰਿ ਚੜੈ॥ ਬੋਲੈ ਗੋਰਖੁ ਸਤਿ ਸਰੂਪ ॥ ਪਰਮ ਤੰਤ ਮਹਿ ਰੇਖ ਨ ਰੂਪ ॥ ੩ ॥

ਤਬ ਗੁਰੂ ਜਬਾਬੁ ਦਿੱਤਾ :– [ਦੇਖੋ ਅੰਤਕਾਂ ੪ ਅੰਕ ੨]

ਤਬ ਫਿਰਿ ਚਰਪਟੁ ਬੋਲਿਆ। ਚਰਪਟੁ ਜੋਗੀ ਥਾ,ਜੋਗ ਕਾ ਗੁਣੁ ਲੈ ਬੋਲਿਆ:–

ਸਲੋਕ ॥ ਸੋ ਪਾਖੰਡੀ‡ਜਿ ਕਾਇਆ ਪਖਾਲੇ॥ਕਾਇਆ ਕੀ ਅਗਨਿ ਬ੍ਰਹਮੁ

---

*ਇਹ ਪਾਠ ਹਾ: ਵਾ: ਨੁ: ਵਿਚ ਦੁਬਾਰਾ ਨਹੀਂ ਹੈ।

†ਇਨ੍ਹਾਂ ਸਲੋਕਾਂ ਦੇ ਉਤਰ ਪ੍ਰਸ਼ਨ ਵਿਚੇ ਹੀ ਹਨ, ਪਰ ਸਾਖੀ ਦੇ ਕਰਤਾ ਨੇ ਇਨ੍ਹਾਂ ਦੇ ਉਤਰ ਰਤਨਮਾਨ ਆਦਿ ਤੋਂ ਬੀ ਲਏ ਹਨ। ਦੇਖੋ ਅੰਤਕਾ ੪।

‡ਪਾਖੰਡੀ-ਜੋਗੀਆਂ ਦਾ ਇਕ ਮਤ, ਅਥਵਾ ਜੈਨੀ ਬੋਧੀ ਆਦਿਕ।

ਪਰ ਜਾਲੇ ॥ ਸੁਪਨੈ ਬਿੰਦੁ ਨ ਦੇਈ ਝਰਣਾ ॥ ਤਿਸੁ ਪਾਖੰਡੀ ਜਰਾ ਨ ਮਰਣਾ ॥ ਬੋਲੈ ਚਰਪਟੁ ਸਤਿ ਸਰੂਪੁ ॥ ਪਰਮਤੰਤ ਮਹਿ ਰੇਖ ਨ ਰੂਪੁ ॥ ੫ ॥

ਤਬ ਗੁਰੂ ਬੋਲਿਆ:– [ਦੇਖੋ ਅੰਤਕਾ ੪ ਅੰਕ ੩]

ਤਬ ਫਿਰਿ ਭਰਥਰੀ ਬੋਲਿਆ। ਭਰਥਰੀ ਬੈਰਾਗੀ ਥਾ ਬੈਰਾਗ ਕਾ ਗੁਣੁ ਲੈ ਬੋਲਿਆ:–

ਸਲੋਕੁ ॥ ਸੋ ਬੈਰਾਗੀ ਜਿ ਉਲਟੇ ਬ੍ਰਹਮੁ ॥ ਗਗਨ ਮੰਡਲ ਮਹਿ ਰੋਪੈ ਥੰਮੁ॥ ਅਹਿਨਿਸਿ ਅੰਤਰਿ ਰਹੈ ਧਿਆਨਿ ॥ ਤੇ ਬੈਰਾਗੀ ਸਤ ਸਮਾਨਿ ॥ ਬੋਲੈ ਭਰਥਰਿ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥ ੬ ॥

ਤਬ ਗੁਰੂ ਬਾਬੈ ਜਬਾਬ ਦਿਤਾ:– [ਦੇਖੋ ਅੰਤਕਾ ੪ ਅੰਕ ੪]

ਤਬ ਭਰਥਰੀ ਆਖਿਆ, 'ਨਾਨਕ ! ਤੂੰ ਜੋਗੀ ਹੋਹੁ, ਜੋ ਜੁਗੁ ਜੁਗੁ ਜੀਵਦਾ ਰਹੈ'। ਤਬ ਬਾਬੈ ਆਖਿਆ, 'ਜੋਗ ਕਾ ਕਵਣੁ ਰੂਪ ਹੈ ?' ਤਬ ਭਰਥਰੀ ਬੋਲਿਆ ਜੋਗ ਕਾ ਰੂਪ:–

ਮੁੰਦ੍ਰਾ ਖਿੰਥਾ ਝੋਲੀ ਡੰਡਾ ॥ ਸਿੰਙੀ ਨਾਦ ਵਜੈ ਬ੍ਰਹਮੰਡਾ ॥

ਤਬ ਬਾਬਾ ਬੋਲਿਆ ਸਬਦੁ ਰਾਗੁ ਆਸਾ ਵਿਚ:–

ਆਸਾ ਮਹਲਾ ੧ ॥*

ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ ॥ ਜੋ ਕਿਛੁ ਕਰੈ ਭਲਾ ਕਰਿ ਮਾਨਉ ਸਹਜ ਜੋਗ ਨਿਧਿ ਪਾਵਉ ॥੧॥ ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮਤੰਤ ਮਹਿਜੋਗੀ॥ਅੰਮ੍ਰਿਤੁ ਨਾਮੁ ਨਿਰੰਜਨ ਪਾਇਆ

---

*ਭਾਈ ਗੁਰਦਾਸ ਜੀ ਨੇ ਇਸ ਮੁਬਾਹਸੇ ਦਾ ਹਾਲ ਇਵ ਦਿਤਾ ਹੈ:–
ਬਾਬੇ ਡਿਠੀ ਪਿਰਥਮੀ ਨਵੈ ਖੰਡ ਜਿਥੈ ਤਕ ਆਹੀ॥ ਫਿਰ ਜਾ ਚੜ੍ਹਿਆ ਸੁਮੇਰ ਪਰ ਸਿਧ ਮੰਡਲੀ ਦ੍ਰਿਸ਼ਟੀ ਆਈ। ਚੌਰਾਸੀਹ ਸਿਧਿ ਗੋਰਖਾਦਿ ਮਨ ਅੰਦਰ ਗਿਣਤੀ ਵਰਤਾਈ। ਸਿਧ ਪੁਛਣ ਸੁਣ ਬਾਲਿਆ ਕੌਣ ਸ਼ਕਤਿ ਤੁਹਿ ਏਥੇ ਲਿਆਈ।ਹਉਂ ਜਪਿਆ ਪਰਮੇਸਰੋ ਭਾਉ ਭਗਤਿ ਸੰਗ ਤਾੜੀ ਲਾਈ। ਆਖਣ ਸਿਧ ਸੁਣ ਬਾਲਿਆ ਅਪਣਾ ਨਾਉ ਤੁਮ ਦੇਹ ਬਤਾਈ। ਬਾਬਾ ਆਖੇ ਨਾਥ ਜੀ ਨਾਨਕ ਨਾਮ ਜਪੇ ਗਤ ਪਾਈ।ਨੀਚ ਕਹਾਇ ਊਚ ਘਰਆਈ॥੨੮॥ਫਿਰਪੁਛਣ ਸਿਧ ਨਾਨਕਾ ਮਾਤਲੋਕ ਵਿਚ ਕਜਾ ਵਰਤਾਰਾ। ਸਭ ਸਿੱਧੀਂ ਏਹ ਬੁੱਝਿਆ ਕਲਿ ਤਾਰਣ ਨਾਨਕ ਅਵਤਾਰਾ। ਬਾਬੇ ਕਹਿਆ ਨਾਥ ਜੀ ਸੱਚ ਚੰਦ੍ਰਮਾ ਕੂੜ ਅੰਧਾਰਾ। ਕੂੜ ਅਮਾਵਸ ਵਰਤਿਆ ਹਉਂ ਭਾਲਣ ਚੜ੍ਹਿਆ ਸੰਸਾਰਾ। ਪਾਪ ਗਿਰਾਸੀ ਪਿਰਥਮੀ ਧੌਲ ਖੜਾ ਧਰ ਹੇਠ ਪੁਕਾਰਾ। ਸਿਧ ਛਪ ਬੈਠੇ ਪਰਬਤੀਂ ਕੌਣ ਜਗਤ ਕਉ ਪਾਰ ਉਤਾਰਾ। ਜੋਗੀ ਗਜ਼ਾਨ ਵਿਹੂਣਿਆ ਨਿਸਦਿਨ ਅੰਗ

[ਬਾਕੀ ਟੂਕ ਦੇਖੋ ਪੰਨਾ ੧੧੨ ਦੇ ਹੇਠ]

ਗਿਆਨ ਕਾਇਆ ਰਸ ਭੋਗੀ ॥੧॥ਰਹਾਉ ॥ ਸਿਵ ਨਗਰੀ ਮਹਿ ਆਸਣਿ ਬੈਸਉ ਕਲਪ ਤਿਆਗੀ ਬਾਦੰ॥ ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸਿ ਪੂਰੈ ਨਾਦੰ ॥੨॥ ਪਤੁ ਵੀਚਾਰ ਗਿਆਨ ਮਤਿ ਡੰਡਾ ਵਰਤਮਾਨ ਬਿਭੂਤੰ। ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖਿ ਪੰਥੁ ਅਤੀਤੰ ॥ ੩ ॥ ਸਗਲੀ ਜੋਤਿ ਹਮਾਰੀ ਸੰਮਿਆ ਨਾਨਾ ਵਰਨ ਅਨੇਕੰ ॥ ਕਹੁ ਨਾਨਕ ਸੁਣਿ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕੰ ॥੪॥੩॥੩੭॥

ਤਦਹੁੰ ਸਿਧ ਬੋਲੇ 'ਨਾਨਕ ! ਤੂ ਅਚਲ* ਚਲੁ, ਮੇਲਾ ਹੈ, ਦਰਸਨੁ ਸਿਧਾਂ ਕਾ ਮੇਲਾ† ਹੈ'। ਤਬ ਬਾਬੈ ਆਖਿਆ 'ਅਚਲੁ ਕਿਤਨਿਆਂ ਦਿਨਾਂ ਕੀ ਵਾਟ ਹੈ ?' ਤਬ ਸਿਧ ਬੋਲੇ 'ਨਾਨਕ ! ਅਚਲੁ ਤਿਹੁੰ ਦਿਨਾ ਕਾ ਪੈਂਡਾ ਹੈ, ਅਸਾਡਾ ਹੈ ਜੋ ਪਉਣ ਕੀ ਚਾਲਿ ਚਲਦੇ ਹਾਂ'। ਤਬ ਬਾਬੈ ਆਖਿਆ 'ਤੁਸੀਂ ਚਲਹੁ, ਅਸੀ ਧੀਰੇ ਭਾਇ ਆਵਹਿੰਗੇ'। ਤਬ ਸਿਧ ਓਥਹੁੰ ਚਲੇ। ਤਬ ਪਿਛਹੁੰ ਬਾਬਾ ਭੀ ਚਲਿਆ ਮਨਸਾ ਕੀ ਚਾਲ, ਇਕ ਪਲ ਮਹਿੰ ਗਇਆ। ਆਇ ਬੜ ਤਲੈ ਬੈਠਾ। ਪਿਛਹੁੰ ਸਿਧ ਆਏ। ਜਾਂ ਦੇਖਨਿ ਤਾਂ ਅਗੇ ਬੈਠਾ ਹੈ ! ਤਬ ਸਿਧਾਂ ਪੁਛਿਆ 'ਏਹੁ ਕੰਦਿ ਕਾ ਆਇਆ ਹੈ ?' ਤਬ ਅਗਹੁੰ ਸਿਧਾਂ ਕਹਿਆ 'ਜੋ ਇਸ ਨੋਂ ਆਇਆਂ ਆਜੁ

---

*ਇਹ ਵਟਾਲੇ ਤੋਂ ਤ੍ਰੈਹ ਕੁ ਮੀਲ ਪਰੇ ਜੋਗੀਆਂ ਦਾ ਪੁਰਾਣਾ ਟਿਕਾਣਾ ਸੀ ਤੇ ਹੁਣ ਬੀ ਹੈ। ਗੁਰੂ ਜੀ ਦੇ ਬੈਠਣ ਦੀ ਥਾਵੇਂ ਗੁਰਦੁਆਰਾ ਭੀ ਹੈ।

†ਦੂਜੀ ਵੇਰੀ ਪਾਠ 'ਮੇਲਾ' ਹਾ: ਵਾ: ਨੁਸਖੇ ਵਿਚ ਨਹੀਂ ਹੈ।

[ਸਫ਼ਾ ੧੧੧ ਦੀ ਬਾਕੀ ਟੂਕ]

ਲਗਾਇਨ ਛਾਰਾ। ਬਾਝ ਗੁਰੂ ਡੁੱਬਾ ਜਗ ਸਾਰਾ ॥ ੨੯ ॥ ਕਲ ਆਈ ਕੁਤੇ ਮੁਹੀ ਖਾਜ ਹੋਆ ਮੁਰਦਾਰ ਗੁਸਾਈ ॥ ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ। ਪਰਜਾ ਅੰਧੀ ਗਜਾਨ ਬਿਨ ਕੂੜ ਕੁਸੱਤ ਮੁਖਹੁ ਆਲਾਈ। ਚੇਲੇ ਸਾਜ ਵਜਾਇੰਦੇ ਨੱਚਣ ਗੁਰੂ ਬਹੁਤ ਬਿਧਿ ਭਾਈ। ਸੇਵਕ ਬੈਠਣ ਘਰਾਂ ਵਿਚ ਗੁਰ ਉਠ ਘਰੀਂ ਤਿਨਾੜੇ ਜਾਈ। ਕਾਜ਼ੀ ਹੋਏ ਰਿਸ਼ਵਤੀ ਵੱਢੀ ਲੈ ਕੇ ਹੱਕ ਗਵਾਈ। ਇਸਤ੍ਰੀ ਪੁਰਖੈ ਦਾਮ ਹਿਤ ਭਾਵੇਂ ਆਇ ਕਿਥਾਊਂ ਜਾਈ। ਵਰਤਿਆ ਪਾਪ ਸਭਸ ਜਗ ਮਾਂਹੀ ॥੩੦॥ ਸਿੱਧੀਂ ਮਨੇ ਬਿਚਾਰਿਆ ਕਿਵੇਂ ਦਰਸ਼ਨ ਏਹ ਲੇਵੈ ਬਾਲਾ। ਐਸਾ ਜੋਗੀ ਕਲੀ ਮਹਿੰ ਹਮਰੇ ਪੰਥ ਕਰੇ ਉਜਿਆਲਾ। ਖੱਪਰ ਦਿਤਾ ਨਾਥ ਜੀ ਪਾਣੀ ਭਰ ਲੈਵਣ ਉਠ ਚਾਲਾ। ਬਾਬਾ ਆਯਾ ਪਾਣੀਐ ਡਿਠੇ ਰਤਨ ਜਵਾਹਰ ਲਾਲਾ। ਸਤਿਗੁਰ ਅਗਮ ਅਗਾਧ ਪੁਰਖ ਕੇਹੜਾ ਝੱਲੇ ਗੁਰ ਦੀ ਝਾਲਾ। ਫਿਰ ਆਯਾ ਗੁਰਨਾਥ ਜੀ ਪਾਣੀ ਠਉੜ ਨਹੀਂ ਉਸ ਤਾਲਾ। ਸ਼ਬਦ ਜਿਤੀ ਸਿਧ ਮੰਡਲੀ ਕੀਤੋਸੁ ਅਪਣਾ ਪੰਥਨਿਰਾਲਾ। ਕਲਿਜੁਗ ਨਾਨਕ ਨਾਮ ਸੁਖਾਲਾ ॥ ੩੧ ॥

ਤੀਸਰਾ ਦਿਨੁ ਹੋਆ ਹੈ'। ਤਬ ਸਿਧ ਹੈਰਾਨੁ ਹੋਇ ਗਏ।

ਤਦਹੁੰ ਪਿਆਲੇ ਕਾ ਵਖਤੁ ਹੋਯਾ, ਸੁਰਾਹੀ ਫਿਰੀ। ਤਬ ਬਾਬੈ ਪਾਸਿ ਭੀ ਲੈ ਆਏ। ਤਬ ਬਾਬੈ ਪੁਛਿਆ 'ਏਹੁ ਕਿਆ ਹੈ ?' ਤਬ ਸਿਧਾਂ ਆਖਿਆ 'ਏਹੁ ਸਿਧਾਂ ਕਾ ਪਿਆਲਾ ਹੈ, ਤੂੰ ਪੀਉ'। ਤਬ ਬਾਬੈ ਆਖਿਆ, 'ਇਸ ਵਿਚਿ ਕਿਆ ਪਾਇਆ ਹੈ ?'। ਤਬ ਸਿੱਧਾਂ ਆਖਿਆ 'ਇਸ ਵਿਚਿ ਗੁੜ ਅਤੈ ਧਾਵੈ ਕੇ ਫੁਲ ਪਾਏ ਹੈਨਿ*'। ਤਬ ਬਾਬਾ ਬੋਲਿਆ, ਸਬਦ ਰਾਗੁ ਆਸਾ ਸਬਦੁ ਮ: ੧॥ :–

ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ॥ ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ॥੧॥ ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ॥ ਅਹਿਨਿਸਿ ਬਨੀ ਪ੍ਰੇਮ ਲਿਵਲਾਗੀ ਸਬਦੁ ਅਨਾਹਦ ਗਹਿਆ॥ ੧॥ ਰਹਾਉ॥ ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾਕਉ ਨਦਰਿ ਕਰੇ॥ ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ॥ ੨॥ ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ॥ ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ॥ ੩॥ ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮੁ ਨ ਹਾਰੈ॥ ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ ਅੰਮ੍ਰਿਤ ਧਾਰੈ॥ ੪॥ ੪॥ ੩੮॥

ਤਬ ਸਿਧਾਂ 'ਆਦੇਸੁ ! ਆਦਿਸੁ' ਕੀਤਾ। ਤਬ ਬਾਬਾ ਬੋਲਿਆ, 'ਆਦਿ ਪੁਰਖ ਕਉ ਆਦੇਸੁ†'। ਓਥਹੁੰ ਰਵਦਾ ਰਹਿਆ। ਬੋਲਹੁ ਵਾਹਿਗੁਰੂ।

---

# ਚਉਥੀ ਉਦਾਸੀ

## ੫੧. ਚਉਥੀ ਉਦਾਸੀ ਪੱਛਮ ਦੀ, ਮੱਕਾ.

ਚਉਥੀ ਉਦਾਸੀ ਪੱਛਮ ਕੀ ਹੋਈ।

ਪੈਰ ਖੰਉਸਾ ਚੰਮ ਕੀਆਂ, ਅਤੈ ਚੰਮ ਕੀ ਸੁਥਣਿ। ਗਲ ਵਿਚਿ ਹਡੀਆਂ ਕੀ

---

*ਗੁੜ ਧਾਵਿਆਂ ਤੋਂ ਸ਼ਰਾਬ ਬਣਦੀ ਹੈ। ਜੋਗੀ ਸ਼ਰਾਬ ਪੀਤਾ ਕਰਦੇ ਸਨ।

†ਸਿਧ ਗੋਸਟ ਨਾਮ ਦੀ ਬਾਣੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ, ਸਿਧਾਂ ਨਾਲ ਚਰਚਾ ਹੋਈ ਸੀ, ਓਹ ਪ੍ਰਸ਼ਨ ਉਤਰ ਗੁਰੂ ਨਾਨਕ ਜੀ ਦੀ ਆਪਣੀ ਰਚਨਾ ਹੈ। ਅਚਲ ਵਟਾਲੇ ਦੇ ਹਾਲਾਤ ਇਥੇ ਲਿਖੇ ਹਾਲਾਤ ਨਾਲੋਂ ਵਧੇਰੇ ਇਸ ਜਨਮ ਸਾਖੀ ਤੋਂ ਪੁਰਾਤਨ ਲਿਖਣਹਾਰੇ ਭਾਈ ਗੁਰਦਾਸ ਜੀ ਨੇ ਅਪਣੀਆਂ ਵਾਰਾਂ ਵਿਚ ਦਿਤੇ ਹਨ। ਦੇਖੋ ੧੧੫ ਪੰਨੇ ਦਾ ਫ਼ੁਟਨੋਟ ਨਿਸ਼ਾਨ†।

ਮਾਲਾ, ਮੱਥੇ ਟਿਕਾ ਬਿੰਦੀ ਕਾ, ਬਾਲਕਾਂ ਵਿਚ ਖੇਡੈ, ਤਬ ਨੀਲੇ ਬਸਤ੍ਰ ਥੇ, ਖੇਡਦਾ ਖੇਡਦਾ ਹਜ* ਵਿਚਿ ਆਇ ਨਿਕਲਿਆ, ਤਦਹੁ ਇਕੁ ਹਾਜੀ ਮਿਲਿਆ, ਰਾਤਿ ਇਕਠੇ ਰਹੈ। ਤਬ ਹਾਜੀ ਪੁਛਿਆ ਆਖਿਓਸੁ, 'ਏ ਦਰਵੇਸ਼! ਤੇਰੈ ਕਾਸਾ ਲਕੜੀ, ਚੰਮੜੀ, ਭੰਗੜੀ ਕੁਛ ਨਾਹੀ, ਤੂੰ ਹਿੰਦੂ ਹੈਂ ਕਿ ਮੁਸਲਮਾਨੁ ਹੈਂ ?' †ਤਬ ਬਾਬਾ ਬੋਲਿਆ, ਸਬਦੁ ਰਾਗੁ ਤਿਲੰਗ ਵਿਚਿ, ਮ: ੧ :–

ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ॥ ਮੈ ਦੇਵਾਨਾ ਭਇਆ ਅਤੀਤੁ ॥ ਕਰ ਕਾਸਾ ਦਰਸਨ ਕੀ ਭੂਖ ॥ ਮੈ ਦਰਿ ਮਾਗਉ ਨੀਤਾ ਨੀਤ ॥੧॥ ਤਉ ਦਰ-ਸਨ ਕੀ ਕਰਉ ਸਮਾਇ ॥ ਮੈ ਦਰਿ ਮਾਗਤੁ ਭੀਖਿਆ ਪਾਇ ॥ ੧ ॥ ਰਹਾਉ ॥ ਕੇਸਰਿ ਕੁਸਮ ਮਿਰਗ ਮੈ ਹਰਣਾ ਸਰਬ ਸਰੀਰੀ ਚੜ੍ਹਣਾ॥ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ ॥ ੨ ॥ ਘਿਅਪਟ ਭਾਂਡਾ ਕਹੈ ਨ ਕੋਇ ॥ ਐਸਾ ਭਗਤੁ ਵਰਨ ਮਹਿ ਹੋਇ ॥ ਤੇਰੈ ਨਾਮਿ ਨਿਵੇ ਰਹੇ ਲਿਵਲਾਇ ॥ ਨਾਨਕ ਤਿਨ ਦਰਿ ਭੀਖਿਆ ਪਾਇ ॥੩॥੧॥੨॥

ਤਬ ਫਿਰਿ ਹਾਜੀ ਕਹਿਆ 'ਜੀ! ਅਸੀਂ ਇਸ ਦੁਨੀਆ ਵਿਚਿ ਰਹੰਦੇ ਹਾਂ, ਅਸਾਡਾ ਕਿਆ ਹਵਾਲੁ ਹੋਵੈਗਾ ?' ਤਬ ਬਾਬਾ ਬੋਲਿਆ ਸਬਦੁ ਰਾਗ ਤਿਲੰਗ ਵਿਚਿ ਮ: ੧† :–

ਤਿਲੰਗ ਮਹਲਾ ੫ ਘਰੁ ੧ ॥

ੴ ਸਤਿਗੁਰ ਪ੍ਰਸਾਦਿ ॥

ਖਾਕ ਨੂਰ ਕਰਦੰ ਆਲਮ ਦੁਨੀਆਇ ॥ ਅਸਮਾਨ ਜਿਮੀ ਦਰਖਤ ਆਬ ਪੈਦਾਇਸਿ ਖੁਦਾਇ ॥੧॥ ਬੰਦੇ ਚਸਮ ਦੀਦੰ ਫਨਾਇ॥ ਦੁਨੀਆ ਮੁਰਦਾਰ ਖੁਰਦਨੀ ਗਾਫਲ ਹਵਾਇ॥ਰਹਾਉ॥ ਗੈਬਾਨ ਹੈਵਾਨ ਹਰਾਮ ਕੁਸਤਨੀ ਮੁਰ-ਦਾਰ ਬਖੋਰਾਇ ॥ ਦਿਲ ਕਬਜ ਕਬਜਾ ਕਾਦਰੋ ਦੋਜਕ ਸਜਾਇ॥੨॥ਵਲੀ ਨਿਆਮਤਿ ਬਿਰਾਦਰਾ ਦਰਬਾਰ ਮਿਲਕ ਖਾਨਾਇ ॥ ਜਬ ਅਜਰਾਈਲੁ ਬਸਤਨੀ ਤਬ ਚਿਕਾਰੇ ਬਿਦਾਇ ॥ ੩ ॥ ਹਵਾਲ ਮਾਲੂਮ ਕਰਦੰ ਪਾਕ ਅਲਾਹ ॥ ਬੁਗੋ ਨਾਨਕ ਅਰਦਾਸਿ ਪੇਸਿ ਦਰਵੇਸ ਬੰਦਾਹ ॥੪॥੧॥

ਤਬ ਓਥਹੁ ਚਲੇ। ਮੱਕੇ ਨੂੰ ਰਵਦੇ ਰਹੇ। ਰਾਹ ਵਿਚਿ ਆਏ, ਤਾ ਬਦਲੀ ਉਪਰਿ ਹੋਇ ਚਲੀ। ਤਬ ਹਾਜੀ ਡਿਠਾ, ਆਖਿਓਸੁ 'ਜੁ ਇਹਿ ਬਦਲੀ ਮੇਰੇ ਉਤੇ ਹੈ'। ਤਾਂ ਆਖਣਿ ਲਾਗਾ, ਜੋ 'ਹਿੰਦੂ ਤਾ ਮਕੇ ਨੂ ਕੋਈ ਨਾਹੀ ਗਇਆ, ਤੂੰ ਮੇਰੇ ਨਾਲਿ ਚਲੁ ਨਾਹੀ। ਅਗੈ ਹੋਹੁ, ਕਿ ਪਿਛੈ ਹੋਹੁ'। ਤਬ ਬਾਬੈ ਆਖਿਆ, 'ਭਲਾ

---

*ਹਜ ਤੋਂ ਮੁਰਾਦ ਹੱਜ ਨੂੰ ਜਾਣ ਵਾਲੇ ਕਾਫਲੇ ਤੋਂ ਹੈ।

†ਇਹ ਸ਼ਬਦ ਸ੍ਰੀ ਪੰਚਮ ਪਾਤਸ਼ਾਹ ਜੀ ਦਾ ਹੈ, ਜੋ ਪੋਥੀ ਵਿਚ ਮਹਲਾ ੧ ਲਿਖਿਆ ਹੈ, ਇਹ ਕਰਤਾ ਯਾ ਉਤਾਰੇ ਵਾਲੇ ਦੀ ਭੁੱਲ ਹੈ।

ਹੋਵੈ ਜੀ, ਤੁਸੀ ਅਗੈ ਚਲਹੁ'। ਤਬ ਉਹੁ ਆਗੈ ਹੋਇਆ। ਜਾ ਇਹੁ ਫਿਰਿ ਦੇਖੈ, ਤਾਂ ਨਾ ਬਾਬਾ ਹੈ, ਅਤੇ ਨਾ ਉਹੁ ਬਦਲੀ ਹੈ। ਤਬ ਹਾਜੀ ਲਗਾ ਹਥ ਫਾਟਣਿ। ਤਾਂ ਆਖਿਓਸੁ, ਜੋ 'ਖੁਦਾਇ ਕਾ ਦੀਦਾਰੁ ਹੋਆ ਆਹਾ, ਪਰੁ ਝਲਿ ਨ ਸਕਿਓ, ਛਲਿ ਗਇਆ'। ਤਬ ਬਾਬਾ ਮੱਕੇ ਵਿਚਿ ਜਾਇ ਵੜਿਆ ਹੋਆ*। ਤਬ ਅਗੈ ਕਿਤਾਬਾਂ ਵਿਚਿ ਲਿਖਿਆ ਆਹਾ, ਜੋ ਇਕਿ ਨਾਨਕ ਦਰਵੇਸੁ ਆਵੈਗਾ, ਤਾ ਮਕੇ ਦੇ ਖੂਹਾਂ ਵਿਚਿ ਪਾਣੀ ਪੈਦਾ ਹੋਵੈਗਾ। ਤਬ ਬਾਬਾ ਮਕੇ ਵਿਚਿ ਜਾਇ ਵੜਿਆ†

---

*ਪਦ 'ਹੋਆ' ਹਾ: ਬਾ: ਨੁਸਖੇ ਵਿਚ ਨਹੀਂ ਹੈ।

†ਭਾਈ ਗੁਰਦਾਸ ਜੀ ਤੀਸਰੀ, ਚੌਥੀ, ਪੰਜਵੀਂ ਤੇ ਛੇਵੀਂ ਪਾਤਸ਼ਾਹੀ ਦੇ ਸਮੇਂ ਪ੍ਰਸਿਧ ਗੁਰਸਿੱਖ, ਲਿਖਾਰੀ, ਕਵੀ ਤੇ ਮਹਾਨ ਗੁਰਮੁਖ ਹੋਏ ਹਨ । ਇਸ ਵੇਲੇ ਦੇ ਮੁਤਅੱਲਕ ਜੋ ਕੁਛ ਉਹ ਲਿਖ ਗਏ ਹਨ, ਸੋ ਇਸ ਪੋਥੀ ਤੋਂ ਮੁਹਰਲੀ ਵਾਕਫੀ ਹੈ। ਇਸ ਲਈ ਉਹਨਾਂ ਦਾ ਲੇਖ ਏਥੇ ਦੇਣਾ ਪਾਠਕਾਂ ਨੂੰ ਉਸ ਵੇਲੇ ਦੇ ਹਾਲਾਤ ਵਧੀਕ ਪੁਰਾਣੇ ਤੇ ਸੱਚੇ ਮਾਲੂਮ ਕਰਨ ਵਿਚ ਸਹਾਈ ਹੋਊ। ਇਸ ਸਾਖੀ ਵਾਲਾ ਲਿਖਦਾ ਹੈ ਕਿ ਸੁਮੇਰ ਤੋਂ ਗੁਰੂ ਜੀ ਮਨਸਾ ਕੀ ਚਾਲ ਅਚਲ ਵਟਾਲੇ ਆਏ ਪਰ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਸ਼ਿਵਰਾਤ ਦਾ ਮੇਲਾ ਸੁਣ ਕੇ ਗੁਰੂ ਜੀ ਅਚਲ਼ ਆਏ। ਫਿਰ ਅਚਲ਼ ਦਾ ਹਾਲ ਵਿਸਥਾਰ ਨਾਲ ਦੱਸਦੇ ਹਨ। ਇਸ ਤੋਂ ਪਤਾ ਲਗਦਾ ਹੈ ਕਿ ਸਿਧ ਗੋਸ਼ਟ ਇਥੇ ਹੀ ਹੋਈ, ਨਾਲੇ ਸਿਧ ਗੋਸ਼ਟ ਦੇ ਅਰਥ ਕਰਨ ਵਿਚ ਜੋ ਅਕਸਰ ਗਜਾਨੀ ਭੁੱਲ਼ ਕਰਦੇ ਆਏ ਹਨ ਕਿ 'ਸ੍ਰੀ ਗੁਰੂ ਜੀ ਬਹਿਸ ਕਰਨ ਜੋਗੀਆਂ ਨਾਲ ਗਏ ਸਨ' ਉਹ ਦਰੁਸਤ ਹੋ ਜਾਂਦੀ ਹੈ। ਭਾਈ ਗੁਰਦਾਸ ਜੀ ਦੱਸਦੇ ਹਨ ਕਿ 'ਗੋਸਟ ਕਰਨ ਗੁਰੂ ਜੀ ਸਿਧ ਮੰਡਲ਼ੀ ਵਿਚ ਨਹੀਂ ਗਏ, ਪਰ ਸਿਧ ਗੁਰੂ ਜੀ ਦੇ ਦੀਵਾਨ ਵਿਚ ਆਏ'। ਇਹੋ ਗੱਲ਼ ਸਿਧ ਗੋਸ਼ਟ ਤੋਂ ਸਾਬਤ ਹੁੰਦੀ ਹੈ, 'ਸਿਧ ਸਭਾ ਕਰਿ ਆਸਣਿ ਬੈਠੇ' ਕਿ ਸਿਧ ਸਭਾ ਵਿਚ ਆਸਣ ਕਰਕੇ (ਲਾਕੇ) ਬੈਠੇ, ਅਰਥਾਤ ਉਹ ਬਾਹਰੋਂ ਆਏ ਸਨ।

ਸਿਧ ਗੋਸਟ ਦੇ ਅਖੀਰ ਗੁਰੂ ਜੀ ਦਸਦੇ ਹਨ ਕਿ 'ਮਾਗਹਿ ਨਾਮੁ ਪਾਇ ਇਹ ਭਿਖਿਆ ਤੇਰੇ ਦਰਸਨ ਕਉ ਕੁਰਬਾਣੈ' ਅਰਥਾਤ ਸਾਧਿਕ ਸਿਧ ਚੇਲੇ ਬੀ ਤੇ ਸਿਧ ਬੀ, 'ਨਾਮੁ' ਮੰਗਲ ਦੀ ਖੈਰ ਮੰਗਦੇ ਹਨ। ਸੋ ਭਾਈ ਸਾਹਿਬ ਜੀ ਕਹਿੰਦੇ ਹਨ:-'ਸ਼ਬਦ ਸ਼ਾਂਤਿ ਸਿਧਾਂ ਵਿਚ ਆਈ'। ਭਾਵ ਇਹ ਕਿ ਹਠ ਯੋਗ ਛਡ ਕੇ ਸਿਧ ਗੁਰ ਨਾਨਕ ਜੀ ਦੇ ਆਦਰਸ਼ ਸਬਦ ਸਿਮਰਣ ਦੀ ਸ਼ਾਂਤੀ ਨੂੰ ਪ੍ਰਾਪਤ ਹੋਏ

ਭਾਈ ਗੁਰਦਾਸ ਜੀ ਤੋਂ ਹੀ ਪਤਾ ਲਗਦਾ ਹੈ ਕਿ ਵਟਾਲੇ ਤੋਂ ਉਠ ਕੇ ਗੁਰੂ ਜੀ ਮੁਲਤਾਨ ਗਏ ਹਨ।

ਜਨਮਸਾਖੀ ਤੋਂ ਇਹ ਪਤਾ ਨਹੀਂ ਲਗਦਾ ਕਿ ਕਿਤਨਾਕੁ ਗੁਰੂ ਨਾਨਕ

[ਬਾਕੀ ਟੂਕ ਦੇਖੋ ਸਫ਼ਾ ੧੧੬ ਦੇ ਹੇਠ]

ਜਾਇ ਕਰਿ ਸੋਇ ਰਹਿਆ। ਪੈਰਿ ਮੱਕੇ* ਦੀ ਤਰਫ ਕਰਿਕੈ ਸੁਤਾ। ਤਬ ਪੇਸ਼ੀ ਕੀ ਨਿਮਾਜ ਕਾ ਵਖਤੁ ਹੋਇਆ। ਤਬ ਕਾਜੀ ਰੁਕਨਦੀਨਿ ਨਿਮਾਜ ਕਰਣਿ ਆਇਆ। ਦੇਖੇ ਨਦਰਿ ਕਰਿਕੈ ਆਖਿਓਸੁ, 'ਏ ਬੰਦੇ ਖੁਦਾਇ ਕੇ! ਤੂ ਜੋ ਪੈਰ

*ਮੁਰਾਦ ਹੈ—ਕਾਬੇ ਤੋਂ, ਮੱਕੇ ਸ਼ਹਿਰ ਵਿਚ ਜੋ ਮੰਦਰ ਹੈ।

[ਸਫ਼ਾ ੧੧੫ ਦੀ ਬਾਕੀ ਟੂਕ]

ਦੇਵ ਜੀ ਦਾ 'ਵਾਹਿਗੁਰੂ ਪ੍ਰੇਮ ਦਾ ਸੋਹਿਲਾ' ਪ੍ਰਚਾਰ ਪਾ ਗਿਆ ਸੀ, ਅਤੇ ਕਰਤਾਰ ਪੁਰੇ ਵਿਚ ਕੈਸਾ ਅੰਮ੍ਰਿਤ ਦਾ ਪ੍ਰਵਾਹ ਚਲਦਾ ਸੀ। ਇਹ ਪਤਾ ਬੀ ਭਾਈ ਗੁਰਦਾਸ ਜੀ ਤੋਂ ਲਗਦਾ ਹੈ, ਇਸ ਲਈ ਅਸੀਂ ੩੨ ਵੀਂ ਪਉੜੀ ਤੋਂ ੪੫ ਪਉੜੀ ਤਕ ਏਥੇ ਦੇਂਦੇ ਹਾਂ:—

ਬਾਬਾ ਫਿਰ ਮੱਕੇ ਗਯਾ ਨੀਲ ਬਸਤ੍ਰ ਧਾਰੇ ਬਨਵਾਲੀ। ਆਸਾ ਹੱਥ ਕਿਤਾਬ ਕੱਛ ਕੂਜਾ ਬਾਂਗ ਮੁਸੱਲਾ ਧਾਰੀ। ਬੈਠਾ ਜਾਇ ਮਸੀਤ ਵਿਚ ਜਿਥੇ ਹਾਜੀ ਹੱਜ ਗੁਜਾਰੀ। ਜਾਂ ਬਾਬਾ ਸੁੱਤਾ ਰਾਤ ਨੂੰ ਵਲ ਮਹਿਰਾਬੇ ਪਾਇ ਪਸਾਰੀ। ਜੀਵਣ ਮਾਰੀ ਲੱਤ ਦੀ ਕੇੜ੍ਹਾ ਸੁੱਤਾ ਕੁਫ਼ਰ ਕੁਫਾਰੀ। ਲੱਤਾਂ ਵੱਲ ਖੁਦਾਇ ਦੇ ਕਿਉਂਕਰ ਪਇਆ ਹੋਇ ਬਜਗਾਰੀ। ਟੰਗੋਂ ਪਕੜ ਘਸੀਟਿਆ ਫਿਰਿਆ ਮੱਕਾ ਕਲਾ ਦਿਖਾਰੀ। ਹੋਇ ਹੈਰਾਨ ਕਰੇਨ ਜੁਹਾਰੀ॥੩੨॥ਪੁੱਛਣ ਗਲ ਈਮਾਨ ਦੀ ਕਾਜ਼ੀ ਮੁੱਲਾਂ ਕੱਠੇ ਹੋਈ। ਵਡਾ ਸਾਂਗ ਵਰਤਾਇਆ ਲਖ ਨ ਸੱਕੇ ਕੁਦਰਤਿ ਕੋਈ। ਪੁੱਛਣ ਫੋਲ ਕਿਤਾਬ ਨੂੰ ਵਡਾ ਹਿੰਦੂ ਕਿ ਮੁਸਲਮਾਨੋਈ। ਬਾਬਾ ਆਖੇ ਹਾਜੀਆਂ ਸ਼ੁਭ ਅਮਲਾਂ ਬਾਝੋਂ ਦੋਵੇਂ ਰੋਈ। ਹਿੰਦੂ ਮੁਸਲਮਾਨ ਦੋਈ ਦਰਗਹਿ ਅੰਦਰ ਲੈਨ ਨ ਢੋਈ। ਕੱਚਾ ਰੰਗ ਕੁਸੁੰਭ ਕਾ ਪਾਣੀ ਧੋਤੈ ਥਿਰ ਨ ਰਹੋਈ। ਕਰਨ ਬਖੀਲੀ ਆਪ ਵਿਚ ਰਾਮ ਰਹੀਮ ਕਥਾਇ ਖਲੋਈ। ਰਾਹ ਸ਼ੈਤਾਨੀ ਦੁਨੀਆ ਗੋਈ॥ ੩੩॥ ਧਰੀ ਨਿਸ਼ਾਨੀ ਕੌਸ ਦੀ ਮੱਕੇ ਅੰਦਰ ਪੂਜ ਕਰਾਈ॥ ਜਿੱਥੇ ਜਾਇ ਜਗੱਤ ਵਿਚ ਬਾਬੇ ਬਾਝ ਨ ਖਾਲੀ ਜਾਈ। ਘਰ ਘਰ ਬਾਬਾ ਪੂਜੀਏ ਹਿੰਦੂ ਮੁਸਲਮਾਨ ਗੁਆਈ। ਛਪੇ ਨਾਹਿ ਛਪਾਇਆ ਚੜ੍ਹਿਆ ਸੂਰਜ ਜਗ ਰੁਸ਼ਨਾਈ। ਬੁਕਿਆ ਸਿੰਘ ਉਜਾੜ ਵਿਚ ਸਭ ਮਿਰਗਾਵਲਿ ਭੰਨੀ ਜਾਈ। ਚੜ੍ਹਿਆ ਚੰਦ ਨ ਲੁੱਕਈ ਕੱਢ ਕੁਨਾਲੀ ਜੋਤ ਛਪਾਈ। ਉਗਵਣ ਤੇ ਆਥਵਣ ਨਉ ਖੰਡ ਪ੍ਰਿਥਮੀ ਸਭ ਝੁਕਾਈ। ਜਗ ਅੰਦਰ ਕੁਦਰਤ ਵਰਤਾਈ॥੩੪॥ਬਾਬਾ ਗਿਆ ਬਗ਼ਦਾਦ ਨੂੰ ਬਾਹਿਰ ਜਾਇ ਕੀਆ ਅਸਥਾਨਾ। ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ। ਦਿਤੀ ਬਾਂਗ ਨਿਮਾਜ਼ ਕਰ ਸੁੰਨ ਸਮਾਨ ਹੋਆ ਜਹਾਨਾ। ਸੁੰਨ ਮੁੰਨਿ ਨਗਰੀ ਭਈ ਦੇਖ ਪੀਰ ਭਇਆ ਹਰਾਨਾ। ਵੇਖੈ ਧਿਆਨ ਲਗਾਇ ਕਰ ਇੱਕ ਫਕੀਰ ਵਡਾ ਮਸਤਾਨਾ। ਪੁੱਛਿਆ ਫਿਰਕੈ ਦਸਤਗੀਰ ਕੌਨ ਫਕੀਰ ਕਿਸਕਾ

[ਬਾਕੀ ਟੂਕ ਦੇਖੋ ਸਫ਼ਾ ੧੧੭ ਦੇ ਹੇਠ]

ਖੁਦਾਇ ਕੇ ਘਰ ਵਲਿ ਕੀਤੇ ਹੈਨਿ,ਅਤੈ ਕਾਬੇ ਕੀਤ ਰਫਿ,ਸੋ ਕਿਉਂ ਕੀਤੇ ਹੈਨਿ?'। ਤਬ ਬਾਬੈ ਆਖਿਆ, 'ਜਿਤੁ ਵਲ ਖੁਦਾਇ ਅਤੈ ਕਾਬਾ ਨਹੀ, ਤਿਤੁ ਵਲਿ ਮੇਰੈ ਪੈਰੁ ਘਸੀਟਿ ਕਰਿ ਛਡੁ'। ਤਬ ਕਾਜੀ ਰੁਕਨ ਦੀਂ ਬਾਬੈ ਕੇ ਪੈਰ ਫੇਰੇ, ਜਿਤੁ ਵਲਿ

---

[ਸਫ਼ਾ ੧੧੬ ਦੀ ਬਾਕੀ ਟੂਕ]

ਘਰਾਨਾ। ਨਾਨਕ ਕਲਿ ਵਿਚ ਆਇਆ ਰੱਦੁ ਫਕੀਰ ਇਕ ਪਹਿਚਾਨਾ। ਧਰਤ ਅਕਾਸ ਚਹੂੰ ਦਿਸ ਜਾਨਾ ॥੩੫॥ ਪੁਛੇ ਪੀਰ ਤਕਰਾਰ ਕਰ ਏਹ ਫਕੀਰ ਵਡਾ ਆਤਾਈ॥ ਏਥੇ ਵਿਚ ਬਗ਼ਦਾਦ ਦੇ ਵਡੀ ਕਰਾਮਾਤ ਦਿਖਲਾਈ॥ਪਾਤਾਲਾਂ ਆਕਾਸ਼ ਲਖ ਓੜਕ ਭਾਲੀ ਖਬਰ ਸੁਨਾਈ॥ ਫੇਰ ਦੁਰਾਇਣ ਦਸਤਗੀਰ ਅਸੀ ਭਿ ਵੇਖਾਂ ਜੋ ਤੂਹਿ ਪਾਈ। ਨਾਲ ਲੀਤਾ ਬੇਟਾ ਪੀਰ ਦਾ ਅੱਖੀ ਮੀਟ ਗਇਆ ਹਾਵਾਈ। ਲਖ ਆਕਾਸ ਪਤਾਲ ਲਖ ਅੱਖ ਫੁਰਕ ਵਿਚ ਸਭ ਦਿਖਲਾਈ। ਭਰ ਕਚਕੌਲ ਪ੍ਰਸ਼ਾਦ ਦਾ ਧੁਰੋਂ ਪਤਾਲੋਂ ਲਈ ਕੜਾਹੀ॥ ਜ਼ਾਹਰ ਕਲਾ ਨ ਛਪੈ ਛਪਾਈ ॥ ੩੬ ॥ ਗੜ੍ਹ ਬਗ਼ਦਾਦ ਨਿਵਾਇਕੈ ਮੱਕਾ ਮਦੀਨਾ ਸਭ ਨਿਵਾਯਾ॥ ਸਿੱਧ ਚੁਰਾਸੀਹ ਮੰਡਲੀ ਖਟ ਦਰਸ਼ਨ ਪਾਖੰਡ ਜਿਣਾਯਾ। ਪਾਤਾਲਾਂ ਆਕਾਸ਼ ਲਖ ਜੀਤੀ ਧਰਤੀ ਜਗਤ ਸਬਾਯਾ॥ ਜੀਤੀ ਨਵਖੰਡ ਮੇਦਨੀ ਸਤਿਨਾਮ ਦਾ ਚਕ੍ਰ ਫਿਰਾਯਾ। ਦੇਵ ਦਾਨੋ ਰਾਕਸ਼ ਦੈਤ ਸਭ ਚਿੱਤ੍ਰ ਗੁਪਤ ਸਭ ਚਰਨੀ ਲਾਯਾ॥ਇੰਦ੍ਰਾਸਣ ਅਪੱਛਰਾਂ ਰਾਗ ਰਾਗਨੀ ਮੰਗਲ ਗਾਯਾ॥ਭਯਾ ਅਨੰਦ ਜਗੱਤ ਵਿਚ ਕਲਿਤਾਰਨ ਗੁਰ ਨਾਨਕ ਆਯਾ॥ਹਿੰਦੂ ਮੁਸਲਮਾਨ ਨਿਵਾਯਾ॥੩੭॥ ਬਾਬਾ ਆਯਾ ਕਰਤਾਰ ਪੁਰ ਭੇਖ ਉਦਾਸੀ ਸਗਲ ਉਤਾਰਾ। ਪਹਿਰ ਸੰਸਾਰ ਕਪੜੇ ਮੰਜੀ ਬੈਠ ਕੀਆ ਅਵਤਾਰਾ। ਉਲਟੀ ਗੰਗ ਵਹਾਈਓਨ ਗੁਰ ਅੰਗਦੀ ਸਿਰ ਉਪਰ ਧਾਰਾ। ਪੁਤ੍ਰੀਂ ਕੌਲ ਨ ਪਾਲਿਆ ਮਨ ਖੋਟੇ ਆਕੀ ਨਸਿਆਰਾ। ਬਾਣੀ ਮੁਖਹੁ ਉਚਾਰੀਐ ਹੋਇ ਰੁਸ਼ਨਾਈ ਮਿਟੈ ਅੰਧਾਰਾ॥ ਗਯਾਨ ਗੋਸ਼ਟ ਚਰਚਾ ਸਦਾ ਅਨਹਦ ਸ਼ਬਦ ਉਠੇ ਧੁਨਿਕਾਰਾ। ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪ ਉਚਾਰਾ। ਗੁਰਮੁਖ ਭਾਰ ਅਥਰਬਣ ਤਾਰਾ ॥ ੩੮ ॥ ਮੇਲਾ ਸੁਣ ਸ਼ਿਵਰਾਤ ਦਾ ਬਾਬਾ ਅਚਲ ਵਟਾਲੇ ਆਈ। ਦਰਸ਼ਨ ਵੇਖਨਿ ਕਾਰਨੇ ਸਗਲੀ ਉਲਟ ਪਈ ਲੋਕਾਈ। ਲਗੀ ਬਰਸਨ ਲਛਮੀ ਰਿਧਿ ਸਿਧਿ ਨਉਨਿਧਿ ਸਵਾਈ। ਜੋਗੀ ਵੇਖ ਚਲਿਤ੍ਰ ਨੋ ਮਨ ਵਿਚ ਰਸ਼ਕ ਘਨੇਰੀ ਖਾਈ। ਭਗਤੀਆਂ ਪਾਈ ਭਗਤ ਆਨ ਲੋਟਾ ਜੋਗੀ ਲਇਆ ਛਪਾਈ। ਭਗਤੀਆਂ ਗਈ ਭਗਤ ਭੁਲ ਲੋਟੇ ਅੰਦਰ ਸੁਰਤ ਭੁਲਾਈ। ਬਾਬਾ ਜਾਣੀ ਜਾਣ ਪੁਰਖ ਕਢਿਆ ਲੋਟਾ ਜਹਾਂ ਲੁਕਾਈ। ਵੇਖ ਚਲਿੱਤ੍ਰ ਜੋਗੀ ਖੁਣਸਾਈ॥੩੯। ਖਾਧੀ ਖੁਣਸ ਜੋਗੀਸਰਾਂ ਗੋਸ਼ਟ ਕਰਨ ਸਭੇ ਉਠਿਆਈ॥ਪੁੱਛਨ ਜੋਗੀ ਭੰਗੁਨਾਥੁ ਤੁਹਿ ਦੁਧ ਵਿਚ ਕਿਉਂ

[ਬਾਕੀ ਟੂਕ ਦੇਖੋ ਸਫ਼ਾ ੧੧੮ ਦੇ ਹੇਠ]

ਬਾਬੇ ਦੇ ਪੈਰੁ ਫੇਰੇ, ਤਿਤੁ ਵਲਿ ਮਿਹਰਾਬ ਕਾ ਮੁਹੁ ਫਿਰਿਦਾ ਜਾਵੈ। ਤਬ ਕਾਜੀ ਰੁਕਨਦੀਂ ਹੈਰਾਨੁ ਹੋਇ ਗਇਆ, ਪੈਰੁ ਚੁੰਮਿਅਸੁ ਅਰੁ ਆਖਿਓਸੁ, 'ਏ ਦਰਵੇਸ! ਤੇਰਾ ਨਾਉਂ ਕਿਆ ਹੈ?' ਤਾ ਬਾਬਾ ਬੋਲਿਆ, ਸ਼ਬਦੁ ਰਾਗੁ ਤਿਲੰਗ ਵਿਚਿ ਮ:੧॥

---

[ਸਫ਼ਾ ੧੧੭ ਦੀ ਬਾਕੀ ਟੂਕ]

ਕਾਂਜੀ ਪਾਈ। ਫਿਟਿਆ ਚਾਟਾ ਦੁੱਧ ਦਾ ਰਿੜਕਿਆਂ ਮੱਖਣ ਹੱਥ ਨ ਆਈ। ਭੇਖ ਉਤਾਰ ਉਦਾਸ ਦਾ ਵਤ ਕਿਉਂ ਸੰਸਾਰੀ ਰੀਤਿ ਚਲਾਈ। ਨਾਨਕ ਆਖੇ ਭੰਗ੍ਰਨਾਥ ਤੇਰੀ ਮਾਉਂ ਕੁਚੱਜੀ ਆਹੀ॥ ਭਾਂਡਾ ਧੋਇ ਨ ਜਾਤਿਓਨ ਭਾਇ ਕੁਚੱਜੇ ਫੁਲ ਸੜਾਈ॥ ਹੋਇ ਅਤੀਤ ਗ੍ਰਿਹਸਤ ਤਜ ਫਿਰ ਉਨਹੂੰ ਕੇ ਘਰ ਮੰਗਣ ਜਾਈ॥ ਬਿਨ ਦਿੱਤੇ ਕਿਛ ਹਥ ਨ ਆਈ॥ ੪੦॥ ਏਹ ਸੁਣ ਬਚਨ ਜੁਗੀਸ਼ਰਾਂ ਮਾਰ ਕਿਲਕ ਬਹੁ ਰੂਅ ਉਠਾਈ। ਖਟ ਦਰਸ਼ਨ ਕਤ੍ਰੈ ਦੇਖਿਆ ਕਲਿਜੁਗ ਬੇਦੀ ਨਾਨਕ ਆਈ। ਸਿੱਧ ਬੋਲਨ ਸਭ ਅਉਖਧੀਆਂ ਤੰਤ੍ਰ ਮੰਤ੍ਰ ਕੀ ਧੁਨੋ ਚੜ੍ਹਾਈ। ਰੂਪ ਵਟਾਯਾ ਜੋਗੀਆਂ ਸਿੰਘ ਬਾਘ ਬਹੁ ਚਲਿਤ ਦਿਖਾਈ। ਇਕ ਪਰ ਕਰਕੇ ਉਡਰਨ ਪੰਖੀ ਜਿਵੇਂ ਰਹੈ ਲੀਲਾਈ। ਇੱਕ ਨਾਗ ਹੋਇ ਪਵਨ ਛੋਡ ਇਕਨਾਂ ਵਰਖਾ ਅਗਨ ਵਸਾਈ। ਤਾਰੇ ਤੋੜੇ ਭੰਗ੍ਰਨਾਥ ਇਕ ਉਡ ਮਿਰਗਾਨੀ ਜਲ ਤਰ ਜਾਈ। ਸਿੱਧਾਂ ਅਗੰਨ ਨ ਬੁਝੈ ਬੁਝਾਈ॥੪੧॥ ਸਿਧ ਬੋਲੇ ਸੁਣ ਨਾਨਕਾ ਤੁਹਿ ਜਗ ਨੂੰ ਕਰਾਮਾਤ ਦਿਖਲਾਈ। ਕੁਝ ਦਿਖਾਇ ਅਸਾਨੂੰ ਭੀ ਤੂੰ ਕਿਉਂ ਢਿੱਲ ਅਜੇਹੀ ਲਾਈ॥ ਬਾਬਾ ਬੋਲੇ ਨਾਥ ਜੀ ਅਸਾਂ ਵੇਖੇ ਜੋਗੀ ਵਸਤੁ ਨ ਕਾਈ। ਗੁਰ ਸੰਗਤ ਬਾਣੀ ਬਿਨਾ ਦੂਜੀ ਓਟ ਨਹੀਂ ਹੈ ਰਾਈ॥ ਸ਼ਿਵ ਰੂਪੀ ਕਰਤਾ ਪੁਰਖ ਚੱਲੇ ਨਾਹੀਂ ਧਰਤ ਚਲਾਈ। ਸਿੱਧ ਤੰਤ੍ਰ ਮੰਤ੍ਰ ਕਰ ਝੜ ਪਏ ਸ਼ਬਦ ਗੁਰੂ ਕੇ ਕਲਾ ਛਪਾਈ। ਦੱਦੇ ਦਾਤਾ ਗੁਰੂ ਹੈ ਕੱਕੈ ਕੀਮਤ ਕਿਨੈ ਨ ਪਾਈ। ਸੋ ਦੀਨ ਨਾਨਕ ਸਤਿਗੁਰ ਸਰਨਾਈ॥੪੨॥ ਬਾਬਾ ਬੋਲੇ ਨਾਥ ਜੀ ਸ਼ਬਦ ਸੁਨਹੁ ਸਚ ਮੁਖਹੁ ਅਲਾਈ। ਬਾਝਹੁ ਸੱਚੇ ਨਾਮ ਦੇ ਹੋਰ ਕਰਾਮਾਤ ਅਸਾਥੇ ਨਾਹੀ। ਕਰੇ ਰਸੋਈ ਸਾਰ ਦੀ ਸਗਲੀ ਧਰਤੀ ਨੱਥ ਚਲਾਈ। ਬਸਤਰ ਪਹਿਤੋ ਅਗਨਿ ਕੈ ਬਰਫ਼ ਹਮਾਲੇ ਮੰਦਰ ਛਾਈ। ਏਵਡ ਕਰੀ ਵਿਥਾਰ ਕਉ ਸਗਲੀ ਧਰਤੀ ਹੱਕੀ ਜਾਈ। ਤੋਲੀ ਧਰਤਿ ਅਕਾਸ਼ ਦੁਇ ਪਿਛੇ ਛਾਬੇ ਟੰਕ ਚੜ੍ਹਾਈ। ਇਹ ਬਲ ਰੱਖਾਂ ਆਪ ਵਿਚ ਜਿਸ ਆਖਾਂ ਤਿਸ ਪਾਰ ਕਰਾਈ। ਸਤਿਨਾਮ ਬਿਨ ਬਾਦਰ ਛਾਈ॥੪੩॥ ਬਾਬੇ ਕੀਤੀ ਸਿਧ ਗੋਸ਼ਟ ਸ਼ਬਦ ਸ਼ਾਂਤਿ ਸਿਧਾਂ ਵਿਚ ਆਈ॥ ਜਿਣ ਮੇਲਾ ਸ਼ਿਵਰਾਤ ਦਾ ਖਟ ਦਰਸ਼ਨ ਆਦੇਸ਼ ਕਰਾਈ। ਸਿਧ ਬੋਲਨ ਸ਼ੁਭ ਬਚਨ ਧੰਨ ਨਾਨਕ ਤੇਰੀ ਵਡੀ ਕਮਾਈ। ਵਡਾ ਪੁਰਖ ਪਰਗਟਿਆ ਕਲਿਜੁਗ ਅੰਦਰ ਜੋਤ ਜਗਾਈ। ਮੇਲਿਓਂ ਬਾਬਾ ਉਠਿਆ ਮੁਲਤਾਨੇ ਦੀ ਜ਼ਿਆਰਤ ਜਾਈ॥ ਅੱਗੋਂ

[ਬਾਕੀ ਟੂਕ ਦੇਖੋ ਸਫ਼ਾ ੧੧੯ ਦੇ ਹੇਠ]

ਰੋਜਾ ਬੰਦਗੀ ਕਬੂਲੁ ॥ ਦਸ ਦੁਆਰੇ ਚੀਨਿ ਮਰਦਾ ਹੋਇ ਰਹੁ ਰੰਜੂਲੁ ॥ ੧ ॥ ਰਹਾਉ ॥ ਮਾਰਿ ਮਨੂਆ ਦ੍ਰਿਸਟਿ ਬਾਧਹੁ ਦਉੜ ਤਲਬ ਦਲੀਲਿ ॥ ਤੀਸ ਦਿਨ ਸਿਉ ਰੰਗੁ ਰਾਖਹੁ ਪਾਕ ਮਰਦ ਅਸੀਲਿ ॥੧॥ ਸੁਰਤਿ ਕਾ ਤੂੰ ਰਾਖ ਰੋਜਾ ਨਿਰਤਿ ਤਜਹੁ ਚਾਉ ॥ ਆਤਮੇ ਕਉ ਨਿਗਹ ਰਾਖਹੁ ਸਤੀ ਤੂੰ ਉਲਮਾਉ ॥ ਤਜਿ ਸੁਆਦਿ ਸਹਜਿ ਬੇਕਾਰ ਰਸਨਾ ਅੰਦੇਸ ਮਨਿ ਦਲਗੀਰ ॥ ਮਿਹਰ ਲੈ ਮਨ ਮਹਿ ਰਾਖਹੁ ਕੁਫਰੁ ਤਜਿ ਤਕਬੀਰ ॥ ੩ ॥ ਕੰਮਿ ਲਹਰਿ ਬੁਝਾਇ ਮਨ ਤੇ ਹੋਇ ਰਹੁ ਠਰੂਰੁ ॥ ਕਹੈ ਨਾਨਕ ਰਾਖੁ ਰੋਜਾ ਸਿਦਕ ਰਹੀ ਮਮੂਰ* ॥ ੪ ॥

ਜਬ ਬਾਬੈ ਭੋਗੁ ਪਾਇਆ ਤਬ ਕਾਜੀ ਰੁਕਨਦੀਂ ਸਲਾਮੁ ਕੀਤਾ, ਆਖਿਓਸੁ 'ਵਾਹੁ ਵਾਹੁ ਅਜੁ ਖੁਦਾਇ ਕੇ ਫਕੀਰਾਂ ਦਾ ਦੀਦਾਰ ਪਾਇਆ ਹੈ'। ਤਬ ਜਾਇ ਪੀਰ ਪਤਲੀਏ† ਪਾਸਿ ਕਹਿਓਸੁ, 'ਜੋ ਨਾਨਕ ਦਰਵੇਸੁ ਆਇਆ ਹੈ'। ਤਬ ਪਤਲੀਆ† ਪੀਰੁ ਦੀਦਾਰੁ ਦੇਖਣਿ ਨੂੰ ਆਇਆ। ਆਇ ਸਲਾਮੁ ਪਾਇਸੁ, ਦਸਤ-

---

*ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਹੈ।

†ਜਦੋਂ ਗੁਰੂ ਨਾਨਕ ਦੇਵ ਜੀ ਮੱਕੇ ਪੁੱਜੇ ਹਨ ਤਦ ਉੱਚ ਦਾ ਪੀਰ ਮਖਦੂਮ, ਪਟਣੇ ਦਾ ਸੇਖ ਇਬਰਾਹੀਮ, ਤੇ ਦਸਤਗੀਰ ਅਰ ਇਕ ਦੋ ਹੋਰ ਹਿੰਦੁਸਤਾਨੀ ਫਕੀਰ ਓਥੇ ਸਨ, ਅਰ ਉਨ੍ਹਾਂ ਦੀ ਓਥੇ ਗੁਰੂ ਜੀ ਨਾਲ ਗੋਸਟ ਹੋਈ ਹੈ ਪੀਰ ਪਤਲੀਆ ਬੀ ਗ਼ਾਲਬਨ ਉਨ੍ਹਾਂ ਵਿਚੋਂ ਹੈ।ਹੋ ਸਕਦਾ ਹੈ ਇਹ 'ਪਟਨੀਆ' ਪਦ ਹੋਵੈ, ਤੇ ਮੁਰਾਦ ਹੋਵੇ 'ਪਾਕਪਟਨ ਦਾ ਪੀਰ ਸ਼ੇਖ ਇਬਰਾਹੀਮ ਫ਼ਰੀਦ ਸਾਨੀ'। ਇਸ ਗੱਲ ਦਾ ਭਾਈ ਸਾਹਬ ਸੰਗਤ ਸਿੰਘ ਜੀ ਨੂੰ 'ਉੱਚ' ਜਾਣ ਤੇ ਉਥੋਂ ਦੇ ਖਾਨਦਾਨੀ ਪੀਰਾਂ ਤੋਂ ਪਤਾ ਲਗਾ ਸੀ, ਓਹ ਦੱਸਦੇ ਸੇ ਕਿ ਜੋ ਕਉਸ ਯਾ ਖੜਾਵਾਂ ਗੁਰੂ ਨਾਨਕਦੇਵ ਜੀ ਓਥੇ ਦੇ ਆਏ ਸਨ ਸੋ ਸਾਡੇ ਵਡਕੇ ਮੰਗ ਕੇ ਲੈ ਆਏ ਸਨ ਤੇ ਸਾਡੇ ਪਾਸ ਅਦਬ ਨਾਲ ਰਖੀਆਂ ਹਨ ਇਸ ਪਾਸੇ ਹੋਰ ਖੋਜ ਦੀ ਲੋੜ ਹੈ।

[ਸਫ਼ਾ ੧੧੮ ਦੀ ਬਾਕੀ ਟੂਕ]

ਪੀਰ ਮੁਲਤਾਨ ਦੇ ਦੁੱਧ ਕਟੋਰਾ ਭਰ ਲੈ ਆਈ। ਬਾਬੇ ਕਢ ਕਰ ਬਗਲ ਤੇ ਚੰਬੇਲੀ ਦੁਧ ਵਿਚ ਮਿਲਾਈ।ਜਿਉਂ ਸਾਗਰ ਵਿਚ ਗੰਗ ਸਮਾਈ॥੪੪॥ਜ਼ਿਆਰਤ ਕਰ ਮੁਲਤਾਨ ਦੀ ਫਿਰ ਕਰਤਾਰਪੁਰੇ ਨੂੰ ਆਯਾ। ਚੜ੍ਹੇ ਸਵਾਈ ਦਹਦਿਹੀ ਕਲਿਜੁਗ ਨਾਨਕ ਨਾਮ ਧਿਆਯਾ। ਵਿਣ ਨਾਵੇ ਹੋਰ ਮੰਗਣਾ ਸਿਰ ਦੁੱਖਾਂ ਦੇ ਦੁੱਖ ਸਬਾਯਾ। ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਯਾ। ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰ ਛੱਤ੍ਰ ਫਿਰਾਯਾ। ਜੋਤੀ ਜੋਤ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਯਾ। ਲੱਖ ਨ ਕੋਈ ਸਕਈ ਆਚਰਜੇ ਆਚਰਜ ਦਿਖਾਯਾ। ਕਾਯਾਂ ਪਲਟ ਸਰੂਪ ਬਣਾਯਾ ॥੪੫॥

ਪੰਜਾ ਲੇਕਰਿ ਬੈਠਿ ਗਇਆ। ਖੁਦਾਇ ਦੀ ਸਿਫਤਿ ਲਗੇ ਕਰਣਿ। ਤਬ ਕਾਜੀ ਰੁਕਨਦੀਂ ਪੁਛਿਆ, ਆਖਿਓਸੁ 'ਜੀ ਏਹ ਜੋ ਤੀਸ ਹਰਫ ਪੜਦੇ ਹੈਨਿ, ਕੁਛ ਇਸ ਵਿਚਿ ਭੀ ਹਾਸਲੁ ਥੀਂਵਦਾ ਹੈ ਕਿ ਨਾਹੀ ?' ਤਬ ਬਾਬਾ ਬੋਲਿਆ। ਸ੍ਰੀ ਸਤਿਗੁਰ ਪ੍ਰਸਾਦਿ। ਗੋਸਟ ਮਹਲਾ ੧ ਕਾਜੀ ਰੁਕਨ ਦੀਨਿ ਕੈ ਪਰਥਾਇ ਹੋਈ। ਰਾਗੁ ਤਿਲੰਗ ਵਿਚਿ ਮਹਲਾ ੧ ਬਾਬੇ ਕਾ ਬੋਲਣਾ ਹੋਆ। ਸ਼ੇਖ ਰੁਕਨਦੀਂ ਮੱਕੇ ਕਾ ਕਾਜੀ ਥਾ। ਬਾਬਾ ਬੋਲਿਆ*:–

ਤਬ ਕਾਜੀ ਰੁਕਨਦੀਂ ਬੋਲਿਆ, 'ਜੋ ਨਾਨਕ ਦਰਵੇਸ਼ ! ਇਹ ਜੋ ਹਿੰਦੂ ਮੁਸਲਮਾਨ ਬੇਦ ਕਤੇਬ ਪੜਦੇ ਹੈਨਿ,ਸੋ ਸੋ ਖੁਦਾਇ ਪਾਇਨਗੇ,ਕਿ ਨਾ ਪਾਨਿਗੇ?' ਤਬ ਬਾਬਾ ਬੋਲਿਆ ਸਬਦੁ ਰਾਗੁ ਤਿਲੰਗ ਵਿਚਿ ਮਃ ੧†:–

ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ॥ ਟੁਕੁ ਦਮੁ ਕਰਾਰੀ ਜਉ ਕਰਹੁ ਹਾਜਿਰ ਹਜੂਰ ਖੁਦਾਇ ॥ ੧ ॥ ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ ॥ ਇਹ ਜੁ ਦੁਨੀਆ ਸਿਹਰੁ ਮੇਲਾ ਦਸਤ-ਗੀਰੀ ਨਾਹਿ॥ ੧ ॥ ਰਹਾਉ॥ਦਰੋਗੁ ਪੜਿ ਪੜਿ ਖੁਸੀ ਹੋਇ ਬੇਖਬਰ ਬਾਦੁ ਬਕਾਹਿ ॥ ਹਕੁ ਸਚੁ ਖਾਲਕੁ ਖਲਕ ਮਿਆਨੇ ਸਿਆਮ ਮੂਰਤਿ ਨਾਹਿ ॥ ੨ ॥ ਅਸਮਾਨ ਮ੍ਹਿਾਨੇ ਲਹੰਗ ਦਰੀਆ ਗੁਸਲ ਕਰਦਨ ਬੂਦ ॥ ਕਰਿ ਫਕਰੁ ਦਾਇਮ ਲਾਇ ਚਸਮੇ ਜਹ ਤਹਾ ਮਉਜੂਦ ॥ ੩ ॥ ਅਲਾਹ ਪਾਕੰ ਪਾਕ ਹੈ ਸਕ ਕਰਉ ਜੇ ਦੂਸਰ ਹੋਇ ॥ ਕਬੀਰ ਕਰਮੁ ਕਰੀਮ ਕਾ ਉਹੁ ਕਰੈ ਜਾਨੈ ਸੋਇ ॥ ੪ ॥ ੧॥

ਤਬ ਕਾਜੀ ਰੁਕਨਦੀਂ ਆਖਿਆ ਜੋ 'ਜੀ ਏਹੁ ਭੀ ਨਾਹੀਂ ਪੜਦੇ, ਅਤੈ ਬਦਅਮਲ ਕਮਾਂਵਦੇ ਹੈਨਿ। ਕਦੇ ਰੋਜਾ ਨਿਮਾਜ ਭੀ ਨਾਹੀਂ ਕਰਦੇ; ਅਤੇ ਸ਼ਰਾਬ ਪੀਂਦੇ ਹੈਨਿ, ਭੰਗ ਬੋਜਾ ਪੀਂਦੇ ਹੈਨਿ, ਇਨਾਂ ਦਾ ਰੋਜ ਕਿਆਮਤ ਕਉ ਕਿਆ ਹਵਾਲੁ ਹੋਵੈਗਾ ?' ਤਬ ਬਾਬਾ ਬੋਲਿਆ:– . ਮਹਲਾ ੧ ॥

‡ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ॥ ਲੇਖਾ ਰਬੁ ਮੰਗਸੀਆ ਬੈਠਾ ਕਢਿ ਵਹੀ॥ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ॥ਅਜਰਾਈਲੁ

---

*ਇਥੋਂ ਅਗੇ ਅੰਤਕਾ ੫ ਵਾਲੀ ਸੀਹਰਫੀ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਹੈ, ਅਰ ਨਾ ਇਹ ਅਸਲ ਹੈ, ਕਿਉਂਕਿ ਰੁਕਨਦੀਨ ਨਾਲ ਗੱਲ ਬਾਤ ਪੰਜਾਬੀ ਵਿਚ ਨਹੀਂ ਹੋਈ, ਓਹ ਫਾਰਸੀ ਯਾ ਅਰਬੀ ਵਿਚ ਸੀ।

†ਇਹ ਸਬਦ ਭਗਤ ਕਬੀਰ ਜੀ ਦਾ ਹੈ, ਲਿਖਾਰੀ ਨੇ ਭੁੱਲ ਕੇ ਅਸਲ ਪੋਥੀ ਵਿਚ 'ਮਹਲਾ ੧' ਲਿਖਿਆ ਹੈ।

‡ਇਥੇ 'ਤਲਬਾਂ ਪਉਸਨ ਆਕੀਆਂ' ਵਾਲਾ ਸਲੋਕ ਹੈ, ਜਿਸ ਦਾ ਦਰੁਸਤ ਪਾਠ ਅਸਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਏਥੇ ਦਿਤਾ ਹੈ।

ਫਰੇਸਤਾ ਹੋਸੀ ਆਇ ਤਈ॥ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥
ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥ ੨ ॥

ਤਬ ਪੀਰੁ ਪਤਲੀਐ ਆਖਿਆ, 'ਜੀ ! ਅਸੀਂ ਦੁਨੀਆ ਕੇ ਮੁਕਾਮ ਵਿਚ ਖੜੇ ਹਾਂ, ਖੁਦਾਇ ਕਿਉਂ ਕਰਿ ਹਾਸਲੁ ਥੀਵੈਗਾ। ਤਬ ਬਾਬਾ ਬੋਲਿਆ। ਸਬਦੁ ਰਾਗੁ ਤਿਲੰਗ ਵਿਚਿ ਮਃ ੧ ॥ :-

ਯਕ ਅਰਜ ਗੁਫਤਮ ਪੇਸਿ ਤੋ ਦਰਗੋਸ ਕੁਨ ਕਰਤਾਰ ॥ ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ ॥ ੧ ॥ ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲਦਾਨੀ ॥ ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨਦਾਨੀ ॥ ੧ ॥ ਰਹਾਉ॥ ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰ-ਗੀਰ ॥ ਆਖਿਰ ਬਿਅਫਤਮ ਕਸ ਨਦਾਰਦ ਚੂੰ ਸਵਦ ਤਕਬੀਰ ॥ ੨ ॥ ਸਬਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ॥ ਗਾਹੇ ਨ ਨੇਕੀ ਕਾਰ ਕਰਦਮ ਮਮਈਂ ਚਿਨੀ ਅਹਵਾਲ॥੩॥ ਬਦਬਖਤ ਹਮਚੁ ਬਖੀਲ ਗਾਫਿਲ ਬੇਨਜਰ ਬੇਬਾਕ॥ ਨਾਨਕ ਬੁਗੋਯਦ ਜਨ ਤਰਾ ਤੇਰੇ ਚਾਕਰਾਂ ਪਾਖਾਕ ॥੪॥੧॥

ਜਬ ਬਾਬੈ ਏਹੁ ਸਬਦੁ ਬੋਲਿਆ ਤਬ ਕਾਜੀ ਰੁਕਨਦੀਂ ਅਤੇ ਪੀਰ ਪਤ-ਲੀਐ ਆਇ ਦਸਤਪੋਸੀ ਕੀਤੀ, ਪੈਰ ਚੁਮੈ ਵਾਹਿਗੁਰੂ ਕਹਣਿ ਨਾਲਿ ਪਾਣੀ ਖੂਹੈ ਵਿਚਿ ਪੈਦਾ ਹੋਆ, ਬਾਬੇ ਦੀ ਖੁਸੀ ਹੋਈ । ਉਥਹੁ ਰਵਦੇ ਰਹੈ ਘਰਿ ਆਇ। ਬੋਲਹੁ ਵਾਹਿਗੁਰੂ।

---

# ਉਦਾਸੀ ਪੰਜਵੀਂ

## ੫੨. ਉਦਾਸੀ ਪੰਜਵੀਂ, ਸਿਧਾਂ ਨਾਲ ਗੋਸ਼ਟ (ਗੋਰਖ ਹਟੜੀ).

ਉਦਾਸੀ ਪੰਜਵੀਂ। ਬਾਬਾ ਗੋਰਖ ਹਟੜੀ* ਗਇਆ। ਓਥੈ ਸਿਧਾਂ ਡਿਠਾ, ਸਿਧਾਂ ਪੁਛਣਾ ਕੀਤਾ, 'ਜੋ ਤੂੰ ਕਉਣੁ ਖੜੀ ਹੈਂ ?'। ਤਬ ਬਾਬੇ ਭੀ ਆਖਿਆ 'ਨਾਨਕੁ ਆਖਦੇ ਹੈਨਿ'। ਤਬ ਚਉਰਾਸੀਹ ਸਿਧ ਆਸਣਿ ਕਰਿ ਬੈਠੇ। ਤਦਹੁ ਸਿਧਾਂ ਆਖਿਆ 'ਭਗਤ ਕੁਛ ਜਸੁ ਕਰੁ'। ਤਬ ਬਾਬਾ ਬੋਲਿਆ : ਸ੍ਰੀ ਸਤਿਗੁਰ ਪ੍ਰਸਾਦਿ ॥ ਗੋਸਟਿ ਮਹਲਾ ੧, ਰਾਗੁ ਰਾਮਕਲੀ ਵਿਚਿ ਸਿਧ ਗੋਸਟਿ ਹੋਈ ॥:-

ਸਿਧ ਸਭਾ ਕਰਿ ਆਸਣ ਬੈਠੇ ਸੰਤ ਸਭਾ ਜੈਕਾਰੋ॥ ਤਿਸੁ ਆਗੈ ਰਹਰਾਸਿ

---

*ਦੇਖੋ ਪੰਨਾ ੧੧੫ ਦਾ ਪਿਛੇ ਆ ਚੁਕਾ ਨੋਟ। ਭਾਈ ਗੁਰਦਾਸ ਜੀ ਦੀ ਪਉੜੀ ਚੁਤਾਲਵੀਂ ਤੋਂ ਸਿਧ ਗੋਸ਼ਟ ਅਚਲ ਵਟਾਲੇ ਸਿਧ ਹੁੰਦੀ ਹੈ, ਗੋਰਖਹਟੜੀ ਲਿਖਣਾ ਜਨਮ ਸਾਖੀ ਵਾਲੇ ਦੀ ਭੁਲ ਹੈ।

ਹਮਾਰੀ ਸਾਚਾ ਅਪਰ ਅਪਾਰੋ॥ਮਸਤਕੁ ਕਾਟਿ ਧਰੀ ਤਿਸੁ ਆਗੈ ਤਨੁ ਮਨੁ ਆਗੈ ਦੇਉ॥ ਨਾਨਕ ਸੰਤੁ ਮਿਲੈ ਸਚੁ ਪਾਈਐ ਸਹਜ ਭਾਇ ਜਸੁ ਲੇਉ॥੧॥ ਕਿਆ ਭਵੀਐ ਸਚਿ ਸੂਚਾ ਹੋਇ॥ ਸਾਚ ਸਬਦ ਬਿਨੁ ਮੁਕਤਿ ਨ ਕੋਇ॥੧॥ ਰਹਾਉ ॥ ਕਵਨ ਤੁਮੇ ਕਿਆ ਨਾਉ ਤੁਮਾਰਾ ਕਉਨੁ ਮਾਰਗੁ ਕਉਨੁ ਸੁਆਓ ॥ ਸਾਚੁ ਕਹਉ ਅਰਦਾਸਿ ਹਮਾਰੀ ਹਉ ਸੰਤ ਜਨਾ ਬਲਿ ਜਾਓ ॥ ਕਹ ਬੈਸਹੁ ਕਹ ਰਹੀਐ ਬਾਲੇ ਕਹ ਆਵਹੁ ਕਹ ਜਾਹੋ॥ਨਾਨਕੁ ਬੋਲੈ ਸੁਣਿ ਬੈਰਾਗੀ ਕਿਆ ਤੁਮਾਰਾ ਰਾਹੋ ॥੨॥ ਘਟਿ ਘਟਿ ਬੈਸਿ . ਨਿਰੰਤਰਿ ਰਹੀਐ ਚਾਲਹਿ ਸਤਿਗੁਰ ਭਾਏ ॥ ਸਹਜੇ ਆਏ ਹੁਕਮਿ ਸਿਧਾਏ ਨਾਨਕ ਸਦਾ ਰਜਾਏ ॥ ਆਸਣਿ ਬੈਸਣਿ ਥਿਰੁ ਨਾਰਾਇਣੁ ਐਸੀ ਗੁਰਮਤਿ ਪਾਏ॥ਗੁਰ-ਮੁਖਿ ਬੂਝੈ ਆਪੁ ਪਛਾਣੈ ਸਚੇ ਸਚਿ ਸਮਾਏ ॥ ੩ ॥ ਦੁਨੀਆ ਸਾਗਰੁ ਦੁਤਰੁ ਕਹੀਐ ਕਿਉਕਰਿ ਪਾਈਐ ਪਾਰੋ ॥ ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾਂ ਬੀਚਾਰੋ ॥ ਆਪੇ ਆਖੈ ਆਪੇ ਸਮਝੈ ਤਿਸੁ ਕਿਆ ਉਤਰੁ ਦੀਜੈ॥ ਸਾਚੁ ਕਹਹੁ ਤੁਮ ਪਾਰਗਰਾਮੀ ਤੁਝੁ ਕਿਆ ਬੈਸਣੁ ਦੀਜੈ ॥ ੪ ॥ ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ ॥ ਸੁਰਤਿ ਸਬਦਿ ਭਵਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ॥ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾਕਾ ਦਾਸੋ ॥੫॥

ਪੜੀਆ* ॥ ੭੩ ॥ ਤਬ ਸਿਧਾਂ ਪਿਆਲਾ ਦਿਤਾ ਪੰਜਾਂ ਸੇਰਾਂ ਕਾ, ਤਾ ਬਾਬੈ ਧਰਤੀ ਵਿਚਿ ਪਾਇਆ, ਤਬ ਸਿਧਿ ਆਫਿਰਿ ਗਇ।ਤਬ ਸਿਧੀ ਆਖਿਆ 'ਤੂ ਕੁਛੁ ਦੇਖੁ, ਕੈ ਦਿਖਾਲੁ'। ਤਦਹੁੰ ਬਾਬੈ ਆਖਿਆ, 'ਭਲਾ ਹੋਵੈ ਜੀ, ਜੋ ਕੁਛੁ ਕਰਹੁਗੇ ਤਾ ਦੇਖਹਗੇ'। ਤਬ ਸਿਧ ਅਪਣਾ ਬਲੁ ਲਗੇ ਦਿਖਾਵਣਿ। ਕਿਸੈ ਮਿਰਗਛਾਲਾ ਉਡਾਈ, ਕਿਸਿ ਸਿਲਾ ਚਲਾਈ, ਕਿਸਿ ਅਗਿਨਿ ਹਕੀ, ਕਿਸਿ ਕੰਧਿ ਦਉੜਾਈ। ਤਬ ਬਾਬਾ ਬਿਸਮਾਦ ਸੁਮਾਰ ਵਿਚਿ ਆਇ ਗਇਆ। ਤਿਤੁ ਮਹਿਲਿ ਸਲੋਕੁ ਕੀਤਾ :— ਸਲੋਕੁ ਮਃ ੧ ॥

ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨੁ ਸਾਰੁ ਕਰਾਈ ॥ ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ ਹਾਕ ਚਲਾਈ ॥ ਧਰਿ ਤਾਰਾਜੀ ਅੰਬਰੁ ਤੋਲੀ ਪਿਛੈ ਟੰਕੁ ਚੜਾਈ ॥ ਏਵਡੁ ਵਧਾ ਮਾਵਾ ਨਾਹੀ ਸਭਸੈ ਨਥਿ ਚਲਾਈ ॥ ਏਤਾ ਤਾਣੁ ਹੋਵੈ ਮਨ ਅੰਦਰਿ ਕਰੀ ਭਿ ਆਖਿ ਕੁਰਾਈ ॥ ਜੇਵਡੁ ਸਾਹਿਬੁ ਤੇਵਡ ਦਾਤੀ ਦੇ ਦੇ ਕਰੇ ਰਜਾਈ ॥ ਨਾਨਕੁ ਨਦਰਿ ਕਰੇ ਜਿਸੁ ਉਪਰਿ ਸਚਿ ਨਾਮਿ ਵਡਿਆਈ ॥ ੧ ॥

ਤਬ ਸਿਧੋਂ 'ਆਦੇਸੁ ਆਦੇਸੁ' ਕੀਤਾ। ਤਬ ਬਾਬਾ ਬੋਲਿਆ, 'ਆਦਿ

---

*ਮੁਰਾਦ ਪਉੜੀਆਂ ਤੋਂ ਹੈ।

ਪੁਰਖੁ ਕਉ ਆਦੇਸੁ'। ਤਿਤੁ ਮਹਲਿ ਸਬਦੁ ਹੋਆ,ਰਾਗੁ ਗਉੜੀ ਵਿਚਿ ਅਸਟਪਦੀ ਮਃ ੧ ॥ :- ਗਉੜੀ ਮਹਲਾ ੫*

ਪ੍ਰਥਮੇ ਗਰਭ ਵਾਸ ਤੇ ਟਰਿਆ ॥ ਪੁਤ੍ਰ ਕਲਤ੍ਰ ਕੁਟੰਬ ਸੰਗਿ ਜੁਰਿਆ ॥ ਭੋਜਨੁ ਅਨਿਕ ਪ੍ਰਕਾਰ ਬਹੁ ਕਪਰੇ॥ ਸਰਪਰ ਗਵਨੁ ਕਰਹਿਗੇ ਬਪੁਰੇ ॥੧॥ ਕਵਨੁ ਅਸਥਾਨੁ ਜੋ ਕਬਹੁ ਨ ਟਰੈ ॥ ਕਵਨੁ ਸਬਦੁ ਜਿਤੁ ਦੁਰਮਤਿ ਹਰੈ ॥੧॥ ਰਹਾਉ ॥ ਇੰਦ੍ਰ ਪੁਰੀ ਮਹਿ ਸਰਪਰ ਮਰਣਾ । ਬ੍ਰਹਮਪੁਰੀ ਨਿਹਚਲੁ ਨਹੀ ਰਹਣਾ॥ ਸਿਵਪੁਰੀ ਕਾ ਹੋਇਗਾ ਕਾਲਾ ॥ ਤ੍ਰੈ ਗੁਣ ਮਾਇਆ ਬਿਨਸਿ ਬਿਤਾਲਾ ॥ ਗਿਰਿਤਰ ਧਰਣਿ ਗਗਨ ਅਰੁ ਤਾਰੇ ॥ ਰਵਿ ਸਸਿ ਪਵਣੁ ਪਾਵਕੁ ਨੀਰਾਰੇ ॥ ਦਿਨਸੁ ਰੈਣਿ ਬਰਤ ਅਰੁ ਭੇਦਾ ॥ ਸਾਸਤ੍ਰ ਸਿੰਮ੍ਰਿਤਿ ਬਿਨਸਹਿਗੇ ਬੇਦਾ॥੩॥ਤੀਰਥ ਦੇਵ ਦੇਹੁਰਾ ਪੋਥੀ॥ਮਾਲਾ ਤਿਲਕੁ ਸੋਚ ਪਾਕ ਹੋਤੀ ॥ ਧੋਤੀ ਡੰਡਉਤਿ ਪਰਸਾਦਨ ਭੋਗਾ ॥ ਗਵਨੁ ਕਰੈਗੋ ਸਗਲੋ ਲੋਗਾ ॥ ੪ ॥ ਜਾਤਿ ਵਰਨ ਤੁਰਕ ਅਰੁ ਹਿੰਦੂ ॥ ਪਸੁ ਪੰਖੀ ਅਨਿਕ ਜੋਨਿ ਜਿੰਦੂ ॥ ਸਗਲ ਪਾਸਾਰੁ ਦੀਸੈ ਪਾਸਾਰਾ ॥ ਬਿਨਸਿ ਜਾਇਗੋ ਸਗਲ ਆਕਾਰਾ ॥ ੫॥ ਸਹਜ ਸਿਫਤਿ ਭਗਤਿ ਤਤੁ ਗਿਆਨਾ॥ ਸਦਾ ਅਨੰਦੁ ਨਿਹਚਲੁ ਸਚੁ ਥਾਨਾ ॥ ਤਹਾ ਸੰਗਤਿ ਸਾਧ ਗੁਣ ਰਸੈ ॥ ਅਨਭਉ ਨਗਰੁ ਤਹਾ ਸਦ ਵਸੈ॥ ॥੬॥ ਤਹ ਭਉ ਭਰਮਾ ਸੋਗੁ ਨ ਚਿੰਤਾ ॥ ਆਵਣੁ ਜਾਵਣੁ ਮਿਰਤ ਨ ਹੋਤਾ॥ ਤਹ ਸਦਾ ਅਨੰਦ ਅਨਹਤ ਆਖਾਰੇ ॥ ਭਗਤ ਵਸਹਿ ਕੀਰਤਨ ਆਧਾਰੇ ॥ ੭॥ ਪਾਰਬ੍ਰਹਮ ਕਾ ਅੰਤੁ ਨ ਪਾਰੁ ॥ ਕਉਣੁ ਕਰੈ ਤਾਕਾ ਬੀਚਾਰੁ ॥ ਕਹੁ ਨਾਨਕ ਜਿਸੁ ਕਿਰਪਾ ਕਰੈ ॥ ਨਿਹਚਲ ਥਾਨੁ ਸਾਧ ਸੰਗਿ ਤਰੈ ॥ ੮ ॥੪॥

ਤਬ ਸਿਧੀ 'ਆਦੇਸੁ ! ਆਦੇਸੁ !' ਕੀਤਾ, ਤਬ ਬਾਬਾ ਬੋਲਿਆ, 'ਆਦਿ ਪੁਰਖ ਕਉ ਆਦੇਸੁ' । ਤਬ ਗੁਰੂ ਬਾਬਾ ਘਰਿ ਆਇਆ ।

## ੫੩. ਸ੍ਰੀ ਲਹਿਣਾ ਪ੍ਰੀਖਯਾ, ਦਾਸੀ ਤੁਲਸਾਂ.

ਆਗਿਆ ਪਰਮੇਸਰ ਕੀ ਹੋਈ, ਜੋ ਇਕੁ ਸਿਖੁ ਜਾਤਿ ਭੱਲਾ ਖਡੂਰ ਵਿਚਿ 'ਗੁਰੂ ਗੁਰੂ' ਜਪੈ । ਅਤੈ ਹੋਰੁ ਸਾਰਾ ਖਡੂਰ ਦੁਰਗਾ ਨੂੰ ਮੰਨੈ । ਅਤੈ ਓਸ ਸਿਖ ਦੇ ਨਾਲਿ ਸਭ ਖੇਚਰੀ ਕਰਨਿ। ਤਿਹਨਾ ਦੈ ਮਹਲੈ ਰਹੈ, ਤਿਸ ਦਾ ਪੁਜਾਰੀ ਲਹਿਣਾ ਰਾਹੈ । ਤਬ ਇਕ ਦਿਨਿ ਉਹੁ ਸਿਖੁ ਬੈਠਾ ਜਪੁ ਪੜਦਾ ਥਾ,ਤਬ ਗੁਰੂ ਅੰਗਦਿ ਜੀ†

---

*ਇਹ ਸ਼ਬਦ ਪੰਚਮ ਪਾਤਸ਼ਾਹ ਜੀ ਦਾ ਹੈ, ਲਿਖਾਰੀ ਦੀ ਭੁੱਲ ਹੈ ।

†ਜਿਨ੍ਹਾਂ ਨੂੰ ਪਿਛਲੀ ਤੁਕ ਵਿਚ ਲਹਿਣਾ ਲਿਖ ਆਇਆ ਹੈ, ਓਹਨਾਂ ਨੂੰ ਕਰਤਾ ਹੁਣੇ ਹੀ 'ਗੁਰੂ ਅੰਗਦ' ਲਿਖਦਾ ਹੈ । ਅਗੇ ਸਾਖੀ ੫੪ ਵਿਚ ਇਹੋ ਲੇਖਕ ਲਿਖਦਾ ਹੈ ਕਿ ਤਦ ਲਹਿਣੇ ਤੇ 'ਗੁਰੂ ਅੰਗਦ' ਨਾਉਂ ਰਖਿਆ ਸੋ ਏਥੇ ਕਰਤਾ ਦੀ ਹੋਰ ਭੁੱਲ ਹੈ ਕਿ ਹੁਣੇ ਹੀ ਉਨ੍ਹਾਂ ਨੂੰ ਗੁਰੂ ਅੰਗਦ ਲਿਖਦਾ ਹੈ ।

ਸੁਣਿਆ, ਸੁਣਿ ਕਰਿ ਪੁਛਿਆ 'ਜੋ ਏਹੁ ਸਬਦ ਕਿਸਦਾ ਹੈ ?'। ਤਬ ਉਹੁ ਸਿਖੁ ਬੋਲਿਆ, ਆਖਿਓਸੁ 'ਜੀ ਏਹੁ ਸਬਦੁ ਗੁਰੂ ਨਾਨਕ ਦਾ ਹੈ'। ਤਦਾਂਹੁ ਗੁਰੂ ਅੰਗਦ ਜੀ ਉਸ ਸਿਖ ਦੈ ਨਾਲਿ ਰਲਿ ਆਇਆ, ਆਇ ਪੈਰੀ ਪਇਆ। ਦਰਸਨੁ ਦੇਖਣੇ ਨਾਲੇ ਹਥਹੁੰ ਪੈਰਹੁੰ ਘੁੰਗਰੂ ਤੋੜਿ ਸੁਟਿਅਸੁ, ਗੁਰੂ ਗੁਰੂ ਲਗਾ ਜਪਣਿ। ਟਹਲ ਕਰਣਿ ਆਵੈ, ਭਾਂਡੇ ਮਾਂਜੈ, ਪਖਾ ਫੇਰੈ।

ਤਬ ਇਕ ਦਿਨਿ ਗੁਰੂ ਅੰਗਦ ਜੀ ਪਿਛਲੀ ਰਾਤਿ ਗਏ, ਜਾਂ ਦੇਖੈ ਤਾਂ ਸੂਹੇ ਬਸਤ੍ਰ ਪੈਧੇ ਬੈਠੀ ਇਸਤ੍ਰੀ ਚਿਕਦੀ ਹੈ। ਤਬ ਗੁਰੂ ਅੰਗਦ ਜੀ ਬੇਨਤੀ ਕੀਤੀ, 'ਜੋ ਜੀ ! ਏਹੁ ਕਉਣੁ ਥੀ ਪਾਤਸਾਹ !'। ਤਬ ਬਾਬੇ ਆਖਿਆ, 'ਅੰਗਦਾ ! ਏਹੁ ਦੁਰਗਾ ਥੀ, ਸੋ ਅਠਵੇਂ ਦਿਹਾੜੈਂ ਗੁਰੂ ਕੀ ਸੇਵਾ ਕਰਣਿ ਆਂਵਦੀ ਹੈ'। ਤਬ ਗੁਰੂ ਅੰਗਦ ਪੈਰੀ ਪਇਆ। ਤਬ ਆਗਿਆ ਪਰਮੇਸਰ ਕੀ ਨਾਲਿ ਇਕ ਦਿਨਿ ਬਾਬੇ ਕਾ ਪੈਰੁ ਹਲਦਾ ਥਾ। ਜਬ ਗੁਰੂ ਅੰਗਦੁ ਦੇਖੈ ਤਾਂ ਕਈ ਜੀਅ ਪੈਰਾਂ ਨਾਲਿ ਵਿਦਾ ਹੋਂਦੇ ਹੈਨਿ।

ਤਦਹੁੰ ਗੁਰੂ ਅੰਗਦ ਨੂ ਇਕ ਦਿਨਿ ਸਾਹੁਰਿਓਂ ਕਪੜੈ ਆਏ, ਤਬ ਗੁਰੂ ਅੰਗਦ ਜੀ ਜੋੜਾ ਲਾਇਆ। ਤਬ ਗੁਰੂ ਬਾਬੇ ਜੀ ਕੀ ਆਗਿਆ ਹੋਈ 'ਜਾਹਿ ਘਾਸੁ ਲੈ ਆਉ'। ਤਬ ਗੁਰੂ ਅੰਗਦੁ ਜੀ ਘਾਸੁ ਲੈ ਆਇਆ ਧਾਈਆਂ ਵਿਚਹੁ। ਤਬ ਕਪੜੇ ਸਭੇ ਚਿਕੜ ਨਾਲਿ ਭਰੇ। ਤਾਂ ਮਾਤਾ* ਜੀ ਡਿਠਾ। ਤਬ ਬਾਬੇ ਨੂੰ ਕਲਪਣਿ ਲਾਗੀ, ਆਖਿਓਸੁ, ਨਾਨਕ ! ਤੈ ਇਹੁ ਭੀ ਗਵਾਇਆ ਸੰਸਾਰ ਦਿਹੁੰ ਕੰਮਹੁੰ ਪੁਤ੍ਰ ਪਰਾਇਆ। ਜੋ ਕਪੜਿਆਂ ਉਪਰਿ ਚਿਕੜੁ ਪਾਇ ਲੈ ਆਇਆ'। ਤਬ ਬਾਬਾ ਹਸਿਆ ਆਖਿਓਸੁ 'ਮਾਤਾ* ! ਏਹੁ ਚਿਕੜੁ ਨਾਹੀ, ਇਹੁ ਚੰਦਨੁ ਹੈ ਦੀਨ ਦੁਨੀਆ ਕਾ।' ਤਬ ਮਾਤਾ ਜੀ ਚੁਪ ਕਰਿ ਰਹੀ। ਤਬ ਬਾਬਾ ਜੀ ਜਾਇ ਸੁਤਾ। ਰਸੋਈ ਕਾ ਵਖਤੁ ਹੋਇਆ ਤਬ ਬਾਂਦੀ ਲਗੀ ਜਗਾਵਣਿ। ਤਬ ਬਾਬੇ ਦੇ ਚਰਣ ਜੀਭ ਨਾਲਿ ਚਟਿਅਸੁ। ਚਟਣੇ ਨਾਲਿ ਜਬ ਦੇਖੈ ਤਾਂ ਬਾਬਾ ਜੀ ਸਮੁੰਦ੍ਰ ਵਿਚਿ ਖੜਾ ਹੈ। ਸਿਖਾਂ ਦਾ ਬੋਹਿਥੁ ਨਾਲਿ ਧਕਾ ਦੇਂਦਾ ਹੈ, ਕਢਦਾ ਹੈ। ਤਬ ਮਾਤਾ ਭੀ ਆਇ ਗਈ। ਤਾਂ ਮਾਤਾ ਆਖਿਓਸੁ,'ਨਾਨਕ ਜਾਗਿਆਹੈ?'ਤਬ ਬਾਂਦੀ ਆਖਿਓਸੁ, 'ਨਾਨਕੁ ਏਥੈ ਨਾਹੀ, ਮਾਤਾ ਜੀ ! ਸਮੁੰਦ੍ਰ ਵਿਚਿ ਖੜਾ ਹੈ'। ਤਾਂ ਮਾਤਾ ਬਾਂਦੀ ਜੋਗੁ ਲਗੀ ਮਾਰਣਿ। ਆਖਿਓਸੁ, 'ਏਹ ਭੀ ਲਗੀ ਮਸਕਰੀਆ ਕਰਣਿ।' ਤਬ ਬਾਬਾ ਜਾਗਿਆ ਤਾਂ ਮਾਤਾ ਆਖਿਆ,'ਬੇਟਾ,ਇਹ ਭੀ ਗੋਲੀ ਲਗੀ ਮਸਕਰੀਆਂ ਕਰਣ, ਆਖੈ ਜੁ–ਨਾਨਕੁ ਸਮੁੰਦ੍ਰ ਵਿਚਿ ਖੜਾ ਹੈ–' ਤਬ ਬਾਬੇ ਆਖਿਆ, ਮਾਤਾ ਜੀ ! ਕਮਲੀ ਗੋਲੀ ਦੈ ਆਖਿਐ ਲਗਣਾ ਨਾਹੀ'। ਤਬ ਬਾਂਦੀ ਕਮਲੀ ਹੋਇ ਗਈ।

---

*ਮੁਰਾਦ ਗੁਰੂ ਨਾਨਕ ਦੇਵ ਜੀ ਦੀ ਮਾਤਾ ਹੈ।

ਪਰੁ ਦਰਸਨ ਕਾ ਸਦਕਾ ਸੰਗਤਿ ਰਲੀ*। ਤਬ ਲੋਕ ਬਹੁਤ ਨਾਉਂ ਧਰੀਕ ਹੋਏ।

## ੫੪. ਲਹਿਣੇ ਤੋਂ ਅੰਗਦ.

ਤਦਹੁੰ ਆਗਿਆ ਨਾਲ ਗੋਰਖਨਾਥੁ ਆਇ ਗਇਆ ਬਾਬੇ ਪਾਸ ਤਾਂ ਆਖਿਓਸੁ, 'ਬਹੁਤੁ ਪਾਸਾਰਾ ਕੀਤੋਹੀ ?' ਤਬ ਬਾਬੇ ਆਖਿਆ, 'ਗੋਰਖਨਾਥੁ ! ਅਸਾਡੈ ਕੋਈ ਹੋਵੈਗਾ, ਤਾਂ ਆਪੇ ਦੇਖਹੁਗੇ'। ਤਬ ਬਾਬਾ ਜੀ ਬਾਹਰਿ ਆਇਆ, ਤਾਂ ਲੋਕ ਨਾਉ ਧਰੀਕ ਪਿਛੇ ਬਹੁਤ ਲਾਗੇ। ਤਾਂ ਆਗਿਆ ਨਾਲਿ ਧਰਤੀ ਪੈਸਿਆਂ ਕੀ ਹੋਈ। ਤਬ ਬਹੁਤ ਲੋਕ ਪੈਸੇ ਲੈਕਰਿ ਉਠਿਆਏ। ਜੋ ਆਗੇ ਜਾਵਨਿ, ਤਾਂ ਰੁਪਈਯੇ ਪਏ ਹੈਨਿ। ਤਾਂ ਬਹੁਤ ਲੋਕ ਰੁਪਈਯੇ ਲੈਕਰਿ ਉਠਿ ਆਏ। ਜਬ ਅਗੈ ਜਾਵਨਿ ਤਾਂ ਮੁਹਰਾਂ ਪਈਆਂ ਹੈਨਿ, ਜੋ ਕੋਈ ਰਹਿਆ ਥਾ ਸੋ ਮੁਹਰਾਂ ਲੇਕਰਿ ਉਠਿ ਆਇਆ। ਤਦ ਦੁਇ ਸਿਖ ਨਾਲਿ ਰਹੇ। ਤਬ ਅਗੈ ਜਾਵਨਿ, ਤਾਂ ਇਕੁ ਚਿਖਾ ਜਲਦੀ ਹੈ, ਤਿਸਕੇ ਉਪਰਿ ਚਾਰਿ ਚਰਾਗਿ ਜਲਦੇ ਹੈਨਿ, ਅਤੇ ਚਾਦਰ ਤਾਣੀ ਮੁਰਦਾ ਸੁਤਾ ਪਇਆ ਹੈ, ਪਰੁ ਦੁਰਗੰਧ ਬਸੁ ਆਂਵਦੀ ਹੈ। ਤਬ ਬਾਬੇ ਬਚਨੁ ਕੀਤਾ, ਆਖਿਓਸੁ, 'ਕੋਈ ਹੈ ਜੁ ਇਸਨੂ ਭਖੈ ?' ਤਬ ਦੂਸਰਾ ਸਿਖੁ ਜੋ ਥਾ, ਸੋ ਉਨਿ ਮੁਹੁ ਫੇਰਿ ਕਰਿ ਥੁਕੁ ਸੁਟੀ, ਥੁਕਾ ਸੁਟਿ ਕਰਿ ਚਲਦਾ ਰਹਿਆ। ਤਬ ਇਕ ਗੁਰੂ ਅੰਗਦੁ ਆਇ ਰਹਿਆ। ਤਬ ਬਚਨੁ ਲੈਕਰਿ ਜਾਇ ਖੜਾ ਰਹਿਆ। ਤਾਂ ਆਖਿਓਸੁ 'ਜੀ ਕਿਸ ਵਲਿ ਤੇ ਮੁਹੁ ਪਾਈ ?'। ਤਬ ਬਚਨੁ ਹੋਇਆ 'ਪੈਰਾਂ ਵਲ ਮੁਹੁ ਪਾਵਣਾ'। ਜਬ ਗੁਰੂ ਅੰਗਦ ਚਾਦਰ ਉਠਾਵੈ, ਤਾਂ ਗੁਰੂ ਨਾਨਕ ਸੁਤਾ ਪਇਆ ਹੈ। ਤਾਂ ਗੋਰਖ ਕਾ ਬਚਨੁ ਹੋਇਆ, ਜੋ 'ਨਾਨਕ ਤੇਰਾ ਗੁਰੂ ਸੋਈ, ਜੋ ਤੇਰੇ ਅੰਗ ਤੇ ਪੈਦਾ ਹੋਵੈਗਾ'। ਤਬ ਲਹਿਣੈ ਤੈ ਗੁਰੂ ਅੰਗਦੁ ਨਾਉਂ ਰਖਿਆ, ਤਾਂ ਗੋਰਖਨਾਥੁ ਵਿਦਾ ਹੋਇਆ। ਬਾਬਾ ਡੇਰੈ ਆਇਆ ਤਾਂ ਲੋਕ ਬਹੁਤੁ ਪਛੋਤਾਵਣਿ ਲਗੈਂ ਜੋ ਪੈਸਿਆਂ ਵਾਲੈ ਆਖਦੇ ਹੈਨਿ 'ਜੇ ਅਗੈ ਜਾਂਦੇ ਤਾਂ ਰੁਪਈਐ ਲੈ ਆਂਵਦੇ'। ਅਤੇ ਰੁਪਈਆਂ ਵਾਲੈ ਆਖਦੇ ਹੈਨਿ, 'ਜੋ ਅਸੀਂ ਆਗੈ ਜਾਂਦੈ ਤਾਂ ਮੁਹਰਾਂ ਲੈ ਆਂਵਦੇ'। ਤਬ ਬਾਬਾ ਬੋਲਿਆ ਸਬਦੁ ਰਾਗੁ ਸ੍ਰੀ ਰਾਗੁ ਵਿਚਿ ਮਃ ੧॥—

ਲੇਖੈ ਬੋਲਣੁ ਬੋਲਣਾ ਲੇਖੈ-ਖਾਣਾ ਖਾਉ ॥ ਲੇਖੈ ਵਾਟ ਚਲਾਈਆ ਲੇਖੈ ਸੁਣਿ ਵੇਖਾਉ॥ ਲੇਖੈ ਸਾਹ ਲਵਾਈਅਹਿ ਪੜੇ ਕਿ ਪੁਛਣ ਜਾਉ॥ ੧॥

---

*ਇਸ ਇਬਾਰਤ ਤੋਂ ਜਾਪਦਾ ਹੈ ਕਿ ਇਹ ਸਾਖੀ ਗੁਰੂ ਜੀ ਦੀ ਪਹਿਲੀ ਅਵਸਥਾ ਦੀ ਹੈ, ਜਦੋਂ ਲੋਕੀ ਉਹਨਾਂ ਨੂੰ ਦਿਵਾਨਾ ਆਦਿਕ ਕਹਿੰਦੇ ਸਨ। ਇਸ ਵੇਲੇ ਤਾਂ ਉਹ ਕਰਤਾਰਪੁਰੇ ਵਿਚ ਜਗਤ ਪੂਜ ਹਨ ਤੇ ਚਾਰ ਚੁਫੇਰੇ ਤੋਂ ਜਗਤ ਆ ਮੱਥੇ ਟੇਕ ਰਿਹਾ ਹੈ। ਇਸੇ ਪੋਥੀ ਵਿਚ ਸਾਖੀ ੫੪ ਵਿਚ ਗੋਰਖ ਕਹਿੰਦਾ ਹੈ 'ਬਹੁਤ ਪਸਾਰਾ ਕੀਤੋਹੀ' ਜਿਸ ਤੋਂ ਮਾਲੂਮ ਹੁੰਦਾ ਹੈ ਕਿ ਗੁਰੂ ਜੀ ਦਾ ਐਸ਼੍ਵਰਜ ਪ੍ਰਤਾਪ ਬੜਾ ਵਧ ਚੁਕਾ ਸੀ।

ਬਾਬਾ ਮਾਇਆ ਰਚਨਾ ਧੋਹੁ ॥ ਅੰਧੈ ਨਾਮੁ ਵਿਸਾਰਿਆ ਨਾ ਤਿਸੁ ਏਹ ਨ ਓਹੁ॥੧॥ਰਹਾਉ॥ਜੀਵਣ ਮਰਣਾ ਜਾਇਕੈ ਏਥੈ ਖਾਜੈ ਕਾਲਿ ॥ ਜਿਥੈ ਬਹਿ ਸਮਝਾਈਐ ਤਿਥੈ ਕੋਇ ਨ ਚਲਿਓ ਨਾਲਿ ॥ ਰੋਵਣੁ ਵਾਲੇ ਜੇਤੜੇ ਸਭਿ ਬੰਨਹਿ ਪੰਡ ਪਰਾਲਿ॥੨॥ਸਭੁਕੋ ਆਖੈ ਬਹੁਤੁ ਬਹੁਤੁ ਘਟਿ ਨ ਆਖੈ ਕੋਇ॥ ਕੀਮਤਿ ਕਿਨੈ ਨ ਪਾਈਆ ਕਹਣਿ ਨ ਵਡਾ ਹੋਇ॥ ਸਾਚਾ ਸਾਹਬੁ ਏਕੁ ਤੂ ਹੋਰਿ ਜੀਆ ਕੇਤੇ ਲੋਅ ॥ ੩ ॥ ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕੁ ਤਿਨਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥ ੪ ॥ ੩ ॥

## ੫੫. ਮਖਦੂਮ ਬਹਾਵਦੀ ਦਾ ਚਲਾਣਾ.

ਤਬ ਇਕ ਦਿਨ ਪਰਮੇਸਰ ਕੀ ਆਗਿਆ ਹੋਈ ਜੋ ਮਖਦੂਮ ਬਹਾਵਦੀ ਮੁਲਤਾਨ ਕਾ ਪੀਰੁ ਮਸੀਤ ਕਉ ਆਇਆ ਥਾ, ਈਦਗਾਹ ਕੈ ਦਿਨਿ, ਮੁਰੀਦੁ ਲੋਕ ਬਹੁਤੁ ਨਾਲਿ ਆਏ ਥੇ ਨਮਾਜ ਗੁਜਾਰਣਿ । ਤਦਹੁੰ ਮਖਦੂਮ ਬਹਾਵਦੀ ਕੀ ਅਖੀ ਭਰਿ ਆਈਆ ਅੰਝੂ, ਲਗਾ ਬੈਰਾਗੁ ਕਰਣਿ । ਤਬ ਮੁਰੀਦਾਂ ਪੁਛਿਆ ਜੋ 'ਜੀਵੈ ਪੀਰ ਸਲਾਮਤਿ ! ਸੁ ਤੁਸੀ ਜੋ ਰੋਏ, ਸੋ ਕਿਉਂ ਰੋਏ ?' ਤਬ ਮਖਦੂਮ ਬਹਾਵਦੀ ਆਖਿਆ, 'ਏ ਬੰਦਿਓ ਖੁਦਾਇ ਕਿਓ ! ਇਹ ਬਾਤਿ ਕਹਣੇ ਕੀ ਨਾਂਹੀ'।ਤਾਂ ਮੁਰੀਦਾਂ ਆਖਿਆ,'ਜੀਵੈ ਪੀਰ ਸਲਾਮਤਿ ਮਿਹਰਿ ਕਰਿਕੈ ਆਖੀਐ'। ਤਬ ਮਖਦੂਮ ਬਹਾਵਦੀ ਆਖਿਆ 'ਏ ਯਾਰੋ ! ਅਜ ਤੇ ਈਂਮਾਨੁ ਕਿਸੇ ਕਾ ਠਉੜ ਰਹੈਗਾ ਨਾਂਹੀ, ਸਭ ਬੇਈਮਾਨ ਹੋਇ ਜਾਵਨਿਗੇ'। ਤਬ ਮੁਰੀਦਾ ਕਹਿਆ, 'ਜੀਵੈ ਪੀਰ ਸਲਾਮਤ ! ਮਿਹਰ ਕਰਿਕੈ ਦਸੀਐ'। ਤਬ ਮਖਦੂਮ ਬਹਾਵਦੀ ਆਖਿਆ 'ਯਾਰੋ ! ਇਕ ਹਿੰਦੂ ਜਬ ਭਿਸਤ ਕਉ ਆਵੈਗਾ । ਤਬ ਭਿਸਤ ਵਿਚਿ ਉਜਾਲਾ ਹੋਵੈਗਾ'। ਤਬ ਜਿਤਨੇ ਸਿਆਣੇ ਥੇ, ਤਿਤਨਿਆ ਕਾ ਇਮਾਨ ਠਉੜ ਨ ਰਹਿਆ, ਤਾਂ ਲਗੇ ਆਖਣਿ 'ਜੀਵੈ ਪੀਰ ਸਲਾਮਤਿ ! ਜੋ ਪੜੇ ਲੋਕ ਆਖਦੇ ਹਿਨਿ, ਜੋ ਹਿੰਦੂ ਕਉ ਭਿਸਤੁ ਲਿਖਿਆ ਨਾਹੀ, ਅਤੈ ਤੁਸਾਂ ਇਉਂ ਆਖਿਆ ਹੈ ਸੋ ਕਿਉ ਕਰਿ ਜਾਣੀਐ'। ਤਬ ਮਖਦੂਮ ਬਹਾਵਦੀ ਆਖਿਆ 'ਜੋ ਤੁਸਾਂ ਵਿਚਿ ਕੋਈ ਭਲਾ ਪੜਿਆ ਸਿਆਣਾ ਹੋਵੈ ਸੋ ਲੈ ਆਵਹੁ'। ਤਬ ਉਨਾਂ ਇਕੁ ਇਲਮਵਾਨ ਹਾਜਰੁ ਕੀਤਾ, ਤਬ ਮਖਦੂਮ ਬਹਾਵਦੀ ਇਕੁ ਸਲੋਕੁ ਲਿਖਿ ਦਿਤਾ :—

ਜੋ ਅਸਾ ਲਦਣੁ ਲਦਿਆ ਅਸਾਡੀ ਕਰਿ ਕਾਇ ॥

ਅਤੈ ਮੁਹੋਂ ਆਖਿਓਸੁ, ਜੋ 'ਨਾਨਕ ਨਾਉਂ' ਹੈ ਸੁ ਦਰਵੇਸ ਕਾ, ਤਲਵੰਡੀ*

---

*ਹੁਣ ਸ੍ਰੀ ਗੁਰੂ ਨਾਨਕ ਦੇਵ ਜੀ ਕਰਤਾਰ ਪੁਰ ਰਹਿੰਦੇ ਹਨ,ਜਦੋਂ ਗੁਰੂ ਨਾਨਕ ਜੀ ਬਾਲ ਅਵਸਥਾ ਜਾਂ ਚੜ੍ਹਦੀ ਜੁਆਨੀ ਵਿਚ ਸਨ ਤਦ ਤਲਵੰਡੀ ਰਹਿੰਦੇ ਸਨ ।

ਰਹੰਦਾ ਹੈ। ਜਬ ਮਾਂਗੈ ਤਾਂ ਦੇਵਣਾ'। ਤਦਹੁੰ ਓਹੁ ਆਦਮੀ ਤਲਵੰਡੀ ਆਇਆ, ਕੋਹਾਂ ਦੋਹੁੰ ਉਪਰਿ ਆਇ ਬੈਠਾ, ਅਤੈ ਆਖਿਓਸੁ, 'ਜੇ ਸਚੁ ਹੈ, ਤਾ ਮੈਂ ਕਉ ਸਦਾਇ ਲੇਵੈਗਾ'। ਤਬ ਬਾਬੈ ਭਸਮਾ* ਸਿਖ ਭੇਜਿਆ,ਆਖਿਓਸੁ, 'ਬਾਗ ਵਿਚਿ ਜੋ ਆਦਮੀ ਹੈ ਸੋ ਮੁਲਤਾਨ ਤੇ ਆਇਆ ਹੈ, ਮਖਦੂਮ ਬਹਾਵਦੀ ਕਾ, ਸੋ ਸਦਿ ਲੈਆਓ'। ਤਬ ਓਹੁ ਗੁਰੂ ਪਾਸਿ ਲੇਇ ਆਇਆ। ਆਇ ਪੈਰਿ ਚੁਮਿਅਸੁ। ਕਾਗਦੁ ਗੁਰੂ ਮੰਗਿ ਲਇਆ ਮਖਦੂਮ ਬਹਾਵਦੀ ਕਾ ਲਿਖਿਆ ਪੜ੍ਹਿਆ। ਜੋ ਮਖਦੂਮ ਬਹਾਵਦੀ ਲਿਖਿਆ ਹੈ :–

ਜੋ ਅਸਾ ਲਦਣੁ ਲਦਿਆ ਅਸਾਡੀ ਕਰਿ ਕਾਇ ॥

ਤਬ ਬਾਬੈ ਲਿਖਿਆ ਸਲੋਕੁ ਉਸਕੇ ਸਲੋਕ ਉਪਰ ਕੀਤਾ :–

ਜੋ ਭਰਿਆ ਸੋ ਲਦਸੀ, ਸਭਨਾਂ ਹੁਕਮੁ ਰਜਾਇ ॥
ਨਾਨਕ ਤੇ ਮੁਖ ਉਜਲੇ ਚਲੇ ਹਕੁ ਕਮਾਇ† ॥ ੧ ॥

ਤਬ ਬਾਬੈ 'ਮੁਕਤੁ ! ਮੁਕਤੁ !' ਮਖਦੂਮ ਬਹਾਵਦੀ ਕਉ ਲਿਖਿਆ, 'ਜੋ ਤੁਸੀ ਚਲਹੁ, ਅਸੀ ਭੀ ਆਵਹੰਗੇ ਚਾਲੀਹ ਦਿਨਿ ਪਿਛੈ'। ਤਿਤੁ ਮਹਲਿ ਸਬਦੁ ਹੋਇਆ, ਰਾਗੁ ਸ੍ਰੀ ਰਾਗ ਵਿਚਿ ਮ: ੧ ॥ :–

ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ॥ ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥ ੧ ॥ ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ ॥ ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥ ੧ ॥ ਰਹਾਉ ॥ ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥ ਹੰਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥ ੨ ॥ ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ॥ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ॥ ੩ ॥ ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ ॥ ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ ॥ ੪ ॥ ੨੪ ॥

ਤਬ ਓਹੁ ਆਦਮੀ ਮੁਲਤਾਨ ਗਇਆ। ਤਦਹੁ ਮਖਦੂਮ ਬਹਾਵਦੀ ਆਪਣਿਆਂ ਮੁਰੀਦਾਂ ਨਾਲਿ ਬਾਹਰਿ ਆਇਆ। ਅਗਹੁੰ ਓਹੁ ਇਕੁ ਨਾਉ ਲੈ ਆਇਆ‡। ਤਬ ਮਖਦੂਮ ਬਹਾਵਦੀ ਦੇਖਿ ਕਰਿ ਲਾਗਾ ਬੈਰਾਗੁ ਕਰਣਿ। ਤਬ ਮੁਰੀਦਾਂ ਪੁਛਿਆ 'ਜੀ ਤੁਸੀ ਕਿਉਂ ਰੋਇ ?' ਤਬ ਮਖਦੂਮ ਬਹਾਵਦੀ ਆਖਿਆ,

---

*ਵਲੈਤ ਵਾਲੇ ਨੁਸਖੇ ਵਿਚ 'ਭ' ਤੇ 'ਸ' ਉਡੇ ਹੋਏ ਹਨ ਤੇ ਥਾਂ ਖਾਲੀ ਹੈ ਤੇ ਅਗੇ 'ਮਾ' ਸਾਬਤ ਦਿੱਸਦਾ ਹੈ। ਇਹ ਪੂਰਾ ਨਾਮ 'ਭਸਮਾ' ਪਦ ਖਾਲਸਾ ਕਾਲਜ ਵਾਲੇ ਨੁਸਖੇ ਤੋਂ ਪਾਇਆ ਹੈ।

†ਇਹ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਹੈ, ਬਾਹਰ ਦਾ ਹੈ, ਗੁਰਬਾਣੀ ਨਹੀਂ।

‡'ਅਗਹੁ.....ਤੋਂ.....ਲੈ ਆਇਆ' ਤੱਕ ਦਾ ਪਾਠ ਹਾ:ਵਾ:ਨੁ: ਵਿਚ ਨਹੀਂ ਹੈ।

'ਯਾਰੋ ! ਅਸਾ ਲਿਖਿਆ ਆਹਾ, ਜੋ—ਤੁਸੀ ਚਲਹੁ, ਤ ਨਾਲ ਚਲਹੁ ਇਕਠੇ ਖੁਦਾਇ ਕੀ ਦਰਗਾਹ ਜਾਵਹਿੰ—।ਤਾਂ ਓਨਾ ਅਗਿਅਹੁ ਲਿਖਿਆ ਹੈ, ਜੋ—ਤੁਸੀ ਚਲਹੁ ਅਸੀ ਭੀ ਆਂਵਹਗੇ ਚਲੀਹ ਦਿਨ ਪਿਛਹੁ—। ਤਾਂ ਯਾਰੋ ! ਅਸਾਂ ਓਨਾ ਚਾਲੀਹਾ ਦਿਨ ਕਾ ਫਿਕਰੁ ਹੈ, ਜੋ ਚਾਲੀਹ ਦਿਨ ਅੰਨੇਰੇ ਰਹਣਾ ਹੋਵੈਗਾ। ਏ ਯਾਰੋ ! ਉਨਾਂ ਦਿਨਾਂ ਨੂ ਮੈਂ ਰੋਂਦਾ ਹਾਂ, ਜੋ ਕਿਉਂਕਰਿ ਗੁਦਰਾਨੁ ਹੋਵਨਿਗੇ। ਜੇ ਓਹੁ ਚਲਦੇ, ਤਾ ਸੁਖਾਲੇ ਚਾਨਣੇ ਨਾਲਿ ਜਾਂਦੇ'। ਤਬ ਮਖਦੂਮ ਬਹਾਵਦੀ ਕਾ ਚਲਾਣਾ ਹੋਇਆ। ਤਦਹੁ ਮੁਰੀਦਾਂ ਲੋਕਾਂ ਦੈ ਦਿਲਿ ਕਰਾਰੁ ਆਇਆ।

## ੫੬. ਸ੍ਰੀ ਗੁਰੂ ਅੰਗਦ ਜੀ ਨੂੰ ਗੁਰਿਆਈ.

ਤਬ ਬਾਬਾ ਜੀ ਰਾਵੀ ਦੈ ਕਿਨਾਰੈ ਆਇਆ। ਤਦਹੁ ਪੈਸੇ ਪੰਜਿ ਬਾਬੇ ਜੀ ਗੁਰੂ ਅੰਗਦ ਜੀ ਕੈ ਅਗੈ ਰਖਿਕੇ ਪੈਰੀ ਪਇਆ। ਤਦਹੁ ਪਰਵਾਰ ਵਿਚਿ ਖਬਰਿ ਹੋਈ, ਤਾਂ ਸਰਬਤਿ ਸੰਗਤਿ ਵਿਚਿ ਖਬਰਿ ਹੋਈ। ਤਬ ਜੋ ਗੁਰੂ ਬਾਬਾ ਚਲਾਣੈ ਦੈ ਘਰਿ ਹੈ। ਤਦਹੁੰ ਸੰਗਤੀ ਦਰਸਨਿ ਆਈਆਂ। ਹਿੰਦੂ ਮੁਸਲਮਾਨ ਸਭਿ ਆਏ। ਤਦਹੁੰ ਗੁਰੂ ਅੰਗਦੁ ਹਥਿ ਜੋੜਿ ਖੜਾ ਹੋਆ। ਤਬ ਬਾਬੈ ਆਖਿਆ, 'ਕੁਛੁ ਮੰਗੁ'। ਤਬ ਗੁਰੂ ਅੰਗਦੁ ਜੀ ਆਖਿਆ 'ਜੀ ਪਾਤਿਸਾਹੁ ! ਤੁਧੁ ਭਾਵੈ ਤਾਂ ਏਹ ਜੋ ਸੰਗਤਿ ਨਾਲਹੁ ਤੁਟੀ ਹੈ, ਸੋ ਲੜਿ ਲਾਈਐ ਜੀ'। ਤਬ ਬਚਨ ਹੋਇਆ ਗੁਰੂ ਅੰਗਦ ਨੂੰ ਜੋ 'ਤੇਰਾ ਸਦਕਾ ਸਭਾ ਬਖਸ਼ੀ'। ਤਬ ਗੁਰੂ ਅੰਗਦੁ ਪੈਰੀ ਪਇਆ। ਉਤ ਮਹਲਿ ਸਬਦੁ ਹੋਇਆ ਰਾਗ ਮਾਝ ਵਿਚ ਮਹਲਾ ੧* ॥:—ਮਾਝ ਮਹਲਾ੫॥

ਓਤਿ ਪੋਤਿ ਸੇਵਕ ਸੰਗਿ ਰਾਤਾ ॥ ਪ੍ਰਭ ਪ੍ਰਤਿਪਾਲੇ ਸੇਵਕ ਸੁਖ ਦਾਤਾ ॥ ਪਾਣੀ ਪਖਾ ਪੀਸਉ ਸੇਵਕ ਕੈ ਠਾਕੁਰ ਹੀ ਕਾ ਆਹਰੁ ਜੀਉ ॥੧॥ ਕਾਟਿ ਸਿਲਕ ਪ੍ਰਭਿ ਸੇਵਾ ਲਾਇਆ॥ ਹੁਕਮੁ ਸਾਹਿਬ ਕਾ ਸੇਵਕ ਮਨਿ ਭਾਇਆ॥ ਸੋਈ ਕਮਾਵੈ ਜੋ ਸਾਹਿਬ ਭਾਵੈ ਸੇਵਕੁ ਅੰਤਰਿ ਬਾਹਰਿ ਮਾਹਰੁ ਜੀਉ॥੨॥ ਤੂੰ ਦਾਨਾ ਠਾਕੁਰੁ ਸਭ ਬਿਧਿ ਜਾਨਹਿ ॥ ਠਾਕੁਰ ਕੇ ਸੇਵਕ ਹਰਿ ਰੰਗ ਮਾਣਹਿ ॥ ਜੋ ਕਿਛੁ ਠਾਕੁਰ ਕਾ ਸੋ ਸੇਵਕ ਕਾ ਸੇਵਕੁ ਠਾਕੁਰ ਹੀ ਸੰਗਿ ਜਾਹਰੁ ਜੀਉ ॥੩॥ ਅਪੁਨੈ ਠਾਕੁਰਿ ਜੋ ਪਹਿਰਾਇਆ ॥ ਬਹੁਰਿ ਨ ਲੇਖਾ ਪੁਛਿ ਬੁਲਾਇਆ ॥ ਤਿਸੁ ਸੇਵਕ ਕੈ ਨਾਨਕ ਕੁਰਬਾਣੀ ॥ ਸੋ ਗਹਿਰ ਗਭੀਰਾ ਗਉਹਰੁ ਜੀਉ ॥ ੪ ॥ ੧੮ ॥ ੨੫ ॥

## ੫੭. ਜੋਤੀ ਜੋਤ ਸਮਾਉਣਾ.

ਤਦਹੁੰ ਗੁਰੂ ਬਾਬਾ ਸਰੀਹ ਤਲੈ ਜਾਇ ਬੈਠਾ। ਸਰੀਹੁ ਸੁਕਾ ਖੜਾ ਬਾ, ਸੋ ਹਰਿਆ ਹੋਆ। ਪਾਤ ਫੁੱਲ ਪਏ। ਤਬ ਗੁਰੂ ਅੰਗਦ ਪੈਰੀ ਪਇਆ। ਤਬ

*ਇਹ ਸਬਦ ਪੰਚਮ ਸਤਿਗੁਰੂ ਜੀ ਦਾ ਹੈ, ਲਿਖਾਰੀ ਦੀ ਭੁੱਲ ਹੈ।

ਮਾਤਾ ਜੀ ਬੈਰਾਗੁ ਲਗੀ ਕਰਣਿ । ਤਿਤੁ ਮਹਲਿ ਸਬਦੁ ਹੋਇਆ । ਭਾਈ ਬੰਧੁ ਪਰਵਾਰੁ ਸਭ ਲਗੇ ਰੋਵਣਿ । ਤਦਹੁੰ ਰਾਗ ਵਡਹੰਸੁ ਵਿਚਿ ਸਬਦੁ ਹੋਇਆ:–

ਰਾਗੁ ਵਡਹੰਸੁ ਮਹਲਾ ੧ ॥

ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ॥ਮੁਹਲਤਿ ਪੁਨੀ ਪਾਈ ਭਰੀ ਜਾਨੀਅੜਾ ਘਤਿ ਚਲਾਇਆ ॥ ਜਾਨੀ ਘਤਿ ਚਲਾਇਆ ਲਿਖਿਆ ਆਇਆ ਰੁੰਨੇ ਵੀਰ ਸਬਾਏ। ਕਾਂਇਆ ਹੰਸ ਥੀਆ ਵੇਛੋੜਾ ਜਾ ਦਿਨ ਪੁੰਨੇ ਮੇਰੀ ਮਾਏ ॥ ਜੇਹਾ ਲਿਖਿਆ ਤੇਹਾ ਪਾਇਆ ਜੇਹਾ ਪੁਰਬਿ ਕਮਾਇਆ॥ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ॥੧॥ ਸਾਹਿਬੁ ਸਿਮਰਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ॥ ਏਥੈ ਧੰਧਾ ਕੂੜਾ ਚਾਰਿ ਦਿਹਾ ਆਗੈ ਸਰਪਰ ਜਾਣਾ॥ ਆਗੈ ਸਰਪਰ ਜਾਣਾ ਜਿਉ ਮਿਹ-ਮਾਣਾ ਕਾਹੇ ਗਾਰਬੁ ਕੀਜੈ ॥ ਜਿਤੁ ਸੇਵਿਐ ਦਰਗਹ ਸੁਖੁ ਪਾਈਐ ਨਾਮੁ ਤਿਸੈ ਕਾ ਲੀਜੈ॥ਆਗੈ ਹੁਕਮੁ ਨ ਚਲੇ ਮੂਲੇ ਸਿਰਿ ਸਿਰਿ ਕਿਆ ਵਿਹਾਣਾ॥ ਸਾਹਿਬੁ ਸਿਮਰਿਹੁ ਮੇਰੇਭਾਈਹੋ ਸਭਨਾ ਏਹੁ ਪਇਆਣਾ॥੨॥ਜੋ ਤਿਸੁ ਭਾਵੈ ਸੰਮ੍ਰਥ ਸੋ ਥੀਐ ਹੀਲੜਾ ਏਹੁ ਸੰਸਾਰੋ ॥ ਜਲਿ ਥਲਿ ਮਹੀਅਲਿ ਰਵਿ ਰਹਿਆ ਸਾਚੜਾ ਸਿਰਜਣ ਹਾਰੋ ॥ ਸਾਚਾ ਸਿਰਜਣ ਹਾਰੋ ਅਲਖ ਅਪਾਰੋ ਤਾਕਾ ਅੰਤੁ ਨ ਪਾਇਆ ॥ ਆਇਆ ਤਿਨਕਾ ਸਫਲੁ ਭਇਆ ਹੈ ਇਕ ਮਨਿ ਜਿਨੀ ਧਿਆਇਆ ॥ ਢਾਹੇ ਢਾਹਿ ਉਸਾਰੇ ਆਪੇ ਹੁਕਮਿ ਸਵਾਰਣ ਹਾਰੋ ॥ ਜੋ ਤਿਸੁ ਭਾਵੈ ਸੰਮ੍ਰਥ ਸੋ ਥੀਐ ਹੀਲੜਾ ਏਹੁ ਸੰਸਾਰੋ ॥੩॥ ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ ॥ ਵਾਲੇਵੇ ਕਾਰਣਿ ਬਾਬਾ ਰੋਈਐ ਰੋਵਣੁ ਸਗਲ ਬਿਕਾਰੋ ॥ ਰੋਵਣੁ ਸਗਲ ਬਿਕਾਰੋ ਗਾਫਲੁ ਸੰਸਾਰੋ ਮਾਇਆ ਕਾਰਣਿ ਰੋਵੈ ॥ ਚੰਗਾ ਮੰਦਾ ਕਿਛੁ ਸੂਝੈ ਨਾਹੀ ਇਹੁ ਤਨੁ ਏਵੈ ਖੋਵੈ ॥ ਐਥੈ ਆਇਆ ਸਭੁ ਕੋ ਜਾਸੀ ਕੂੜਿ ਕਰਹੁ ਅਹੰਕਾਰੋ ॥ ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ ॥ ੪ ॥ ੧ ॥

ਤਬ ਸੰਗਤਿ ਲਗੀ ਸਬਦੁ ਗਾਵਣਿ ਅਲਾਹਣੀਆ । ਤਬ* ਬਾਬਾ ਬਿਸਮਾਦ ਦੈ ਘਰਿ ਆਇਆ । ਤਿਤੁ ਮਹਲਿ ਹੁਕਮੁ ਹੋਇਆ, ਰਾਗੁ ਤੁਖਾਰੀ ਕੀਤਾ, ਬਾਬਾ ਬੋਲਿਆ ਬਾਰਹਮਾਹਾ, ਰਾਤਿ, ਅੰਮ੍ਰਿਤ ਵੇਲਾ ਹੋਆ, ਚਲਾਣੇ ਕੈ ਵਖਤਿ :–

ਤੁਖਾਰੀ ਛੰਤ ਮਹਲਾ ੧ ਬਾਰਹਮਾਹਾ

੧ ੴ ਸਤਿਗੁਰ ਪ੍ਰਸਾਦਿ ॥

ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ ॥ ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂ ਭਲਾ॥ਹਰਿ ਰਚਨਾ ਤੇਰੀ ਕਿਆ ਗਤਿ ਮੇਰੀ ਹਰਿ ਬਿਨੁ ਘੜੀ ਨ ਜੀਵਾ ॥ ਪ੍ਰਿਅ ਬਾਝੁ ਦੁਹੇਲੀ ਕੋਇ ਨ ਬੇਲੀ ਗੁਰਮੁਖਿ ਅੰਮ੍ਰਿਤੁ ਪੀਵਾਂ॥

---

*'ਤਬ' ਪਾਠ ਹਾ: ਵਾ: ਨੁ: ਦਾ ਹੈ ।

ਰਚਨਾ ਰਾਚਿ ਰਹੇ ਨਿਰੰਕਾਰੀ ਪ੍ਰਭ ਮਨਿ ਕਰਮ ਸੁਕਰਮਾ ॥ ਨਾਨਕ ਪੰਥੁ
ਨਿਹਾਲੇ ਸਾਧਨ ਤੂ ਸੁਣਿ ਆਤਮ ਰਾਮਾ॥੧॥ਬਾਬੀਹਾ ਪ੍ਰਿਉ ਬੋਲੇ ਕੋਕਿਲ
ਬਾਣੀਆ ॥ ਸਾਧਨ ਸਭਿ ਰਸ ਚੋਲੈ ਅੰਕਿ ਸਮਾਣੀਆ ॥ ਹਰਿ ਅੰਕਿ
ਸਮਾਣੀ ਜਾ ਪ੍ਰਭ ਭਾਣੀ ਸਾ ਸੋਹਾਗਣਿ ਨਾਰੇ ॥ ਨਵ ਘਰ ਥਾਪਿ ਮਹਲ
ਘਰੁ ਊਚਉ ਨਿਜ ਘਰਿ ਵਾਸੁ ਮੁਰਾਰੇ ॥ ਸਭ ਤੇਰੀ ਤੂ ਮੇਰਾ ਪ੍ਰੀਤਮੁ ਨਿਸਿ
ਬਾਸੁਰ ਰੰਗਿ ਰਾਵੈ ॥ ਨਾਨਕ ਪ੍ਰਿਉ ਪ੍ਰਿਉ ਚਵੈ ਬਬੀਹਾ ਕੋਕਿਲ ਸਬਦਿ
ਸੁਹਾਵੈ ॥ ੨ ॥ ਤੂ ਸੁਣਿ ਹਰਿ ਰਸ ਭਿੰਨੇ ਪ੍ਰੀਤਮ ਆਪਣੇ ॥ ਮਨਿ ਤਨਿ
ਰਵਤ ਰਵੰਨੇ ਘੜੀ ਨ ਬੀਸਰੈ ॥ ਕਿਉ ਘੜੀ ਬਿਸਾਰੀ ਹਉ ਬਲਿਹਾਰੀ
ਹਉ ਜੀਵਾ ਗੁਣ ਗਾਏ ॥ ਨਾ ਕੋਈ ਮੇਰਾ ਹਉ ਕਿਸੁ ਕੇਰਾ ਹਰਿ ਬਿਨੁ
ਰਹਣੁ ਨ ਜਾਏ ॥ ਓਟ ਗਹੀ ਹਰਿ ਚਰਣ ਨਿਵਾਸੇ ਭਏ ਪਵਿਤ੍ਰ ਸਰੀਰਾ ॥
ਨਾਨਕ ਦ੍ਰਿਸਟਿ ਦੀਰਘ ਸੁਖੁ ਪਾਵੈ ਗੁਰਸਬਦੀ ਮਨੁ ਧੀਰਾ ॥ ੩ ॥ ਬਰਸੈ
ਅੰਮ੍ਰਿਤ ਧਾਰ ਬੂੰਦ ਸੁਹਾਵਣੀ॥ ਸਾਜਨ ਮਿਲੇ ਸਹਜਿ ਸੁਭਾਇ ਹਰਿ ਸਿਉ
ਪ੍ਰੀਤਿ ਬਣੀ ॥ ਹਰਿ ਮੰਦਰਿ ਆਵੈ ਜਾ ਪ੍ਰਭ ਭਾਵੈ ਧਨ ਊਭੀ ਗੁਣ ਸਾਰੀ॥
ਘਰਿ ਘਰਿ ਕੰਤੁ ਰਵੈ ਸੋਹਾਗਣਿ ਹਉ ਕਿਉ ਕੰਤਿ ਵਿਸਾਰੀ॥ਉਨਵਿ ਘਨ
ਛਾਏ ਬਰਸੁ ਸੁਭਾਏ ਮਨਿ ਤਨਿ ਪ੍ਰੇਮੁ ਸੁਖਾਵੈ ॥ ਨਾਨਕ ਵਰਸੈ ਅੰਮ੍ਰਿਤ
ਬਾਣੀ ਕਰਿ ਕਿਰਪਾ ਘਰਿ ਆਵੈ॥੪॥ ਚੇਤੁ ਬਸੰਤੁ ਭਲਾ ਭਵਰ ਸੁਹਾਵੜੇ॥
ਬਨ ਫੂਲੇ ਮੰਝਿ ਬਾਰਿ ਮੈ ਪਿਰੁ ਘਰਿ ਬਾਹੁੜੈ ॥ ਪਿਰੁ ਘਰਿ ਨਹੀ ਆਵੈ
ਧਨ ਕਿਉ ਸੁਖੁ ਪਾਵੈ ਬਿਰਹਿ ਬਿਰੋਧ ਤਨੁ ਛੀਜੈ॥ ਕੋਕਿਲ ਅੰਬਿ ਸੁਹਾਵੀ
ਬੋਲੈ ਕਿਉ ਦੁਖੁ ਅੰਕਿ ਸਹੀਜੈ ॥ ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ
ਮਰੁ ਮਾਏ ॥ ਨਾਨਕ ਚੇਤਿ ਸਹਜਿ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ
ਪਾਏ ॥੫॥ ਵੈਸਾਖੁ ਭਲਾ ਸਾਖਾ ਵੇਸ ਕਰੇ ॥ ਧਨ ਦੇਖੈ ਹਰਿ ਦੁਆਰਿ
ਆਵਹੁ ਦਇਆ ਕਰੇ॥ ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ
ਨ ਮੋਲੋ ॥ ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ ॥ ਦੂਰਿ ਨ
ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ ॥ ਨਾਨਕ ਵੈਸਾਖੀਂ ਪ੍ਰਭੁ
ਪਾਵੈ ਸੁਰਤਿ ਸਬਦਿ ਮਨੁ ਮਾਨਾ ॥ ੬ ॥ ਮਾਹੁ ਜੇਠੁ ਭਲਾ ਪ੍ਰੀਤਮੁ ਕਿਉ
ਬਿਸਰੈ ॥ ਥਲ ਤਾਪਹਿ ਸਰ ਭਾਰ ਸਾਧਨ ਬਿਨਉ ਕਰੈ ॥ ਧਨ ਬਿਨਉ
ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ॥ ਸਾਚੈ ਮਹਲਿ ਰਹੈ ਬੈਰਾਗੀ
ਆਵਣ ਦੇਹਿ ਤ ਆਵਾ॥ ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ
ਮਹਲੀ॥ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ॥੭॥
ਆਸਾੜੁ ਭਲਾ ਸੂਰਜੁ ਗਗਨਿ ਤਪੈ॥ ਧਰਤੀ ਦੂਖ ਸਹੈ ਸੋਖੈ ਅਗਨਿ ਭਖੈ॥
ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ॥ਰਥੁ ਫਿਰੈ ਛਾਇਆ
ਧਨ ਤਾਕੈ ਟੀਡੁ ਲਵੈ ਮੰਝਿ ਬਾਰੇ ॥ ਅਵਗਣ ਬਾਧਿ ਚਲੀ ਦੁਖੁ ਆਗੈ

ਸੁਖੁ ਤਿਸੁ ਸਾਚੁ ਸਮਾਲੇ॥ਨਾਨਕ ਜਿਸਨੋ ਇਹੁ ਮਨੁ ਦੀਆ ਮਰਣੁ ਜੀਵਣੁ ਪ੍ਰਭ ਨਾਲੇ ॥੮॥ ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ ॥ ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ ॥ ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ॥ ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ ॥ ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ ॥ ਨਾਨਕ ਸਾ ਸੋਹਾਗਣਿ ਕੰਤੀ ਪਿਰਕੈ ਅੰਕਿ ਸਮਾਵਏ ॥ ੯ ॥ ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ ॥ ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ ॥ ਬਰਸੈ ਨਿਸਿਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ ॥ ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ॥ ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ॥ ਨਾਨਕ ਪੂਛਿ ਚਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ ॥ ੧੦ ॥ ਅਸੁਨਿ ਆਉ ਪਿਰਾ ਸਾਧਨ ਝੂਰਿ ਮੁਈ ॥ ਤਾ ਮਿਲੀਐ ਪ੍ਰਭ ਮੇਲੇ ਦੂਜੈ ਭਾਇ ਖੁਈ ॥ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ ॥ ਆਗੈ ਘਾਮ ਪਿਛੈ ਰੁਤਿ ਜਾਡਾ ਦੇਖਿ ਚਲਤ ਮਨੁ ਡੋਲੇ ॥ ਦਹਦਿਸਿ ਸਾਖ ਹਰੀ ਹਰੀ-ਆਵਲ ਸਹਜਿ ਪਕੈ ਸੋ ਮੀਠਾ ॥ ਨਾਨਕ ਅਸੁਨਿ ਮਿਲਹੁ ਪਿਆਰੇ ਸਤਿਗੁਰ ਭਏ ਬਸੀਠ॥੧੧॥ ਕਤਕਿ ਕਿਰਤੁ ਪਇਆ ਜੋ ਪ੍ਰਭ ਭਾਇਆ॥ ਦੀਪਕੁ ਸਹਜਿ ਬਲੈ ਤਤਿ ਜਲਾਇਆ ॥ ਦੀਪਕ ਰਸ ਤੇਲੋ ਧਨ ਪਿਰ ਮੇਲੋ ਧਨ ਓਮਾਹੈ ਸਰਸੀ ॥ ਅਵਗਨ ਮਾਰੀ ਮਰੈ ਨ ਸੀਝੈ ਗੁਣਿ ਮਾਰੀ ਤਾ ਮਰਸੀ॥ਨਾਮੁ ਭਗਤਿ ਦੇ ਨਿਜ ਘਰਿ ਬੈਠੇ ਅਜਹੁ ਤਿਨਾੜੀ ਆਸਾ॥ਨਾਨਕ ਮਿਲਹੁ ਕਪਟ ਦਰ ਖੋਲਹੁ ਏਕ ਘੜੀ ਖਟੁ ਮਾਸਾ ॥ ੧੨ ॥ ਮੰਘਰ ਮਾਹੁ ਭਲਾ ਹਰਿਗੁਣ ਅੰਕਿ ਸਮਾਵਏ॥ ਗੁਣਵੰਤੀ ਗੁਣ ਰਵੈ ਮੈ ਪਿਰੁ ਨਿਹਚਲੁ ਭਾਵਏ ॥ ਨਿਹਚਲੁ ਚਤੁਰੁ ਸੁਜਾਣੁ ਬਿਧਾਤਾ ਚੰਚਲੁ ਜਗਤੁ ਸਬਾਇਆ ॥ ਗਿਆਨੁ ਧਿਆਨੁ ਗੁਣ ਅੰਕਿ ਸਮਾਣੇ ਪ੍ਰਭ ਭਾਣੇ ਤਾ ਭਾਇਆ ॥ ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮਿ ਦੁਖੁ ਭਾਗੈ ॥ ਨਾਨਕ ਸਾ ਧਨ ਨਾਹ ਪਿਆਰੀ ਅਭ ਭਗਤੀ ਪਿਰ ਆਗੈ ॥ ੧੩ ॥ ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ ॥ ਆਵਤ ਕੀ ਨਾਹੀ ਮਨਿ ਤਨਿ ਵਸਹਿ ਮੁਖੇ॥ ਮਨਿ ਤਨਿ ਰਵਿ ਰਹਿਆ ਜਗ ਜੀਵਨੁ ਗੁਰ ਸਬਦੀ ਰੰਗੁ ਮਾਣੀ ॥ ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ ॥ ਦਰਸਨੁ ਦੇਹੁ ਦਇਆ ਪਤਿ ਦਾਤੇ ਗਤਿ ਪਾਵਉ ਮਤਿ ਦੇਹੋ ॥ ਨਾਨਕ ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ ॥੧੪॥ ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ ॥ ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ ॥ ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿਨਾਵਾ ॥ ਗੰਗ ਜਮੁਨ ਤਹ ਬੇਣੀ ਸੰਗਮ

ਸਾਤ ਸਮੁੰਦ ਸਮਾਵ॥ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤ॥ ਨਾਨਕ ਮਾਘਿ ਮਹਾਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ ॥ ੧੫ ॥ ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ ॥ ਅਨਦਿਨੁ ਰਹਸੁ ਭਇਆ ਆਪੁ ਗਵਾਇਆ॥ਮਨਮੋਹੁ ਚੁਕਾਇਆ ਜਾ ਤਿਸੁ ਭਾਇਆ ਕਰਿ ਕਿਰਪਾ ਘਰਿ ਆਓ॥ ਬਹੁਤੇ ਵੇਸ ਕਰੀ ਪਿਰ ਬਾਝਹੁ ਮਹਲੀ ਲਹਾ ਨ ਥਾਓ॥ਹਾਰ ਡੋਰ ਰਸ ਪਾਟ ਪਟੰਬਰ ਪਿਰਿ ਲੋੜੀ ਸੀਗਾਰੀ॥ ਨਾਨਕ ਮੇਲਿ ਲਈ ਗੁਰਿ ਅਪਣੈ ਘਰਿ ਵਰੁ ਪਾਇਆ ਨਾਰੀ॥ ੧੬ ॥ ਬੇਦ ਸਮਾਹ ਰੁਤੀ ਥਿਤੀ ਵਾਰ ਭਲੇ ॥ ਘੜੀ ਮੂਰਤ ਪਲ ਸਾਚੇ ਆਏ ਸਹਜਿ ਮਿਲੇ॥ ਪ੍ਰਭ ਮਿਲੇ ਪਿਆਰੇ ਕਾਰਜ ਸਾਰੇ ਕਰਤਾ ਸਭ ਬਿਧਿ ਜਾਣੈ॥ਜਿਨਿ ਸੀਗਾਰੀ ਤਿਸਹਿ ਪਿਆਰੀ ਮੇਲੁ ਭਇਆ ਰੰਗੁ ਮਾਣੈ ॥ ਘਰਿ ਸੇਜ ਸੁਹਾਵੀ ਜਾ ਪਿਰਿ ਰਾਵੀ ਗੁਰਮੁਖਿ ਮਸਤਕਿ ਭਾਗੋ ॥ ਨਾਨਕ ਅਹਿਨਿਸਿ ਰਾਵੈ ਪ੍ਰੀਤਮੁ ਹਰਿ ਵਰੁ ਥਿਰੁ ਸੋਹਾਗੋ ॥ ੧੭ ॥ ੧ ॥

ਤਿਤੁ ਮਹਲਿ ਜੋ ਸਬਦੁ ਹੋਆ, ਸੋ ਪੋਥੀ ਜੁਬਾਨਿ ਗੁਰੂ ਅੰਗਦ ਜੋਗ* ਮਿਲੀ। ਤਦਹੁੰ ਪੁਤ੍ਰਾਂ ਆਖਿਆ 'ਅਸਾਡਾ ਕਿਆ ਹਵਾਲ ਹੋਵੈਗਾ ?*' ਤਬ ਗੁਰੂ ਬੋਲਿਆ ਬਚਨੁ*,ਆਖਿਆ ਜੋ 'ਬੇਟਾ ! ਗੁਰੂਕਿਆਂ ਕੁਤਿਆਂ ਨੂ ਭੀ ਕਮੀ ਨਾਂਹੀ, ਰੋਟੀਆਂ ਕਪੜੇ ਬਹੁਤੁ ਹੋਵਨਿਗੇ, ਅਤੈ ਗੁਰੂ ਗੁਰੂ ਜਪਹੁਗੇ ਤਾਂ ਜਨਮੁ ਸਵਰੇਗਾ'। ਤਬ ਹਿੰਦੂ ਮੁਸਲਮਾਨ ਨਾਉ ਧਰੀਕ ਲਗੇ ਆਖਣਿ। ਮੁਸਲਮਾਨ ਲਗੇ ਆਖਣਿ 'ਅਸੀ ਦਬਹਿੰਗੇ'। ਅਤੇ ਹਿੰਦੂ ਲਾਗੇ ਆਖਣਿ 'ਜੋ ਅਸੀ ਜਲਾਹਾਂਗੇ'। ਤਬ ਬਾਬੇ ਆਖਿਆ 'ਜੋ ਤੁਸੀ ਦੁਹਾਂ ਵਲੀ ਫੁਲ ਰਖਹੁ, ਦਾਹਣੀ ਵਲਿ ਹਿੰਦੂਆਂ ਕੇ ਰਖਹੁ, ਅਤੈ ਬਾਵੀ ਵਲਿ ਮੁਸਲਮਾਨਾਂ ਕੇ ਰਖਹੁ, ਜਿਸਦੇ ਭਲਕੇ ਹਰੇ ਰਹਿਨਿਗੇ, ਜੇ ਹਿੰਦੂਆ ਕੇ ਹਰੇ ਰਹਨਿ ਤਾਂ ਜਾਲਹਿੰਗੈ ਅਤੈ ਜੋ ਮੁਸਲਮਾਨਾਂ ਕੇ ਹਰੇ ਰਹਨਿਗੇ ਤਾਂ ਦਬਹਿੰਗੇ'। ਤਬ ਬਾਬੈ ਸੰਗਤਿ ਨੂੰ ਹੁਕਮੁ ਕੀਤਾ, 'ਕੀਰਤਿਨੁ ਪੜਹੁ'। ਤਬ ਸੰਗਤਿ ਲਗੀ ਕੀਰਤਨੁ ਪੜਣਿ ॥ ੧ ॥ ਰਾਗ ਗਉੜੀ ਪੂਰਬੀ ਮਹਲਾ ੧ ॥

ਸੋਹਿਲਾ ਰਾਗੁ ਗਉੜੀ ਦੀਪਕੀ ਮਹਲਾ ੧ ॥

੧ ਓ ਸਤਿਗੁਰਪ੍ਰਸਾਦਿ ॥

ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ ॥ ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ ॥ ੧ ॥ ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ ॥ ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ ॥ ੧ ॥ ਰਹਾਉ ॥

---

*ਵਲੈਤ ਵਾਲੇ ਨੁਸਖੇ ਵਿਚ ਏਥੇ ਅੱਖਰ ਮਿਟੇ ਹੋਣ ਕਰ ਕੇ ਇਸ ਥਾਵੇਂ ਦੋ ਦੋ ਚਾਰ ਚਾਰ ਅੱਖਰ ਖ਼ਾਲਸਾ ਕਾਲਜ ਵਾਲੇ ਨੁਸਖੇ ਤੋਂ ਪਾਏ ਗਏ ਹਨ। ਯਥਾ ਤਰਤੀਬ ਵਾਰ ੧."'ਗਦ ਜੋਗ। ੨. ਹਵਾਲ ਹੋਵੈਗਾ। ੩. ਬਚਨੁ ਆਖਿ"'।

ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ ॥ ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ ॥੨॥ ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ ॥ ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥ ੩ ॥ ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ ॥ ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ ॥ ੪ ॥ ੧ ॥

ਰਾਗੁ ਆਸਾ ਮਹਲਾ ੧॥ਛਿਅ ਘਰ ਛਿਅ ਗੁਰ ਛਿਅ ਉਪਦੇਸ॥ਗੁਰੁ ਗੁਰੁ ਏਕੋ ਵੇਸ ਅਨੇਕ॥੧॥ਬਾਬਾ ਜੈ ਘਰਿ ਕਰਤੇ ਕੀਰਤਿ ਹੋਇ॥ ਸੋ ਘਰੁ ਰਾਖੁ ਵਡਾਈ ਤੋਇ ॥ ੧ ॥ ਰਹਾਉ ॥ ਵਿਸੁਏ ਚਸਿਆ ਘੜੀਆ ਪਹਿਰਾ ਥਿਤੀ ਵਾਰੀ ਮਾਹੁ ਹੋਆ॥ਸੂਰਜੁ ਏਕੋ ਰੁਤਿ ਅਨੇਕ॥ਨਾਨਕ ਕਰਤੇ ਕੇ ਕੇਤੇ ਵੇਸ ॥੨॥

ਧਨਾਸਰੀ ਰਾਗ ਹੋਆ, *ਆਰਤੀ ਗਾਵੀ। ਤਿਤ ਮਹਲਿ ਕੀਰਤਨੁ ਹੋਆ ਸਬਦ, ਤਬ ਸਲੋਕ ਪੜਿਆ :–

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥ ੧ ॥

ਜਬ ਸਲੋਕ ਪੜਿਆ, ਤਬਿ ਬਾਬੈ† ਚਾਦਰ ਉਪਰਿ ਲੈ ਕਰਿ ਸੁਤਾ। ਸੰਗਤਿ ਮਥਾ ਟੇਕਿਆ। ਜਬ ਚਾਦਰ ਉਠਾਵਨਿ ਤਾ ਕੁਛੁ ਨਾਹੀ। ਤਦਹੁੰ ਫੁਲ ਦੁਹਾਂ ਕੇ ਹਰੇ ਰਹੈ। ਹਿੰਦੂ ਆਪਣੇ ਲੈ ਗਏ, ਅਤੈ ਮੁਸਲਮਾਨ ਆਪਣੈ ਲੈ ਗਏ। ਸਰਬਤਿ ਸੰਗਤਿ ਪੈਰੀ ਪਈ। ਬੋਲਹੁ ਵਾਹਗੁਰੂ ॥ ੧ ॥ ਸੰਮਤ ੧੫੯੫ ਮਿਤੀ ਅਸੂ ਸੁਦੀ ੧੦ ॥ ਬਾਬਾ ਨਾਨਕੁ ਜੀ ਸਮਾਣੈ ਕਰਤਾਰਿ ਪੁਰਿ। ‡ਬੋਲਣਾ ਹੋਆ। ਵਾਹਗੁਰੂ ਵਾਹਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ। ਸਾਖੀ ਸੰਪੂਰਨ ਹੋਈ। ਕੁ)ਕੁਕੇ[A] ਬਖਸਿ ਲੈਣਾ। ਅਭੁਲੁ ਗੁਰੂ ਬਾਬਾ ਜੀ। ਬੋਲਹੁ ਵਾਹਿਗੁਰੂ ਜੀ ਕੀ ਫਤੈ

---

*ਏਥੇ ਵਲੈਤ ਵਾਲੇ ਨੁਸਖੇ ਵਿਚ ਅੱਧੀ ਸਤਰ ਮਿਟੀ ਹੋਈ ਹੈ, ਤੇ ਹੋਰ ਕਿਸੇ ਨੁਸਖੇ ਵਿਚ ਬੀ ਇਹ ਪਾਠ ਨਹੀਂ ਮਿਲਿਆ ਪਰ ਮਤਲਬ ਫਿਰ ਭੀ ਪੂਰਾ ਹੋ ਜਾਂਦਾ ਹੈ। †ਏਥੇ ਵੀ ਵਲੈਤ ਵਾਲੇ ਨੁਸਖੇ ਵਿਚ ਅੱਧੀਆਂ ਅੱਧੀਆਂ ਸਤਰਾਂ ਨਹੀਂ ਹਨ। ਇਹ ਪਾਠ ੧. '···ਆ ਤਬਿ ਬਾਬੈ ਚਾਦ···'। ਤੇ ੨. 'ਸੁਤਾ। ਸੰਗਤਿ ਮਥਾ' ਖਾ:ਕਾ:ਦੇ ਨੁ: ਤੋਂ ਪਾਏ ਹਨ। ‡ਇਥੋਂ ਅਗਲਾ ਪਾਠ ਹਾ:ਵਾ: ਨੁ:ਵਿਚ ਨਹੀਂ ਹੈ।

[A]ਇਥੇ ਨੁਸਖੇ ਵਿਚ ਇਕ ਕਕੇ ਨੂੰ ਔਂਕੁੜ ਫੇਰ ਖ਼ਮਦਾਰ ਲਕੀਰ ਤੇ ਫੇਰ ਕਕਾ ਔਂਕੜ ਵਾਲਾ ਆਉਂਦਾ ਹੈ,ਉਤਾਰੇ ਵਾਲੇ ਨੇ 'ਭੁਲ ਚੁਕ'ਦਾ ਗ਼ਲਤ ਉਤਾਰਾ ਕੀਤਾ ਮਲੂਮ ਹੁੰਦਾ ਹੈ।

ਹੋਈ* । ਤੇਰਾ ਪਰਾਨਾ† ਹੈ ॥ ੧ ॥ ੧ ॥

੧ ਓ ਸ੍ਰੀ ਸਤਿਗੁਰੂਪ੍ਰਸਾਦਿ ॥ ਕੀਚੈ ਨੇਕਿ ਨਾਮੀ ਜਿ ਦੇਵੈ ਖੁਦਾਇ ॥ ਜੋ ਦੀਸੈ ਜਿਮੀ ਪਰਿ ਸੋ ਹੋਸੀ ਫਨਾਹਿ ॥ ਦਾਇਮੁ ਨ ਦਉਲਤ ਕਸੇ ਬੇ ਸੁਮਾਰਿ ॥ ਨ ਰਹੈ ਗਈਆ ਕਰੋੜੀ‡

—ਇਤੀ—

## ਅੰਤਕਾ

(ਸਾਖੀ ੨੯ ਵਿਚੋਂ)

ਸਤਿਗੁਰੂ ਪ੍ਰਸਾਦਿ॥ਵਾਹਿਗੁਰੂ ਕੀ ਮਿਰਜਾਦਾ ॥ ਚਹੁ ਅੱਖਰਾ ਕਾ ਮਥੰਤੁ ॥ ਜੁਗ ਚਾਲੀਹਾਂ ਵਿਚਿ ਹੋਆ॥੪੦॥ ਚਾਲੀਹ ਜੁਗ ਬੈਠ ਮਿਹਨਤ ਕੀਤੀ ॥੪੧॥ਅਗੇ ਪਉੜੀ ਚਲੀ॥ਇਕ ਕਰੋੜਿ ਬਹੱਤਰਲਾਖ ਅਠਾਈ ਹਜ਼ਾਰ॥੧੭੨੨੮੦੦੦॥ ਅਨੰਤ ਜੁਗ ਏਤੇ ਜੁਗ ਅਨੰਤ ਮਹਿ ਰਹਿਆ॥ ਸਹਜਿ ਵਾਣਿ ਮਹਿ ਵਾਹ ਵਾਹ ਕਰਿਆ ॥ ਕਹੁ ਨਾਨਕ ਅਨੰਤ ਜੁਗ ਕੀ ਗਾਥਾ ॥ ਵਾਹ ਵਾਹ ਜਪਤਿਆ ਸਭ ਦੁਖ ਲਾਥਾ ॥ ੧ ॥ ਇਕ ਕਰੋੜਿ ਅਠਾਹਟਿ ਲਾਖ ਅਠਤਾਲੀਹ ਹਜ਼ਾਰ ॥

---

*'ਵਾਹਿਗੁਰੂ ਜੀ ਕੀ ਫਤਹ ਹੋਈ' ਇਹ ਪਾਠ ਵਲੈਤ ਗਈ ਸਾਖੀ ਦੇ ਅਖੀਰਲੇ ਸਫੇ ਤੇ ਉਸੇ ਕਲਮ ਉਸੇ ਤਰਜ਼ ਲਿਖਤ ਵਿਚ ਹੈ, ਜਿਸ ਤੋਂ ਇਹ ਅਨੁਮਾਨ ਹੋ ਸਕਦਾ ਹੈ ਕਿ ਇਸ ਜਨਮ ਸਾਖੀ ਦਾ ਕਰਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸਾ ਪ੍ਰਗਟ ਕਰਨ ਤੋਂ ਮਗਰੋਂ ਸੰ: ੧੭੫੫ ਬਿ: ਦੇ ਬਾਦ ਹੋਇਆ ਹੈ। ਜੇ ਫਰਜ਼ ਕਰੋ ਕਿ ਕਰਤਾ ਪਹਿਲੇ ਹੋਇਆ ਹੈ, ਤਾਂ ਵਲੈਤ ਅੱਪੜੇ ਨੁਸਖੇ ਦੀ ਲਿਖਤ ਦੀ ਤਾਰੀਖ ੧੭੫੫ ਬਿ: ਦੇ ਮਗਰੋਂ ਦੀ ਹੈ, ਤੇ ਉਤਾਰਾ ਕਰਨ ਵਾਲੇ ਲਿਖਾਰੀ ਨੇ ਇਹ ਸਤਰ ਆਪ ਲਿਖ ਦਿੱਤੀ ਹੈ। ਕਿਉਂਕਿ 'ਵਾਹਿਗੁਰੂ ਜੀ ਕੀ ਫਤਹ' ਇਹ ਦਸਮੇ ਸਤਿਗੁਰ ਜੀ ਨੇ 'ਅੰਮ੍ਰਿਤ' ਵੇਲੇ ਖ਼ਾਲਸੇ ਜੀ ਨੂੰ ਵਾਕ ਆਖਿਆ ਹੈ।

†ਮੁਰਾਦ ਹੈ ਪਰਣਾ = ਆਸਰਾ।

‡ਬਸ ਐਥੇ ਤਕ ਹੀ ਪਾਠ ਹੈ, ਅਗੇ ਨਹੀ ਹੈ। ਜਾਪਦਾ ਹੈ ਜੋ ਅਗੇ ਪੱਤਰੇ ਫਟ ਚੁਕੇ ਹਨ ਤੇ ਨਾਲ ਨਹੀਂ ਰਹੇ। ਇਹ ਗੁਰਬਾਣੀ ਨਹੀਂ, ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਹੈ। ਹਾ: ਬਾ: ਨੁਸਖੇ ਵਿਚ ਬੀ ਨਹੀਂ ਹੈ।ਕੋਈ ਪਰਥਾਇ ਬੀ ਨਹੀਂ ਦਸਿਆ ਤੇ ਪੋਥੀ ਮੁਕਾ ਕੇ ਮਗਰੋਂ ਲਿਖਿਆ ਹੈ,ਸੋ ਜਾਪਦਾ ਹੈ ਕਿ ਕਿਸੇ ਲਿਖਾਰੀ ਨੇ ਉਤਾਰੇ ਵੇਲੇ ਆਪ ਲਿਖਿਆ ਹੈ।

੧੬੮੪੮੦੦੦ ॥ ਦੁਰਲੰਬਿਆ ਜੁਗ ਵਾਹ ਵਾਹ ਕੀਨਾ ॥ ਸਹਜਿਵਾਣਿ ਵਾਹ ਵਾਹ ਜਪਿ ਲੀਨਾ ॥ ਕਹੁ ਨਾਨਕ ਦੁਰਲੰਬਿਆ ਜੁਗ ਕੀ ਗਾਥਾ ॥ ਵਾਹ ਵਾਹ ਜਪਤਿਆ ਸਭ ਦੁਖ ਲਾਥਾ ॥੨॥ (ਇਸ ਤਰ੍ਹਾਂ ੪੦ ਜੁਗਾਂ ਦੇ ਬਾਦ ਜੁਗਾਵਲੀ ਦੇ ਅਖੀਰ ਇਹ ਪਾਠ ਹੈ:–) ਨਾਨਕ ਤੇ ਅੰਗਦੁ ਹੋਆ ਜੋਤੀ ਜੋਤਿ ਮਿਲਾਇ ॥ ਨਾਨਕ ਆਈ ਪੰਥਕੇ ਕਿਆ ਗੁਨ ਕਹਾ ਸੁਨਾਇ ॥

ਆਈ ਪੰਥ* ਕੀ ਕਥਾ ਸੁਰਨਰ ਨਾ ਜਾਨਿਤ, ਜੁਗਾਵਲੀ ਲਿਖਿ ਸੰਪੂਰਨ ਹੋਈ।* ਬੋਲਹੁ ਵਾਹਿਗੁਰੂ। (ਅਗੇ ਸਾਖੀ ਵਿਚ ਐਉਂ ਪਾਠ ਹੈ:–) ਸਤਿਗੁਰੂ ਪ੍ਰਸਾਦਿ ॥ ਤਬ ਬਾਬੇ ਦੀ ਖੁਸੀ ਹੋਈ। ਤਬ ਝੰਡਾ ਬਾਢੀ ਬਿਸਹਰ ਦੇਸ ਕਉ ਬਿਦਾ ਕੀਤਾ। ਝੰਡੇ ਬਾਢੀ ਕੀ ਮੰਜੀ ਬਿਸੀਆਰੁ ਦੇਸ ਵਿਚਿ ਹੈ। ਕਲਿਜੁਗ ਚਾਰ ਹਜ਼ਾਰ ਸਤ ਸੈ ਪੈਂਤੀਸ ਬਰਸ ਵਰਤਿਆ ਹੈ ੪੭੩੫†, ਕਲਜੁਗ ਰਹਿਆ ਚਾਰ ਲਾਖ ਸਤਾਈਹ ਹਜਾਰ ਦੁਇ ਸੈ ਪੈਂਹਠਿ ਬਰਸ ਰਹਿਆ, ੪੨੭੨੬੫। ਚਾਲੀਸ ਜੁਗ ਕੀ ਮਿਰਜਾਦਾ ਸੰਤੁ* ਲਿਖੀ। ਵਾਹਿਗੁਰੂ ਕੀ ਮਿਹਨਿਤਿ, ਅਗੈ ਵਾਹਿਗੁਰੂ ਕਾ ਜੋੜੁ। ਸਹਜਿਵਾਣਿ ਕਾ ਜੋੜੁ ੧੩੭੪੩੨੦੦੦ ॥ ਸੰਜਮਵਾਣਿ ਕਾ ਜੋੜੁ

---

*ਇਸ ਇਬਾਰਤ ਤੋਂ ਪਤਾ ਲਗ ਗਿਆ ਹੈ ਕਿ ਗੁਰੂ ਅੰਗਦ ਦੇਵ ਜੀ ਦੇ ਮਿਲਨ ਤੋਂ ਮਗਰੋਂ ਜੁਗਾਵਲੀ ਲਿਖੀ ਗਈ,ਪਰ ਜਿਸ ਸਮੇਂ ਸਾਖੀ ਵਾਲਾ ਕਹਿੰਦਾ ਹੈ ਕਿ ਜੁਗਾਵਲੀ ਹੋਈ ਤਦੋਂ ਗੁਰੂ ਅੰਗਦ ਜੀ ਅਜੇ ਨਹੀਂ ਮਿਲੇ ਸੇ। ਫਿਰ ਇਸ ਜੁਗਾਵਲੀ ਵਿਚ ਆਈ ਪੰਥ ਦਾ ਜ਼ਿਕਰ ਹੈ, ਜੋ ਜੋਗੀਆਂ ਦਾ ਫਿਰਕਾ ਹੈ, ਸੋ ਇਹ ਕਿਸੇ ਓਸ ਪੰਥੀ ਦੀ ਰਚਨਾ ਜਾਪਦੀ ਹੈ। ਫਿਰ ਅਖੀਰ ਲਿਖਿਆ ਹੈ ਕਿ 'ਚਾਲੀਸ ਜੁਗ ਕੀ ਮਿਰਜਾਦਾ ਸੰਤ ਲਿਖੀ' ਇਸ ਤੋਂ ਸਾਫ ਹੋ ਗਿਆ ਕਿ ਇਹ ਜੁਗਾਵਲੀ ਕਿਸੇ ਸੰਤ ਨੇ ਮਗਰੋਂ ਲਿਖੀ ਹੈ। ਇਹ ਗੁਰੂ ਉਚਾਰਿਤ ਨਹੀਂ ਹੈ।

†ਇਸ ਇਬਾਰਤ ਵਿਚੋਂ ਇਸ ਜਨਮ ਸਾਖੀ ਦੇ ਰਚੇ ਜਾਣ ਦਾ ਸੰਮਤ ਮਾਲੂਮ ਹੋ ਜਾਂਦਾ ਹੈ, ਤਰੀਕਾ ਇਸ ਗੱਲ ਦੇ ਲੱਭਣ ਦਾ ਜੋ ਸਰਦਾਰ ਕਰਮ ਸਿੰਘ ਜੀ ਹਿਸਟੋਰੀਅਨ ਨੇ ਕਢਿਆ ਹੈ ਸੋ ਐਉਂ ਹੈ ਕਿ:–ਕਿ ਉਸ ਵੇਲੇ ਕਲਜੁਗ ਬੀਤਿਆ ਸੀ ੪੭੩੫ ਵਰਹੇ, ਹੁਣ ਸੰਮਤ ਬਿਕ੍ਰਮੀ ੧੯੮੩ ਵਿਚ ਕਲਜੁਗ ਬੀਤ ਚੁਕਾ ਹੈ ੫੦੨੬ ਵਰ੍ਹੇ।

| | | |
|---|---|---|
| ੫੦੨੬ | ਵਰਹੇ | ਹੁਣ ਬੀਤਿਆ ਹੈ। |
| ੪੭੩੫ | ਵਰਹੇ | ਤਦੋਂ ਬੀਤਿਆ ਸੀ। |
| ਬਾਕੀ ੨੯੧ | | |

ਭਾਵ ਇਹ ਹੈ ਕਿ ੨੯੧ ਵਰਹੇ ਬੀਤ ਗਏ ਹਨ ਕਿ ਇਹ ਜਨਮ ਸਾਖੀ ਲਿਖੀ ਗਈ, ਕਿਉਂਕਿ ਜੁਗਾਵਲੀ ਸੰਪੂਰਨ ਕਰਕੇ ਸਾਖੀ ਦਾ ਕਰਤਾ ਆਪਣੀ

[ਬਾਕੀ ਟੂਕ ਦੇਖੋ ਪੰਨਾ ੧੩੬ ਦੇ ਹੇਠ]

੯੭੯੧੪੦੦੦। ਸੁਪਾਵਣ ਕਾ ਜੋੜੁ ੬੨੧੩੦੦੦੦। ਅਤੀਤ੍ਰਵਾਨਿਕਾ ਜੋੜੁ ੨੮੨੨੮੦੦੦੦। ਸਤਿਜੁਗ ਕਾ ਜੋੜੁ ੧੭੨੮੦੦੦ । ਤ੍ਰੇਤੇ ਜੁਗ ਕਾ ਜੋੜੁ ੧੨੪੬੦੦੦। ਦੁਆਪੁਰਿ ਜੁਗ ਕਾ ਜੋੜੁ ੮੬੪੦੦੦। ਕਲਿਜੁਗ ਕਾ ਜੋੜੁ ੪੩੨੦੦੦।ਚਹੁ ਜੁਗਾਂ ਕਾ ਜੋੜੁ ੪੩੦੨੦੦੦। ਜੁਗਾਵਲੀ ਕਾ ਜੋੜੁ। ਖੰਡੇਬਾਢੀ ਸਹਜਿਵਾਣਿ ਕੀ ਮਿਰਜਾਦਾ। ਸੰਜਮਵਾਣਿ ਕੀ ਮਿਰਜਾਦਾ। ਅਤੀਤਿਵਾਣਿ ਕੀ ਮਿਰਜਾਦਾ। ਸਤਜੁਗ ਕੀ ਮਿਰਜਾਦਾ। ਤੇਤੇ ਜੁਗ ਕੀ ਮਿਰਜਾਦਾ। ਦੁਆਪੁਰਿ ਜੁਗ ਕੀ ਮਿਰਜਾਦਾ। ਕਲਿਜੁਗ ਕੀ ਮਿਰਜਾਦਾ। ਵਾਹਿਗੁਰੂ ਕੀ ਮਿਹਨਤ ਹੋਇ ਪਹੁਤੀ ਆਦਿ ਬਿਸਆਰ ਦੇਸ ਕੇ ਨਗਰ ਛਠਘਾਟ ਕੇ।

## ਅੰਤਕਾ ੨.

(ਸਾਖੀ,੩੬ ਵਿਚੋਂ)

ਹਾਜਰਾ ਕੂ ਮਿਹਰ ਹੈ॥ ਬੇ ਹਾਜਰਾ ਕਉ ਬੇ ਮਿਹਰ ਹੈ॥ ਈਮਾਨੁ ਦੋਸਤੁ ਹੈ॥ ਬੇਈਮਾਨੁ ਕਾਫਰੁ ਹੈ॥ ਤਿਕਬਰੁ ਕਹਰੁ ਹੈ॥ ਗੁਸਾ ਹਰਾਮੁ ਹੈ॥ ਨਫਸੁ ਸ਼ੈਤਾਨੁ ਹੈ॥ ਗੁਮਾਨੁ ਕੁਫਰੁ ਹੈ॥ ਪਸ.ਗੈਬਤਿ* ਕਾ ਮੂਹੁ ਕਾਲ਼ਾ ਹੈ॥ਬੇਈਮਾਨੁ ਨਾਪਾਕੁ ਹੈ॥ ਮੋਮ ਦਿਲੁ ਪਾਕ ਹੈ॥ ਇਲਮੁ ਹਲੀਮੀ ਹੈ॥ ਬੇ ਹਿਰਸ ਅਉਲੀਆ ਹੈ॥† ਬੇ ਦਿਆਨਤਿ ਨ ਸੁ ਖਰੂ ਹੈ॥ ਅਕਿਰਤਘਣ ਜ਼ਰਦਰੂ ਹੈ॥ ਸਚੁ ਭਿਸਤੁ ਹੈ॥ ਦਰੋਗੁ ਦੋਜਕੁ ਹੈ॥ ਹਲੀਮੀ ਹਲੂਫੇ ਹੈ॥ ਜੋਰੁ ਜੁਲਮ ਹੈ॥ ਇਨਸਾਫੁ ਮੁਸਾਫੁ ਹੈ॥ ਸਿਫਤਿ ਵੁਜੂ ਹੈ॥ ਬਾਂਗ ਬਲੇਕ ਹੈ॥ ਚੋਰੀ ਲਾਲਚੁ ਹੈ॥ਜਾਰੀ ਪਲੀਤੀ ਹੈ॥ ਫਕੀਰੀ ਸਬੂਰੀ ਹੈ॥ਨਾ ਸਬੂਰੀ ਮਕਰੁ ਹੈ॥ਰਾਹੁ ਪੀਰਾ ਹੈ॥ ਬੇ ਰਾਹੁ ਬੇਪੀਰਾ ਹੈ॥

*ਕੰਡੂ ਪਿਛੇ ਚੁਗਲੀ ਮਾਰਨੀ। ਨਿੰਦਾ ਕਰਨੀ।

†ਇਥੇ ਹਾ: ਵਾ: ਨੁ: ਵਿਚ ਇਹ ਪਾਠ ਵਧ ਹੈ—ਹਿਰਸ ਬੇ ਸਬਰ ਹੈ।

[ਸਫ਼ਾ ੧੩੫ ਦੀ ਬਾਕੀ ਟੂਕ]

ਵਲੋਂ ਲਿਖਦਾ ਹੈ ਕਲਿਜੁਗ ੪੭੩੫ ਬਰਸ ਬੀਤਿਆ ਹੈ।

ਸੋ ਹੁਣ ਸੰਮਤ ਹੈ ੧੯੮੩
ਇਸ ਵਿਚੋਂ ਕੱਢੇ ੨੯੧

੧੬੯੨ ਸੰਮਤ ਸੀ ੨੯੧ ਵਰਹੇ ਪਹਿਲੋਂ।

ਇਹ ਸੰਮਤ ਬਿਕ੍ਰਮੀ ਨਿਕਲਿਆ ਜਨਮ ਸਾਖੀ ਦੇ ਲ਼ਿਖਣ ਦਾ, ਅਰਥਾਤ ੧੬੯੨ ਬਿ:। ਇਹ ਸਮਾਂ ਛੇਵੇਂ ਸਤਿਗੁਰਾਂ ਦੇ ਵੇਲੇ ਦਾ ਹੈ। ਛੇਵੇਂ ਸਤਿਗੁਰਾਂ ਦੇ ਜੋਤੀ ਜੋਤ ਸਮਾਉਣ ਦਾ ਸੰਮਤ ੧੬੯੫ ਬਿਕ੍ਰਮੀ ਹੈ।

ਦਿਆਨਤਿ ਦੋਸਤੁ ਹੈ ॥ ਬੇਦਿਆਨਤਿ ਨਕਾਰੁ ਹੈ ॥ ਤੇਗ ਮਰਦਾ ਹੈ ॥ ਅਦਲੁ ਪਾਤਸਾਹਾ ਹੈ॥ਇਤੇਨਿ ਟੋਲ ਜੋ ਜਾਨਿ ਜਨਾਵੈ॥ਤਉਨਾਨਕ ਦਾਨਸਬੰਦ ਕਹਾਵੈ॥੧॥

## ਅੰਤਕਾ ੩.

(ਸਾਖੀ ੪੭ ਵਿਚੋਂ)

## ਧਿਆਉ ਪਹਿਲਾ

ਰਾਗੁ ਆਸਾ ਮਹਲਾ ੧ ॥

ਉਨਮਨਿ ਸੁੰਨੁ ਸੁੰਨੁ ਸਭ ਕਹੀਐ ॥ ਉਨਮਨਿ ਹਰਖ ਸੋਗ ਨਹੀ ਰਹੀਐ ॥ ਉਨਮਨਿ ਆਸ ਅੰਦੇਸਾ ਨਹੀ ਬਿਆਪਤ ॥ ਉਨਮਨਿ ਵਰਨ ਚਿਹਨੁ ਨਹੀਂ ਜਾਪਤ॥ਉਨਮਨਿ ਕਥਾ ਕੀਰਤਿ ਨਹੀ ਬਾਨੀ॥ਉਨਮਨਿ ਰਹਤਾ ਸੁੰਨ ਧਿਆਨੀ॥ ਉਨਮਨਿ ਅਪੁਨਾ ਆਪੁ ਨ ਜਾਨਿਆ॥ਨਾਨਕੁ ਉਨਮਨਿ ਸਿਉ ਮਨੁ ਮਾਨਿਆ ॥੧॥ਉਨਮਨਿ ਮਾਤ ਪਿਤਾ ਨਹੀ ਕੋਈ॥ ਉਨਮਨਿ ਸੁਰਤਿ ਸੁਧਿ ਨਹੀਂ ਲੋਈ॥ ਉਨਮਨਿ ਮਾਇਆ ਮਮਤਾ ਨ ਹੋਤੀ ॥ ਉਨਮਨਿ ਸੁੰਨ ਦੇਹੁਰੀ ਨਹੀ ਹੋਤੀ ॥ ਉਨਮਨਿ ਗਿਆਨ ਧਿਆਨੁ ਨ ਬੀਚਾਰੇ॥ਉਨਮਨਿ ਮੁਕਤਿ ਬੈਕੁੰਠ ਨ ਉਤਾਰੇ ॥ ਉਨਮਨਿ ਭਾਉ ਭਗਤਿ ਨਹੀ ਕਾਈ ॥ ਨਾਨਕ ਉਨਮਨਿ ਸਿਉ ਉਨਹੂ ਬਨਿਆਈ ॥ ੨ ॥ (ਸਾਰੀਆਂ ੨੧ ਪਉੜੀਆਂ ਹਨ)

## ਅੰਤਕਾ ੪.

(ਸਾਖੀ ੫੦ ਵਿਚੋਂ)

ਅੰਕ ੧.

ਸਲੋਕੁ ॥ ਤ੍ਰਿਹੁ ਕਾ ਮਾਰਿ ਮਿਲਾਵੈ ਮਾਨੁ ॥ ਪੰਚਾ ਮਹਿ ਰਹੈ ਪਰਧਾਨ ॥ ਪੰਚਾ ਕਾ ਜੇ ਜਾਣੈ ਭੇਉ ॥ ਸੋਈ ਕਰਤਾ ਸੋਈ ਦੇਉ ॥ ਅਗਮ ਨਿਗਮ ਜੋ ਵਾਚਿ ਸੁਣਾਵੈ ॥ ਬੰਧੈ ਨ ਉਗਰਹਿ ਘਰ ਮਹਿ ਆਣੈ ॥ ਸਤ ਸਤਾਈ ਚਉਦਹ ਚਾਰਿ॥ ਤਾਕੇ ਆਗੈ ਖੜੇ ਦੁਆਰ ॥ ਅਠ ਅਠਾਈ ਬਾਰਹਬੀਸ ॥ ਤਾਕੈ ਆਗੈ ਕਢਹਿ ਖੜੇ ਹਦੀਸ ॥ ਉਚੀ ਨੰਦਰਿ ਸਰਾਫੀ ਹੋਇ ॥ ਨਾਨਕੁ ਕਹੈ ਉਦਾਸੀ ਸੋਇ ॥੧॥੪॥ ਸੋ ਉਦਾਸੀ ਜੋ ਰਹੈ ਉਦਾਸੁ ॥ ਰੂਪ ਬਿਰਖਿ ਗਗਨੰਤਰਿ ਵਾਸੁ ॥ ਅਹਿਨਿਸਿ ਰਹੈ ਜੋਗ ਅਭਿਆਸ ॥ ਪਰ ਸੰਗਿ ਅੰਗਿ ਨ ਲਾਵੈ ਪਾਸ ॥ ਜਿਸ ਘਟਿ ਦੁਤੀਆ ਦੁਬਿਧਾ ਦੁਰਮਤਿ ਮੈਲੁ ਨ ਹੋਈ॥ਨਾਨਕੁ ਕਹੈ ਉਦਾਸੀ ਸੋਈ॥੧॥ ਗਿਆਨੁ ਖੜਗ ਲੈ ਮਨੁ ਸਿਉ ਲੂਝੈ ॥ ਮਰਮੁ ਦਿਸਾ ਪੰਚਾ ਕਾ ਬੂਝੈ ॥ ਮਨ

ਸੁਰਤਿ ਕੀ ਪਾਵੈ ਗੰਠਿ ॥ ਤੀਰਥ ਪਰਸੈ ਤੈ ਸੈ ਸੱਠਿ ॥ ਜਨਿ ਇਹੁ ਮੈਲੁ ਮਨੈ ਕੀ ਖੋਈ ॥ ਨਾਨਕੁ ਕਹੈ ਉਦਾਸੀ ਸੋਈ॥ ਦੇਹੀ ਅੰਤਰਿ ਅਠਿਸਠਿ ਹ ਟ॥ ਅਉਘਟ ਘਾਟ ਬਿਖਮ ਹੈ ਵਾਟ ॥ ਐਸਾ ਮਾਰਗੁ ਸਤਿਗੁਰੂ ਬਤਾਇਆ ॥ ਦਹਦਿਸ ਦੇਖਿ ਸਹਜਿ ਘਰਿ ਆਇਆ ॥ ਅਠਸਠਿ ਗੰਠੀ ਖੋਲੈ ਕੋਈ ॥ ਨਾਨਕੁ ਕਹੈ ਉਦਾਸੀ ਸੋਈ ॥ ਕਹਾ ਸੁ ਦਇਆਲ ਗਗਨ ਕਾ ਭਵਣੁ ॥ ਅਹਿਨਿਸਿ ਸਦਾ ਮਨਾਏ ਸਉਣੁ ॥ ਐਸਾ ਸੂਰਾ ਪੂਰਾ ਕਉਣੁ ॥ ਬੰਧੈ ਬਸੰਤੁਰੁ ਪਾਣੀ ਪਉਣੁ ॥ ਜਿਨਿ ਇਹ ਗਗਨ ਮੰਡਲ ਕੀ ਗਊਆ ਚੋਈ ॥ ਨਾਨਕੁ ਕਹੈ ਉਦਾਸੀ ਸੋਈ ॥ ਪ੍ਰਿਥਮੈ ਪੂਰਬ ਕਉ ਦ੍ਰਿਸਟਿ ਧਰੈ ॥ ਦੂਤੀਆ ਦਖਣ ਕਉ ਗਉਣ ਕਰੈ ॥ ਦਖਣ ਤੇ ਜਬ ਪਛਮ ਜਾਇ॥ਤਾ ਹਟਿ ਪਟਣ ਕੀ ਸੋਝੀ ਪਾਇ॥ ਪਛਮ ਤੇ ਜੋ ਚੜੈ ਸੁਮੇਰਿ ॥ ਆਵੈ ਪਰਦਖਣ ਕੈ ਫੇਰਿ ॥ ਸਪਤ ਪੁਰੀ ਊਪਰਿ ਕਵਲਾਸਣੁ ॥ ਤਹਾ ਪਾਰਬ੍ਰਹਮ ਕਾ ਆਸਣੁ ॥ ਜਿਨਿ ਹੀਰੇ ਰਤਨੀ ਮਾਲਿ ਪਰੋਈ ॥ ਨਾਨਕੁ ਕਹੈ ਉਦਾਸੀ ਸੋਈ ॥

ਅੰਕ ੨.

ਸਲੋਕੁ ॥ ਗੁਰ ਕਾ ਭਗਤੁ ਇੰਦ੍ਰੀ ਕਾ ਜਤੀ॥ਹਿਰਦੇ ਕਾ ਮੁਕਤਾ ਮੁਖ ਕਾ ਸਤੀ॥ ਦ੍ਰਿਸਟਿ ਦਇਆਲੁ ਕਰਿ ਦੇਖੈ ਦਾਨੁ॥ਜੋ ਘਟੁ ਨਿਵਿਆ ਸੋ ਨਿਵਿਆ ਜਾਨੁ॥ ਬਚਨਿ ਸਬਦ ਕਾ ਸਫਲ ਸੋ ਹੋਤ॥ਨਾਨਕ ਕਹੈ ਸੋਈ ਅਉਧੂਤ॥ਚੰਚਲੁ ਚਾਇ ਨ ਜਾਇ ਤਮਾਸੈ ॥ ਜੂਐ ਜਾਇ ਨ ਖੇਲੈ ਪਾਸੈ ॥ ਮੰਦੈ ਚੰਗੈ ਚਿਤ ਨ ਲਾਵੈ ॥ ਗੁਰ ਕਾ ਦੀਆ ਅੰਗਿ ਹੰਢਾਵੈ॥ਪਰ ਘਰਿ ਜਾਇ ਨ ਕੀਚੈ ਕਥ॥ਐਸੀ ਸਤਿ-ਗੁਰੂ ਕੇਰੀ ਨਥਾ ॥ ਗੁਰ ਕੀ ਸਿਖ ਸੁਣ ਰੇ ਪੂਤਾ ॥ ਨਾਨਕੁ ਕਹੈ ਸੋਈ ਅਉ-ਧੂਤਾ ॥੧॥ ਗਗਨੰਤਰਿ ਕਉ ਭਉਰ ਉਡਾਵੈ ॥ ਅਹਿਨਿਸਿ ਡੋਰੀਗੁਤੀ* ਲਾਵੈ॥ ਪਰਚਾ ਹੋਇ ਤਾ ਫਿਰਿ ਘਰਿ ਆਵੈ॥ਇਨ ਬਿਧਿ ਜੋਗੀ ਕਮਾਵੈ ਜੋਗੁ॥ਆਏ ਹਰਖੁ ਨ ਗਏ ਸੋਗੁ॥ਸੰਜਮੁ ਰਹੈ ਨ ਬਿਨਸੈ ਸੂਤ॥ਨਾਨਕ ਕਹੈ ਸੋਈ ਅਉਧੂਤ॥ ੧॥ਅਸਰਾ ਨਦੀ ਉਪੁਠੀ ਤਰੈ†॥ ਅਹਿਨਿਸਿ ਸਦਾ ਸਬਦੁ ਲਿਵਧਰੈ ॥ ਉਲਟੈ ਕਵਲੁ ਪਲਟੇ ਪਉਣੁ॥ ਏਉ ਨਿਵਾਰੈ ਆਵਾਗਉਣੁ ॥ ਮਨਿ ਪਉਣੁ ਕਉ ਰਾਖੈ ਬੰਧਿ॥ਲਹੈ ਤ੍ਰਿਬੇਣੀ ਤ੍ਰਿਕੁਟੀ ਸੰਧਿ॥ਅਪਨੇ ਵਸਿ ਕਰਿ ਰਾਖੈਦੂਤ॥ ਨਾਨਕੁ ਕਹੈ ਸੋਈ ਅਉਧੂਤਾ ॥

ਅੰਕ ੩.

ਸਲੋਕੁ॥ਆਸਣੁ ਸਾਧਿ ਨਿਰਲਮ‡ਰਹੈ॥ਪੰਚ ਤਤੁ ਨਿਗ੍ਰਹੁ ਕਰਿਗਹੇA ॥ ਥੋੜੀ

---

*ਹਾ: ਵਾ: ਨੁਸਖੇ ਵਿਚ ਪਾਠ 'ਗੁੱਡੀ' ਹੈ।

†'ਤਰੈ' ਦੀ ਥਾਂ ਹਾ: ਬਾ: ਨੁਸਖੁ ਵਿਚ ਪਾਠ 'ਧਰੈ' ਹੈ।

‡ਹਾ: ਵਾ: ਨੁ: ਵਿਚ ਪਾਠ 'ਨਿਰਾਲਮ' ਹੈ ਜੋ ਸੁਧ ਪ੍ਰਤੀਤ ਹੁੰਦਾ ਹੈ।

Aਹਾ: ਵਾ: ਨੁਸਖੇ ਵਿਚ ਪਾਠ 'ਗਹੈ' ਹੈ ਜੋ ਸੁਧ ਪ੍ਰਤੀਤ ਹੁੰਦਾ ਹੈ।

ਨਿੰਦ੍* ਅਲਪ ਅਹਾਰੀ ॥ ਸਾਧ ਕਾ ਪਿੰਡੁ ਸਦਾ ਵੀਚਾਰੀ॥ਜਪਤਪ ਸੰਜਮ ਸੁਰਤਿ ਬਚਖਣੁ ॥ ਨਾਨਕੁ ਕਹੈ ਜੋਗ ਕੇ ਲਛਣ ॥ ਜਾ ਬੋਲੈ ਤਾ ਬ੍ਰਹਮ ਗਿਆਨੀ ॥ ਅਹਿ-ਨਿਸਿ ਜਾਗੈ ਸੁੰਨਿ ਧਿਆਨੀ॥ਸੁੰਨ ਮੰਡਲ ਮਹਿ ਡੋਰੀ ਧਰੈ॥ ਗੁਰਪਰਸਾਦਿ ਕਬਹੂ ਨ ਮਰੈ ॥ ਇਨਿ ਬਿਧਿ ਕੀਚੈ ਗੁਰ ਕੀ ਸੇਵਾ ॥ ਜਾਕੇ ਬੰਧੇ ਸਗਲੇ ਦੇਵਾ ॥ ਜਿਹਬਾ ਸਾਦੁ ਨ ਦੇਈ ਚਖਣ ॥ ਨਾਨਕ ਕਹੈ ਜੋਗ ਕੇ ਲਛਣ ॥ ਤਾਮਿਸਿ ਤ੍ਰਿਸਨਾ ਲੋਭੁ ਨਿਵਾਰੈ ॥ ਪੰਚ ਅਗਨਿ ਘਟ ਭੀਤਰ ਜਾਰੇ† ॥ ਅਹਨਿਸ ਰਹੈ ਗਡੀਰੁ ਚੜਾਇ ॥ ਸਹਜਿ ਉਪਜੈ ਦੁਰਮਤਿ ਜਾਇ ॥ ਸਾਧ ਨਿਵਾਜੈ ਬੰਧੈ ਚੋਰਾ ॥ ਗੁਰ ਬਿਨੁ ਮੰਤ੍ਰ ਨ ਜਪੀਅ ਹੋਰਾ ॥ ਉਤਮ ਭਲੇ ਤਿਨਾ ਕੇ ਜਖਣ ॥ ਨਾਨਕ ਕਹੈ ਜੋਗ ਕੇ ਲਛਣ ॥ ਪੰਚਿ ਇੰਦ੍ਰੀ ਜੋ ਦਿੜੁ ਕਰਿ ਰਾਖ ॥ ਜਿਹਬਾ ਮੁਖਹੁ ਅਸਤ ਨ ਭਾਖੈ॥ਕੋਟ ਕੋਟੰਤਰਿ ਤਤਕਾ ਬੇਤਾ॥ਸੁੰਨ ਮੰਡਲ ਮਹਿਰਾਖੈ ਚੇਤਾ॥ਸਿੰਚਿ ਪਇਆਲ ਗਗਨ ਸਰੁ ਭਰੇ ॥ ਜਾਇ ਤ੍ਰਿਬੇਣੀ ਮਜਨੁ ਕਰੈ ॥ ਪੰਜਿ ਸਤ ਨਉ ਲਗਾ ਰਖਣ॥ ਨਾਨਕ ਕਹੈ ਜੋਗ ਕੈ ਲਛਣ ॥ ਪੂਰਬ ਚੜਿ ਪਛਮ ਕਉ ਆਵੈ॥ ਰਵਿਸਸਿ ਦੋਊ ਇਕਤੁ ਮਿਲਾਵੈ॥ ਹਾਟ ਪਟਣ ਕੀ ਚੀਨੈ ਵਾਟ ॥ ਤਾ ਫਿਰਿ ਬੂਝੈ ਅਵਘਟ ਘਾਟਿ ॥ ਨਉ ਖੰਡ ਦੇਖੈ ਪੂਰਬ ਪਛਮ ਉਤਰ ਦਖਣ ॥ ਨਾਨਕ ਕਹੈ ਜੋਗ ਕੇ ਲਛਣ ॥ ੨੦ ॥ ਇਹ ਤਨ ਭਾਂਡਾ ਸੁਰਤਿ ਕਰਿ ਦੂਧੁ ॥ ਤਿਸੁ ਪਾਈਐ ਸਚੁ ਸਮਾਇਣੁ ਸੂਧੁ ॥ ਜੁਗਤਿ ਜਤਨੁ ਕਰਿ ਸਹਿਜਿ ਜਮਾਵੈ ॥ ਜੁਗਤਿ ਵਿਹੂਣਾ ਵਿਤ ਇਕਵੈ ਜਾਵੈ ॥ ਗਿਆਨੁ ਮਧਾਣਾ ਨੇਤ੍ਰਾ ਨਾਉ ॥ ਇਨਿਬਿਧਿ ਜਪੀਐ ਕੇਵਲ ਨਾਉ ॥ ਰੋਲਿ ਬਿਰੋਲਿ ਕਢਿ ਲੀਜੈ ਮਖਣੁ ॥ ਨਾਨਕੁ ਕਹੈ ਜੋਗੀ ਕੈ ਲਛਣੁ ॥

## ਅੰਕ ੪.

ਸਲੋਕੁ ॥ ਸੋ ਬੈਰਾਗੀ ਜੋ ਬੈ ਮਹਿ ਆਵੈ ॥ ਸਿਵਕੈ ਆਗੈ ਸਕਤਿ ਨਿਵਾਵੈ॥ ਸਿਉ-ਸਕਤੀ ਕੇ ਕਰਮ ਕਰੈ ॥ ਅਜਰੁ ਵਸਤੁ ਆਗੋਚਰੁ ਜਰੈ ॥ ਐਸਾ ਅਉਖਦੁ ਖਾਹਿ ਗਵਾਰ॥ ਜਿਤੁ ਖਾਧੇ ਤੇਰੈ ਮਿਟਹਿ ਬਿਕਾਰ॥ਜਿਸੁ ਤਾਮਸ ਤਿਸਨਾ ਹਉਮੈ ਤਿਆ-ਗੀ ॥ ਨਾਨਕ ਕਹੈ ਸੋਈ ਬੈਰਾਗੀ । ਪਰਚੈ ਕੈ ਘਰਿ ਰਹੈ ਓਦਾਸੁ॥ ਅਰਚੇ ਕੈ ਘਰਿ ਕਰੈ ਨਿਵਾਸੁ ॥ ਊਦਰ ਕੈ ਸਬਦਿ ਬਿਲਾਈ ਭਾਗੀ ॥ ਨਾਨਕ ਕਹੈ ਸੋਈ ਬੈਰਾਗੀ ॥ ਸੋ ਬੈਰਾਗੀ ਜੋ ਸੰਤੋਖ ਮਹਿ ਆਵੈ ॥ ਉਲਟੈ ਪਉਣੁ ਸਹਿਜਿ ਸਮਾਵੈ ॥ ਪੰਚਿ ਚੋਰ ਕਉ ਵਸਗਤਿ ਕਰੈ ॥ ਸੋ ਬੈਰਾਗੀ ਸਿਉ ਊਪਰਿ ਚੜੈ ॥ ਅਵਗਤਿ ਤਿਆਗਿ ਏਕ ਲਿਵਲਾਗੀ ॥ ਨਾਨਕੁ ਕਹੈ ਸੋਈ ਬੈਰਾਗੀ ॥ ੨੫ ॥ ਸੋ ਬੈਰਾਗੀ ਜੋ ਬੈਰਾਗ ਮਹਿ ਆਵੈ ॥ ਸਾਸਿ ਸਾਸਿ ਹਰਿਨਾਮੁ ਧਿਆਵੈ॥ਸਹਜੋਆਸਣਿ ਕਰੈ ਚੇਤਾ ॥ ਸੋ ਬੈਰਾਗੀ ਤਤ ਕਾ ਬੇਤਾ ॥ ਨੀਦਿ ਨਿਵਾਰੀ ਸੁੰਨ ਮਹਿ ਜਾਗੀ ॥ ਨਾਨਕ ਕਹੈ ਸੋਈ ਬੈਰਾਗੀ॥

---

*ਹਾ: ਵਾ: ਨੁ: ਵਿਚ ਪਾਠ 'ਨਿੰਦ੍ਾ' ਹੈ ਜੋ ਸੁਧ ਪ੍ਰਤੀਤ ਹੁੰਦਾ ਹੈ।

†ਹਾ: ਵਾ: ਨੁਸਖੇ ਵਿਚ ਪਾਠ 'ਜਾਰੈ' ਹੈ ਜੋ ਸੁਧ ਪ੍ਰਤੀਤ ਹੁੰਦਾ ਹੈ।

੧ ॥ ਸੋ ਬੈਰਾਗੀ ਜੋ ਮਾਰੈ ਬਿੰਦੁ ॥ ਗੁਰ ਪ੍ਰਸਾਦਿ ਪਾਵੇ ਬ੍ਰਹਮੰਡ ॥ ਸੁੰਨ ਗਿਆਨ ਰਹੈ ਅਖੰਡ ॥ ਨਉ ਦਰਵਾਜੇ ਰਾਖੈ ਬੰਧਿ ॥ ਦਸਵੈ ਖੇਲੈ ਅਨਹਦੁ ਕੰਦਿ ॥ ਦਸਵੈ ਉਪਜੈ ਨ ਹੋਇ ਬਿਨਾਸੁ ॥ ਦਸਵੈ ਧਰਿਮਿ ਪੁਰ* ਕਾ ਵਾਸੁ॥ ਦਸਮੈ ਪਰਮਿ ਪੁਰਖ ਕਉ ਭੇਦੇ ॥ ਸੋ ਬੈਰਾਗੀ ਕਾਲ ਕਉ ਛੇਦੇ ॥ ਐਸੀ ਬਿਧਿ ਜੋ ਕਰੇ ਬੈਰਾਗੁ॥ ਨਾਨਕ ਤਾਕਉ ਆਵੈ ਨਿਰਿਮਲੁ ਸੁਆਦੁ ॥ ੧ ॥ ੨੭ ॥ ਸੋ ਬੈਰਾਗੀ ਜੋ ਰਹੈ ਨਿਰਬਾਣੁ ॥ ਦੁਆਦਸਿ ਪੀਵੈ ਮਨਿ ਮਸਤਾਨੁ ॥ ਗਗਨ ਸਰੋਵਰ ਅਨਹਦੁ ਤਾਲੁ ॥ ਚਮਕੈ ਦਾਮਨਿ ਨਿਰਮਲ ਝਾਲ ॥ ਬਰਸੇ ਅੰਮ੍ਰਿਤੁ ਭੀਗਹਿ ਸੰਤਾ ॥ ਨਾਨਕ ਸੋ ਬੈਰਾਗੀ ਜੋ ਗੁਰ ਕੈ ਮੰਤ੍ਰਾ ॥ ੨੮ ॥

## ਅੰਤਕਾ ੫

(ਸਾਖੀ ੫੧ ਵਿਚੋਂ)

†ਅਲਫ ਅਹਲ ਕਉ ਯਾਦਿ ਕਰਿ ਗਫਲਤ ਮਨਹੁ ਵਿਸਾਰਿ॥ ਸਾਸ ਪਲੇਟੇ ਨਾਮੁ ਬਿਨੁ ਧ੍ਰਿਗੁ ਜੀਵਨੁ ਸੰਸਾਰਿ ॥੧॥ ਬੇ ਬਿਦਾਇਤਿ ਦੂਰਿ ਕਰੁ ਕਦਮ ਸਰੀਅਤਿ ਰਾਖੁ॥ ਸਭਸਿ ਕਿਸੇ ਨੂ ਨਿਵਿ ਚਲੁ ਮੰਦਾ ਕਿਸੇ ਨ ਆਖੁ ॥ ੨ ॥ ਤੇ ਤੋਬਾ ਕਰਿ ਸਿਦਕ ਦਿਲ ਮਤੁ ਤੂ ਪਛੋਤਾਹਿ॥ ਤਨ ਬਿਨਸੈ ਮੁਖ ਗਡੀਐ ਤਬ ਤੂੰ ਕਹਾ ਕਰਾਹਿ ॥੩॥ਸੇ ਸਨਾਇਤਿ ਬਹੁਤ ਕਰਿ ਖਾਲੀ ਸਾਸ ਨ ਕਢੁ॥ਹਟਹੁ ਹਟੁ ਵਿਕਾਇਦਿਆ ਬਹੁੜਿ ਨ ਲਹਿਸੈ ਅਢੁ ॥੪॥ ਆਦਿ

—+ਇਤੀ+—

*ਹਾ: ਵਾ: ਨੁ: ਵਿਚ 'ਪੁਰ ਦੀ' ਥਾਂ ਪਾਠ 'ਪੁਰਖ' ਹੈ।

†ਇਸ ਵਿਚ ਕਈ ਸਲੋਕ ਰੁਕਨਦੀਨ ਦੇ ਪ੍ਰਸ਼ਨ ਵਾਚੀ ਹਨ, ਕਈ ਉਸ ਦੇ ਅਪਨੇ ਆਸ਼ੇ ਦੇ ਹਨ। ਕੋਈ ਗੁਰੂ ਜੀ ਦੇ ਉਤਰ ਹਨ।

Nanakshahi

-0523

# ਮਨੋਹਰ ਪੁਸਤਕ ਮਾਲਾ

[ਛਪ ਕੇ ਤਿਆਰ ਪੁਸਤਕਾਂ]

ਸ੍ਰੀ ਕਲਗੀਧਰ ਚਮਤਕਾਰ ਪੂਰਬਾਰਧ ੬) ਜਿਲਦ ਸਣੇ।

| | | | |
|---|---|---|---|
| ਬਾਬਾ ਨੌਧ ਸਿੰਘ (ਸੁਭਾਗ ਜੀ) | ੩॥) | ਸੁੰਦਰੀ | ॥=) |
| ਸਤਵੰਤ ਕੌਰ (ਮੁਕੰਮਲ) | ੨) | ਬਿਜੈ ਸਿੰਘ | ੧॥) |
| ਲਹਿਰਾਂ ਦੇ ਹਾਰ | ੨) | ਮਟਕ ਹੁਲਾਰੇ | ੧॥।)॥ |
| ਬਿਜਲੀਆਂ ਦੇ ਹਾਰ | ੧)॥ | ਲਹਿਰ ਹੁਲਾਰੇ | ੨) |
| ਸੰਤ ਗਾਥਾ | ੧।) | ਪੁਰਾਤਨ ਜਨਮ ਸਾਖੀ | ੨), ੨॥) |

ਸ੍ਰੀ ਚਰਣ ਹਰੀ ਵਿਸਥਾਰ ਭਾਗ ੧ ਜਿਲਦ ੧ (ਜੀਵਨ ਮ: ਕੌੜਾ ਮੱਲ) ੩)

[ਛੇਤੀ ਹੀ ਛਪਣ ਵਾਲੀਆਂ ਪੁਸਤਕਾਂ]

ਸ੍ਰੀ ਗੁਰ ਨਾਨਕ ਚਮਤਕਾਰ (ਮੁਕੰਮਲ)।
ਸ੍ਰੀ ਗੁਰ ਕਲਗੀਧਰ ਚਮਤਕਾਰ ਉਤ੍ਰਾਰਧ।
ਪੰਜ ਗ੍ਰੰਥੀ ਸਟੀਕ।
ਰਾਣਾ ਸੂਰਤ ਸਿੰਘ।
ਭਰਥਰੀ ਹਰੀ ਜੀਵਨ ਤੇ ਨੀਤੀ ਸ਼ਤਕ।
ਰਾਜਾ ਲਖਦਾਤਾ ਸਿੰਘ।
ਕਬਿੱਤ ਭਾਈ ਗੁਰਦਾਸ ਸਟੀਕ—ਸਕੰਧ ੨।
ਵਾਰਾਂ ਭਾਈ ਗੁਰਦਾਸ ਸਟੀਕ।
ਪ੍ਰੀਤ ਵੀਣਾ।
ਦੇਵੀ ਪੂਜਨ ਪੜਤਾਲ।
ਚਰਣ ਹਰੀ ਵਿਸਥਾਰ ਭਾਗ ੨।
ਕਲਮ ਦੀ ਕਰਾਮਾਤ।
ਪ੍ਰਾਚੀਨ ਪੰਥ ਪ੍ਰਕਾਸ਼—ਭੰਗੂ ਰਤਨ ਸਿੰਘ ਕ੍ਰਿਤ।
ਸ਼ਕੁੰਤਲਾ ਨਾਟਕ।

ਨੋਟ—ਛਪਾਈ ਲਗਾਤਾਰ ਜਾਰੀ ਹੈ, ਪਾਠਕ ਸੱਜਣ ਚਿੱਠੀ ਪਾ ਕੇ ਸਮੇ ਸਮੇ ਸਿਰ ਉਪ੍ਰੋਕਤ ਛਪਣ ਵਾਲੀਆਂ ਪੁਸਤਕਾਂ ਬਾਰੇ ਪੁਛ ਗਿਛ ਕਰ ਕੇ ਆਰਡਰ ਭੇਜ ਸਕਦੇ ਹਨ।

**ਪਤਾ—ਮੈਨੇਜਰ, ਖਾਲਸਾ ਸਮਾਚਾਰ, ਅੰਮ੍ਰਿਤਸਰ**